**Reo-Bankowned Properties**
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY



**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
ਨੌਵੀ ਸਰਕਟ ਕੋਰਟ ਅਪੀਲਾਂ। ਬੋਰਡ ਆਫ ਇੰਮੀਗਰੇਸ਼ਨ ਅਪੀਲਾਂ।
ਇੰਮੀਗਰੇਸ਼ਨ ਕੋਰਟ ਦੇ ਕੇਸ। ਡਿਪੋਰਟੇਸ਼ਨ ਦੇ ਕੇਸ।
ਫੈਮਲੀ ਪਟੀਸ਼ਨਾਂ। ਲੇਬਰ ਦੇ ਕੇਸ। ਅਮੈਰੀਕਨ ਅੰਬੈਸੀ ਦੇ ਕੇਸ।
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸਾਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 27, July 4, 2009
20451 N Plum Grove Rd. Palatine, IL 60074
Ph:847-359-0746, Fax:847-705-9388

# ਔੜ ਨੇ ਕੀਤਾ ਪੰਜਾਬ ਹਾਲੋਂ ਬੇਹਾਲ

## ਮੌਨਸੂਨ ਦੀ ਦੇਰੀ ਨਾਲ ਬਹੁਤ ਕੁਝ ਦਾਅ 'ਤੇ ਲੱਗਾ

**ਬਿੰਦਰ ਬਸਰਾ**

ਮੌਸਮ ਦੀ ਬੇਰੁਖੀ ਨੇ ਜਿਥੇ ਸਮੁੱਚੇ ਉੱਤਰੀ ਭਾਰਤ ਨੂੰ ਲੂ ਅਤੇ ਤਿੱਖੀ ਧੁੱਪ ਨਾਲ ਬੇਹਾਲ ਕੀਤਾ ਹੋਇਆ ਹੈ, ਉਥੇ ਬਿਜਲੀ ਅਤੇ ਪਾਣੀ ਦੀ ਮਾੜੀ ਸਪਲਾਈ ਨੇ ਲੋਕਾਂ ਦੀ ਮੱਤ ਮਾਰੀ ਹੋਈ ਹੈ। ਬਿਜਲੀ-ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਸੂਬਾ ਸਰਕਾਰਾਂ ਅੱਕੀਂ ਪਲਾਹੀਂ ਹੱਥ ਮਾਰ ਰਹੀਆਂ ਹਨ। ਦਿੱਲੀ ਪਿੱਛੋਂ ਪੰਜਾਬ 'ਚ ਹੋਈ ਹਲਕੀ ਜਿਹੀ ਬਾਰਸ਼ ਨੇ ਭਾਵੇਂ ਮੌਸਮ 'ਚ ਨਰਮੀ ਲਿਆਂਦੀ ਹੈ, ਪਰ ਸੰਕਟ ਜਿਉਂ ਦਾ ਤਿਉਂ ਬਰਕਾਰ ਹੈ। ਮੌਨਸੂਨ 'ਚ ਆਈ ਦੇਰੀ ਕਾਰਨ ਪੈਦਾ ਹੋਈ ਸੋਕੇ ਵਰਗੀ ਸਥਿਤੀ ਦੇ ਇਸ ਮੀਂਹ ਨਾਲ ਦੂਰ ਹੋਣ ਦੀ ਆਸ ਬੱਝੀ ਹੈ। ਮੌਨਸੂਨ 'ਚ ਦੇਰੀ ਅਤੇ ਦਰਿਆਵਾਂ 'ਚ ਪਾਣੀ ਸੁੱਕਣ ਕਾਰਨ ਸਾਉਣੀ ਦੀ ਫਸਲ ਦੀ ਬਿਜਾਈ ਪੱਛੜ ਗਈ ਹੈ।

ਬਿਜਲੀ ਸੰਕਟ ਨੂੰ ਘੱਟ ਕਰਨ ਲਈ ਪੰਜਾਬ ਸਰਕਾਰ ਨੇ ਦਫਤਰਾਂ ਦਾ ਸਮਾਂ ਸਵੇਰੇ ਸਾਢੇ ਸੱਤ ਵਜੇ ਤੋਂ ਦੁਪਹਿਰ ਡੇਢ ਵਜੇ ਤੱਕ ਕਰ ਦਿੱਤਾ ਹੈ। ਇਸ ਤੋਂ ਇਲਾਵਾ ਬਾਜ਼ਾਰ, ਮਾਲ ਤੇ ਹੋਰ ਕਮਰਸ਼ੀਅਲ ਅਦਾਰੇ ਸ਼ਾਮ ਸਾਢੇ ਸੱਤ ਵਜੇ ਹੀ ਬੰਦ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਪੰਜਾਬ ਵਿਚ ਇਸ ਵੇਲੇ ਬਿਜਲੀ ਦੀ ਮੰਗ 1960 ਲੱਖ ਯੂਨਿਟ ਰੋਜ਼ਾਨਾ ਹੈ, ਜਦਕਿ ਬਿਜਲੀ ਬੋਰਡ ਕੋਲ ਪ੍ਰਾਪਤ ਸਾਰੇ ਵਸੀਲਿਆਂ ਤੋਂ ਸਿਰਫ 1460 ਲੱਖ ਯੂਨਿਟ ਬਿਜਲੀ ਹੈ। ਮੰਗ ਅਤੇ ਸਪਲਾਈ ਵਿਚਾਲੇ ਇਹ ਖੱਪਾ ਏਨੀ ਸਖ਼ਤ ਗਰਮੀ 'ਚ ਲੋਕਾਂ ਨੂੰ ਬਹੁਤ ਰੜਕ ਰਿਹਾ ਹੈ ਅਤੇ ਉਹ ਸੜਕਾਂ 'ਤੇ ਉਤਰ ਆਏ ਹਨ। ਸਰਕਾਰ ਨੇ ਬਿਜਲੀ ਸੰਕਟ ਨੂੰ ਗੰਭੀਰਤਾ ਨਾਲ ਲੈਂਦਿਆਂ ਬਿਜਲੀ ਬਜਟ ਵਧਾ ਕੇ 31 ਫੀਸਦੀ ਕਰ ਦਿੱਤਾ ਹੈ। ਇਸ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਦੀ ਇੰਜੀਨੀਅਰ ਐਸੋਸੀਏਸ਼ਨ ਨੇ ਕਿਹਾ ਹੈ, ਜੇ ਜਲਦੀ ਹੀ ਬਿਜਲੀ ਸੰਕਟ ਨਾਲ ਨਾ ਨਜਿੱਠਿਆ ਗਿਆ ਤਾਂ ਰਾਜ 'ਚ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ।



ਖੁਦਾ ਦੇ ਹਜ਼ੂਰ ਬਰਸਾਤ ਲਈ ਦੁਆ ਕਰਦੇ ਹੋਏ ਕੁਝ ਖੁਦਾ ਦੇ ਬੰਦੇ

ਬਿਜਲੀ ਦਾ ਇਹ ਸੰਕਟ ਸਿਰਫ ਪੰਜਾਬ ਵਿਚ ਹੀ ਨਹੀਂ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਵੀ ਇਸ ਵੇਲੇ ਸੰਕਟ ਦੀ ਜਕੜ 'ਚ ਹਨ। ਹਰਿਆਣਾ ਸਰਕਾਰ ਨੇ ਵੀ ਪੰਜਾਬ ਦੀ ਤਰਜ਼ 'ਤੇ ਸਰਕਾਰੀ ਦਫਤਰਾਂ 'ਚ ਏਅਰ ਕੰਡੀਸ਼ਨਰਾਂ 'ਤੇ ਪਾਬੰਦੀ ਲਾਗੂ ਕਰ ਦਿੱਤੀ ਹੈ। ਭਾਵੇਂ ਰਾਜ ਸਰਕਾਰਾਂ ਦੂਜੇ ਰਾਜ ਤੋਂ ਬਿਜਲੀ ਖਰੀਦ ਕੇ ਖੇਤੀ, ਸਨਅਤਾਂ ਅਤੇ ਘਰੇਲੂ ਜ਼ਰੂਰਤ ਦੀ ਪੂਰਤੀ ਕਰਦੀਆਂ ਰਹੀਆਂ ਹਨ, ਪਰ ਇਸ ਵਾਰ ਭਿਆਨਕ ਗਰਮੀ ਨਾਲ ਹਰ ਰਾਜ ਨੂੰ ਆਪਣੀਆਂ ਵਧੀਆਂ ਲੋੜਾਂ ਲਈ ਹੋਰ ਬਿਜਲੀ ਦੀ ਜ਼ਰੂਰਤ ਹੈ, ਜਿਸ ਕਾਰਨ ਪੰਜਾਬ ਲਈ ਇਹ ਸੰਕਟ ਹੋਰ ਵੀ ਗੰਭੀਰ ਹੈ।

ਜੂਨ 'ਚ ਪਈ ਸਖ਼ਤ ਗਰਮੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਮੌਨਸੂਨ ਦੀ ਆਮਦ 'ਚ ਦੇਰੀ ਨੇ ਪੰਜਾਬ ਨੂੰ ਸੋਕੇ ਵਰਗੀ ਸਥਿਤੀ ਵਲ ਧੱਕ ਦਿੱਤਾ ਹੈ। ਸਖ਼ਤ ਗਰਮੀ ਕਾਰਨ 10 ਲੋਕਾਂ ਦੀ ਮੌਤ ਹੋ ਗਈ ਹੈ। ਉਧਰ ਉਤਰ ਪ੍ਰਦੇਸ਼ ਬਿਹਾਰ ਅਤੇ ਝਾਰਖੰਡ 'ਚ ਮੀਂਹ ਪਿਛੋਂ ਬਿਜਲੀ ਡਿੱਗਣ ਨਾਲ 41 ਲੋਕਾਂ ਦੀ ਮੌਤ ਹੋ ਗਈ। ਪੰਜਾਬ 'ਚ ਪਿਛਲੇ 21 ਸਾਲ 'ਚ ਅਜਿਹਾ ਪਹਿਲੀ ਵਾਰ ਹੋਇਆ ਹੈ, ਜਦ ਜੂਨ ਮਹੀਨੇ 'ਚ ਸਿਰਫ ਛੇ ਮਿਲੀ ਮੀਟਰ ਬਾਰਸ਼ ਹੋਈ, ਜੋ ਆਮ ਨਾਲੋਂ 17.5 ਮਿਲੀ ਮੀਟਰ ਘੱਟ ਹੈ। ਜਦਕਿ ਇਸ ਤੋਂ ਪਹਿਲਾਂ 1993 'ਚ 21.2 ਮਿਲੀ ਮੀਟਰ ਬਾਰਸ਼ ਹੋਈ ਸੀ ਅਤੇ 1999 'ਚ 21.4 ਮਿਲੀ ਮੀਟਰ ਬਾਰਸ਼ ਦਰਜ ਕੀਤੀ ਗਈ। ਜੇ ਮੌਨਸੂਨ ਨੇ ਆਪਣਾ ਸਹੀ ਰੰਗ ਨਾ ਦਿਖਾਇਆ ਤਾਂ ਇਸ ਦਾ ਖਮਿਆਜਾ ਕਿਸਾਨਾਂ ਨੂੰ ਭੁਗਤਣਾ ਪੈ ਸਕਦਾ ਹੈ। ਇਸ ਤੋਂ ਪਹਿਲਾਂ ਜੂਨ 2000 'ਚ ਮੀਂਹ ਨਾ ਪੈਣ ਕਾਰਨ ਪੰਜਾਬ ਨੂੰ ਸੋਕਾਗ੍ਰਸਤ ਐਲਾਨਿਆ ਗਿਆ ਸੀ। ਉਹੋ ਹਾਲਾਤ ਇਸ ਸਾਲ ਵੀ ਵਿਖਾਈ ਦੇ ਰਹੇ ਹਨ। ਉਧਰ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਕਿਹਾ ਹੈ ਕਿ ਦੇਸ਼ ਵਿਚ ਸੋਕੇ ਵਰਗੀ ਕੋਈ ਸਥਿਤੀ ਨਹੀਂ ਹੈ। ਜੂਨ ਵਿਚ ਮੌਨਸੂਨ ਲਗਭਗ 12 ਦਿਨ ਪੱਛੜ ਗਈ ਹੈ। ਉਨ੍ਹਾਂ ਕਿਹਾ ਕਿ ਸਾਉਣੀ ਦੀ ਬਿਜਾਈ ਦਾ ਕੰਮ ਹਫਤਾ ਕੁ ਪੱਛੜ ਗਿਆ ਹੈ,

(ਬਾਕੀ ਸਫਾ 6 ਉਤੇ)

## ਇਸ ਵਾਰ ਵਿਸ਼ੇਸ਼



**ਪੌਪ ਸੰਗੀਤ ਦਾ ਮਹਾਨਾਇਕ ਇਸ ਜਹਾਨ ਤੋਂ ਵਿਦਾ**

(ਸ਼ਰਧਾਂਜਲੀ ਸਫਾ 24 'ਤੇ)

**ਚੁੱਲ੍ਹੇ ਵਿਚ ਡਾਹਾਂ ਇਨ੍ਹਾਂ ਜਾਤਾਂ ਪਾਤਾਂ ਨੂੰ**

(ਜਸਵੀਰ ਸ਼ੀਰੀ ਦਾ ਵਿਸ਼ੇਸ਼ ਲੇਖ ਸਫਾ 6 'ਤੇ)

**ਪੰਜਾਬ ਮਸਲੇ ਦੀ ਜੜ੍ਹ ਭਾਸ਼ਾ ਤੇ ਸਭਿਆਚਾਰ ਤੱਕ ਸੀਮਤ ਨਹੀਂ**

(ਰਾਜਿੰਦਰ ਰਾਹੀ ਦਾ ਵਿਸ਼ੇਸ਼ ਲੇਖ ਸਫਾ 28 'ਤੇ)

ਕਾਰ, ਘਰ, ਜੀਵਨ ਤੇ ਬਿਜਨਸ
ਵਾਜਬ ਭਾਅ 'ਤੇ ਬੀਮੇ ਦੀਆਂ ਆਪਣੀਆਂ ਸਭ ਲੋੜਾਂ ਲਈ ਕਾਲ ਕਰੋ
Truck Insurance
Liquor Store/Gas Stations
Workers Compensation
Manjit Gill
Prisident
CA Lic#OB23990
Civil Service Employees
CSE Insurance Group
Gill Financial & Insurance Services
510-415-2368
209-524-4008
www.gillfinancial.com



ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



# ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਲੀਡਰਾਂ 'ਚ ਕਸ਼ਮਕਸ਼ ਜਾਰੀ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਚੰਡੀਗੜ੍ਹ :** ਪੰਜਾਬ ਵਿਚ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਲਈ ਕਾਂਗਰਸੀਆਂ ਵਿਚ ਹਲਚਲ ਪੈਦਾ ਹੋ ਗਈ ਹੈ ਅਤੇ ਸਾਰੇ ਆਸਵੰਦ ਵੱਡੇ ਆਗੂਆਂ ਨੇ ਪ੍ਰਧਾਨਗੀ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ ਹਨ। ਚੇਤੇ ਰਹੇ ਕਿ ਦੋ ਦਿਨ ਪਹਿਲਾਂ ਹਾਈ ਕਮਾਨ ਨੇ ਮਹਿੰਦਰ ਸਿੰਘ ਕੇ.ਪੀ. ਨੂੰ ਫੋਨ ਉਤੇ ਆਖਿਆ ਸੀ ਕਿ ਲਾਲ ਸਿੰਘ ਬਤੌਰ ਵਰਕਿੰਗ ਪ੍ਰਧਾਨ ਹੋਰ ਡਿਊਟੀ ਨਹੀਂ ਨਿਭਾਉਣਗੇ। ਹਾਈ ਕਮਾਨ ਦੇ ਇਸ ਇਸ਼ਾਰੇ ਨੂੰ ਮੁੱਖ ਰੱਖਦਿਆਂ ਹੀ ਵੱਡੇ ਕਾਂਗਰਸੀ ਆਗੂਆਂ ਨੇ ਹਾਈ ਕਮਾਨ ਨਾਲ ਰਾਬਤਾ ਵਧਾਉਣਾ ਸ਼ੁਰੂ ਕਰ ਦਿਤਾ ਹੈ। ਕਾਂਗਰਸ ਹਾਈ ਕਮਾਨ ਦੇ ਚੋਟੀ ਦੇ ਨੇਤਾਵਾਂ ਬੀਬੀ ਸੋਨੀਆ ਗਾਂਧੀ, ਰਾਹੁਲ ਗਾਂਧੀ, ਮੋਹਿਸਿਨਾ ਕਿਦਵਈ, ਅਹਿਮਦ ਪਟੇਲ, ਜਨਾਰਧਨ ਦਿਵੇਦੀ, ਅੰਬਿਕਾ ਸੋਨੀ ਅਤੇ ਪੰਜਾਬ ਨਾਲ ਸਬੰਧਤ ਹੋਰ ਨੇਤਾਵਾਂ ਦੇ ਦਫ਼ਤਰਾਂ, ਘਰਾਂ ਅਤੇ ਵੱਖ-ਵੱਖ ਥਾਵਾਂ ਵਿਚ ਡਿਨਰ ਡਿਪਲੋਮੇਸੀ ਸ਼ੁਰੂ ਹੋ ਗਈ ਹੈ।



*ਆਪਾ ਧਾਪੀ : ਮਹਿੰਦਰ ਸਿੰਘ ਕੇ.ਪੀ. ਨੂੰ ਕਾਂਗਰਸ ਪ੍ਰਧਾਨਗੀ ਸੰਭਾਲਦੇ ਹੋਏ ਉਨ੍ਹਾਂ ਦੇ ਸਮਰਥਕ!*

ਪਿਛਲੇ ਹਫਤੇ ਕੁ ਤੋਂ ਹਰਕਤ ਵਿਚ ਆਏ ਕੈਪਟਨ ਅਮਰਿੰਦਰ ਸਿੰਘ, ਪ੍ਰਤਾਪ ਸਿੰਘ ਬਾਜਵਾ ਸਣੇ ਜਗਮੀਤ ਸਿੰਘ ਬਰਾੜ ਪੱਕੇ ਤੌਰ 'ਤੇ ਪ੍ਰਧਾਨਗੀ ਦੀ ਦੌੜ ਵਿਚ ਮੋਹਰੀ ਨਜ਼ਰ ਆ ਰਹੇ ਹਨ।

ਜੋੜਤੋੜ ਵਿਚ ਲੱਗੇ ਮਾਝੇ ਦੇ ਦਰਜਨ ਤੋਂ ਵਧ ਨੇਤਾ, ਜਿਹੜੇ ਉਮੀਦਵਰਾਂ ਦੇ ਨਾਲ ਖੜ੍ਹਨ ਵਾਲੇ ਹਨ, ਤੋਂ ਪਤਾ ਲੱਗਾ ਹੈ ਕਿ ਉਹ ਹਾਈ ਕਮਾਨ ਦੇ ਨੇਤਾਵਾਂ ਨੂੰ ਪਿੱਛੇ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸੀ ਉਮੀਦਵਾਰਾਂ ਦੀ ਜਿੱਤ ਅਤੇ ਹਾਰ ਵਿਚ ਨਿਭਾਈ ਭੂਮਿਕਾ ਤੋਂ ਜਾਣੂ ਕਰਵਾ ਆਏ ਹਨ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਕਿਵੇਂ ਇਨ੍ਹਾਂ ਮਝੈਲਾਂ ਨੇ ਕੈਪਟਨ ਅਮਰਿੰਦਰ ਸਿੰਘ, ਜਗਮੀਤ ਬਰਾੜ, ਪ੍ਰਤਾਪ ਸਿੰਘ ਬਾਜਵਾ ਨੂੰ ਕਾਂਗਰਸੀ ਤੱਕੜੀ ਵਿਚ ਨਾਪਤੋਲ ਕੇ ਉਨ੍ਹਾਂ ਦੇ ਗੁਣਾਂ-ਔਗੁਣਾਂ ਨੂੰ ਨਸ਼ਰ ਕੀਤਾ ਹੈ ਅਤੇ ਜ਼ੋਰ ਦੇ ਕੇ ਕਹਿ ਆਏ ਹਨ ਕਿ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਨੂੰ ਮੁੱਖ ਮੰਤਰੀ ਦੀ ਪੌੜੀ ਦਾ ਡੰਡਾ ਨਾ ਸਮਝਿਆ ਜਾਵੇ। ਕਿਉਂਕਿ ਅਜੇ ਅਗਲੀਆਂ ਅਸੰਬਲੀ ਚੋਣਾਂ ਢਾਈ ਸਾਲ ਬਾਅਦ ਹਨ ਅਤੇ ਅਕਾਲੀ-ਭਾਜਪਾ ਦੀ ਗਠਜੋੜ ਸਰਕਾਰ ਨੂੰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਸੰਸਦੀ ਚੋਣਾਂ ਮੌਕੇ ਕਹੀਆਂ ਗੱਲਾਂ ਤੋਂ ਕੋਈ ਖ਼ਤਰਾ ਨਹੀਂ ਹੈ।

ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਕਾਂਗਰਸ ਹਾਈ ਕਮਾਨ ਪੰਜਾਬ ਦੇ ਸੰਭਾਵੀ ਪ੍ਰਧਾਨਾਂ ਨੂੰ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਪ੍ਰਧਾਨਗੀ ਦਾ ਮਤਲਬ ਮੁੱਖ ਮੰਤਰੀ ਦੀ ਕੁਰਸੀ ਵਲ ਇਸ਼ਾਰਾ ਨਹੀਂ ਹੈ। ਪਟਿਆਲਾ ਜ਼ਿਲ੍ਹੇ ਦੀ ਡਕਾਲਾ ਸੀਟ ਤੋਂ 5 ਵਾਰ ਵਿਧਾਇਕ ਰਹੇ ਅਤੇ ਪਾਰਟੀ ਦੇ ਮੌਜੂਦਾ ਜਨਰਲ ਸਕੱਤਰ ਸ. ਲਾਲ ਸਿੰਘ ਨੂੰ ਨੂਰਮਹਿਲ ਵਿਧਾਨ ਸਭਾ ਦੀ ਜ਼ਿਮਨੀ ਚੋਣ ਤੋਂ ਬਾਅਦ ਟੈਲੀਫ਼ੋਨ 'ਤੇ ਹੀ ਵਰਕਿੰਗ ਪ੍ਰਧਾਨ ਤੋਂ ਹਟਾਉਣ ਦਾ ਫ਼ੈਸਲਾ ਇਸ ਗੱਲ ਵਲ ਇਸ਼ਾਰਾ ਕਰਦਾ ਹੈ ਕਿ ਫ਼ਿਲਹਾਲ ਐਕਟਿੰਗ ਪ੍ਰਧਾਨ ਤੇ ਜਲੰਧਰ ਤੋਂ ਚੁਣੇ ਗਏ ਸੰਸਦ ਮੈਂਬਰ ਮਹਿੰਦਰ ਸਿੰਘ ਕੇ.ਪੀ. ਨੂੰ ਹੀ ਕੁਝ ਸਮਾਂ ਹੋਰ ਦਿਤਾ ਜਾਵੇਗਾ, ਕਿਉਂਕਿ ਅਗਸਤ ਮਹੀਨੇ ਹੋਣ ਵਾਲੀਆਂ ਤਿੰਨ ਜ਼ਿਮਨੀ ਚੋਣਾਂ ਜਲਾਲਾਬਾਦ, ਕਾਹਨੂਵਾਨ ਅਤੇ ਬਨੂੜ ਵਿਚ ਸੰਭਾਵੀ ਕਾਰਗੁਜ਼ਾਰੀ ਦੀ ਜ਼ਿੰਮੇਵਾਰੀ ਇਹ ਵੱਡੇ ਜੱਟ ਲੀਡਰ ਲੈਣ ਤੋਂ ਗੁਰੇਜ਼ ਕਰ ਰਹੇ ਹਨ।

ਇਸ ਨੁਕਤੇ ਬਾਰੇ ਜਦੋਂ ਲਾਲ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੁਖ ਪ੍ਰਗਟ ਕੀਤਾ ਕਿ ਕਿਵੇਂ ਨੂਰਮਹਿਲ ਦੀ ਜ਼ਿਮਨੀ ਚੋਣ ਲਈ ਪਾਰਟੀ ਪ੍ਰਚਾਰ ਤੋਂ ਸਾਰੇ ਵੱਡੇ ਅਤੇ ਪ੍ਰਭਾਵਸ਼ਾਲੀ ਨੇਤਾ ਬਚਦੇ ਰਹੇ। ਹਾਰੇ ਹੋਏ ਕਾਂਗਰਸੀ ਉਮੀਦਵਾਰ ਸ. ਗੁਰਬਿੰਦਰ ਸਿੰਘ ਅਟਵਾਲ ਨੇ ਵੀ ਸ਼ਰੇਆਮ ਰੋਸਾ ਜ਼ਾਹਰ ਕੀਤਾ ਸੀ ਕਿ ਕਿਵੇਂ ਕਾਂਗਰਸ ਪਾਰਟੀ ਦੇ ਨੇਤਾਵਾਂ ਨੇ ਅਵੇਸਲਾਪਣ ਵਿਖਾਇਆ। ਸ. ਲਾਲ ਸਿੰਘ ਦਾ ਇਹ ਮੰਨਣਾ ਹੈ ਕਿ ਪੱਕੀ ਪ੍ਰਧਾਨਗੀ ਤੋਂ ਬਿਨਾਂ ਕਾਂਗਰਸ ਪਾਰਟੀ ਦੇ ਕਾਰਕੁਨ ਕੋਈ ਪ੍ਰਵਾਹ ਨਹੀਂ ਕਰਦੇ, ਪਰ ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ਅਤੇ ਜ਼ਿਮਨੀ ਚੋਣ ਦੌਰਾਨ ਉਨ੍ਹਾਂ ਨੇ ਬਹੁਤ ਮਿਹਨਤ, ਹਿੰਮਤ ਅਤੇ ਵਾਧੂ ਸਮਾਂ ਦੇ ਕੇ ਪਾਰਟੀ ਦਾ ਅਕਸ ਬਣਾਈ ਰਖਿਆ ਅਤੇ ਸਾਰੇ ਨੇਤਾਵਾਂ ਤੇ ਅਹੁਦੇਦਾਰਾਂ ਨੂੰ ਨਾਲ ਲੈ ਕੇ ਕੇਂਦਰੀ ਲੀਡਰਾਂ ਦੀਆਂ 11 ਰੈਲੀਆਂ ਸਫ਼ਲਤਾ ਪੂਰਵਕ ਸਿਰੇ ਚਾੜ੍ਹੀਆਂ, ਜਿਨ੍ਹਾਂ ਵਿਚ ਸੋਨੀਆ ਗਾਂਧੀ, ਡਾ. ਮਨਮੋਹਨ ਸਿੰਘ ਅਤੇ ਰਾਹੁਲ ਗਾਂਧੀ ਤੋਂ ਇਲਾਵਾ ਹੋਰ ਕੌਮੀ ਲੀਡਰ ਲੋਕਾਂ ਦੇ ਮੁਖ਼ਾਤਬ ਹੋਏ।

ਪੰਜਾਬ ਵਿਚ ਕਾਂਗਰਸ ਪਾਰਟੀ ਦੀ ਪਿਛਲੇ 40 ਸਾਲ ਦੀ ਪ੍ਰਧਾਨਗੀ ਦੀ ਸੂਚੀ 'ਤੇ ਨਜ਼ਰ ਮਾਰਨ ਤੋਂ ਪਤਾ ਲੱਗਦਾ ਹੈ ਕਿ ਕੁਲ 15 ਪ੍ਰਧਾਨਾਂ ਵਿਚੋਂ 5 ਪ੍ਰਧਾਨ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੋਏ, ਜਿਨ੍ਹਾਂ ਵਿਚ ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਬੇਅੰਤ ਸਿੰਘ, ਰਾਜਿੰਦਰ ਕੌਰ ਭੱਠਲ ਅਤੇ ਕੈਪਟਨ ਅਮਰਿੰਦਰ ਸਿੰਘ ਸ਼ਾਮਲ ਹਨ। ਬਾਕੀ 10 ਲੀਡਰਾਂ ਨਿਰੰਜਣ ਸਿੰਘ ਤਾਲਿਬ, ਮਹਿੰਦਰ ਸਿੰਘ ਗਿੱਲ, ਬੀਬੀ ਸਰਲਾ ਪਰਾਸ਼ਰ, ਹੰਸ ਰਾਜ ਸ਼ਰਮਾ, ਰਘੂਨੰਦਨ ਲਾਲ ਭਾਟੀਆ, ਸੰਤੋਖ ਸਿੰਘ ਰੰਧਾਵਾ (ਦੋ ਵਾਰ), ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ, ਵਰਿੰਦਰ ਕਟਾਰੀਆ, ਅੰਬਿਕਾ ਸੋਨੀ, ਹਰਵਿੰਦਰ ਸਿੰਘ ਹੰਸਪਾਲ, ਸ਼ਮਸ਼ੇਰ ਸਿੰਘ ਦੂਲੋ ਦਾ ਮੁੱਖ ਮੰਤਰੀ ਲਈ ਦਾਅ ਇਸ ਲਈ ਨਹੀਂ ਲੱਗਾ, ਕਿਉਂਕਿ ਜਾਂ ਤਾਂ ਉਨ੍ਹਾਂ ਮੌਕੇ ਚੋਣਾਂ ਹੀ ਨਹੀਂ ਹੋਈਆਂ, ਜੇ ਹੋਈਆਂ ਤਾਂ ਕਾਂਗਰਸ ਨੂੰ ਬਹੁਮਤ ਨਹੀਂ ਮਿਲਿਆ ਅਤੇ ਜਾਂ ਫਿਰ ਹਾਈ ਕਮਾਨ ਨੇ ਦਲਿਤ ਅਤੇ ਪਛੜੀ ਜਾਤੀ ਵੋਟਰ ਦਾ ਪੱਤਾ ਨਹੀਂ ਖੇਡਿਆ। ਸ਼ਮਸ਼ੇਰ ਸਿੰਘ ਦੂਲੋ ਤੋਂ ਬਾਅਦ ਇਹ ਦੂਜੀ ਵਾਰ ਹੈ ਕਿ ਕਾਂਗਰਸ ਹਾਈ ਕਮਾਨ ਨੇ ਮਹਿੰਦਰ ਸਿੰਘ ਕੇ.ਪੀ. ਇਕੋ-ਇਕ ਦਲਿਤ ਨੇਤਾ ਨੂੰ ਬਤੌਰ ਐਕਟਿੰਗ ਪ੍ਰਧਾਨ ਜਾਰੀ ਰੱਖਣ ਦਾ ਮਨ ਬਣਾਇਆ ਹੈ।

ਜੇ ਆਉਂਦੇ ਕੁਝ ਮਹੀਨੇ ਇਹ ਲੋਕ ਸਭਾ ਸੰਸਦ ਮੈਂਬਰ ਜਲੰਧਰ ਜ਼ਿਲ੍ਹੇ ਤੋਂ ਇਲਾਵਾ ਬਾਕੀ ਇਲਾਕਿਆਂ ਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਸਫ਼ਲ ਹੋਣ ਦੇ ਨਾਲ-ਨਾਲ ਸੰਸਦ ਵਿਚ ਅਪਣੀ ਡਿਊਟੀ ਵੀ ਬਾਖੂਬੀ ਨਿਭਾਉਂਦੇ ਹਨ ਅਤੇ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਇਕ ਜੁਟਤਾ ਦੀ ਤਸਵੀਰ ਪੇਸ਼ ਕਰਨ ਵਿਚ ਸਫ਼ਲ ਹੋ ਜਾਂਦੇ ਹਨ ਤਾਂ ਇਹ ਵੀ ਹੋ ਸਕਦਾ ਹੈ ਕਿ ਕਾਂਗਰਸ ਹਾਈ ਕਮਾਨ ਦਾ ਇਹ ਤਜ਼ਰਬਾ 2012 ਵਿਚ ਹੋਣ ਵਾਲੀਆਂ ਅਸੰਬਲੀ ਚੋਣਾਂ ਵਿਚ ਕੁਝ ਜਲਵਾ ਵਿਖਾ ਸਕੇ।

ਯਾਦ ਰਹੇ ਕੁਝ ਦਿਨ ਪਹਿਲਾਂ ਲਾਲ ਸਿੰਘ ਨੇ ਕਾਰਜਕਾਰੀ ਪ੍ਰਧਾਨ ਦੇ ਤੌਰ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਲੋਕ ਸਭਾ ਐਮ. ਪੀਜ਼, ਵਿਧਾਇਕਾਂ, ਸਾਬਕਾ ਵਿਧਾਇਕਾਂ ਅਤੇ ਪਾਰਟੀ ਦੇ ਆਗੂਆਂ ਦੀ ਮੀਟਿੰਗ ਸੱਦੀ ਸੀ। ਲਾਲ ਸਿੰਘ ਨੇ ਇਸ ਮੀਟਿੰਗ 'ਚ ਪਾਰਟੀ ਦੇ ਆਗੂਆਂ ਨੂੰ ਅਪੀਲ ਕੀਤੀ ਸੀ ਕਿ ਉਹ ਕਾਂਗਰਸ ਹਾਈ ਕਮਾਂਡ ਕੋਲ ਉਨ੍ਹਾਂ ਨੂੰ ਪੱਕੇ ਤੌਰ 'ਤੇ ਕਾਂਗਰਸ ਦਾ ਪ੍ਰਧਾਨ ਨਿਯੁਕਤ ਕਰਨ ਲਈ ਪਹੁੰਚ ਕਰਨ। ਇਸ ਮੀਟਿੰਗ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਮੌਜੂਦ ਸਨ। ਕੈਪਟਨ ਅਮਰਿੰਦਰ ਸਿੰਘ ਨੇ ਵੀ ਪਿਛਲੇ ਦਿਨੀਂ ਦਿੱਲੀ 'ਚ ਡੇਰੇ ਲਾਈ ਰੱਖੇ।

ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪੁਰਾਣੇ ਸਾਥੀਆਂ ਰਾਣਾ ਸੋਢੀ, ਅਰਵਿੰਦ ਖੰਨਾ ਅਤੇ ਦੂਜਿਆਂ ਨਾਲ ਸੁਲਾਹ ਸਫਾਈ ਕਰ ਲਈ ਹੈ। ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਆਪਣੀ ਪੁਰਾਣੀ ਲਾਬੀ ਮੁੜ ਤਿਆਰ ਕਰਨ 'ਚ ਲੱਗੇ ਹੋਏ ਹਨ। ਸੂਤਰਾਂ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਪਾਰਟੀ ਨੂੰ ਮੁੜ ਤੋਂ ਤਕੜਾ ਕਰਨਾ ਚਾਹੁੰਦੇ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੌਜੂਦਾ ਕਾਰਜਕਾਰੀ ਪ੍ਰਧਾਨ ਮਹਿੰਦਰ ਸਿੰਘ ਕੇ.ਪੀ., ਜਗਮੀਤ ਸਿੰਘ ਬਰਾੜ ਅਤੇ ਲੋਕ ਸਭਾ ਚੋਣਾਂ ਦੌਰਾਨ ਲਾਏ ਗਏ ਆਰਜ਼ੀ ਪ੍ਰਧਾਨ ਲਾਲ ਸਿੰਘ ਦੇ ਨਾਲ-ਨਾਲ ਲੁਧਿਆਣਾ ਤੋਂ ਪਾਰਟੀਮੈਂਟ ਮੈਂਬਰ ਮਨੀਸ਼ ਤਿਵਾੜੀ ਵੀ ਪ੍ਰਧਾਨਗੀ ਦੀ ਦੌੜ ਵਿਚ ਸ਼ਾਮਲ ਦੱਸੇ ਜਾਂਦੇ ਹਨ। ਪਾਰਟੀ ਹਲਕਿਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਕਾਂਗਰਸ ਹਾਈ ਕਮਾਂਡ ਪੰਜਾਬ ਲਈ ਪ੍ਰਧਾਨ ਚੁਣਨ ਵਾਸਤੇ ਇਕ ਵੱਖਰੀ ਤਰ੍ਹਾਂ ਦੇ ਫਾਰਮੂਲੇ 'ਤੇ ਅਮਲ ਕਰ ਰਹੀ ਹੈ। ਅਮਲ ਲਈ ਲੋਕ ਸਭਾ ਚੋਣਾਂ ਨੂੰ ਅਧਾਰ ਬਣਾਇਆ ਗਿਆ ਹੈ। ਇਹ ਲੇਖਾ-ਜੋਖਾ ਕੀਤਾ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ ਹੱਕ ਵਿਚ ਕਿੰਨੇ ਫੀਸਦੀ ਸ਼ਹਿਰੀ ਮਤਦਾਤਾ ਭੁਗਤੇ। ਇਸ ਤੋਂ ਇਲਾਵਾ ਦਲਿਤ ਮਤਦਾਤਾਵਾਂ ਦਾ ਵੀ ਲੇਖਾ-ਜੋਖਾ ਕੀਤਾ ਜਾ ਰਿਹਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕਾਂਗਰਸ ਹਾਈ ਕਮਾਂਡ ਇਹ ਮਹਿਸੂਸ ਕਰ ਰਹੀ ਹੈ ਕਿ ਪੰਜਾਬ ਅੰਦਰ ਪਿਛਲੇ ਤਜ਼ਰਬਿਆਂ 'ਤੇ ਆਧਾਰਤ ਦਲਿਤ ਅਤੇ ਸ਼ਹਿਰੀ ਵੋਟਰਾਂ ਵਿਚ ਆਧਾਰ ਕਾਇਮ ਕੀਤਾ ਜਾਵੇ। ਦੱਸਿਆ ਜਾ ਰਿਹਾ ਹੈ ਕਿ ਇਸ ਫਾਰਮੂਲੇ ਦੇ ਤਹਿਤ ਕਾਂਗਰਸ ਦੋ ਪ੍ਰਧਾਨ ਰੱਖਣ ਨੂੰ ਤਰਜੀਹ ਦੇਵੇਗੀ। ਪੂਰੇ ਦੇਸ਼ ਵਿਚ ਕਾਂਗਰਸ ਅੰਦਰ ਦਲਿਤ ਮਤਦਾਤਾਵਾਂ ਦੀ ਵਾਪਸੀ ਦੇ ਰੁਝਾਨ ਤੋਂ ਪ੍ਰਭਾਵਿਤ ਹਾਈਕਮਾਂਡ ਪੰਜਾਬ ਅੰਦਰ ਵੀ ਦਲਿਤ ਵੋਟ ਬੈਂਕ 'ਤੇ ਮਜ਼ਬੂਤ ਪਕੜ ਲਈ ਮਹਿੰਦਰ ਸਿੰਘ ਕੇ.ਪੀ. ਨੂੰ ਕਾਰਜਕਾਰੀ ਪ੍ਰਧਾਨ ਜਾਰੀ ਰੱਖਣ 'ਤੇ ਪਾਰਟੀ ਹਾਈ ਕਮਾਂਡ ਵਲੋਂ ਵਿਚਾਰ ਕੀਤੀ ਜਾ ਰਹੀ ਹੈ।

ਜਦਕਿ ਸ਼ਹਿਰੀ ਖੇਤਰਾਂ ਅੰਦਰ ਮਜ਼ਬੂਤ ਆਧਾਰ ਲਈ ਮਨੀਸ਼ ਤਿਵਾੜੀ ਨੂੰ ਤਜ਼ਰਬੇ ਦੇ ਤੌਰ 'ਤੇ ਪ੍ਰਧਾਨ ਬਣਾਉਣ 'ਤੇ ਵੀ ਵਿਚਾਰ ਹੋ ਰਹੀ ਹੈ। ਹਾਲਾਂਕਿ ਪਾਰਟੀ ਦੇ ਕੁਝ ਸੀਨੀਅਰ ਨੇਤਾ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨ ਬਣਾਉਣ ਦੇ ਹੱਕ ਵਿਚ ਹਨ ਤਾਂ ਜੋ ਅਕਾਲੀ ਦਲ ਨੂੰ ਉਨ੍ਹਾਂ ਦੀ ਬੋਲੀ ਵਿਚ ਟੱਕਰ ਦਿੱਤੀ ਜਾ ਸਕੇ। ਦੱਸਿਆ ਜਾਂਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਹਾਈ ਕਮਾਂਡ ਨੂੰ ਵਿਸ਼ਵਾਸ਼ ਦਵਾਇਆ ਸੀ ਕਿ ਕਾਂਗਰਸ ਘੱਟੋ-ਘੱਟ 13 ਵਿਚੋਂ 12 ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗੀ। ਸੂਤਰਾਂ ਦਾ ਕਹਿਣਾ ਹੈ ਕਿ ਅਰੂਸਾ ਨੂੰ ਲੈ ਕੇ ਵੀ ਹਾਈ ਕਮਾਂਡ ਅਮਰਿੰਦਰ ਸਿੰਘ ਤੋਂ ਨਾਖੁਸ਼ ਹੈ।

ਉਂਝ ਅਮਰਿੰਦਰ ਦੇ ਕੁਝ ਨੇੜਲੇ ਹਲਕਿਆਂ ਦਾ ਕਹਿਣਾ ਹੈ ਕਿ ਪਾਰਟੀ ਹਾਈ ਕਮਾਂਡ ਦੁਆਰਾ ਉਨ੍ਹਾਂ ਨੂੰ ਇਕ ਵਾਰ ਮੁੜ ਤੋਂ ਪੰਜਾਬ ਕਾਂਗਰਸ ਦੀ ਵਾਗਡੋਰ ਫੜਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਬਨੂੜ ਸਮੇਤ ਤਿੰਨ ਹਲਕਿਆਂ ਵਿਚ ਜ਼ਿਮਨੀ ਚੋਣ 3 ਅਗਸਤ ਨੂੰ

**ਚੰਡੀਗੜ੍ਹ :** ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਦੇ ਤਿੰਨ ਹਲਕਿਆਂ ਬਨੂੜ, ਕਾਹਨੂੰਵਾਨ ਅਤੇ ਜਲਾਲਾਬਾਦ ਲਈ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਤਿੰਨ ਹਲਕਿਆਂ ਲਈ ਤਿੰਨ ਅਗਸਤ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 6 ਅਗਸਤ ਨੂੰ ਹੋਵੇਗੀ। ਇਨ੍ਹਾਂ ਹਲਕਿਆਂ ਲਈ ਚੋਣ ਜ਼ਾਬਤਾ ਫੌਰਨ ਲਾਗੂ ਹੋ ਗਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਅਕਾਲੀ ਸਰਕਾਰ ਦੀ ਕੋਸ਼ਿਸ਼ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ 6 ਮਹੀਨੇ ਦੇ ਅੰਦਰ (21 ਜੁਲਾਈ ਤੋਂ ਪਹਿਲਾਂ) ਵਿਧਾਇਕ ਬਣਵਾ ਲੈਣ ਦੀ ਸੀ, ਪਰ ਹੁਣ ਤਿੰਨ ਅਗਸਤ ਨੂੰ ਚੋਣ ਹੋਣ ਨਾਲ ਇਨ੍ਹਾਂ ਹਲਕਿਆਂ ਲਈ ਰਾਜਸੀ ਸਰਗਰਮੀਆਂ ਵੱਖਰੀ ਕਿਸਮ ਦੀਆਂ ਹੋਣਗੀਆਂ। ਪੰਜਾਬ ਵਿਧਾਨ ਸਭਾ ਦਾ ਬੱਜਟ ਸੈਸ਼ਨ ਵੀ ਤਿੰਨ ਜੁਲਾਈ ਤੋਂ ਆਰੰਭ ਹੋ ਰਿਹਾ ਹੈ।

ਸਰਕਾਰ ਦਾ ਧਿਆਨ ਬਜਟ ਵਿਚ ਅਤੇ ਦੂਜੇ ਪਾਸੇ ਚੋਣਾਂ ਵਲ ਹੋਵੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਪਹਿਲਾਂ ਹੀ ਬੀਤੇ ਕਈ ਦਿਨ ਤੋਂ ਜਲਾਲਾਬਾਦ ਵਿਚ ਸਰਗਰਮ ਹਨ। ਹਾਕਮ ਧਿਰ ਵਲੋਂ ਸ. ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਬਾਰੇ ਹਾਲੇ ਤੱਕ ਐਲਾਨ ਨਹੀਂ ਕੀਤਾ ਗਿਆ, ਪਰ ਇਹ ਤਕਰੀਬਨ ਤੈਅ ਹੀ ਹੈ ਕਿ ਸ. ਸੁਖਬੀਰ ਸਿੰਘ ਬਾਦਲ ਜਲਾਲਾਬਾਦ ਤੋਂ ਹੀ ਚੋਣ ਲੜਨਗੇ। ਪ੍ਰਾਪਤ ਜਾਣਕਾਰੀ ਅਨੁਸਾਰ ਚੋਣ ਪ੍ਰਕਿਰਿਆ ਦੌਰਾਨ 9 ਤੋਂ 16 ਜੁਲਾਈ ਤੱਕ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਜਾਣਗੇ ਤੇ 17 ਜੁਲਾਈ ਨੂੰ ਪੜਤਾਲ ਹੋਵੇਗੀ। ਕਾਗਜ਼ ਵਾਪਸ ਲੈਣ ਦਾ ਦਿਨ 20 ਜੁਲਾਈ ਹੈ।

## ਐਸ.ਸੀ. ਅਗਰਵਾਲ ਪੰਜਾਬ ਦੇ ਨਵੇਂ ਮੁੱਖ ਸਕੱਤਰ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਸਕੱਤਰ ਰਮੇਸ਼ਇੰਦਰ ਸਿੰਘ, ਜਿਨ੍ਹਾਂ ਨੂੰ ਪੰਜਾਬ ਦਾ ਮੁੱਖ ਸੂਚਨਾ ਕਮਿਸ਼ਨਰ ਨਾਮਜ਼ਦ ਕੀਤਾ ਗਿਆ ਹੈ, ਦੀ ਥਾਂ ਪ੍ਰਮੁੱਖ ਸਕੱਤਰ ਵਿੱਤ ਐਸ.ਸੀ. ਅਗਰਵਾਲ ਨੂੰ ਪੰਜਾਬ ਦਾ ਨਵਾਂ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ।



**ਰਮੇਸ਼ਇੰਦਰ ਸਿੰਘ ਅਤੇ ਐਸ.ਸੀ. ਅਗਰਵਾਲ**

ਪ੍ਰਾਪਤ ਜਾਣਕਾਰੀ ਅਨੁਸਾਰ ਰਮੇਸ਼ਇੰਦਰ ਸਿੰਘ ਨੇ ਬੀਤੇ ਸੋਮਵਾਰ ਨੂੰ ਬਾਅਦ ਦੁਪਹਿਰ ਮੁੱਖ ਸਕੱਤਰ ਦੇ ਅਹੁਦੇ ਤੋਂ ਆਪਣਾ ਅਸਤੀਫਾ ਦੇ ਦਿੱਤਾ ਅਤੇ ਪੰਜਾਬ ਦੇ ਰਾਜਪਾਲ ਜਨਰਲ (ਰਿਟਾ.) ਡਾ. ਐਸ.ਐਫ. ਰੋਡਰਿਗਜ਼ ਉਨ੍ਹਾਂ ਨੂੰ ਪੰਜਾਬ ਭਵਨ ਵਿਚ ਸੂਚਨਾ ਕਮਿਸ਼ਨ ਦੇ ਅਹੁਦੇ ਦੀ ਸਹੁੰ ਚੁਕਾਉਣਗੇ। ਉਧਰ ਐਸ.ਸੀ. ਅਗਰਵਾਲ ਲੰਘੀ 29 ਜੂਨ ਨੂੰ ਹੀ ਮੁੱਖ ਸਕੱਤਰ ਦੇ ਅਹੁਦੇ ਦਾ ਕਾਰਜਭਾਰ ਸੰਭਾਲ ਲੈਣਗੇ।

ਸ੍ਰੀ ਅਗਰਵਾਲ 1975 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ ਅਤੇ ਹੁਣ ਤੱਕ ਕਈ ਮਹੱਤਵਪੂਰਨ ਵਿਭਾਗਾਂ ਵਿਚ ਕੰਮ ਕਰ ਚੁੱਕੇ ਹਨ। ਰਾਜ ਦੀ ਮੌਜੂਦਾ ਡਾਵਾਂਡੋਲ ਵਿੱਤੀ ਹਾਲਤ ਵਿਚ ਉਨ੍ਹਾਂ ਨੇ ਵਧੀਆ ਕਾਰਗੁਜ਼ਾਰੀ ਦਿਖਾ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦਿਲ ਜਿੱਤਿਆ ਹੈ। ਉਹ ਵਿੱਤ ਵਿਭਾਗ, ਸਿਹਤ ਵਿਭਾਗ, ਸਿੱਖਿਆ ਵਿਭਾਗ, ਪ੍ਰਿੰਸੀਪਲ ਸਕੱਤਰ ਸਮੇਤ ਕਈ ਜ਼ਿਲ੍ਹਿਆਂ ਵਿਚ ਬਤੌਰ ਡਿਪਟੀ ਕਮਿਸ਼ਨਰ ਕੰਮ ਕਰ ਚੁੱਕੇ ਹਨ। ਅਗਰਵਾਲ ਮੁੱਖ ਮੰਤਰੀ ਦੇ ਚਹੇਤੇ ਅਧਿਕਾਰੀਆਂ ਵਿਚੋਂ ਇਕ ਮੰਨੇ ਜਾਂਦੇ ਹਨ। ਇੱਥੋਂ ਤੱਕ ਉਨ੍ਹਾਂ ਦੀ ਨਿਯੁਕਤੀ ਲਈ ਕਈ ਹੋਰ ਸੀਨੀਅਰ ਅਧਿਕਾਰੀਆਂ ਨੂੰ ਇਕ ਪਾਸੇ ਰੱਖ ਕੇ ਉਨ੍ਹਾਂ ਨੂੰ ਇਹ ਅਹਿਮ ਅਹੁਦਾ ਸੌਂਪਿਆ ਗਿਆ ਹੈ। ਇਥੇ ਇਹ ਵਰਨਣਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਮੁੱਖ ਸਕੱਤਰ ਦੀ ਕੁਰਸੀ ਨੂੰ ਲੈ ਕੇ ਪੰਜਾਬ ਦੇ ਦਰਜਨ ਦੇ ਕਰੀਬ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਵਿਚ ਦੌੜ ਲੱਗੀ ਹੋਈ ਸੀ, ਪ੍ਰੰਤੂ ਮੁੱਖ ਮੰਤਰੀ ਨੇ ਸ੍ਰੀ ਅਗਰਵਾਲ ਨੂੰ ਪਹਿਲਾਂ ਹੀ ਹਰੀ ਝੰਡੀ ਦੇ ਦਿੱਤੀ ਸੀ।



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

# ਗੁਰਦੁਆਰਾ ਫਰੀਮਾਂਟ ਸਕੂਲ ’ਚ ਸੋਝੀ ਸਿਲੇਬਸ ਦੀ ਪੜ੍ਹਾਈ ਬੰਦ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਨੇ ਗੁਰੂ ਘਰ ਦੇ ਖਾਲਸਾ ਸਕੂਲ ਵਿਚ ਸੋਝੀ ਸਿਲੇਬਸ ਦੀ ਪੜ੍ਹਾਈ ਰੋਕ ਦਿੱਤੀ ਹੈ। ਇਹ ਸਿਲੇਬਸ ਕੋਈ ਇਕ ਸਾਲ ਪਹਿਲਾਂ ਨਵੇਂ ਪ੍ਰਬੰਧਕਾਂ ਵਲੋਂ ਲਾਗੂ ਕੀਤਾ ਗਿਆ ਸੀ ਅਤੇ ਸ਼ੁਰੂ ਤੋਂ ਹੀ ਇਸ ਬਾਰੇ ਵਿਵਾਦ ਚੱਲ ਰਿਹਾ ਸੀ। ਸੁਪਰੀਮ ਕੌਂਸਲ ਨੇ ਇਕ ਹੋਰ ਫੈਸਲੇ ਵਿਚ ਮੌਜੂਦਾ ਪ੍ਰਬੰਧਕਾਂ ਨੂੰ ਅਗਲੇ ਸਾਲ ਹੋਣ ਵਾਲੀਆਂ ਸੁਪਰੀਮ ਕੌਂਸਲ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਵਿਚ ਸੋਧ ਕਰਨ ਤੋਂ ਵੀ ਰੋਕ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਕੋਈ ਤਿੰਨ ਹਫਤੇ ਪਹਿਲਾਂ ਇਕ ਤਰਫਾ ਤੌਰ ’ਤੇ ਵੋਟਰ ਸੂਚੀ ਵਿਚ ਸੋਧ ਕਰਨ ਦਾ ਕੰਮ ਅਰੰਭ ਦਿੱਤਾ ਸੀ। ਵੋਟਰ ਸੂਚੀ ਵਿਚ ਸੋਧ ਦਾ ਕੋਈ ਨਿਯਮਬੱਧ ਤਰੀਕਾ ਅਪਨਾਉਣ ਦੀ ਥਾਂ ਬਿਨਾ ਕੋਈ ਇਤਲਾਹ ਦਿੱਤਿਆਂ ਵੋਟਰਾਂ ਨੂੰ ਆਪਣਾ ਪਛਾਣ ਕਾਰਡ ਦਿਖਾ ਕੇ ਆਪਣੀ ਵੋਟ ਦੀ ਪੁਸ਼ਟੀ ਕਰਨ ਲਈ ਕਿਹਾ ਗਿਆ ਸੀ। ਇਸ ਉਤੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਗੁਰਚਰਨ ਸਿੰਘ ਮਾਨ ਨੇ ਇਤਰਾਜ਼ ਕੀਤਾ ਜਿਸ ’ਤੇ ਗੁਰੂ ਘਰ ਦੇ ਵਕੀਲ ਮਾਰਕ ਕੋਹਨ ਪਾਸੋਂ ਸਲਾਹ ਮੰਗੀ ਗਈ ਜਿਸ ਨੇ ਇਸ ਤਰ੍ਹਾਂ ਦੀ ਸੋਧ ਨੂੰ ਗੈਰ ਵਿਧਾਨਿਕ ਕਰਾਰ ਦਿੱਤਾ। ਵਕੀਲ ਨੇ ਸਲਾਹ ਦਿੱਤੀ ਹੈ ਕਿ ਵੋਟਰਾਂ ਨੂੰ ਵੋਟ ਦਾ ਆਰਜੀ ਹੱਕ ਦਿੱਤੇ ਬਿਨਾ ਵੋਟਰ ਲਿਸਟ ਵਿਚ ਸੋਧ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਇਸ ਦੇ ਬਾਵਜੂਦ 21 ਜੂਨ ਨੂੰ ਵੋਟਾਂ ਦੀ ਸੁਧਾਈ ਹੁੰਦੀ ਰਹੀ। ਪਿਛਲੇ ਹਫਤੇ ਹੋਈ ਸੁਪਰੀਮ ਕੌਂਸਲ ਦੀ ਮੀਟਿੰਗ ਵਿਚ ਇਸ ਬਾਰੇ ਬਾਕਾਇਦਾ ਮਨਾਹੀ ਕੀਤੀ ਗਈ ਜਿਸ ਤੋਂ ਬਾਅਦ ਲੰਘੇ ਐਤਵਾਰ ਇਹ ਸੋਧ ਰੋਕ ਦਿੱਤੀ ਗਈ। ਇਹ ਵੀ ਪਤਾ ਲੱਗਾ ਹੈ ਕਿ ਇਸ ਤੋਂ ਖਫਾ ਹੋ ਕੇ ਮੌਜੂਦਾ ਪ੍ਰਬੰਧਕਾਂ ਨੇ ਬਾਂਹ-ਮਰੋੜੂ ਤਰੀਕਾ ਅਪਨਾਉਂਦਿਆਂ ਸੁਪਰੀਮ ਕੌਂਸਲ ਨੂੰ ਕਈ ਤਰ੍ਹਾਂ ਦੇ ਸਵਾਲਾਂ ਦਾ ਇਕ ਚਿੱਠਾ ਵੀ ਪੇਸ਼ ਕਰ ਦਿੱਤਾ।

ਇਥੇ ਜ਼ਿਕਰਯੋਗ ਹੈ ਕਿ ਸੋਝੀ ਸਿਲੇਬਸ ਬਾਰੇ ਗੁਰੂ ਘਰ ਦੀ ਸੰਗਤ ਵਿਚ ਸ਼ੁਰੂ ਤੋਂ ਹੀ ਦੋ ਰਾਵਾਂ ਸਨ। ਇਸ ਦੇ ਵਿਰੋਧੀ ਇਸ ਨੂੰ ਦੁਬਿਧਾ ਪੈਦਾ ਕਰਨਾ ਵਾਲਾ ਸਿਲੇਬਸ ਦੱਸ ਰਹੇ ਸਨ।

ਸਿੱਖ ਰਿਸਰਚ ਇੰਸਟੀਚਿਊਟ ਵਲੋਂ ਗੁਰਮੁਖੀ ਅਤੇ ਪੰਜਾਬੀ ਦੀ ਪੜ੍ਹਾਈ ਲਈ ਤਿਆਰ ਕੀਤੇ ਗਏ ਸੋਝੀ ਸਿਲੇਬਸ ਉਤੇ ਉਤਰੀ ਅਮਰੀਕਾ ਦੇ ਕਈ ਗੁਰੂ ਘਰਾਂ ਵਿਚ ਚੱਲ ਰਹੇ ਖਾਲਸਾ ਸਕੂਲਾਂ ਅਤੇ ਸਿੱਖ ਵਿਦਵਾਨਾਂ ਨੇ ਗੰਭੀਰ ਇਤਰਾਜ਼ ਉਠਾਏ ਹਨ। ਕੈਲੇਫੋਰਨੀਆ, ਫਲੋਰਿਡਾ ਅਤੇ ਵੈਨਕੂਵਰ ਦੇ ਖਾਲਸਾ ਸਕੂਲਾਂ ਦੇ 18 ਸੇਵਾਦਾਰਾਂ ਵਲੋਂ ਜਾਰੀ ਇਕ ਸਾਂਝੇ ਬਿਆਨ ਵਿਚ ‘ਸੋਝੀ ਸਿਲੇਬਸ’ ਉਤੇ ਇਸ ਬਿਨਾ ਉਤੇ ਇਤਰਾਜ਼ ਉਠਾਏ ਗਏ ਹਨ ਕਿ ਇਹ ਗੁਰਬਾਣੀ ਦੇ ਕਈ ਸ਼ਬਦਾਂ ਅਤੇ ਅਰਦਾਸ ਦੇ ਸ਼ਬਦਾਂ ਨੂੰ ਬਦਲਣ ਤੋਂ ਇਲਾਵਾ ਇਹ ਸਿਲੇਬਸ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਰੂਪ ਮੰਨਣ ਅਤੇ ਇਸ ਦਾ ਸਤਿਕਾਰ ਕਰਨ ਤੋਂ ਵੀ ਇਨਕਾਰੀ ਹੈ।

ਇਸ ਸਾਂਝੇ ਬਿਆਨ ਅਨੁਸਾਰ ਇਸ ਸਿਲੇਬਸ ਵਿਚ ‘ਵਾਹਿਗੁਰੂ’ ਸ਼ਬਦ ਨੂੰ ਵੀ ‘ਵਾਹਗੁਰੂ’ ਵਜੋਂ ਲਿਖਿਆ ਅਤੇ ਉਚਾਰਿਆ ਜਾ ਰਿਹਾ ਹੈ। ਗੁਰਬਾਣੀ ਵਿਚ ਵਾਹਿਗੁਰੂ ਅਤੇ ਵਾਹਗੁਰੂ ਦੋਵੇਂ ਸ਼ਬਦ ਨਾਂਓਂ ਵਜੋਂ ਆਉਂਦੇ ਹਨ। ‘ਵਾਹਿਗੁਰੂ’ ਸ਼ਬਦ ਦੇ ਸ਼ਬਦ-ਜੋੜ ਬਦਲਣੇ ਗੁਰਬਾਣੀ ਨੂੰ ਬਦਲਣ ਦੇ ਤੁਲ ਹੈ। ਅਰਦਾਸ ਵਿਚ ਵੀ ਵਾਹਿਗੁਰੂ ਸ਼ਬਦ ਹੀ ਉਚਾਰਿਆ ਜਾਂਦਾ ਹੈ। ਇਸ ਤੋਂ ਇਲਾਵਾ ਸੰਗਤ ‘ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥’ ਆਖਦੀ ਹੈ। ਰਹਿਤਨਾਮਿਆਂ ਵਿਚ ਵੀ ਵਾਹਿਗੁਰੂ ਸ਼ਬਦ ਹੀ ਵਰਤਿਆ ਗਿਆ ਹੈ। ਸੋਝੀ ਸਿਲੇਬਸ ਵਿਚ ਵਾਹਿਗੁਰੂ ਦੀ ਥਾਂ ’ਤੇ ਵਾਹਗੁਰੂ ਸ਼ਬਦ ਦੀ ਵਰਤੋਂ ਕਰਕੇ ਪੰਥ ਵਿਚ ਬਿਨਾ ਵਜ੍ਹਾ ਦੁਬਿਧਾ ਪੈਦਾ ਕੀਤੀ ਜਾ ਰਹੀ ਹੈ।

ਸ੍ਰੀ ਅਕਾਲ ਤਖ਼ਤ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਚ ਅਰਦਾਸ ਮੌਕੇ ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ॥ ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੇਂ ਲੇ॥ ਦੋਹਿਰਾ ਉਚਾਰਿਆ ਜਾਂਦਾ ਹੈ ਪ੍ਰੰਤੂ ਸੋਝੀ ਸਿਲੇਬਸ ਵਾਲੇ ਕਹਿੰਦੇ ਹਨ ਕਿ ਇਸ ਦੋਹਿਰੇ ਵਿਚ ਗੁਰੂ ਗ੍ਰੰਥ ਸਾਹਿਬ ਲਈ ਸ਼ਬਦ ‘ਦੇਹ’ ਦੀ ਵਰਤੋਂ ਮੂਰਤੀ ਪੂਜਾ ਦੇ ਤੁਲ ਹੈ।

ਸੋਝੀ ਸਿਲੇਬਸ ਵਿਚ ਇਕ ਹੋਰ ਉਕਾਈ ਪਹਿਲੀ ਜਮਾਤ ਦੀ ਪੁਸਤਕ ਪੰਨਾ 61 ਉਤੇ ਮਾਈ ਭਾਗੋ ਦੀ ਸਾਖੀ ਵਿਚ ਹੈ। ਇਸ ਸਾਖੀ ਵਿਚ ਲਿਖਿਆ ਗਿਆ ਹੈ ਕਿ ਚਮਕੌਰ ਦੀ ਜੰਗ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਅਤੇ ਪੰਜ ਸਿੱਖ ਗੁਰੂ ਸਾਹਿਬ ਨੂੰ ਚਮਕੌਰ ਤੋਂ ਬਚਾ ਕੇ ਲੈ ਗਏ। ਇਹ ਨਜ਼ਰੀਆ ਵੀ ਪੰਥਕ ਸੋਚ ਤੋਂ ਉਲਟ ਹੈ। ਭਾਵੇਂ ਗੁਰੂ ਸਾਹਿਬ ਪੰਜ ਸਿੰਘਾਂ ਦੇ ਹੁਕਮ ਅੱਗੇ ਸਿਰ ਝੁਕਾਉਂਦੇ ਹੋਏ ਚਮਕੌਰ ਸਾਹਿਬ ਤੋਂ ਜਾਣਾ ਮੰਨ ਗਏ ਸਨ ਪਰ ਉਨ੍ਹਾਂ ਆਪਣੀਆਂ ਸ਼ਰਤਾਂ ਉਤੇ ਅਤੇ ਦੁਸ਼ਮਣ ਨੂੰ ਵੰਗਾਰ ਕੇ ਫਿਰ ਚਮਕੌਰ ਛੱਡਿਆ ਸੀ।

ਇਸੇ ਤਰ੍ਹਾਂ ਵਿਰਸਾ ਜਮਾਤ ਦੂਜੀ ਸਫਾ 47 ਉਤੇ ਗੁਰੂ ਗ੍ਰੰਥ ਸਾਹਿਬ ਬਾਰੇ ਕਵਿਤਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਪੁਸਤਕ ਦੱਸ ਕੇ ਸਿੱਖ ਰਵਾਇਤਾਂ ਉਤੇ ਚੋਟ ਕੀਤੀ ਗਈ ਹੈ। ਇਸ ਕਵਿਤਾ ਵਿਚ ਇਹ ਹਕੀਕਤ ਨਹੀਂ ਦੱਸੀ ਗਈ ਕਿ ਗੁਰੂ ਗ੍ਰੰਥ ਸਾਹਿਬ ਗੁਰੂ ਕੀ ਜੋਤ ਹੈ ਅਤੇ ਇਹ ਇਕ ਪਵਿੱਤਰ ਗ੍ਰੰਥ ਹੈ। ਸਗੋਂ ਗੁਰੂ ਗ੍ਰੰਥ ਸਾਹਿਬ ਉਤੇ ਚੌਰ ਝੁਲਾਉਣ ਤੋਂ ਵੀ ਰੋਕਿਆ ਗਿਆ ਹੈ। ਵਿਰਸਾ ਜਮਾਤ ਚੌਥੀ ਦੇ ਪੰਨਾ 4 ਉਤੇ ਰਹਿਤ ਮਰਿਆਦਾ ਦੀ ਗੱਲ ਕਰਦਿਆਂ ਇਹ ਆਖਿਆ ਗਿਆ ਹੈ ਕਿ 1936 ਤੋਂ ਬਾਅਦ ਰਹਿਤ ਮਰਿਆਦਾ ਵਿਚ ਸਿਰਫ ਤਿੰਨ ਤਬਦੀਲੀਆਂ ਕੀਤੀਆਂ ਗਈਆਂ ਹਨ। ਇੰਜ ਬਾਕੀ ਦੀਆਂ ਤਬਦੀਲੀਆਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ। 28 ਅਪਰੈਲ, 1985 ਨੂੰ ਅਕਾਲ ਤਖ਼ਤ ਸਾਹਿਬ ਵਲੋਂ ਇਕ ਹੁਕਮ ਰਾਹੀਂ ਰਹਿਤ ਮਰਿਆਦਾ ਵਿਚ ਇਹ ਸੋਧ ਕੀਤੀ ਗਈ ਸੀ ਕਿ ਨਿਤਨੇਮ ਦੀਆਂ ਬਾਣੀਆਂ ਵਿਚ ਜਪੁ, ਜਾਪ, ਦਸ ਸਵੱਈਏ, ਬੇਨਤੀ ਚੌਪਈ ਅਤੇ ਅਨੰਦ ਦੀਆਂ ਬਾਣੀਆਂ ਸਵੇਰ ਦੇ ਨਿਤਨੇਮ ਵਿਚ ਸ਼ਾਮਲ ਕੀਤੀਆਂ ਜਾਣ।


## Matrimonials

Lobana Sikh educated Family seeking compatible/professional match for Gursikh Son MBA (USA), B.A.LLB. 27/5'11" on Student Visa currently doing OPT. Caste no bar. Contact with Biodata 646-886-7867 or email-kingsingh1002@gmail.com

Executive Khatri Sikh parents want a suitable match for a beautiful 27 year old Canadian born daughter, UBC graduate LLB honors from UK. Please call 604-261-9555 or e-mail: dalipmehta@hotmail.com

Looking for a amritdhari or willing to be amritdhari girl far a amritdhari Chadda Sikh, 24, 5'11", pursuing PGDCA in computers. Highly respected and well established gursikh family from Patiala with a lot of city property. Contact: 702-236-5472



PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ

ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
JACKSON HEIGHTS, NY 11370
ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538



# Real Estate and Home Loans

**For buying or selling your home**

**Call Aman Hundal at: 209-918-6464**

Selling Bank Owned/ Foreclosed homes in entire northern California-Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

**ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ**

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21 M&M and Associates

**ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।**

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com



# ਫਾਰਮਰਜ਼ ਇੰਸ਼ੋਰੈਂਸ

***Auto*Home*Life*Business *Workers Comp.***

*Farmers offers more discounts than anybody else.*

***Call me today to insure that your assets are protected.***

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

**Kiran Hundal**
**(209)345-0183**
*khundal@farmersagent.com*
*CA insurance License # 0F96503*

**1900 Standiford Ave.**
**Modesto, Ca 95350**





FARMERS INSURANCE GROUP
Symbol of Superior Service
FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।

**ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ**

**Truck Insurance at very competitive rates.**

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਪੰਜਾਬ ਭਾਜਪਾ 'ਚ ਬੁਖਲਾਹਟ, ਅਕਾਲੀਆਂ ਸਿਰ ਮੜ੍ਹੇ ਦੋਸ਼

**ਜਲੰਧਰ :** ਪੰਜਾਬ ਵਿਚ ਅਕਾਲੀ ਭਾਜਪਾ ਵਿਚਾਲੇ ਆਪਸੀ ਖਿਚੋਤਾਣ ਵਾਲਾ ਮਾਹੌਲ ਜਾਰੀ ਹੈ। ਜਲੰਧਰ ਵਿਚ ਹੋਈ ਭਾਜਪਾ ਕਾਰਜਕਾਰਨੀ ਦੀ ਮੀਟਿੰਗ ਵਿਚ ਗਰਮਾ ਗਰਮ ਬਹਿਸ ਹੋਈ ਅਤੇ ਕਈ ਆਗੂਆਂ ਨੇ ਪੰਜਾਬ ਵਿਚ ਪਾਰਟੀ ਦੀ ਹਾਰ ਲਈ ਅਕਾਲੀ ਦਲ ਅਤੇ ਪੰਜਾਬ ਦੀ ਬਾਦਲ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਇਥੋਂ ਤੱਕ ਕਿ ਕਈ ਭਾਜਪਾ ਆਗੂ ਇਸ ਕਰਕੇ ਝੂਰਦੇ ਵੀ ਵੇਖੇ ਗਏ ਕਿ ਪਾਰਟੀ ਨੂੰ ਪੰਜਾਬ ਵਿਚ ਸਰਕਾਰ ਵਿਚ ਸ਼ਾਮਲ ਹੋਣ ਦੀ ਥਾਂ ਅਕਾਲੀ ਸਰਕਾਰ ਦੀ ਬਾਹਰੋਂ ਹਮਾਇਤ ਕਰਨੀ ਚਾਹੀਦੀ ਸੀ। ਉਧਰ ਚੰਡੀਗੜ੍ਹ ਅਕਾਲੀ ਭਾਜਪਾ ਤਾਲਮੇਲ ਕਮੇਟੀ ਦੀ ਮੀਟਿੰਗ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੋਨਾ ਧਿਰਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਮੁੜ ਤੋਂ ਕੋਸ਼ਿਸ਼ਾਂ ਕਰਦੇ ਨਜ਼ਰ ਆਏ। ਇਸ ਮੀਟਿੰਗ ਵਿਚ ਅਕਾਲੀ ਆਗੂਆਂ ਨੇ ਵੀ ਭਾਜਪਾ ਦੇ ਸੀਨੀਅਰ ਆਗੂ ਬਲਾਰਾਮ ਜੀ ਦਾਸ ਟੰਡਨ ਦੇ ਉਸ ਬਿਆਨ 'ਤੇ ਰੋਸ ਜ਼ਾਹਰ ਕੀਤਾ, ਜਿਸ ਵਿਚ ਉਸ ਨੇ ਕਿਹਾ ਸੀ ਕਿ ਅਕਾਲੀ ਸਰਕਾਰ ਸ਼ਹਿਰਾਂ ਨੂੰ ਨਜ਼ਰਅੰਦਾਜ਼ ਕਰਕੇ ਪੇਂਡੂ ਹਲਕਿਆਂ ਨੂੰ ਸਹੂਲਤਾਂ ਦੇ ਰਹੀ ਹੈ। ਯਾਦ ਰਹੇ ਹਾਲ ਹੀ ਵਿਚ ਅਕਾਲੀ ਅਸੈਂਬਲੀ ਮੈਂਬਰ ਸਰਬਜੀਤ ਸਿੰਘ ਮੱਕੜ ਵਲੋਂ ਭਾਜਪਾ ਮੰਤਰੀ ਮਨੋਰੰਜਨ ਕਾਲੀਆ ਨੂੰ ਗਾਲਾਂ ਕੱਢਣ ਨਾਲ ਦੋਨਾ ਪਾਰਟੀਆਂ ਵਿਚ ਕਾਫੀ ਖਿਚਾਅ ਪੈਦਾ ਹੋ ਗਿਆ ਸੀ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਕਰਾਰੀ ਹਾਰ ਦਾ ਸਾਹਮਣਾ ਕੀਤਾ। ਉਸ ਤੋਂ ਬਾਅਦ ਪਾਰਟੀ ਦੀਆਂ ਪ੍ਰਦੇਸ਼ ਇਕਾਈਆਂ ਨੇ ਹਰ ਪੱਧਰ 'ਤੇ ਜਾ ਕੇ ਹਾਰ ਦੇ ਕਾਰਨਾਂ ਦਾ ਮੰਥਨ ਕੀਤਾ ਤੇ ਹਰ ਪ੍ਰਦੇਸ਼ ਵਿਚ ਆਪਣੀ ਜ਼ਿੰਮੇਵਾਰੀ ਨੂੰ ਛੱਡ ਕੇ ਸਹਿਯੋਗੀ ਅਕਾਲੀ ਦਲ ਦੇ ਮੱਥੇ 'ਤੇ ਹਾਰ ਦਾ ਦੋਸ਼ ਮੜ੍ਹ ਦਿੱਤਾ। ਹਾਰ ਦੇ ਕਾਰਨਾਂ 'ਤੇ ਮੰਥਨ ਕਰਨ ਤੋਂ ਬਾਅਦ ਵੀ ਭਾਜਪਾ ਦੇ ਨੇਤਾਵਾਂ ਦੇ ਸੁਭਾਅ ਜਾਂ ਰਵੱਈਏ ਵਿਚ ਕੋਈ ਫਰਕ ਨਹੀਂ ਆਇਆ ਹੈ। ਉਲਟਾ ਭਾਜਪਾ ਦੇ ਨੇਤਾਵਾਂ ਨੇ ਕੰਮ ਨਾ ਕਰਵਾਉਣ ਲਈ ਨਵੇਂ ਢੰਗ ਲੱਭ ਲਏ ਹਨ।

25 ਜੂਨ ਨੂੰ ਭਾਰਤੀ ਜਨਤਾ ਪਾਰਟੀ ਦੀ ਪ੍ਰਦੇਸ਼ ਕਾਰਜਕਾਰਨੀ ਦੀ ਦੋ ਦਿਨਾਂ ਬੈਠਕ ਦੌਰਾਨ 15ਵੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਨੂੰ ਹੋਈ ਹਾਰ ਦਾ ਭਾਂਡਾ ਜਿਥੇ ਇਕ ਪਾਸੇ ਆਪਣੀ

## ਬਾਦਲ ਵਲੋਂ ਪਲੋਸਣ ਵਾਲੀ ਬਿਆਨਬਾਜ਼ੀ

ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਸਿਰ ਭੰਨਿਆ, ਉਥੇ ਨਾਲ ਹੀ ਪਾਰਟੀ ਆਗੂਆਂ ਨੇ ਇਸ ਨੂੰ ਸ਼ਹਿਰੀ ਵੋਟਰਾਂ ਵਲੋਂ ਪਾਰਟੀ ਦੇ ਵਿਰੋਧ




ਰਾਜਿੰਦਰ ਭੰਡਾਰੀ

ਵਿਚ ਦਿੱਤਾ ਗਿਆ ਫਤਵਾ ਵੀ ਮੰਨਿਆ। ਕਾਰਜਕਾਰਨੀ ਦੀ ਮੀਟਿੰਗ ਵਿਚ ਵਿਚਾਰ ਵਟਾਂਦਰੇ ਤੋਂ ਬਾਅਦ ਕਈ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਵਧਦੀ ਜਾ ਰਹੀ ਸਿਆਸੀ ਹਿੰਸਾ ਦੇ ਰੁਝਾਨ ਉੱਤੇ ਵੀ ਚਿੰਤਾ ਪ੍ਰਗਟਾਈ ਗਈ।

ਕਾਰਜਕਾਰਨੀ ਦੀ ਮੀਟਿੰਗ ਤੋਂ ਬਾਅਦ ਇਥੇ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਤੇ ਮੁੱਖ ਬੁਲਾਰੇ ਕਮਲ ਸ਼ਰਮਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਆਗੂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਪ੍ਰਵਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਐਨ.ਡੀ.ਏ. ਦੇ ਗੱਠਜੋੜ ਅਧੀਨ ਇਨ੍ਹਾਂ ਚੋਣਾਂ ਵਿਚ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ, ਮਹਿੰਗਾਈ ਅਤੇ ਬੇਰੁਜ਼ਗਾਰੀ ਆਦਿ ਵਿਸ਼ਿਆਂ ਨੂੰ ਲੈ ਕੇ ਲੋਕਾਂ ਦੇ ਸਾਹਮਣੇ ਗਈ ਸੀ, ਪਰ ਨਤੀਜੇ ਆਸ ਮੁਤਾਬਕ ਨਹੀਂ ਆਏ ਅਤੇ ਲੋਕਾਂ ਨੇ ਯੂ.ਪੀ.ਏ. ਦੇ ਹੱਕ ਵਿਚ ਫਤਵਾ ਦਿੱਤਾ ਹੈ।

ਪਾਰਟੀ ਬੁਲਾਰੇ ਨੇ ਕਿਹਾ ਕਿ ਵਧ ਰਹੀ



ਪ੍ਰਕਾਸ਼ ਸਿੰਘ ਬਾਦਲ

ਸਿਆਸੀ ਹਿੰਸਾ ਕਾਰਨ ਅਫਸਰਾਂ ਉੱਤੇ ਜਾਇਜ਼-ਨਾਜਾਇਜ਼ ਕੰਮਾਂ ਲਈ ਧੱਕੇਸ਼ਾਹੀ ਦੀ ਸਿਆਸਤ ਨਾਲ ਪੰਜਾਬ ਸਰਕਾਰ ਦਾ ਅਕਸ ਖਰਾਬ ਹੋਇਆ ਹੈ। ਲੁਧਿਆਣਾ ਵਿਚ ਇਕ ਤਹਿਸੀਲਦਾਰ ਉੱਤੇ ਕੀਤਾ ਗਿਆ ਕਾਤਲਾਨਾ ਹਮਲਾ ਅਤੇ ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਬਿਜਲੀ ਬੋਰਡ ਦੇ ਇੰਜੀਨੀਅਰ ਉੱਤੇ ਵੀ ਕੀਤਾ ਗਿਆ ਹਮਲਾ ਬਹੁਤ ਨਿੰਦਣਯੋਗ ਹੈ ਅਤੇ ਪਾਰਟੀ ਮਹਿਸੂਸ ਕਰਦੀ ਹੈ ਕਿ ਸਿਆਸੀ ਤੇ ਸਮਾਜਿਕ ਜੀਵਨ ਵਿਚੋਂ ਗੁੰਡਾ ਅਨਸਰਾਂ ਨੂੰ ਕੱਢਣ ਦੀ ਲੋੜ ਹੈ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਵਿਚ ਵਧ ਰਹੇ ਰੇਟ ਮਾਫੀਆ 'ਤੇ ਵੀ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਇਸ ਮਾਫੀਆ ਨਾਲ ਸਖ਼ਤੀ ਨਾਲ ਪੇਸ਼ ਆਉਣ ਲਈ ਸਰਕਾਰ ਨੂੰ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।

ਇਸ ਦੋ ਦਿਨਾ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਪੇਸ਼ ਕੀਤੇ ਗਏ ਵੱਖ-ਵੱਖ ਮਤਿਆਂ ਵਿਚ ਪਾਕਿਸਤਾਨ ਵਿਚ ਤਾਲਿਬਾਨ ਵਲੋਂ ਸਿੱਖਾਂ ਤੇ ਹਿੰਦੂਆਂ ਉਤੇ ਜਜ਼ੀਆ ਲਾਉਣ ਅਤੇ ਜ਼ੁਲਮ ਢਾਹੁਣ ਦੀ ਨਿਖੇਧੀ ਕੀਤੀ ਗਈ। ਇਸ ਤੋਂ ਇਲਾਵਾ ਪਿਛਲੇ ਦਿਨੀਂ ਵੀਆਨਾ ਵਿਖੇ ਇਕ ਧਾਰਮਿਕ ਡੇਰੇ ਦੇ ਸੰਤ ਦੀ ਕੱਟੜਪੰਥੀਆਂ ਵਲੋਂ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਦੀ ਨਿੰਦਾ ਕਰਨ ਦੇ ਨਾਲ-ਨਾਲ ਸ਼ਰਧਾਂਜਲੀ ਵੀ ਭੇਂਟ ਕੀਤੀ ਗਈ ਅਤੇ ਕਿਹਾ ਕਿ ਅਜਿਹੇ ਲੋਕਾਂ ਲਈ ਪੰਜਾਬ ਦੇ ਲੋਕ ਜੀਵਨ ਵਿਚ ਕੋਈ ਥਾਂ ਨਹੀਂ।

ਇਕ ਹੋਰ ਮਤੇ ਰਾਹੀਂ ਪੰਜਾਬ ਵਿਚ ਗਰਮੀ ਅਤੇ ਝੋਨੇ ਦੀ ਬਿਜਾਈ ਦੇ ਸੀਜਨ ਵਿਚ ਬਿਜਲੀ ਦੀ ਪੈਦਾ ਹੋਈ ਘਾਟ ਨੂੰ ਆਪਣੀ ਸਰਕਾਰ ਦੀ ਅਸਫਲਤਾ ਮੰਨਿਆ। ਸ੍ਰੀ ਸ਼ਰਮਾ ਨੇ ਕਿਹਾ ਕਿ ਪਾਰਟੀ ਦੀਆਂ ਚੋਣਾਂ ਦੇ ਮੱਦੇਨਜ਼ਰ 6 ਜੁਲਾਈ ਤੋਂ ਪੂਰੇ ਦੇਸ਼ ਵਿਚ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ।

ਪੰਜਾਬ ਭਾਜਪਾ ਦੀ ਕਾਰਜਕਾਰਨੀ ਮੀਟਿੰਗ ਵਿਚ ਇਸ ਦੌਰਾਨ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਭਾਵੁਕ ਹੁੰਦਿਆਂ ਕਿਹਾ ਕਿ ਭਾਜਪਾ ਪੰਜਾਬ ਵਿਚ ਚੋਣਾਂ ਹਾਰੀ ਹੈ, ਪਰ ਮਰੀ ਨਹੀਂ। ਉਨ੍ਹਾਂ ਕਿਹਾ ਮੱਕੜ-ਕਾਲੀਆ ਵਿਵਾਦ ਵਿਚ ਭਾਜਪਾ ਦੇ ਸਟੈਂਡ ਲੈਣ ਕਾਰਨ ਹੀ ਮੁੱਖ ਮੰਤਰੀ ਨੂੰ ਹੱਥ ਜੋੜ ਕੇ ਭਾਜਪਾ ਮੰਤਰੀ ਦੇ ਘਰ ਆਉਣਾ ਪਿਆ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਵਾਲੇ ਥੋੜਾ ਹੋਰ ਸਟੈਂਡ ਲੈ ਲੈਣ ਤਾਂ ਅਕਾਲੀ ਡੰਡੌਤ ਕਰਦੇ ਆਉਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀਆਂ ਨੇ ਭਾਜਪਾ ਦੇ ਵਰਕਰਾਂ ਨੂੰ ਭਜਾ-ਭਜਾ ਕੇ ਕੁੱਟਿਆ ਸੀ ਅਤੇ ਵਿਧਾਇਕ ਅਨਿਲ ਜੋਸ਼ੀ ਦੀ ਜਿਪਸੀ ਵੀ ਸਾੜੀ ਸੀ। ਭਾਜਪਾ ਦੇ ਕਹਿਣ 'ਤੇ ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਨਹੀਂ ਬਦਲੇ ਸਨ। ਉਸੇ ਦਿਨ ਪੰਜਾਬ ਵਿਚ ਭਾਜਪਾ ਦੀ ਮੌਤ ਹੋ ਗਈ ਸੀ। ਉਨ੍ਹਾਂ ਆਪਣੇ ਆਪ ਨੂੰ ਦੋਸ਼ੀ ਮੰਨਦਿਆਂ ਕਿਹਾ ਕਿ ਜੇਕਰ ਭਾਜਪਾ ਉਸੇ ਦਿਨ ਅਕਾਲੀ ਦਲ ਵਿਰੁਧ ਸਟੈਂਡ ਲੈ ਲੈਂਦੀ ਤਾਂ ਅੱਜ ਇਹ ਦਿਨ ਨਾ ਦੇਖਣੇ ਪੈਂਦੇ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ**

***ਕੇਂਦਰ ਨੇ ਹਮੇਸ਼ਾ ਪੰਜਾਬ ਨਾਲ ਧੱਕੇ ਕੀਤੇ-ਜਨਮੇਜਾ ਸਿੰਘ ਸੇਖੋਂ**

-ਸੇਖੋਂ ਸਾਬ੍ਹ! ਹੋਰ ਕੋਈ ਬਿਆਨ ਦਿਓ, ਇਹ ਡਾਇਲਾਗ ਤਾਂ ਬਾਦਲ ਸਾਬ੍ਹ ਦਾ ਪੇਟੈਂਟ ਕਰਵਾਇਆ ਹੋਇਐ।

***ਅਮਰੀਕਾ 'ਚ ਵੀ ਭਾਰਤ ਵਰਗਾ ਕੁਪ੍ਰਬੰਧ, ਦੋ ਗੱਡੀਆਂ ਦੀ ਟੱਕਰ 'ਚ 9 ਮੌਤਾਂ**

-ਤੁਹਾਡਾ ਅਨੁਮਾਨ ਗਲਤ ਹੈ ਬਾਦਸ਼ਾਹੋ! ਜੇ ਪ੍ਰਬੰਧ ਭਾਰਤ ਵਰਗਾ ਹੁੰਦਾ ਤਾਂ ਮੌਤਾਂ ਦੀ ਗਿਣਤੀ ਢਾਈ ਸੌ ਤੋਂ ਜ਼ਿਆਦਾ ਹੋਣੀ ਸੀ।

***ਕੀਮਾ ਬਣਾਉਣ 'ਚ ਵੀ ਮਾਹਿਰ ਹੈ ਓਬਾਮਾ**

-ਬੁਸ਼ ਭੜਥਾ ਬਣਾਉਣ 'ਚ ਮਾਹਿਰ ਸੀ, ਉਹਨੇ ਅਮਰੀਕਾ ਦਾ ਭੜਥਾ ਕਰ'ਤਾ। ਓਬਾਮਾ ਕੀਮਾ ਬਣਾਉਣ ਦਾ ਮਾਹਿਰ ਹੈ, ਰੱਬ ਖੈਰ ਕਰੇ!

***ਪੰਜਾਬ 'ਚ ਖੱਟੀ ਤੇ ਮਿੱਠੀ ਲੱਸੀ ਦੀ ਵਿਕਰੀ 'ਚ ਵਾਧਾ**

-ਕਹਿਰ ਦੀ ਗਰਮੀ 'ਚ ਪੰਜਾਬੀ ਸ਼ਰਾਬ ਦਾ ਪ੍ਰਹੇਜ਼ ਨਹੀਂ ਕਰਦੇ ਸਗੋਂ ਲੱਸੀ ਨਾਲ ਇਲਾਜ ਕਰੀ ਜਾਣਗੇ।

***ਸੀ.ਡੀ. 'ਚ ਆਵਾਜ਼ ਵਰੁਣ ਗਾਂਧੀ ਦੀ ਹੀ-ਜਾਂਚ ਰਿਪੋਰਟ**

-ਜੇ ਸਰਕਾਰ ਭਾਜਪਾ ਦੀ ਹੁੰਦੀ ਫੇਰ ਨਹੀਂ ਸੀ ਹੋਣੀ।

***ਭਗੌੜੇ ਐਨ.ਆਰ.ਆਈ. ਲਾੜਿਆਂ 'ਤੇ ਨਕੇਲ ਕੱਸੇਗੀ ਪੰਜਾਬ ਸਰਕਾਰ**

-ਗੱਲਾਂ ਦੀ ਖੱਟੀ ਖਾਣ ਵਾਲਿਓ! ਪਹਿਲਾਂ ਨਕੇਲ ਤਾਂ ਪਾ ਲਓ, ਕੱਸ ਲਿਓ ਫੇਰ।

***ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਹੂਬਹੂ ਦਿੱਖ ਵਰਗਾ ਹੋਰ ਕੋਈ ਗੁਰਦਵਾਰਾ ਨਹੀਂ ਬਣੇਗਾ-ਸਿੰਘ ਸਾਹਿਬ**

-ਆਹ ਜਿਹੜਾ ਮਸਤੂਆਣੇ ਬਣ ਗਿਆ ਸੋ ਬਣ ਗਿਆ, ਬੱਸ!


REAL ESTATE HOME LOANS

Specialize in Bay Area

PARMINDER DEOL Call:925-980-1279



ਪਰਮਿੰਦਰ ਦਿਓਲ 925-980-1279

forhomes@yahoo.com

RESIDENTCIAL, BUSINESS AND COMMERCIAL PROPERTIES

ਇਨਵੈਸਟਮੈਂਟ ਕਰਨ ਵਾਲਿਆਂ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ

ਕਿਰਾਏ 'ਤੇ ਘਰ ਲੈਣ ਨਾਲੋਂ ਆਪਣਾ ਘਰ ਖਰੀਦਣਾ ਹੁਣ ਕਿਤੇ ਸੌਖਾ ਹੈ। ਤੁਹਾਡੀ ਕਿਸ਼ਤ ਕਿਰਾਏ ਤੋਂ ਵੀ ਘੱਟ ਹੋ ਸਕਦੀ ਹੈ।

Best Time to Buy Bankowned, Foreclosure and Short Sale Properties

ਬਿਹਤਰੀਨ ਸੇਵਾ ਅਤੇ ਸਲਾਹ ਲਈ ਅੱਜ ਹੀ ਕਾਲ ਕਰੋ:

209-996-1681

SBA Loan

Sacramento and Central Valley

JAG BHANGU Call: 916-759-1923

Attention Homes Buyer & Realtor

Get qualified for loan before looking for a house.

ਪਹਿਲੀ ਵਾਰ ਘਰ ਖਰੀਦਣ ਵਾਲੇ 8000 ਡਾਲਰ ਦੇ ਟੈਕਸ ਕਰੈਡਿਟ ਦਾ ਲਾਭ ਉਠਾਉਣ

ਮੈਂ ਜਿਸ ਲੋਨ ਅਫਸਰ ਤੋਂ ਘਰ ਲਈ ਲੋਨ ਕਰਵਾ ਰਹੀ ਸਾਂ, ਉਸ ਨੇ ਮੇਰਾ ਲੋਨ ਤਾਂ ਕੀ ਕਰਾਉਣਾ ਸੀ ਸਗੋਂ ਮੇਰਾ 10,000 ਡਾਲਰ ਵੀ ਡੋਬ ਦਿੱਤਾ। ਪਰ ਜੀਵਨ ਸਿੰਘ ਨੇ ਮੇਰਾ ਲੋਨ ਬਹੁਤ ਆਸਾਨ ਸ਼ਰਤਾਂ 'ਤੇ ਝੱਟਪਟ ਕਰਵਾ ਦਿੱਤਾ। -ਸੁਖਵਿੰਦਰ ਬੈਂਸ



ਜੈਗ ਭੰਗੂ

408-598-9605

916-759-1923

Purchase home with 3.5% Down FHA

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

Direct Mortgage Lender Rates Are LOW Now

CA DRE Lic 01364174

DIRECT LENDERS AND MAJOR BANKS LOAN AVAILABLE

UNITED MORTGAGE & REALTY

Self Employed OK First Time Home Buyers OK

Loan Available For Bank Owned Properties

# ਭਾਰਤੀ ਫੌਜ ਨੇ ਸਾਜ਼ਿਸ਼ ਤਹਿਤ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਅੱਗ ਲਾਈ-ਤੱਥ ਖੋਜ ਕਮੇਟੀ ਨੇ ਕਿਹਾ

**ਤੱਥ ਖੋਜ ਕਮੇਟੀ ਅਨੁਸਾਰ ਜਦੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਸਾਰਾ ਆਪ੍ਰੇਸ਼ਨ 6 ਜੂਨ ਨੂੰ ਮੁਕੰਮਲ ਹੋ ਗਿਆ ਸੀ ਤਾਂ 7 ਜੂਨ ਨੂੰ ਲਾਇਬਰੇਰੀ ਦੇ ਇਕ ਹਿੱਸੇ ਵਿਚ ਜਾਣ ਬੁੱਝ ਕੇ ਰਾਕਟ ਲਾਂਚਰ ਸੁੱਟ ਕੇ ਅੱਗ ਲਾਈ ਗਈ ਸੀ, ਜਿਸ ਵਿਚ ਪੁਰਾਣੀਆਂ ਹੱਥ ਲਿਖਤ ਬੀੜਾਂ ਸਾੜੀਆਂ ਗਈਆਂ ਸਨ।**

**ਅੰਮ੍ਰਿਤਸਰ :** ਜੂਨ 1984 ਦੇ ਸਾਕਾ ਨੀਲਾ ਤਾਰਾ ਦੌਰਾਨ ਸਿੱਖ ਰੈਫਰੈਂਸ ਅਤੇ ਰਿਸਰਚ ਲਾਇਬਰੇਰੀ ਵਿਚੋਂ ਭਾਰਤੀ ਫੌਜ ਵਲੋਂ ਚੁੱਕੇ ਅਮੁੱਲੇ ਖਜ਼ਾਨੇ ਸਬੰਧੀ ਬਣੀ ਪੰਜ ਮੈਂਬਰੀ ਤੱਥ ਖੋਜ ਕਮੇਟੀ ਨੇ ਇਥੇ ਕਿਹਾ ਕਿ ਮੁਢਲੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸਰਕਾਰ ਨੇ ਸਾਜਿਸ਼ ਅਧੀਨ ਜਾਣ ਬੁੱਝ ਕੇ ਸਿੱਖ ਵਿਰਸੇ ਨੂੰ ਖ਼ਤਮ ਕਰਨ ਲਈ ਸਿੱਖ ਰੈਫਰੈਂਸ ਲਾਇਬਰੇਰੀ ਦੇ ਇਕ ਹਿੱਸੇ ਨੂੰ 7 ਜੂਨ 1984 ਨੂੰ ਅੱਗ ਲਾ ਕੇ ਸਾੜਿਆ ਸੀ।

ਤੱਥ ਖੋਜ ਕਮੇਟੀ, ਜਿਸ ਦੇ ਮੈਂਬਰਾਂ ਵਿਚ ਮਨੁੱਖੀ ਅਧਿਕਾਰ ਸੰਗਠਨ ਦੇ ਐਡਵੋਕੇਟ ਡੀ.ਐਸ. ਗਿੱਲ, ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ, ਲੈਫਟੀਨੈਂਟ ਜਰਨਲ ਕਰਤਾਰ ਸਿੰਘ ਗਿੱਲ, ਯੂਨਾਈਟਿਡ ਸਿੱਖ ਜਥੇਬੰਦੀ ਦੇ ਗੁਰਪ੍ਰੀਤ ਸਿੰਘ ਅਤੇ ਐਡਵੋਕੇਟ ਅਮਰ ਸਿੰਘ ਚਾਹਲ ਸ਼ਾਮਲ ਹਨ, ਨੇ ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਸਾਰਾ ਆਪ੍ਰੇਸ਼ਨ 6 ਜੂਨ ਨੂੰ ਮੁਕੰਮਲ ਹੋ ਗਿਆ ਸੀ ਤਾਂ 7 ਜੂਨ ਨੂੰ ਲਾਇਬਰੇਰੀ ਦੇ ਇਕ ਹਿੱਸੇ ਵਿਚ ਜਾਣ ਬੁੱਝ ਕੇ ਰਾਕਟ ਲਾਂਚਰ ਸੁੱਟ ਕੇ ਅੱਗ ਲਾਈ ਗਈ ਸੀ, ਜਿਸ ਵਿਚ ਪੁਰਾਣੀਆਂ ਹੱਥ ਲਿਖਤ ਬੀੜਾਂ ਸਾੜੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਤੱਥ ਉਨ੍ਹਾਂ ਸਾਹਮਣੇ ਆਏ ਹਨ ਕਿ 7 ਜੂਨ ਨੂੰ ਇਕ ਵਜੇ ਤਕ ਲਾਇਬਰੇਰੀ ਨੂੰ ਅੱਗ ਨਹੀਂ ਸੀ ਲੱਗੀ। ਉਨ੍ਹਾਂ ਕਿਹਾ ਕਿ ਅੱਗ ਲਾਉਣ ਤੋਂ ਪਹਿਲਾ ਭਾਰਤੀ ਫੌਜ ਉਥੇ ਪਿਆ ਸਾਰਾ ਅਮੁੱਲਾ ਖਜ਼ਾਨਾ ਬੋਰੀਆਂ 'ਚ ਭਰ ਕੇ ਚੁੱਕ ਕੇ ਲੈ ਗਈ ਸੀ। ਉਨ੍ਹਾਂ ਕਿਹਾ ਕਿ ਸਰਕਾਰ ਪਾਸੋਂ ਸੂਚਨਾ ਐਕਟ ਅਧੀਨ ਕਮੇਟੀ ਵਲੋਂ ਜਿਹੜੀ ਜਾਣਕਾਰੀ ਲਈ ਗਈ ਹੈ, ਉਸ ਵਿਚ ਸਰਕਾਰ ਨੇ ਇਹ ਗੱਲ ਮੰਨੀ ਹੈ ਕਿ ਕੁਝ ਬਾਗੀ ਸਾਹਿਤ ਸਾੜਿਆ ਗਿਆ ਸੀ ਅਤੇ ਜਿਹੜਾ ਲਾਇਬਰੇਰੀ ਵਿਚੋਂ ਬਾਕੀ ਸਾਮਾਨ ਲਿਆਂਦਾ ਗਿਆ ਸੀ, ਉਹ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਜਿਹੜੀ ਸਾਮਾਨ ਵਾਪਸ ਕਰਨ ਦੀ ਸੂਚੀ ਦਿੱਤੀ ਹੈ, ਉਹ ਬਿਲਕੁਲ ਠੀਕ ਹੈ ਅਤੇ ਉਸ 'ਤੇ ਦਸਤਖਤ ਵੀ ਸਹੀ ਹਨ, ਪਰ ਉਸ ਵਿਚੋਂ ਬਹੁਤ ਸਾਰਾ ਸਾਮਾਨ ਸ਼੍ਰੋਮਣੀ ਕਮੇਟੀ ਕੋਲ ਮੌਜੂਦ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਹ ਵੀ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਕ ਹਲਫੀਆ ਬਿਆਨ ਦੇ ਦਿੱਤਾ ਸੀ ਕਿ ਸਾਰਾ ਸਾਮਾਨ ਮਿਲ ਗਿਆ ਹੈ, ਪਰ ਇਸ ਹਲਫੀਆ ਬਿਆਨ ਦੀ ਕਾਪੀ ਕਮੇਟੀ ਨੂੰ ਨਹੀਂ ਦਿੱਤੀ ਗਈ। ਜਦੋਂਕਿ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਵਲੋਂ ਕੋਈ ਵੀ ਹਲਫੀਆ ਬਿਆਨ ਇਸ ਸਬੰਧੀ ਨਹੀਂ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਸਾਮਾਨ ਦੀ ਜਿਹੜੀ ਸੂਚੀ ਦਿੱਤੀ ਗਈ ਹੈ, ਉਹ ਟਾਈਪ ਕੀਤੀ ਹੋਈ ਹੈ, ਪਰ ਉਸਦੇ ਅਖੀਰ 'ਤੇ ਹੱਥ ਨਾਲ ਇਹ ਲਿਖਿਆ ਹੋਇਆ ਹੈ ਕਿ ਹੋਰ ਕੋਈ ਚੀਜ ਬਾਕੀ ਨਹੀਂ ਰਹੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਸਹਾਇਕ ਸਕੱਤਰ ਸ੍ਰੀ ਕੁਲਵੰਤ ਸਿੰਘ ਰੰਧਾਵਾ ਨਾਲ ਵੀ ਕਮੇਟੀ ਨੇ ਗੱਲਬਾਤ ਕੀਤੀ ਹੈ ਕਿ ਉਨ੍ਹਾਂ ਵਲੋਂ ਸੂਚੀ ਉਤੇ ਅਜਿਹੀ ਕੋਈ ਗੱਲ ਨਹੀਂ ਸੀ ਲਿਖ ਕੇ ਦਿੱਤੀ ਗਈ।

ਸ੍ਰੀ ਗਿੱਲ ਨੇ ਕਿਹਾ ਕਿ 29 ਸਤੰਬਰ, 1984 ਨੂੰ ਸਰਕਾਰ ਵਲੋਂ ਜਿਹੜਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤਾ ਗਿਆ, ਉਸ ਵਿਚ ਕੈਸ਼ ਬੁੱਕਾਂ, ਜੰਤਰੀਆਂ, ਰਜਿਸਟਰ, ਪਾਸਪੋਰਟ ਤੇ ਹੋਰ ਜਿਹੜਾ ਸਾਮਾਨ ਸ਼ਾਮਲ ਸੀ, ਉਹ ਕੋਈ ਕੀਮਤੀ ਸਾਮਾਨ ਨਹੀਂ ਸੀ। ਉਨ੍ਹਾਂ ਕਿਹਾ ਕਿ ਸੰਨ 1985-86 ਵਿਚ ਦੋ ਟਰੱਕ ਭਰ ਕੇ ਜਿਹੜਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤਾ ਗਿਆ, ਉਸ ਵਿਚ ਵੀ ਕੇਵਲ ਪੁਰਾਣੀਆਂ ਅਖ਼ਬਾਰਾਂ ਹੀ ਸਨ। ਉਨ੍ਹਾਂ ਕਿਹਾ ਕਿ ਇਹ ਭੰਬਲਭੂਸਾ ਹੀ ਪਿਆ ਹੋਇਆ ਹੈ ਕਿ ਜੇ ਸਰਕਾਰ ਨੇ ਸਾਰਾ ਸਾਮਾਨ ਵਾਪਸ ਕਰ ਦਿੱਤਾ ਹੈ ਤਾਂ ਉਹ ਅਮੁੱਲਾ ਸਾਮਾਨ ਕਿਥੇ ਹੈ।

ਸ੍ਰੀ ਗਿੱਲ ਨੇ ਕਿਹਾ ਕਿ 25 ਸਾਲ ਬੀਤ ਜਾਣ ਦੇ ਬਾਅਦ ਵੀ ਸਿੱਖ ਕੌਮ ਆਪਣਾ ਅਮੁੱਲਾ ਵਿਰਸਾ ਵਾਪਸ ਨਹੀਂ ਲੈ ਸਕੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਵੀ ਸਰਕਾਰ ਨਾਲ ਲਿਖਤ-ਪੜ੍ਹਤ ਤੋਂ ਬਿਨਾਂ ਕੋਈ ਕਾਨੂੰਨੀ ਚਾਰਾਜੋਈ ਨਹੀਂ ਕੀਤੀ ਅਤੇ ਸਿੱਖ ਵਿਦਵਾਨ ਵੀ ਖਾਮੋਸ਼ ਇਹ ਸਭ ਕੁਝ ਵੇਖਦੇ ਚਲੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਵਿਰਸੇ ਦੀ ਤਬਾਹੀ ਲਈ ਜਿਥੇ ਕੇਂਦਰ ਸਰਕਾਰ ਜ਼ਿੰਮੇਵਾਰ ਹੈ, ਉਥੇ ਸ਼੍ਰੋਮਣੀ ਕਮੇਟੀ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਹੁਣ ਸਿੱਖ ਵਿਦਵਾਨਾਂ ਦੀ ਬਣੀ ਇਸ ਕਮੇਟੀ ਵਲੋਂ ਇਹ ਜ਼ਿੰਮੇਵਾਰੀ ਚੁੱਕੀ ਗਈ ਹੈ ਕਿ ਅਸਲੀਅਤ ਸਾਹਮਣੇ ਲਿਆਂਦੀ ਜਾਵੇ ਅਤੇ ਸਰਕਾਰ ਪਾਸੋਂ ਸਿੱਖ ਵਿਰਸੇ ਦਾ ਅਮੁੱਲਾ ਖਜ਼ਾਨਾ ਵਾਪਸ ਲਿਆ ਜਾਵੇ। ਸ੍ਰੀ ਗਿੱਲ ਨੇ ਕਿਹਾ ਕਿ ਕਮੇਟੀ ਨੇ ਦੋ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਜਾਂਚ ਕਰਕੇ ਰਿਪੋਰਟ ਦੇਣ ਦਾ ਦਾਅਵਾ ਕੀਤਾ ਸੀ ਅਤੇ ਇਕ ਮਹੀਨੇ ਦੇ ਅੰਦਰ ਇਹ ਰਿਪੋਰਟ ਪੇਸ਼ ਤਿਆਰ ਕਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਚਾਰਾਜੋਈ ਕਰਨ ਲਈ ਆਖਿਆ ਜਾਵੇਗਾ ਅਤੇ ਇਹ ਤੱਥ ਖੋਜ ਕਮੇਟੀ ਵੀ ਉਸ ਨਾਲ ਇਕ ਧਿਰ ਵਜੋਂ ਖਲੋਵੇਗੀ। ਉਨ੍ਹਾਂ ਕਿਹਾ ਕਿ ਹਾਈਕੋਰਟ ਵਿਚ ਵੀ ਰਿੱਟ ਕਰਾਂਗੇ ਅਤੇ ਸੁਪਰੀਮ ਕੋਰਟ ਵੀ ਜਾਵਾਂਗੇ।

## ਕੌਮਾਂਤਰੀ ਖਿਡਾਰੀ ਨੌਨਿਧ ਦੀ ਹਾਦਸੇ 'ਚ ਮੌਤ

**ਜਲੰਧਰ :** ਅਥਲੈਟਿਕਸ ਦੇ ਰਾਸ਼ਟਰੀ ਰਿਕਾਰਡ ਹੋਲਡਰ ਅਥਲੀਟ ਨੌਨਿਧ ਸਿੰਘ ਦੀ ਬੀਤੇ ਦਿਨੀਂ ਦਰਦਨਾਕ ਹਾਦਸੇ 'ਚ ਮੌਤ ਹੋ ਗਈ। ਨੌਨਿਧ ਸਿੰਘ ਦੇ ਨਾਂਅ 110 ਮੀਟਰ ਹਰਡਲਜ਼ ਦੌੜ ਦਾ ਰਾਸ਼ਟਰੀ ਰਿਕਾਰਡ ਸੀ, ਜੋ ਉਸ ਨੇ 37 ਸਾਲ ਬਾਅਦ ਤੋੜਿਆ ਸੀ।

ਇਹ ਰਿਕਾਰਡ ਪਹਿਲਾਂ ਗੁਰਬਚਨ ਸਿੰਘ ਰੰਧਾਵਾ ਦੇ ਨਾਂਅ ਸੀ। ਨੌਨਿਧ ਸਿੰਘ ਦੀ ਮੌਤ ਨਾਲ ਪੂਰੇ ਭਾਰਤ ਅਤੇ ਪੰਜਾਬ ਨੂੰ ਘਾਟਾ ਪਿਆ ਹੈ।

ਨੌਨਿਧ ਸਿੰਘ ਦੀ ਅਗਸਤ ਮਹੀਨੇ ਕੈਨੇਡਾ ਵਿਖੇ ਹੋਣ ਵਾਲੀ ਵਿਸ਼ਵ ਪੁਲਿਸ ਖੇਡਾਂ ਵਿਚ ਬਤੌਰ ਟੀਮ ਦੇ ਕਪਤਾਨ ਵਜੋਂ ਚੋਣ ਹੋਈ ਸੀ ਤੇ ਹੁਣ ਬੀ.ਐਸ.ਐਫ. 'ਚ ਬਤੌਰ ਇੰਸਪੈਕਟਰ ਸੇਵਾ ਨਿਭਾਅ ਰਿਹਾ ਸੀ।

ਨੌਨਿਧ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਹੀ ਬਚਿਆ ਸੀ। ਉਸਦੇ ਭਰਾ ਅਥਲੀਟ ਹਰਿਗੋਬਿੰਦ ਸਿੰਘ ਦੀ 3 ਸਾਲ ਪਹਿਲਾਂ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਕੋਚ ਹਰਜੀਤ ਸਿੰਘ ਜੋ ਕਿ ਨੌਨਿਧ ਦੇ ਪਿਤਾ ਹਨ, ਪਿਛਲਾ ਸਭ ਕੁਝ ਭੁਲਾ ਕੇ ਨੌਨਿਧ ਦੀ ਕਾਮਨਵੈਲਥ ਖੇਡਾਂ ਦੀ ਤਿਆਰੀ ਕਰਵਾ ਰਹੇ ਸਨ। ਨੌਨਿਧ ਸਿੰਘ ਦੀ ਅਚਾਨਕ ਮੌਤ 'ਤੇ ਗੁੱਡਵਿੱਲ ਅਥਲੈਟਿਕਸ ਕਲੱਬ ਰਜਿ. ਅਤੇ ਖਾਲਸਾ ਕਾਲਜ ਗਰਾਊਂਡ ਦੇ ਖਿਡਾਰੀਆਂ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ, ਜਿਨ੍ਹਾਂ ਵਿਚ ਕਲੱਬ ਦੇ ਰਛਪਾਲ ਸਿੰਘ ਕੋਟ ਖਾਲਸਾ, ਕਾਬਲ ਸਿੰਘ ਲਾਲੀ, ਜਸਪਾਲ ਢਿਲੋਂ, ਡਾ. ਸੁਖਦੇਵ ਸਿੰਘ ਕੋਚ ਅਜੀਤ ਸਿੰਘ ਜ਼ਿਲ੍ਹਾ ਖੇਡ ਅਫਸਰ ਵੀ ਸ਼ਾਮਲ ਸਨ। ਪੰਜਾਬ ਦੇ ਖੇਡ ਡਰਾਇਕਟਰ ਪ੍ਰਗਟ ਸਿੰਘ ਨੇ ਵੀ ਨੌਨਿਧ ਦੀ ਮੌਤ 'ਤੇ ਦੁਖ ਦਾ ਪ੍ਰਗਟਾਵਾ ਕੀਤਾ ਹੈ।






## ਰੈਗਿੰਗ ਬਹਾਨੇ ਖਿੱਚੀ ਹੋਸਟਲ ਵਿਦਿਆਰਥਣ ਦੀ ਅਸ਼ਲੀਲ ਫੋਟੋ ਇੰਟਰਨੈੱਟ 'ਤੇ ਪਾਈ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਭਾਵੇਂ ਹੀ ਰੈਗਿੰਗ ਰੋਕਣ ਦੇ ਕਿੰਨੇ ਵੀ ਦਾਅਵੇ ਕਰ ਰਹੀ ਹੈ, ਲੇਕਿਨ ਸਥਿਤੀ ਇਹ ਹੈ ਕਿ ਇਸਦੇ ਕੈਂਪਸਾਂ ਵਿਚ ਸਭ ਕੁਝ ਹੋ ਰਿਹਾ ਹੈ। ਤਲਵੰਡੀ ਸਾਬੋ ਇੰਜੀਨੀਅਰਿੰਗ ਕੈਂਪਸ ਵਿਚ ਤਾਂ ਇਕ ਲੜਕੀ ਦੀ ਅਸ਼ਲੀਲ ਫੋਟੋ ਇੰਟਰਨੈੱਟ 'ਤੇ ਪਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲੇ ਦੀ ਜਾਣਕਾਰੀ ਮਿਲਣ 'ਤੇ ਲੜਕੀ ਨੇ ਹੋਸਟਲ ਦੀ ਛੱਤ ਤੋਂ ਛਾਲ ਮਾਰ ਦਿੱਤੀ।

ਕਾਲਜ ਵਾਲੇ ਜਦੋਂ ਲੜਕੀ ਨੂੰ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਉਣ ਗਏ ਤਾਂ ਡਾਕਟਰਾਂ ਨੇ ਇਸ ਦਾ ਕਾਰਨ ਪੁੱਛਿਆ, ਪ੍ਰੰਤੂ ਮਾਮਲਾ ਦਬਾਉਣ ਦੇ ਇਰਾਦੇ ਨਾਲ ਕਾਲਜ ਅਧਿਕਾਰੀਆਂ ਨੇ ਡਾਕਟਰਾਂ ਨੂੰ ਕੁਝ ਨਹੀਂ ਦੱਸਿਆ, ਬਲਕਿ ਲੜਕੀ ਨੂੰ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ। ਲੜਕੀ ਗੰਭੀਰ ਰੂਪ ਵਿਚ ਜ਼ਖ਼ਮੀ ਹੈ ਅਤੇ ਉਸਦੀਆਂ ਕਾਫੀ ਹੱਡੀਆਂ ਟੁੱਟ ਚੁੱਕੀਆਂ ਹਨ। ਨੇਬਰਹੁੱਡ ਕੈਂਪਸ ਤਲਵੰਡੀ ਸਾਬੋ ਵਿਚ ਪਿਛਲੇ ਦਿਨੀਂ ਕੁਝ ਸ਼ਰਾਰਤੀ ਵਿਦਿਆਰਥੀਆਂ ਨੇ ਬੀ. ਟੈੱਕ ਦੀ ਇਕ ਵਿਦਿਆਰਥਣ ਦੇ ਨਾਲ ਜ਼ਬਰਦਸਤੀ ਚੁੰਮਣ ਫੋਟੋਗ੍ਰਾਫ ਕੀਤੇ, ਜਿਸ ਨੂੰ ਨਾਮ ਦਿੱਤਾ ਗਿਆ ਰੈਗਿੰਗ ਦਾ।

ਇਸ ਤੋਂ ਬਾਅਦ ਸਥਿਤੀ ਇਹੀ ਰਹੀ ਕਿ ਲੜਕੀ ਦੇ ਚੁੰਮਣ ਦੀਆਂ ਫੋਟੋਆਂ ਨਾ ਸਿਰਫ ਕਾਲਜ ਦੀਆਂ ਕੰਧਾਂ 'ਤੇ ਚਿਪਕਾ ਦਿੱਤੀਆਂ, ਬਲਕਿ ਇਸ ਨੂੰ ਨੈੱਟਵਰਕਿੰਗ ਵੈੱਬਸਾਈਟ 'ਤੇ ਵੀ ਪਾ ਦਿੱਤਾ ਗਿਆ ਹੈ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਅਧਿਕਾਰੀਆਂ ਨੇ ਮਾਮਲੇ ਨੂੰ ਦਬਾਉਣ ਦਾ ਯਤਨ ਕੀਤਾ ਹੈ। ਇਸ ਸਬੰਧੀ ਇਕ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਕਮੇਟੀ ਨੇ ਪੀੜਤ ਵਿਦਿਆਰਥਣ ਸਮੇਤ ਤਿੰਨ ਹੋਰ ਵਿਦਿਆਰਥੀਆਂ ਨੂੰ ਕਾਲਜ 'ਚੋਂ ਕੱਢ ਦਿੱਤਾ ਹੈ। ਵਿਦਿਆਰਥਣ ਨੂੰ ਇਸ ਗੱਲ ਦਾ ਦੁੱਖ ਹੈ ਕਿ ਉਸ ਨਾਲ ਜੋ ਧੱਕਾ ਹੋਇਆ ਹੈ, ਉਸ ਨੂੰ ਹੀ ਦੋਸ਼ੀ ਦੱਸਦੇ ਹੋਏ ਉਸ 'ਤੇ ਕਾਰਵਾਈ ਕੀਤੀ ਗਈ ਹੈ। ਉਕਤ ਮਾਮਲੇ ਦੀ ਜਾਂਚ ਕਰਨ ਲਈ ਡੀਨ ਸਟੂਡੈਂਟ ਵੈੱਲਫੇਅਰ ਦੀ ਅਗਵਾਈ 'ਚ ਜੋ ਕਮੇਟੀ ਗਠਿਤ ਕੀਤੀ ਗਈ ਸੀ, ਉਸ ਵਿਚ ਹੋਸਟਲ ਪ੍ਰੋਵੋਸਟ, ਚੀਫ ਸਕਿਓਰਿਟੀ ਅਫਸਰ ਲੈਫਟੀਨੈਂਟ ਕਰਨਲ ਮੁਖਤਿਆਰ ਸਿੰਘ ਸੰਧੂ, ਸਹਾਇਕ ਸਕਿਓਰਿਟੀ ਅਫਸਰ ਕੈਪਟਨ ਗੁਰਤੇਜ ਸਿੰਘ ਅਤੇ ਲੜਕਿਆਂ ਦੇ ਹੋਸਟਲ ਦੇ ਤਿੰਨ ਸੀਨੀਅਰ ਵਾਰਡਨ ਅਤੇ ਲੜਕੀਆਂ ਦੇ ਹੋਸਟਲ ਦੇ 3 ਸੀਨੀਅਰ ਵਾਰਡਨ ਸ਼ਾਮਲ ਕੀਤੇ ਗਏ ਹਨ।

## ਵਾਤਾਵਰਨ ਵਿਚ ਤਬਦੀਲੀਆਂ ਅੱਤਵਾਦੀਆਂ ਲਈ ਸਹਾਈ

**ਮਹੋਅ :** ਨੋਬਲ ਐਵਾਰਡ ਜੇਤੂ ਪ੍ਰਸਿੱਧ ਵਾਤਾਵਰਣ ਮਾਹਰ ਆਰ.ਕੇ. ਪਚੌਰੀ ਨੇ ਕਿਹਾ ਹੈ ਕਿ ਮੌਸਮ ਵਿਚ ਹੋ ਰਹੀਆਂ ਤਬਦੀਲੀਆਂ ਭਾਰਤ ਲਈ ਵੱਡਾ ਖਤਰਾ ਪੈਦਾ ਕਰ ਦੇਣਗੀਆਂ, ਕਿਉਂਕਿ ਉੱਤਰੀ ਹਿਮਾਲੀਅਨ ਖੇਤਰ ਵਿਚ ਗਲੇਸ਼ੀਅਰਾਂ ਦੇ ਪਿਘਲ ਜਾਣ ਕਾਰਨ ਅੱਤਵਾਦੀਆਂ ਨੂੰ ਘੁਸਪੈਠ ਕਰਨ ਵਿਚ ਪੂਰੀ ਖੁੱਲ੍ਹ ਮਿਲ ਜਾਵੇਗੀ।

ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਗੁਆਂਢੀਆਂ ਨਾਲ ਟਕਰਾਅ ਵਧਣ ਦੀਆਂ ਵੀ ਸੰਭਾਵਨਾਵਾਂ ਹਨ। ਉਨ੍ਹਾਂ ਇਹ ਪ੍ਰਗਟਾਵਾ ਟੈਲੀਕਮਿਊਨੀਕੇਸ਼ਨ ਇੰਜੀਨਿਅਰਿੰਗ ਬਾਰੇ ਮਿਲਟਰੀ ਕਾਲਜ ਦੀ ਕਨਵੋਕੇਸ਼ਨ ਦੌਰਾਨ ਕੀਤਾ।




**Punjab Times**
**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੁੱਲ੍ਹੇ ਵਿਚ ਡਾਹਾਂ ਇਨ੍ਹਾਂ ਜਾਤਾਂ-ਪਾਤਾਂ ਨੂੰ

**ਜਸਵੀਰ ਸਿੰਘ ਸ਼ੀਰੀ**

ਪੱਤਰਕਾਰੀ ਕਰਦਿਆਂ ਜਦੋਂ ਆਖੀਆਂ ਜਾਂਦੀਆਂ ਜਾਤਾਂ ਕੁਜਾਤਾਂ ਬਾਰੇ ਕੁਝ ਲਿਖਣਾ ਪੈਂਦਾ ਹੈ ਤਾਂ ਕਈ ਉਂਗਲ ਕਰਕੇ ਪੁੱਛਦੇ ਨੇ, "ਓਏ ਤੂੰ ਕਿਨ੍ਹਾਂ 'ਚੋਂ ਏਂ।" ਇਹੋ ਜਿਹੇ ਵਕਤ ਮੈਂ ਵੀ ਥੋੜ੍ਹਾ ਟੇਢਾ ਜੁਆਬ ਦੇਨਾਂ, "ਕਈ ਜਨਮ ਮੈਂ ਖਾਲਸ ਚੂਹੜਾ ਰਿਹਾਂ। ਇਸ ਵਾਰ ਗਲਤੀ ਨਾਲ ਜੱਟਾਂ ਦੇ ਘਰ ਜੰਮ ਪਿਆਂ। ਇਹ ਗਲਤੀ ਵੀ ਮੈਂ ਆਪ ਨਹੀਂ ਕੀਤੀ, ਨੀਲੀ ਛੱਤ ਵਾਲੇ ਨੇ ਕੀਤੀ ਹੈ। ਉਹਦੀ ਹਿੱਕ 'ਚ ਮਾਰੋ ਗੋਲੀ, ਜਿਹੜੀ ਮਾਰਨੀ।" ਜੇ ਗੱਲ ਗੁਰੂ ਗ੍ਰੰਥ ਸਾਹਿਬ ਦੀ ਮੰਨੀਏ ਤਾਂ ਕਈ ਕਈ ਜਨਮ ਰੂਹਾਂ ਕੀਟ ਪਤੰਗਿਆਂ ਦਾ ਜਾਮਾ ਪਹਿਨਦੀਆਂ ਹਨ, ਤਦ ਜਾ ਕੇ ਕਿਧਰੇ ਬੰਦੇ ਦੀ ਜੂਨ ਨਸੀਬ ਹੁੰਦੀ ਹੈ ਤੇ ਭਾਰਤ ਵਰਗੇ ਕੋਹੜੀ ਮੁਲਕ ਵਿਚ ਇਸ ਸੁਲੱਖਣੀ ਜੂਨ ਨੂੰ ਵੀ ਜਾਤਾਂ-ਕੁਜਾਤਾਂ ਘੇਰ ਲੈਂਦੀਆਂ ਹਨ। ਜਿਵੇਂ ਕਿ ਮਨੋਵਿਗਿਆਨ ਦੇ ਕੁਝ ਬਜ਼ੁਰਗ ਆਖਦੇ ਨੇ, ਜੇ ਬੰਦੇ ਦੀ ਰੂਹ ਦੇ ਅੰਗ-ਸੰਗ ਕੀਟ ਪਤੰਗੇ ਦੀਆਂ ਯਾਦਾਂ ਵੀ ਤੁਰਦੀਆਂ ਨੇ, ਤਾਂ ਚੂਹੜੇ ਹੋਣ ਦੀ ਯਾਦ ਤਾਂ ਬਾਈ ਜੀ ਬਹੁਤ ਉੱਤਮ ਹੈ। ਘੱਟੋ-ਘੱਟ ਬੰਦੇ ਵਾਲੀ ਜੂਨ ਤਾਂ ਨਸੀਬ ਹੋਈ ਹੀ!

ਜਾਤਾਂ ਪਾਤਾਂ ਦਾ ਸਮਾਜਿਕ ਅਤੇ ਨਸਲੀ ਪ੍ਰਬੰਧ ਇਸ ਮੁਲਕ ਦਾ ਸਭ ਤੋਂ ਚੀੜ੍ਹਾ ਕੋਹੜ ਹੈ। ਸ਼ਾਇਦ ਡਾਕਟਰ ਅੰਬੇਦਕਰ ਦੀ ਸਿੱਖਿਆ ਦਾ ਵੀ ਇਹੋ ਤੱਤ ਸਾਰ ਹੈ। ਇਸ ਚੀੜ੍ਹ ਨੂੰ ਤੋੜਨ ਵਿਚ ਇਸ ਮੁਲਕ ਵਿਚ ਜੰਮੇ ਅਤੇ ਬਾਹਰੋਂ ਆਏ ਤਕਰੀਬਨ ਸਾਰੇ ਧਰਮ ਅਸਫਲ ਹੋ ਗਏ ਹਨ, ਛੁੱਟ ਇਸਲਾਮ ਤੋਂ। ਇਸ ਮੁਲਕ ਵਿਚ ਪੈਦਾ ਹੋਈਆਂ ਅਤੇ ਕਮਿਊਨਿਸਟਾਂ ਸਮੇਤ ਬਾਹਰੋਂ ਆਈਆਂ ਸਾਰੀਆਂ ਵਿਚਾਰਧਾਰਾਵਾਂ ਵੀ ਅਸਫਲ ਹੁੰਦੀਆਂ ਵਿਖਾਈ ਦੇ ਰਹੀਆਂ ਹਨ। ਬਾਬੂ ਕਾਂਸ਼ੀ ਰਾਮ ਤੋਂ ਬਾਅਦ ਦਲਿਤਾਂ ਦੇ ਨਾਂ 'ਤੇ ਸਿਆਸਤ ਕਰਨ ਵਾਲੀ ਮਾਇਆਵਤੀ ਵੀ ਹੁਣ ਯੂ.ਪੀ. ਵਿਚ ਜਾਤ-ਪਾਤ ਦੇ ਕਥਿਤ ਹਮਾਇਤੀਆਂ ਦੇ ਸਿਰ 'ਤੇ ਹੀ ਮੁੱਖ ਮੰਤਰੀ ਦਾ ਤਾਜ ਆਪਣੇ ਸਿਰ 'ਤੇ ਰੱਖੀ ਬੈਠੀ ਹੈ ਅਤੇ ਜਿਹੜੇ ਬੁੱਤ ਉਹ ਯੂ.ਪੀ. ਵਿਚ ਲਾ ਰਹੀ ਹੈ, ਭਾਵੇਂ ਉਹ ਕਾਂਸ਼ੀ ਰਾਮ ਅਤੇ ਖੁਦ ਆਪ ਬੀਬੀ ਦੇ ਹੀ ਕਿਉਂ ਨਾ ਹੋਣ, ਉਹ ਨੰਗਾ ਬ੍ਰਾਹਮਣਵਾਦ ਹੈ। ਬੁੱਤ ਪੂਜਾ ਤੇ ਜਾਤ-ਪਾਤ ਹੀ ਹਨ ਅਸਲ ਬ੍ਰਾਹਮਣਵਾਦ ਦੇ ਲੱਛਣ।

ਇਸ ਗੱਲ ਦਾ ਖੁਲਾਸਾ ਤਾਂ ਬਹੁਜਨ ਸਮਾਜ ਪਾਰਟੀ ਨੇ ਹੀ ਕਈ ਚਿਰ ਪਹਿਲਾਂ ਕਰ ਦਿੱਤਾ ਸੀ ਕਿ ਦੇਸ਼ ਦੀਆਂ ਸਮੁੱਚੀਆਂ ਕਮਿਊਨਿਸਟ ਪਾਰਟੀਆਂ ਦੀ ਲੀਡਰਸ਼ਿਪ ਬ੍ਰਾਹਮਣੀ ਤਬਕਿਆਂ ਵਿਚੋਂ ਹੈ। ਉਂਝ ਇਹ ਪੱਖ ਮੈਂ ਇਥੇ ਖੁਦ ਆਪਣੇ ਵਲੋਂ ਨੋਟ ਕਰਨਾ ਚਾਹੁੰਦਾ ਹਾਂ ਕਿ ਕੁਝ ਲੋਕ ਬ੍ਰਾਹਮਣ ਜਾਂ ਉੱਚ ਜਾਤਾਂ ਵਿਚ ਜੰਮ ਕੇ ਵੀ ਜਾਤੀ-ਪਾਤੀ ਨਹੀਂ ਹੁੰਦੇ, ਨਾ ਹੀ ਬ੍ਰਾਹਮਣਵਾਦੀ ਜਾਂ ਕਥਿਤ ਮਨੂੰਵਾਦੀ ਹੁੰਦੇ ਹਨ ਅਤੇ ਕੁਝ ਸਭ ਤੋਂ ਨੀਵੀਆਂ ਜਾਤੀਆਂ ਵਿਚ ਜੰਮ ਕੇ ਵੀ ਬ੍ਰਾਹਮਣਵਾਦ ਦੇ ਪੂਜਨੀਕ 'ਸੰਢ' ਹੁੰਦੇ ਹਨ। ਦੁਆਬੇ ਵਿਚ ਅੱਜ ਕੱਲ੍ਹ ਕੁਝ ਕਥਿਤ ਹੇਠਲੀਆਂ ਜਾਤਾਂ ਦੇ ਸਿਰ ਨੂੰ ਵੀ ਉੱਤਮ ਹੋਣ ਦਾ ਜਨੂੰਨ ਚੜ੍ਹਿਆ ਹੋਇਐ। ਲੰਡਰ ਜੱਟ ਮੁੰਡਿਆਂ ਦੀ ਰੀਸੇ ਇਹ ਬਾਈ ਲਿਖਣਗੇ, "ਚਮਾਰਾਂ ਦੇ ਕਾਕੇ, ਨਾ ਫਿਕਰ ਨਾ ਫਾਕੇ"। ਕੀ ਇਹਨੂੰ ਆਖਦੇ ਨੇ ਜਾਤਾਂ ਨੂੰ ਤੋੜਨਾ?

ਇਹ ਗੱਲ ਸ਼ਾਇਦ ਮੈਂ ਪਹਿਲਾਂ ਵੀ ਕਈ ਵਾਰ ਲਿਖੀ ਹੈ ਕਿ ਜਾਤ-ਪਾਤ ਨੂੰ ਤੋੜਨ ਦਾ ਜਾਂ ਜਾਤਾਂ ਤੋਂ ਬਾਹਰ ਆਉਣ ਦਾ ਤਰੀਕਾ ਇਹ ਨਹੀਂ ਹੈ ਕਿ ਧਰਮਾਂ ਨੂੰ, ਸਿਆਸੀ ਵਿਚਾਰਧਾਰਾਵਾਂ ਨੂੰ ਅਤੇ ਕਥਿਤ ਸਮਾਜ ਸੇਵਾ ਨੂੰ ਸਿਰਫ ਕੁਝ ਵਿਸ਼ੇਸ਼ ਜਾਤਾਂ ਤੱਕ ਸੀਮਤ ਕਰ ਲਿਆ ਜਾਵੇ। ਸਗੋਂ ਲੋੜ ਇਸ ਗੱਲ ਦੀ ਹੈ ਕਿ, 'ਸਭੇ ਸਾਂਝੀ ਵਾਲ ਸਦਾਇਨ' ਵਾਲਾ ਮਾਹੌਲ ਪੈਦਾ ਕੀਤਾ ਜਾਵੇ। ਜਾਤੀ ਫਰਕਾਂ ਨੂੰ ਮੇਟਿਆ ਜਾਵੇ। ਜਾਤਾਂ ਦੇ ਨਾਂ ਲੈਣੇ ਬੰਦ ਕੀਤੇ ਜਾਣ। ਇਹੋ ਜਿਹੇ ਸੰਗਠਨ ਜਾਂ ਧਰਮ ਬਣਾਏ ਜਾਣ ਜਿਨ੍ਹਾਂ 'ਚੋਂ ਜਾਤਾਂ ਧੋ ਸੁਟੀਆਂ ਜਾਣ। ਜਿਨ੍ਹਾਂ ਵਿਚ ਕੋਈ ਕਿਸੇ ਨੂੰ ਨਾ ਪੁੱਛੇ ਕਿ, "ਤੂੰ ਭਾਈ ਕੌਣ ਹੁੰਨਾਂ"। ਪੱਛਮ ਵਿਚ ਅਮੀਰੀ ਗਰੀਬੀ ਹੋਵੇਗੀ, ਗੋਰੇ ਕਾਲੇ ਦਾ ਫਰਕ ਹੋਏਗਾ, ਵੱਖ ਵੱਖ ਸਭਿਆਚਾਰਾਂ ਵਿਚੋਂ ਆਉਂਦੇ ਮੁਲਕਾਂ ਦੇ ਲੋਕਾਂ ਵਿਚਕਾਰ ਭਿੰਨ-ਭੇਦ ਹੋਏਗਾ, ਪਰ ਜਾਤਾਂ ਵਰਗਾ ਕੋਹੜ ਕਿਧਰੇ ਨਹੀਂ। ਇਸ ਨੂੰ ਖ਼ਤਮ ਕਰਨ ਲਈ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲਾਂ ਬੋਧੀਆਂ, ਫਿਰ ਬਾਹਰੋਂ ਆਏ ਧਰਮਾਂ, ਇਸਲਾਮ ਅਤੇ ਇਸਾਈਅਤ ਨੇ ਕਾਫੀ ਕੋਸ਼ਿਸ਼ਾਂ ਕੀਤੀਆਂ, ਪਰ ਇਸਲਾਮ ਤੋਂ ਸਿਵਾਏ ਇਹ ਸਾਰੇ ਲੂਣ ਦੀ ਖਾਣ ਵਿਚ ਲੂਣ ਹੋ ਗਏ। ਮੁਸਲਮਾਨਾਂ ਨੇ ਹੀ ਭਾਰਤੀ ਮਹਾਂਦੀਪ ਵਿਚ ਜਾਤੀ-ਪਾਤੀ ਸਮਾਜ ਨੂੰ ਵੱਡਾ ਵੱਢ ਮਾਰਿਆ ਅਤੇ ਇਹ ਵੱਢ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਰੂਪ ਵਿਚ ਹਿੰਦੁਸਤਾਨ ਤੋਂ ਵੱਖਰਾ ਵਿਚਰਦਾ ਹੈ। ਇਨ੍ਹਾਂ ਮੁਲਕਾਂ ਵਿਚ ਵੀ ਜਗੀਰਦਾਰੀ ਦਾ ਜਬਰ ਹੋਏਗਾ, ਆਰਥਕ ਪਾੜੇ ਜ਼ਿਆਦਾ ਹੋਣਗੇ, ਪਰ ਭਾਰਤ ਵਰਗੀ ਪੀਡੀ ਜਾਤ-ਕੁਜਾਤ ਅਤੇ ਛੂਆਛਾਤ ਕਿਤੇ ਨਹੀਂ।

ਪੰਜਾਬ ਵਿਚ ਸਿੱਖਾਂ ਨੇ ਵੀ ਭਾਰਤੀ ਸਮਾਜ ਨੂੰ ਜਾਤ-ਪਾਤ ਤੋਂ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਨੇ ਭਾਵੇਂ ਪੰਜਾਬ ਵਿਚ ਜਾਤੀ ਪ੍ਰਬੰਧ ਨੂੰ ਢਿੱਲਾ ਤਾਂ ਕੀਤਾ ਹੈ, ਪਰ ਉਸ ਦਾ ਮੁਕੰਮਲ ਖਾਤਮਾ ਨਹੀਂ ਕੀਤਾ। ਫਿਰ ਵੀ ਸਿੱਖੀ ਵਿਚ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸਿਧਾਂਤਕ ਤੌਰ 'ਤੇ ਜਾਤ-ਪਾਤ ਕਿਤੇ ਨਹੀਂ। ਇਸ ਦੇ ਨਾਲ ਹੀ ਇਹ ਵੀ ਸੱਚ ਹੈ ਕਿ ਇਹ ਸਿਧਾਂਤ ਸਿਰਫ ਗੁਰੂ ਗ੍ਰੰਥ ਸਾਹਿਬ ਵਿਚ ਰਹਿ ਗਿਆ ਹੈ। ਸਿੱਖ ਸਮਾਜ ਵੀ ਭਾਰਤੀ ਹਿੰਦੂ ਸਮਾਜ ਵਾਂਗ ਹੀ ਜਾਤਾਂ-ਪਾਤਾਂ ਵਿਚ ਟੁੱਟ ਗਿਆ ਹੈ (ਭਾਵੇਂ ਇਹ ਜਾਤ-ਪਾਤ ਹਿੰਦੂ ਸਮਾਜ ਜਿਨੀ ਸਖਤ ਨਹੀਂ, ਜ਼ਰਾ ਕੁ ਢਿੱਲੀ ਹੋ ਗਈ ਹੈ) ਜਾਤ-ਪਾਤ 'ਤੇ ਗੰਭੀਰ ਕਿਤਾਬ ਲਿਖਣ ਵਾਲੇ ਡਾ. ਜਗਜੀਤ ਸਿੰਘ ਨੇ ਕਿਹਾ ਸੀ ਕਿ ਜਦੋਂ ਵੀ ਇਨਕਲਾਬੀ ਲਹਿਰਾਂ ਠੰਡੀਆਂ ਹੁੰਦੀਆਂ ਹਨ ਤਾਂ ਉਹ ਜਿਥੋਂ ਤੁਰੀਆਂ ਹੁੰਦੀਆਂ ਹਨ, ਕਈ ਵਾਰ ਗੇੜਾ ਦੇ ਕੇ ਉਥੇ ਹੀ ਪਹੁੰਚ ਜਾਂਦੀਆਂ ਹਨ, ਕਿਉਂਕਿ ਸਮਾਜਿਕ ਤਬਦੀਲੀ ਜੂੰ ਦੀ ਤੋਰ ਤੁਰਦੀ ਹੈ, ਭਾਰਤ ਵਿਚ ਤਾਂ ਇਹ ਹੌਲੀ ਤੁਰਨ ਵਿਚ ਜੂੰ ਨੂੰ ਵੀ ਮਾਤ ਕਰਦੀ ਹੈ। ਪੰਜਾਬ ਵਿਚ ਜਾਤ-ਪਾਤ ਤੋਂ ਖਹਿੜਾ ਛੁਡਵਾਉਣ ਵਾਲਿਆਂ ਨੂੰ ਹੁਣ ਗੱਲ ਸਿੱਖਾਂ ਤੋਂ ਅੱਗੇ ਤੋਰਨ ਦੀ ਲੋੜ ਹੈ, ਸਿੱਖਾਂ ਨੂੰ ਮਿਹਣੇ ਮਾਰਨ ਦੀ ਨਹੀਂ। ਨਾ ਹੀ ਜਾਤਾਂ ਦੇ ਜਕੜਜੰਗ ਤੋਂ ਬਚਦੇ ਧਰਮ ਗ੍ਰੰਥਾਂ ਨੂੰ ਜਾਤਾਂ-ਪਾਤਾਂ ਤੱਕ ਸੁੰਗੇੜਨ ਦੀ ਕੋਈ ਜ਼ਰੂਰਤ ਹੈ। ਜੇ ਜੱਟ ਆਪਣਾ ਧੰਨਾ ਭਗਤ ਗੁਰੂ ਗ੍ਰੰਥ ਸਾਹਿਬ 'ਚੋਂ ਕੱਢ ਲੈਣ, ਨਾਈ ਆਪਣਾ ਸੈਣ ਭਗਤ, ਜੁਲਾਹੇ ਕਬੀਰ ਨੂੰ ਲੈ ਜਾਣ ਤੇ ਰਵਿਦਾਸੀਏ ਰਵਿਦਾਸ ਭਗਤ ਨੂੰ, ਬ੍ਰਾਹਮਣ ਨਾਮਦੇਵ ਨੂੰ ਧ੍ਰੂ ਲਿਜਾਣ, ਫਿਰ ਬਾਈ ਜੀ ਜਾਤਾਂ-ਪਾਤਾਂ ਖ਼ਤਮ ਹੋ ਜਾਣਗੀਆਂ? ਸਾਰੇ ਕੁਝ ਦੇ ਬਾਵਜੂਦ ਵੀ ਸਿੱਖ ਕੱਟੜਪੰਥੀਆਂ ਦੀ ਗੁਰੂ ਗ੍ਰੰਥ ਸਾਹਿਬ ਨਾਲ ਕਿਸੇ ਵੀ ਤਰ੍ਹਾਂ ਜੁੜੇ ਲੋਕਾਂ 'ਤੇ ਹਥਿਆਰਬੰਦ ਹਮਲੇ ਕਰਨ ਦੀ ਮੂਰਖਤਾ ਆਤਮਘਾਤੀ ਹੈ। ਸਿੱਖਾਂ ਕੱਟੜਪੰਥੀਆਂ ਨੂੰ ਅੰਦਰਲੇ ਵਿਰੋਧਾਂ ਨੂੰ ਡਾਂਗ ਨਾਲ ਨਹੀਂ, ਸਗੋਂ ਗੱਲਬਾਤ ਰਾਹੀਂ ਹੱਲ ਕਰਨ ਦਾ ਵੱਲ ਸਿੱਖਣਾ ਚਾਹੀਦਾ ਹੈ, ਆਪਣੇ ਗਿਰੇਬਾਨ 'ਚ ਝਾਕਣਾ ਚਾਹੀਦਾ ਹੈ।

# ਪੰਜਾਬ ਹਾਲੋਂ ਬੇਹਾਲ:ਮੌਨਸੂਨ ਦੀ ਦੇਰੀ ਨਾਲ ਬਹੁਤ ਕੁਝ ਦਾਅ 'ਤੇ ਲੱਗਾ

ਪਰ ਇਹ ਚਿੰਤਾ ਦੀ ਗੱਲ ਨਹੀਂ ਹੈ। ਦੇਸ਼ ਦੇ ਕੁਲ 14 ਕਰੋੜ ਹੈਕਟੇਅਰ ਰਕਬੇ ਵਿਚੋਂ ਲਗਭਗ 60 ਫੀਸਦੀ ਰਕਬਾ ਸਿੰਜਾਈ ਲਈ ਮੀਂਹ 'ਤੇ ਨਿਰਭਰ ਹੈ, ਪਰ ਮੌਨਸੂਨ 7 ਜੂਨ ਨੂੰ ਮਹਾਰਾਸ਼ਟਰ ਦੇ ਕੋਂਕਣ ਖੇਤਰ ਤੋਂ ਅਗਾਂਹ ਨਹੀਂ ਵਧੀ ਸੀ।

ਮੌਨਸੂਨ ਵਿਚ ਦੇਰੀ ਅਤੇ ਹਿਮਾਚਲ ਦੀਆਂ ਨਦੀਆਂ ਵਿਚ ਪਾਣੀ ਦਾ ਪ੍ਰਵਾਹ ਘੱਟ ਹੋਣ ਨਾਲ ਭਾਖੜਾ ਅਤੇ ਪੌਂਗ ਡੈਮ ਵਿਚ ਤੇਜੀ ਨਾਲ ਹੇਠ ਹੇਠ ਡਿਗਦੇ ਪਾਣੀ ਦੇ ਪੱਧਰ ਨੂੰ ਧਿਆਨ ਵਿਚ ਰੱਖਦੇ ਹੋਏ ਭਾਖੜਾ ਵਿਚੋਂ 22 ਹਜ਼ਾਰ ਕਿਊਸਿਕ ਅਤੇ ਪੌਂਗ ਡੈਮ ਵਿਚ 6 ਹਜ਼ਾਰ ਕਿਊਸਿਕ ਪਾਣੀ ਹੀ ਸਹਿਯੋਗੀ ਸੂਬਿਆਂ ਨੂੰ ਛੱਡਣ ਦਾ ਫੈਸਲਾ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਲੈਣਾ ਪਿਆ, ਜਿਸ ਤੋਂ ਬਾਅਦ ਫਿਲਹਾਲ ਭਾਖੜਾ ਵਿਚ ਪਾਣੀ ਦਾ ਪੱਧਰ 1513.13 ਫੁੱਟ ਰਹਿ ਗਿਆ ਹੈ। ਇਸ ਕਰਕੇ ਨਹਿਰਾਂ ਵਿਚ ਪਾਣੀ ਦਾ ਵਹਾਅ ਘੱਟਦਾ ਜਾ ਰਿਹਾ ਹੈ। ਪੰਜਾਬ ਦੇ ਦਰਿਆਵਾਂ ਅਤੇ ਨਹਿਰਾਂ 'ਚ ਪਾਣੀ ਦੇ ਪੱਧਰ ਦੇ ਘੱਟਣ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਹਿਮਾਚਲ 'ਚ ਪਹਾੜਾਂ ਦੇ ਪੈਰਾਂ ਵਿਚਲੀ ਜ਼ਮੀਨ 'ਚ ਅੱਜ ਕਲ ਝੋਨਾ ਲਾਇਆ ਜਾ ਰਿਹਾ ਹੈ, ਜਿਸ ਲਈ ਪਾਣੀ ਦੀ ਪੂਰਤੀ ਬਰਫ ਢਲ ਕੇ ਆ ਰਹੀਆਂ ਕੂਲਾਂ ਰਾਹੀਂ ਆ ਰਹੇ ਪਾਣੀ ਤੋਂ ਕੀਤੀ ਜਾ ਰਹੀ ਹੈ। ਪਹਿਲਾਂ ਇਹ ਪਾਣੀ ਪੰਜਾਬ ਦੇ ਦਰਿਆਵਾਂ ਅਤੇ ਨਹਿਰਾਂ 'ਚ ਸ਼ਾਮਲ ਹੁੰਦਾ ਸੀ।

ਵਾਤਾਵਰਣ ਦਾ ਸੰਤੁਲਨ ਵਿਗੜਨ ਅਤੇ ਧਰਤੀ 'ਚੋਂ ਲੋੜੋਂ ਵਧ ਪਾਣੀ ਖਿੱਚਣ ਕਾਰਨ ਜ਼ਮੀਨੀ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਪਾਣੀ ਦਾ ਪੱਧਰ ਨੀਵਾਂ ਹੋਣ ਕਾਰਨ ਪੀਣ ਵਾਲੇ ਪਾਣੀ ਦਾ ਵੀ ਸੰਕਟ ਦਿਨੋ ਦਿਨ ਵਧ ਰਿਹਾ ਹੈ। ਝੋਨੇ ਲਈ 8 ਘੰਟੇ ਬਿਜਲੀ ਨਾ ਮਿਲਣ ਕਾਰਨ ਕਿਸਾਨ ਰੋਹ ਵਿਚ ਆਏ ਹੋਏ ਹਨ। ਸਨਅਤੀ ਖੇਤਰ ਵਿਚ ਹਾਹਾਕਾਰ ਮਚੀ ਹੋਈ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਵਿਸ਼ਵ ਆਰਥਿਕ ਮੰਦੀ ਦੇ ਦੌਰ 'ਚ ਜੇ ਭਾਰਤ ਦੀ ਆਰਥਿਕ ਵਿਵਸਥਾ ਨੂੰ ਵੱਡਾ ਝਟਕਾ ਨਹੀਂ ਵੱਜਿਆ ਤਾਂ ਇਸ ਦਾ ਇਕ ਕਾਰਨ ਇਥੋਂ ਦੇ ਖੇਤੀ ਸੈਕਟਰ ਦਾ ਸਿਹਤਮੰਦ ਹੋਣਾ ਹੈ। ਖੇਤੀ ਸੈਕਟਰ ਕੁਦਰਤ ਦੀ ਮਿਹਰ 'ਤੇ ਨਿਰਭਰ ਹੈ। ਪਿਛਲੇ ਦੋ-ਤਿੰਨ ਸਾਲ ਤੋਂ ਕੁਦਰਤ ਭਾਰਤ ਦੇ ਕਿਸਾਨ 'ਤੇ ਮਿਹਰਬਾਨ ਰਹੀ ਹੈ। ਪਰ ਇਸ ਸਾਲ ਜੇ ਹਾਲਾਤ ਸਾਜ਼ਗਾਰ ਨਾ ਰਹੇ ਤਾਂ ਦੇਸ਼ ਦੀ ਆਰਥਿਕਤਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

# ਬਾਬਰੀ ਮਸਜਿਦ ਢਾਹੁਣ ਸਬੰਧੀ ਰਿਪੋਰਟ ਸੌਂਪੀ

**ਨਵੀਂ ਦਿੱਲੀ:** ਲਿਬਰਾਹਨ ਕਮਿਸ਼ਨ ਨੇ 1992 'ਚ ਅਯੁੱਧਿਆ ਅੰਦਰ ਬਾਬਰੀ ਮਸਜਿਦ ਢਾਹੇ ਜਾਣ ਦੇ ਮਾਮਲੇ 'ਚ ਆਪਣੀ ਜਾਂਚ ਰਿਪੋਰਟ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੌਂਪ ਦਿੱਤੀ। ਹੁਣ ਗ੍ਰਹਿ ਵਿਭਾਗ ਕਮਿਸ਼ਨ ਵਲੋਂ ਸੌਂਪੀ ਗਈ ਇਸ ਰਿਪੋਰਟ 'ਤੇ ਅਗਲੇਰੀ ਕਾਰਵਾਈ ਕਰੇਗਾ। ਰਿਪੋਰਟ ਸੌਂਪਣ ਉਪਰੰਤ ਭਾਜਪਾ ਤੇ ਕਾਂਗਰਸੀ ਆਗੂਆਂ ਵਲੋਂ ਸ਼ੁਰੂ ਕੀਤੀ ਗਈ ਬਿਆਨਬਾਜ਼ੀ ਤੋਂ ਬਾਅਦ ਸਿਆਸਤ ਗਰਮਾ ਗਈ ਹੈ। ਭਾਜਪਾ ਨੇ ਜਿੱਥੇ ਇਸ ਮਾਮਲੇ 'ਚ ਮੁੜ ਹਿੰਦੂਤਵ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ, ਉਥੇ ਕਾਂਗਰਸ ਨੇ ਇਸ ਮਾਮਲੇ 'ਚ ਲੋੜੀਂਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਿਵਾਦ ਮਾਮਲੇ 'ਚ 17 ਸਾਲ ਪਹਿਲਾਂ ਗਠਿਤ ਕੀਤੇ ਗਏ ਕਮਿਸ਼ਨ ਦੀ ਜਾਂਚ ਰਿਪੋਰਟ ਸੇਵਾ ਮੁਕਤ ਜਸਟਿਸ ਐਮ ਐਸ ਲਿਬਰਾਹਨ ਨੇ ਗ੍ਰਹਿ ਮੰਤਰੀ ਪੀ ਚਿਦੰਬਰਮ ਦੀ ਹਾਜ਼ਰੀ 'ਚ ਪ੍ਰਧਾਨ ਮੰਤਰੀ ਨੂੰ ਸੌਂਪੀ। ਰਿਪੋਰਟ ਬਾਰੇ ਟਿੱਪਣੀ ਕਰਦਿਆਂ ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਵਿਸਥਾਰਤ ਟਿੱਪਣੀਆਂ ਦੇ ਨਾਲ ਚਾਰ ਖੰਡਾਂ ਵਾਲੀ ਇਸ ਰਿਪੋਰਟ ਸਬੰਧੀ ਅਗਲੇਰੀ ਕਾਰਵਾਈ ਹੁਣ ਗ੍ਰਹਿ ਵਿਭਾਗ ਕਰੇਗਾ। ਰਿਪੋਰਟ ਸੌਂਪਣ ਤੋਂ ਬਾਅਦ ਜਸਟਿਸ ਲਿਬਰਾਹਨ ਨੇ ਰਿਪੋਰਟ ਸਬੰਧੀ ਕੁਝ ਵੀ ਦੱਸਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਅੱਜ ਉਹ ਅਜ਼ਾਦ ਹੋ ਗਏ ਹਨ। ਉਨ੍ਹਾਂ ਕਿਹਾ, "ਮੈਂ ਪ੍ਰਧਾਨ ਮੰਤਰੀ ਨੂੰ ਰਿਪੋਰਟ ਸੌਂਪ ਦਿੱਤੀ ਹੈ ਅਤੇ ਮੇਰੀ ਰਿਪੋਰਟ ਅੰਦਰ ਬਹੁਤ ਸਾਰੀਆਂ ਚੀਜ਼ਾਂ ਹਨ, ਜੋ ਤੁਸੀਂ ਇਹ ਰਿਪੋਰਟ ਜਾਰੀ ਹੋਣ ਤੋਂ ਬਾਅਦ ਪੜ੍ਹੋਗੇ।"

ਜਸਟਿਸ ਲਿਬਰਾਹਨ ਵੱਲੋਂ ਸੌਂਪੀ ਰਿਪੋਰਟ ਬਾਰੇ ਸੱਤਾਧਾਰੀ ਕਾਂਗਰਸ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਨੇ ਰਿਪੋਰਟ ਦੇਰ ਨਾਲ ਪੇਸ਼ ਕਰਨ ਨੂੰ ਲੈ ਕੇ ਸਰਕਾਰ ਦੀ ਆਲੋਚਨਾ ਕੀਤੀ।



*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਜਸਟਿਸ ਐਮ ਐਸ ਲਿਬਰਾਹਨ ਆਪਣੀ ਰਿਪੋਰਟ ਪੇਸ਼ ਕਰਦੇ ਹੋਏ, ਗ੍ਰਹਿ ਮੰਤਰੀ ਪੀ ਚਿਦੰਬਰਮ ਵੀ ਨਾਲ ਹਨ*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)


# ਬਾਉਲੀ ਬੰਦ ਕੀਤੀ ਪਰ ਸਰੋਵਰ 'ਚ ਪਾਣੀ ਛੱਡਿਆ ਪ੍ਰਬੰਧਕਾਂ

## ਮਸਤੂਆਣਾ ਵਿਚ ਹਰਿਮੰਦਰ ਸਾਹਿਬ ਵਰਗਾ ਗੁਰਦੁਆਰਾ ਬਣਾਉਣ ਦੇ ਮੁੱਦੇ 'ਤੇ ਅਕਾਲ ਤਖਤ ਦੇ ਆਦੇਸ਼ਾਂ ਦੀ ਉਲੰਘਣਾ

**ਅੰਮ੍ਰਿਤਸਰ :** ਇਥੇ 20 ਜੂਨ ਨੂੰ ਹੋਏ ਸਿੱਖ ਸੰਮੇਲਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਜਾਰੀ ਹੁਕਮਾਂ ਦੀ ਉਲੰਘਣਾ ਦੇ ਸਬੰਧ ਵਿਚ ਮਸਤੂਆਣਾ ਦੇ ਗੁਰਦੁਆਰਾ ਸੱਚਖੰਡ ਅੰਗੀਠਾ ਸਾਹਿਬ ਦੇ ਮਹੰਤ ਸਾਧੂ ਸਿੰਘ ਦੀ ਅਗਵਾਈ ਵਾਲੇ ਧੜੇ ਨੇ ਭਾਵੇਂ 28 ਜੂਨ ਨੂੰ ਮੀਟਿੰਗ ਸੱਦ ਲਈ ਹੈ, ਪਰ ਸਿੰਘ ਸਾਹਿਬਾਨ ਆਪਣੇ ਆਪ ਨੂੰ ਕਸੂਤੀ ਸਥਿਤੀ ਵਿਚ ਫਸਿਆ ਮਹਿਸੂਸ ਕਰ ਰਹੇ ਹਨ।

ਹਾਲਾਂਕਿ ਗੁਰਦੁਆਰਾ ਮਸਤੂਆਣਾ ਦੇ ਤਿੰਨ ਵੱਖ-ਵੱਖ ਧੜਿਆਂ ਦੇ ਆਗੂਆਂ ਨੇ ਲੰਘੀ 26 ਜੂਨ ਇਥੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਲਿਖਤੀ ਤੌਰ 'ਤੇ ਇਹ ਭਰੋਸਾ ਦਿੱਤਾ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ 'ਸਮਰਪਿਤ' ਹਨ ਅਤੇ ਇਸ ਦੇ ਆਦੇਸ਼ਾਂ ਦਾ ਪਾਲਣ ਕਰਨਗੇ। ਜਦਕਿ ਗੁਰਦੁਆਰਾ ਮਸਤੂਆਣਾ ਦੇ ਸਰੋਵਰ ਵਿਚ ਗਿਆਨੀ ਗੁਰਬਚਨ ਸਿੰਘ ਦੀਆਂ ਹਦਾਇਤਾਂ ਦੇ ਉਲਟ ਪਾਣੀ ਭਰ ਦਿੱਤਾ ਗਿਆ ਹੈ, ਪਰ ਇਨ੍ਹਾਂ ਵੱਖ-ਵੱਖ ਧੜਿਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਇਸ ਕਾਰਵਾਈ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਸਰੋਵਰ ਵਿਚ ਪਾਣੀ ਕਿਸ ਨੇ ਛੱਡਿਆ ਹੈ, ਕਿਸੇ ਕੋਲ ਕੋਈ ਸਪੱਸ਼ਟ ਜਵਾਬ ਨਹੀਂ ਹੈ। ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਦੇ ਪ੍ਰਧਾਨ ਸੰਤ ਸਾਧੂ ਸਿੰਘ ਦੇ ਸਮਰਥਕਾਂ ਵਿਚੋਂ ਇਕ ਨੇ ਕਿਹਾ ਕਿ ਪਾਣੀ ਕਿਸ ਨੇ ਛੱਡਿਆ ਹੈ, ਇਸ ਬਾਰੇ ਉਸ ਨੂੰ ਕੁਝ ਨਹੀਂ ਪਤਾ। ਗੁਰਦੁਆਰਾ ਸਾਹਿਬ ਦੇ ਮੀਤ ਪ੍ਰਧਾਨ ਸੰਤ ਸੁਰਜੀਤ ਸਿੰਘ ਦੁੱਗਾਂ ਨੇ ਵੀ ਕਿਹਾ ਕਿ ਉਨ੍ਹਾਂ ਨੂੰ ਸਰੋਵਰ 'ਚ ਪਾਣੀ ਛੱਡਣ ਬਾਰੇ ਕੁਝ ਨਹੀਂ ਪਤਾ।

ਓਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਉਦੇ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਹ ਮਸਤੂਆਣਾ ਸਾਹਿਬ ਵਿਖੇ ਜਾ ਕੇ ਸਾਰੀ ਸਥਿਤੀ ਦਾ ਜਾਇਜ਼ਾ ਲੈ ਕੇ ਆਏ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਆਦੇਸ਼ਾਂ ਮੁਤਾਬਕ ਹੀ ਕਾਰ ਸੇਵਾ ਦਾ ਕੰਮ ਚੱਲ ਰਿਹਾ ਹੈ। ਸਰੋਵਰ 'ਚ ਪਾਣੀ ਛੱਡ ਦੇਣ ਦੇ ਮਾਮਲੇ 'ਚ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸਰੋਵਰ ਵਲ ਉਨ੍ਹਾਂ ਧਿਆਨ ਨਹੀਂ ਦਿੱਤਾ। ਆਦੇਸ਼ ਮੁਤਾਬਕ ਪ੍ਰਬੰਧਕਾਂ ਵਲੋਂ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਕੰਧ ਕੱਢ ਕੇ ਹਰਿ ਕੀ ਪੌੜੀ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਗੁਰਦੁਆਰਾ ਸਾਹਿਬ ਦੇ



ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ।

ਆਲੇ ਦੁਆਲੇ ਵਰਾਂਡਾ ਪਾਉਣ ਦਾ ਕੰਮ ਵੀ ਆਰੰਭ ਹੋ ਗਿਆ ਹੈ। ਗਿਆਨੀ ਗੁਰਬਚਨ ਸਿੰਘ ਵਲੋਂ ਜਾਰੀ ਹੁਕਮਾਂ ਵਿਚ ਸਰੋਵਰ ਨੂੰ ਪੂਰ ਦੇਣਾ ਵੀ ਸ਼ਾਮਲ ਹੈ।

ਇਹ ਵੀ ਪਤਾ ਲੱਗਿਆ ਹੈ ਕਿ ਗੁਰਦੁਆਰਾ ਅੰਗੀਠਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਧਾਰਮਿਕ ਕਾਨਫਰੰਸ ਬੁਲਾਉਣ ਦਾ ਵੀ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ, ਜਿਸ ਵਿਚ ਸੰਤ ਸਮਾਜ, ਧਾਰਮਿਕ ਅਤੇ ਸਮਾਜ ਸੇਵੀ ਜਥੇਬੰਦੀਆਂ, ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵੀ ਸੱਦਾ ਪੱਤਰ ਭੇਜੇ ਜਾ ਰਹੇ ਹਨ। ਇਸ ਕਾਨਫਰੰਸ ਵਿਚ ਪੈਦਾ ਹੋਏ ਮੌਜੂਦਾ ਵਿਵਾਦ ਬਾਰੇ ਵਿਚਾਰ ਕੀਤਾ ਜਾਵੇਗਾ।

ਦਿਲਚਸਪ ਗੱਲ ਇਹ ਹੈ ਕਿ ਮਹੰਤ ਸਾਧੂ ਸਿੰਘ ਨਾਲ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲੇ ਪ੍ਰਸ਼ੋਤਮ ਸਿੰਘ ਫੱਗੂਵਾਲਾ ਨੇ ਇਹ ਭਰੋਸਾ ਦਿੱਤਾ ਕਿ ਗੁਰਦੁਆਰੇ ਦੀ ਇਮਾਰਤ ਵਿਚ ਤਬਦੀਲੀਆਂ ਦੇ ਆਦੇਸ਼ ਦਾ ਪੂਰਾ ਪਾਲਣ ਕੀਤਾ ਜਾਵੇਗਾ। ਭਾਵੇਂ ਸਥਾਨਕ ਸਿੱਖ ਸੰਗਤ ਅਜਿਹੀ ਕਿਸੇ ਵੀ ਤਬਦੀਲੀ ਦੇ ਖਿਲਾਫ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਗਰਮਖਿਆਲੀ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਇਸ ਗੱਲੋਂ ਸਿੰਘ ਸਾਹਿਬਾਨ ਦੀ ਆਲੋਚਨਾ ਕੀਤੀ ਸੀ ਕਿ ਉਨ੍ਹਾਂ ਹਰਿਮੰਦਰ ਸਾਹਿਬ ਦੀ ਦਿੱਖ ਵਾਲੇ ਗੁਰਦੁਆਰਾ ਮਸਤੂਆਣਾ ਦੀ ਇਮਾਰਤ ਨੂੰ ਢਾਹੁਣ ਦੇ ਆਦੇਸ਼ ਕਿਉਂ ਨਹੀਂ ਦਿੱਤੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਸੱਦੇ ਸਿੱਖ ਸੰਮੇਲਨ ਵਿਚ ਵਿਚਾਰ ਵਟਾਂਦਰੇ ਤੋਂ ਬਾਅਦ ਮਸਤੂਆਣਾ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਇਸ ਦੀ ਇਮਾਰਤ ਵਿਚ ਤਬਦੀਲੀਆਂ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਇਸ ਦੇ ਨਾਲ ਹੀ ਗੁਰਦੁਆਰੇ ਦਾ ਨਾਂ ਸੱਚਖੰਡ ਮਸਤੂਆਣਾ ਤੋਂ ਬਦਲ ਕੇ ਗੁਰਦੁਆਰਾ ਸਿੰਘ ਸਭਾ ਰੱਖਣ ਦਾ ਆਦੇਸ਼ ਦਿੱਤਾ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਉਹ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਮਸਤੂਆਣਾ ਗੁਰਦੁਆਰੇ ਵਿਚ ਬਣਾਈ ਗਈ 'ਹਰਿ ਕੀ ਪੌੜੀ' ਨੂੰ ਢਾਹਿਆ ਜਾਣਾ ਯਕੀਨੀ ਬਣਾਏ। ਉਨ੍ਹਾਂ ਹਰਿਮੰਦਰ ਸਾਹਿਬ ਦੀ ਦਿੱਖ ਵਰਗਾ ਗੁਰਦੁਆਰਾ ਬਣਾਉਣ ਵਾਲੀਆਂ ਤਾਕਤਾਂ ਦਾ ਪਤਾ ਲਾਉਣ ਲਈ ਉੱਚ ਪੱਧਰੀ ਜਾਂਚ ਦਾ ਆਦੇਸ਼ ਦਿੱਤੇ ਜਾਣ ਦੀ ਮੰਗ ਵੀ ਕੀਤੀ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਸੀ ਕਿ ਸਿੱਖ ਸੰਗਤ ਹਰਿਮੰਦਰ ਸਾਹਿਬ ਦੀ ਦਿੱਖ ਵਰਗੇ ਕਿਸੇ ਵੀ ਹੋਰ ਗੁਰਦੁਆਰੇ ਨੂੰ ਉਸਾਰਿਆ ਜਾਣਾ ਬਰਦਾਸ਼ਤ ਨਹੀਂ ਕਰੇਗੀ। ਉਧਰ ਗੁਰਦੁਆਰਾ ਮਸਤੂਆਣਾ ਦੇ ਪ੍ਰਬੰਧਕ ਪਹਿਲਾਂ ਹੀ ਇਹ ਕਹਿ ਚੁੱਕੇ ਹਨ ਕਿ ਉਹ ਇਸ ਦੀ ਇਮਾਰਤ ਵਿਚ ਤਬਦੀਲੀਆਂ ਕਰਨ ਵਾਸਤੇ ਤਿਆਰ ਹਨ। ਉਹ ਇਹ ਵੀ ਕਹਿ ਚੁੱਕੇ ਹਨ ਕਿ ਸੰਤ ਅਤਰ ਸਿੰਘ ਨੇ ਕਦੇ ਵੀ ਹਰਿਮੰਦਰ ਸਾਹਿਬ ਦੀ ਦਿੱਖ ਵਾਲਾ ਗੁਰਦੁਆਰਾ ਮਾਲਵੇ ਵਿਚ ਬਣਾਉਣ ਬਾਰੇ ਨਹੀਂ ਸੋਚਿਆ ਸੀ, ਜਿਵੇਂ ਕਿ ਪ੍ਰਬੰਧਕਾਂ ਦੇ ਇਕ ਧੜੇ ਵਲੋਂ ਦਾਅਵਾ ਕੀਤਾ ਜਾ ਰਿਹਾ ਹੈ।

## ਤਹਿਸੀਲਦਾਰਾਂ ਨੇ ਹੜਤਾਲ ਵਾਪਸ ਲਈ

**ਜਲੰਧਰ :** ਸਾਂਝੀ ਐਕਸ਼ਨ ਕਮੇਟੀ ਵਲੋਂ ਲੰਘੀ 28 ਜੂਨ ਸੁਰੱਖਿਆ ਦਾ ਭਰੋਸਾ ਦਿਵਾਏ ਜਾਣ ਅਤੇ ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦਿਵਾਏ ਜਾਣ 'ਤੇ ਤਹਿਸੀਲਦਾਰਾਂ ਨੇ ਆਪਣੀ ਹੜਤਾਲ ਵਾਪਸ ਲੈ ਲਈ ਹੈ। ਬੀਤੇ ਸੋਮਵਾਰ ਤੋਂ ਪੰਜਾਬ ਭਰ ਦੀਆਂ ਤਹਿਸੀਲਾਂ 'ਚ ਆਮ ਵਾਂਗ ਕੰਮਕਾਰ ਹੋਇਆ। ਇਹ ਫੈਸਲਾ ਬੀਤੀ 28 ਜੂਨ ਇੱਥੇ ਜਨਰਲ ਹਾਊਸ ਦੀ ਹੋਈ ਮੀਟਿੰਗ ਵਿੱਚ ਲਿਆ ਗਿਆ।

ਜ਼ਿਕਰਯੋਗ ਹੈ ਕਿ ਲੁਧਿਆਣਾ ਦੇ ਤਹਿਸੀਲਦਾਰ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ 'ਤੇ 19 ਜੂਨ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਜਾਨਲੇਵਾ ਹਮਲਾ ਕਰ ਦਿੱਤਾ ਸੀ। ਉਸ ਦਿਨ ਤੋਂ ਪੰਜਾਬ ਭਰ 'ਚ ਰੋਸ ਵਜੋਂ ਪਟਵਾਰੀ ਅਤੇ ਤਹਿਸੀਲਦਾਰ ਅਣਮਿੱਥੇ ਸਮੇਂ ਦੀ ਹੜਤਾਲ 'ਤੇ ਚਲੇ ਗਏ ਸਨ। ਇਸ ਹੜਤਾਲ ਦਾ ਦੂਜੀਆਂ ਮੁਲਾਜ਼ਮ ਜਥੇਬੰਦੀਆਂ ਨੇ ਵੀ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਕਾਰਨ ਪੰਜਾਬ ਸਰਕਾਰ ਕਸੂਤੀ ਸਥਿਤੀ ਵਿਚ ਫਸ ਗਈ ਸੀ।

## ਆਸਟ੍ਰੇਲੀਆ 'ਚ ਸਿੱਖ ਨੂੰ ਨਹੀਂ ਮਿਲੇਗਾ ਲਾਈਸੰਸ!

**ਚੰਡੀਗੜ੍ਹ :** ਆਸਟ੍ਰੇਲੀਆ ਵਿਚ ਇਕ ਸਿੱਖ ਨੌਜਵਾਨ ਨੂੰ ਮੋਟਰਸਾਈਕਲ ਚਲਾਉਣ ਲਈ ਲਾਈਸੰਸ ਪ੍ਰਾਪਤ ਕਰਨ ਵੇਲੇ ਰਖੇ ਗਏ ਟਰਾਇਲ ਦੇਣ ਤੋਂ ਇਸ ਕਰਕੇ ਰੋਕ ਦਿਤਾ ਗਿਆ, ਕਿਉਂਕਿ ਉਸ ਨੇ ਦਸਤਾਰ ਉਤਾਰ ਕੇ ਲੋਹਟੋਪ ਪਹਿਨਣ ਤੋਂ ਇਨਕਾਰ ਕਰ ਦਿਤਾ। ਉਸ ਨੇ ਇਨਸਾਫ਼ ਪ੍ਰਾਪਤ ਕਰਨ ਲਈ 'ਬਰਾਬਰ ਮੌਕੇ ਦੇਣ ਵਾਲੇ ਕਮਿਸ਼ਨ' ਕੋਲ ਪਹੁੰਚ ਕੀਤੀ ਹੈ।

ਮਨਦੀਪ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਸਿਟੀ ਵੈਸਟ ਵਿਚ ਉਸ ਨੇ ਟਰਾਇਲ ਦੇਣ ਲਈ ਬਣਦੀ ਫ਼ੀਸ 'ਪਲਾਨਿੰਗ ਐਂਡ ਇਨਫ਼ਰਾਸਟਕਚਰ ਡਿਪਾਰਟਮੈਂਟ' (ਡੀ.ਪੀ.ਆਈ.) ਕੋਲ ਜਮ੍ਹਾਂ ਕਰਵਾਈ, ਪਰ ਟਰਾਇਲ ਵੇਲੇ ਉਸ ਨੂੰ ਦਸਤਾਰ ਉਤਾਰ ਕੇ ਲੋਹਟੋਪ (ਹੈਲਮਟ) ਪਾਉਣ ਲਈ ਕਿਹਾ ਗਿਆ।


# Real Estate and Loans Under One Roof

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

**Serving from Bay Area to Sacramento**

*For Buying and Selling Residential, Commercial property and for Loans in Sacramento area*

**It's a Great time for Investors and first time buyers to buy their dream home.**



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell Business & Homes

**ਪਹਿਲੀ ਵਾਰ ਘਰ ਖਰੀਦਣ ਅਤੇ ਇਨਵੈਸਟਮੈਂਟ ਲਈ ਸੁਨਹਿਰੀ ਮੌਕਾ**

**ਘਰਾਂ ਦੀਆਂ ਕੀਮਤਾਂ ਵਧਣ ਲੱਗ ਪਈਆਂ ਹਨ, ਆਪਣੇ ਸੁਪਨਿਆਂ ਦਾ ਘਰ ਖਰੀਦਣ ਦਾ ਇਹੋ ਸਹੀ ਮੌਕਾ ਹੈ।**

**We can help you get a loan with as little as 3.5% down.**

Interest rates are historic low and to get your dream home or investment property.

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

# Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਦਫ਼ਤਰਾਂ ’ਚ ਪੰਜਾਬੀ ਲਾਗੂ ਕਰਾਉਣ ਲਈ ਕਮੇਟੀਆਂ ਦਾ ਗਠਨ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਸਰਕਾਰੀ ਦਫ਼ਤਰਾਂ, ਬੋਰਡਾਂ, ਕਾਰਪੋਰੇਸ਼ਨਾਂ, ਹੇਠਲੀਆਂ ਅਦਾਲਤਾਂ ਅਤੇ ਵਿਦਿਅਕ ਅਦਾਰਿਆਂ ਵਿਚ ਪੰਜਾਬੀ ਭਾਸ਼ਾ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਅਤੇ ਇਸ ‘ਤੇ ਅਮਲ ਨੂੰ ਯਕੀਨੀ ਬਨਾਉਣ ਲਈ ਰਾਜ ਪੱਧਰ ਦੀ ਇਕ ਅਧਿਕਾਰਤ ਕਮੇਟੀ ਦਾ ਗਠਨ ਕੀਤਾ ਹੈ।



ਸੁਰਜੀਤ ਪਾਤਰ

ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰ ‘ਤੇ ਵੀ ਅਧਿਕਾਰਤ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਰਾਜ ਪੱਧਰ ਦੀ ਅਧਿਕਾਰਤ ਕਮੇਟੀ ਰਾਜ ਪੱਧਰ ‘ਤੇ ਪੰਜਾਬੀ ਲਾਗੂ ਕਰਨ ਦੇ ਅਮਲ ਦੀ ਦੇਖ-ਰੇਖ ਕਰੇਗੀ।

ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ਦੀਆਂ ਅਧਿਕਾਰਤ ਕਮੇਟੀਆਂ ਜ਼ਿਲ੍ਹਾ ਪੱਧਰ ਦੇ ਦਫ਼ਤਰਾਂ, ਵਿਦਿਅਕ ਅਦਾਰਿਆਂ ਅਤੇ ਹੇਠਲੀਆਂ ਅਦਾਲਤਾਂ ਵਿਚ ਪੰਜਾਬੀ ਨੂੰ ਅਮਲ ਵਿਚ ਲਿਆਉਣ ਲਈ ਕਾਰਵਾਈ ਕਰਨਗੀਆਂ। ਪੰਜਾਬ ਦੇ ਸਿੱਖਿਆ ਅਤੇ ਭਾਸ਼ਾ ਮੰਤਰੀ ਬੀਬੀ ਉਪਿੰਦਰਜੀਤ ਕੌਰ ਨੇ ਦੱਸਿਆ ਕਿ ਪੰਜਾਬੀ ਨੂੰ ਅਮਲ ਵਿਚ ਲਿਆਉਣ ਨੂੰ ਯਕੀਨੀ ਬਣਾਉਣ ਦਾ ਕੰਮ ਇਹ ਕਮੇਟੀਆਂ ਵੇਖਣਗੀਆਂ।

ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਭਾਸ਼ਾ ਐਕਟ-2008 ਦੀ ਧਾਰਾ 8-ਬੀ ਅਧੀਨ ਰਾਜ ਪੱਧਰ ਦੀ 16 ਮੈਂਬਰੀ ਕਮੇਟੀ ਦੇ ਗਠਨ ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿਤਾ ਗਿਆ ਹੈ। ਰਾਜ ਪੱਧਰ ਦੀ ਕਮੇਟੀ ਦੀ ਚੇਅਰਪਰਸਨ ਖ਼ੁਦ ਸਿੱਖਿਆ ਮੰਤਰੀ ਹੀ ਹਨ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ, ਐਡਵੋਕੇਟ ਜਨਰਲ ਪੰਜਾਬ, ਸਕੱਤਰ ਸਕੂਲ ਸਿੱਖਿਆ ਬੋਰਡ, ਸਕੱਤਰ ਉਚੇਰੀ ਸਿਖਿਆ ਤੇ ਭਾਸ਼ਾਵਾਂ, ਪੰਜਾਬ ਦੇ ਕਾਨੂੰਨੀ ਮਸ਼ੀਰ ਇਸ ਕਮੇਟੀ ਦੇ ਮੈਂਬਰ ਹੋਣਗੇ। ਡਾ. ਸੁਰਜੀਤ ਪਾਤਰ ਅਤੇ ਮਹਿੰਦਰ ਕੌਰ ਗਿੱਲ ਸਾਹਿਤ ਸਭਾਵਾਂ ਵਿਚੋਂ ਇਸ ਕਮੇਟੀ ਦੇ ਮੈਂਬਰ ਲਏ ਗਏ ਹਨ। ਪੰਜਾਬੀ ਪੱਤਰਕਾਰਾਂ ਵਿਚੋਂ ਵੀ ਇਸ ਕਮੇਟੀ ਦੇ ਨੁਮਾਇੰਦੇ ਲਏ ਗਏ ਹਨ।

ਬਲਜੀਤ ਬੱਲੀ, ਜਗਤਾਰ ਸਿੰਘ ਸਿੱਧੂ ਅਤੇ ਦਵਿੰਦਰ ਕੋਹਲੀ ਪੱਤਰਕਾਰਾਂ ਵਜੋਂ ਕਮੇਟੀ ਦੇ ਨੁਮਾਇੰਦੇ ਹੋਣਗੇ।

ਜਨਤਕ ਨੁਮਾਇੰਦਿਆਂ ਵਿਚੋਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ, ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਪੰਜਾਬ ਭਾਜਪਾ ਦੇ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ, ਸਾਬਕਾ ਕਾਨੂੰਨੀ ਮਸ਼ੀਰ ਬੀ.ਐਸ. ਮਹਿੰਦੀਰੱਤਾ ਨੂੰ ਵੀ ਕਮੇਟੀ ਦਾ ਮੈਂਬਰ ਲਿਆ ਗਿਆ ਹੈ। ਸਿਖਿਆ ਮੰਤਰੀ ਨੇ ਦਸਿਆ ਕਿ ਰਾਜ ਪੱਧਰ ਦੀ ਅਧਿਕਾਰਤ ਕਮੇਟੀ ਨੂੰ ਇਹ ਅਧਿਕਾਰ ਹੋਣਗੇ ਕਿ ਉਹ ਐਕਟ ਦੀਆਂ ਵੱਖ-ਵੱਖ ਧਾਰਾਵਾਂ ‘ਤੇ ਅਮਲ ਕਰਾਉਣ ਲਈ ਜ਼ਿਲ੍ਹਾ ਪੱਧਰੀ ਕਮੇਟੀਆਂ ਨੂੰ ਨਿਰਦੇਸ਼ ਦੇ ਸਕਣਗੀਆਂ।

ਰਾਜ ਪੱਧਰੀ ਕਮੇਟੀ ਦੀ ਘੱਟੋ-ਘੱਟ 6 ਮਹੀਨਿਆਂ ਵਿਚ ਇਕ ਮੀਟਿੰਗ ਜ਼ਰੂਰ ਹੋਵੇਗੀ। ਉਨ੍ਹਾਂ ਇਹ ਵੀ ਦਸਿਆ ਕਿ ਗ਼ੈਰ ਸਰਕਾਰੀ ਮੈਂਬਰਾਂ ਦੀ ਮਿਆਦ ਨੋਟੀਫ਼ਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਇਕ ਸਾਲ ਦੀ ਹੋਵੇਗੀ।

ਗ਼ੈਰ ਸਰਕਾਰੀ ਮੈਂਬਰਾਂ ਅਤੇ ਸਾਹਿਤ ਸਭਾਵਾਂ ਦੇ ਮੈਂਬਰਾਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਲਈ ਪ੍ਰਤੀ ਮੀਟਿੰਗ ਇਕ ਹਜ਼ਾਰ ਰੁਪਏ ਦਾ ਭੱਤਾ ਮਿਲੇਗਾ ਅਤੇ ਆਉਣ ਜਾਣ ਦਾ ਭਾੜਾ ਵੀ ਦਿਤਾ ਜਾਵੇਗਾ। ਸਰਕਾਰੀ ਮੈਂਬਰ ਅਪਣੇ ਮਹਿਕਮਿਆਂ ਤੋਂ ਟੀ.ਏ., ਡੀ.ਏ. ਅਤੇ ਭਾੜਾ ਵਸੂਲਣਗੇ।

ਸਿੱਖਿਆ ਮੰਤਰੀ ਨੇ ਸਾਫ਼ ਕੀਤਾ ਕਿ ਸਰਕਾਰੀ ਦਫ਼ਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਵਿਦਿਅਕ ਅਦਾਰਿਆਂ ਵਿਚ ਪਿਛਲੇ ਸਾਲ ਦਸੰਬਰ ਮਹੀਨੇ ਤੋਂ ਹੀ ਪੂਰਨ ਰੂਪ ਵਿਚ ਇਹ ਐਕਟ ਲਾਗੂ ਹੋ ਚੁਕਾ ਹੈ ਪਰ ਹੇਠਲੀਆਂ ਅਦਾਲਤਾਂ ਨੂੰ ਇਸ ‘ਤੇ ਅਮਲ ਲਈ 6 ਮਹੀਨੇ ਦਾ ਸਮਾਂ ਦਿਤਾ ਸੀ ਜੋ ਮਈ ਮਹੀਨੇ ਪੂਰਾ ਹੋ ਚੁਕਾ ਹੈ। ਉਨ੍ਹਾਂ ਕਿਹਾ ਕਿ ਹੁਣ ਹੇਠਲੀਆਂ ਅਦਾਲਤਾਂ ਨੂੰ ਵੀ ਇਸ ਐਕਟ ‘ਤੇ ਅਮਲ ਕਰ ਕੇ ਅਪਣਾ ਕੰਮ ਪੰਜਾਬੀ ਵਿਚ ਕਰਨਾ ਆਰੰਭ ਕਰ ਦੇਣਾ ਚਾਹੀਦਾ ਹੈ।

## ਕੇਂਦਰੀ ਪੰਜਾਬੀ ਲੇਖਕ ਸਭਾਵਾਂ ਵਲੋਂ ਪੰਜਾਬੀ ਲਈ ਗਠਿਤ ਕਮੇਟੀਆਂ ਰੱਦ

**ਚੰਡੀਗੜ੍ਹ :** ਰਾਜ ਅੰਦਰ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਦਫਤਰੀ ਕੰਮਕਾਜ ਦੀ ਭਾਸ਼ਾ ਬਣਾਉਣ ਲਈ ਪੰਜਾਬ ਸਰਕਾਰ ਦੁਆਰਾ ਗਠਿਤ ਕੀਤੀਆਂ ਗਈਆਂ ਰਾਜ ਪੱਧਰੀ ਤੇ ਜ਼ਿਲ੍ਹਾ ਪੱਧਰੀ ਕਮੇਟੀਆਂ ਨੂੰ ਲੈ ਕੇ ਨਵਾਂ ਵਿਵਾਦ ਛਿੜ ਗਿਆ ਹੈ। ਸਾਹਿਤਕ ਖੇਤਰ ਵਿਚ ਲੇਖਕਾਂ ਦੀ ਅਗਵਾਈ ਕਰਦੀਆਂ ਕੇਂਦਰੀ ਪੰਜਾਬੀ ਲੇਖਕ ਸਭਾ ਰਜਿਸਟਰਡ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਆਗੂਆਂ ਨੇ ਗਠਿਤ ਕੀਤੀਆਂ ਕਮੇਟੀਆਂ ਨੂੰ ਰੱਦ ਕਰਦਿਆਂ ਇਸ ਦੀ ਥਾਂ ਪੰਜਾਬੀ ਭਾਸ਼ਾ ਟ੍ਰਿਬਿਊਨਲ ਕਾਇਮ ਕਰਨ ਦੀ ਮੰਗ ਕੀਤੀ ਹੈ। ਨਾਲ ਹੀ ਸਰਕਾਰ ਨੂੰ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਦੀ ਮੰਗ ਨੂੰ ਸਵੀਕਾਰ ਨਾ ਕੀਤਾ ਗਿਆ ਤਾਂ ਲੇਖਕ ਅੰਦੋਲਨ ਛੇੜ ਦੇਣਗੇ।

ਆਗੂਆਂ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਕਮੇਟੀਆਂ ਵਿਚ ਬਹੁਤੇ ਉਨ੍ਹਾਂ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਹੜੇ ਵਿਅਕਤੀ ਵਿਸ਼ੇਸ਼ ਹਨ ਤੇ ਪੰਜਾਬੀ ਭਾਸ਼ਾ ਲਈ ਲੰਬੇ ਸਮੇਂ ਤੋਂ ਅੰਦੋਲਨ ਕਰ ਰਹੀਆਂ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਦੀ ਰਾਇ ਨੂੰ ਸਰਕਾਰ ਨੇ ਬਿਲਕੁਲ ਹੀ ਦਰ ਕਿਨਾਰ ਕਰ ਦਿੱਤਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਰਜਿਸਟਰਡ ਦੇ ਮੀਤ ਪ੍ਰਧਾਨ ਜਰਨੈਲ ਸਿੰਘ ਨਿੱਝਰ ਤੇ ਜਨਰਲ ਸਕੱਤਰ ਸਰਬਜੀਤ ਸਿੰਘ ਨੇ ਕਿਹਾ ਕਿ ਜੋ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ, ਉਨ੍ਹਾਂ ਕਮੇਟੀਆਂ ਕੋਲ ਪੰਜਾਬੀ ਦੇ ਗੁਨਾਹਗਾਰਾਂ ਖਿਲਾਫ ਕੋਈ ਕਾਰਵਾਈ ਕਰਨ ਦੇ ਅਧਿਕਾਰ ਨਹੀਂ ਹਨ।

ਲੇਖਕ ਸਭਾ ਸੇਖੋਂ ਦੇ ਆਗੂ ਡਾ. ਤੇਜਵੰਤ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਗਠਿਤ ਕੀਤੀਆਂ ਗਈਆਂ ਕਮੇਟੀਆਂ ਵਰਗੀ ਇਸ ਤੋਂ ਪਹਿਲਾਂ ਵੀ ਇਕ ਡਾਇਰੈਕਟਰ ਭਾਸ਼ਾ ਵਿਭਾਗ ਦੇ ਅਧੀਨ 16 ਮੈਂਬਰੀ ਕਮੇਟੀ ਬਣਾਈ ਗਈ ਸੀ, ਪਰ ਉਸ ਕਮੇਟੀ ਕੋਲ ਅਧਿਕਾਰ ਨਾ ਹੋਣ ਕਾਰਨ ਉਹ ਬੇਕਾਰ ਸਿੱਧ ਹੋਈ ਸੀ।

ਮਾਨ ਨੇ ਦਿੱਲੀ ਤੋਂ ਕਮੇਟੀਆਂ ‘ਚ ਸ਼ਾਮਲ ਕੀਤੀ ਗਈ ਬੀਬੀ ਮਹਿੰਦਰ ਕੌਰ ਦਾ ਵੀ ਵਿਰੋਧ ਕੀਤਾ ਹੈ।

ਕਮੇਟੀਆਂ ਦੇ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਪੰਜਾਬੀ ਭਾਸ਼ਾ ਟ੍ਰਿਬਿਊਨਲ ਕਾਇਮ ਨਹੀਂ ਕੀਤਾ ਜਾਂਦਾ ਉਦੋਂ ਤੱਕ ਪੰਜਾਬੀ ਨੂੰ ਸੂਬੇ ਦੀ ਰਾਜ ਭਾਸ਼ਾ ਦਾ ਦਰਜਾ ਨਹੀਂ ਮਿਲ ਸਕਦਾ। ਪੰਜਾਬੀ ਅਕਾਦਮੀ ਦੇ ਸਕੱਤਰ ਡਾ. ਸੁਖਦੇਵ ਸਿੰਘ ਸਰਸਾ ਨੇ ਵੀ ਕਮੇਟੀਆਂ ਦੇ ਮੁੱਦੇ ‘ਤੇ ਸਰਕਾਰ ਦੀ ਆਲੋਚਨਾ ਕੀਤੀ ਹੈ।

## ਤਿੰਨ ਰਾਜਾਂ ਨੂੰ ਮਿਲੇ ਨਵੇਂ ਰਾਜਪਾਲ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਕਾਨੂੰਨ ਮੰਤਰੀ ਹੰਸ ਰਾਜ ਭਾਰਦਵਾਜ (72) ਨੂੰ ਕਰਨਾਟਕ ਦਾ ਰਾਜਪਾਲ ਨਿਯੁਕਤ ਕਰ ਦਿੱਤਾ ਗਿਆ ਹੈ। ਰਾਸ਼ਟਰਪਤੀ ਭਵਨ ਵਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਰਮੇਸ਼ਵਰ ਠਾਕੁਰ ਦਾ ਤਬਾਦਲਾ ਮੱਧ ਪ੍ਰਦੇਸ਼ ਦੇ ਰਾਜਪਾਲ ਵਜੋਂ ਕਰ ਦਿੱਤਾ ਗਿਆ ਹੈ। ਮੱਧ ਪ੍ਰਦੇਸ਼ ਦੇ ਮੌਜੂਦਾ ਰਾਜਪਾਲ ਬਲਰਾਮ ਜਾਖੜ ਦੇ ਅਹੁਦੇ ਦੀ ਮਿਆਦ 30 ਜੂਨ ਨੂੰ ਮੁਕੰਮਲ ਹੋ ਰਹੀ ਹੈ, ਜਦੋਂਕਿ ਬਿਹਾਰ ਦੇ ਰਾਜਪਾਲ ਰਘੂਨੰਦਨ ਲਾਲ ਭਾਟੀਆ ਦੀ ਮਿਆਦ ਖ਼ਤਮ ਹੋ ਚੁੱਕੀ ਹੈ। ਅਸਾਮ ਦੇ ਸਾਬਕਾ ਵਿੱਤ ਮੰਤਰੀ ਦੇਵਨੰਦ ਕੁੰਵਰ (63) ਨੂੰ ਬਿਹਾਰ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ।

## ਬਾਲਮੀਕੀ ਨੌਜਵਾਨ ਦੀ ਹੱਤਿਆ ਕਾਰਨ ਭੜਕੇ ਲੋਕਾਂ ਨੇ ਦੁਕਾਨਾਂ ਤੇ ਵਾਹਨਾਂ ਦੀ ਕੀਤੀ ਭੰਨਤੋੜ

**ਪਟਿਆਲਾ :** ਸਥਾਨਕ ਅਨਾਰਦਾਣਾ ਚੌਕ ਇਲਾਕੇ ਅੰਦਰ 25 ਜੂਨ ਨੂੰ ਦੇਰ ਸ਼ਾਮ ਵਾਪਰੀ ਘਟਨਾ ਦੌਰਾਨ ਬਾਲਮੀਕ ਭਾਈਚਾਰੇ ਨਾਲ ਸਬੰਧਤ ਨੌਜਵਾਨ ਕ੍ਰਿਸ਼ਨ ਕੁਮਾਰ ਕਾਲੂ ਦੀ ਹੋਈ ਹੱਤਿਆ ਪਿਛੋਂ 26 ਜੂਨ ਨੂੰ ਇਥੇ ਹਾਲਾਤ ਉਸ ਵੇਲੇ ਤਣਾਅਪੂਰਨ ਹੋ ਗਏ ਜਦੋਂ ਬਾਲਮੀਕੀਆਂ ਨੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਸ਼ਹਿਰ ਅੰਦਰ ਭਾਰੀ ਭੰਨਤੋੜ ਸ਼ੁਰੂ ਕਰ ਦਿਤੀ।

ਉਨ੍ਹਾਂ ਨੇ ਅਨਾਰਦਾਣਾ ਚੌਕ ਵਿਚ ਗੰਦਗੀ ਦੇ ਢੇਰ ਵੀ ਲਾ ਦਿਤੇ ਅਤੇ ਬੱਸ ਅੱਡੇ ਦੇ ਨੇੜੇ ਬੱਤੀਆਂ ਵਾਲੇ ਚੌਕ ਵਿਚ ਧਰਨਾ ਦੇ ਕੇ ਆਵਾਜਾਈ ਠੱਪ ਕਰ ਦਿਤੀ। ਚੇਤੇ ਰਹੇ ਕਿ 25 ਜੂਨ ਦੀ ਸ਼ਾਮ ਅਨਾਰਦਾਣਾ ਚੌਕ ਵਿਖੇ ਕੁਝ ਵਿਅਕਤੀਆਂ ਵਲੋਂ ਸ਼ਰਾਬ ਦੇ ਇਕ ਅਹਾਤੇ ਉਪਰ ਕੀਤੇ ਹਮਲੇ ਦੌਰਾਨ 20 ਸਾਲਾ ਕ੍ਰਿਸ਼ਨ ਕੁਮਾਰ ਕਾਲੂ ਦੀ ਮੌਤ ਹੋ ਗਈ ਸੀ ਅਤੇ ਉਸ ਦੇ ਤਿੰਨ ਸਾਥੀਆਂ ਸਮੇਤ ਅੱਧੀ ਦਰਜਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ। ਥਾਣਾ ਕੋਤਵਾਲੀ ਪਟਿਆਲਾ ਵਿਚ ਰਾਜਾ ਡੇਅਰੀ ਵਾਲਾ ਸਮੇਤ ਜੋਗਿੰਦਰ ਯੋਗੀ ਅਤੇ ਰਿਵਾਜ ਵਿੱਕੀ (ਦੋਵੇਂ ਦੁਕਾਨਦਾਰ) ਸਮੇਤ ਕਈ ਹੋਰਨਾਂ ਵਿਰੁਧ ਕੇਸ ਦਰਜ ਕੀਤਾ ਗਿਆ ਪਰ ਕੋਈ ਗ੍ਰਿਫ਼ਤਾਰੀ ਨਾ ਹੋਣ ਕਾਰਨ ਬਾਲਮੀਕੀ ਭੜਕ ਉਠੇ। ਉਨ੍ਹਾਂ ਫ਼ੌਰਨ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਸ਼ਹਿਰ ਵਿਚਲੇ ਕਈ ਬਾਜ਼ਾਰਾਂ ਵਿਚ ਦਰਜਨਾਂ ਹੀ ਦੁਕਾਨਾਂ ਦੀ ਭੰਨਤੋੜ ਸ਼ੁਰੂ ਕਰ ਦਿਤੀ। ਕਈ ਗੱਡੀਆਂ ਦੇ ਸ਼ੀਸ਼ੇ ਤੋੜ ਦਿਤੇ ਗਏ। ਪ੍ਰਦਰਸ਼ਨਕਾਰੀਆਂ ਨੇ ਅਨਾਰਦਾਣਾ ਚੌਕ ਅਤੇ ਏ.ਸੀ. ਮਾਰਕੀਟ ਸਣੇ ਕਈ ਥਾਵਾਂ ‘ਤੇ ਗੰਦਗੀ ਦੇ ਢੇਰ ਲਾ ਦਿਤੇ।

ਟਰਾਲੀਆਂ ਅਤੇ ਟਰੱਕਾਂ ਆਦਿ ਵਿਚ ਗੰਦਗੀ ਲਿਆ ਕੇ ਮੁੱਖ ਬਾਜ਼ਾਰ ਅੰਦਰ ਦੂਰ-ਦੂਰ ਤਕ ਖਿਲਾਰ ਦਿਤੇ ਗਏ। ਬਦਬੂ ਕਾਰਨ ਕਈ ਦੁਕਾਨਦਾਰਾਂ ਨੇ ਖ਼ੁਦ ਹੀ ਅਪਣੀਆਂ ਦੁਕਾਨਾਂ ਬੰਦ ਕਰ ਦਿਤੀਆਂ। ਬਹੁਤੀਆਂ ਦੁਕਾਨਾਂ ਡਾਂਗਾਂ ਤੇ ਸੋਟਿਆਂ ਨਾਲ ਲੈਸ ਹੋ ਕੇ ਬੰਦ ਕਰਵਾਈਆਂ ਗਈਆਂ। ਬੱਤੀਆਂ ਵਾਲੇ ਚੌਕ ਵਿਖੇ ਧਰਨਾ ਮਾਰ ਕੇ ਆਵਾਜਾਈ ਠੱਪ ਕਰ ਦਿਤੀ। ਅਧਿਕਾਰੀਆਂ ਦੇ ਭਰੋਸੇ ਪਿਛੋਂ ਹੀ ਉਨ੍ਹਾਂ ਨੇ ਧਰਨਾ ਚੁਕਿਆ।

## ਸੜਕ ਬਣਾਉਣ ਲਈ ਗੁਰਦਵਾਰੇ ਦੀ ਇਮਾਰਤ ਢਾਹੀ

**ਕੀਰਤਪੁਰ ਸਾਹਿਬ :** ਰਾਸ਼ਟਰੀ ਮਾਰਗ ਨੰਬਰ 21 ਨੂੰ ਕੀਰਤਪੁਰ ਸਾਹਿਬ ਤੋਂ ਕੁਰਾਲੀ ਤਕ ਚਹੁੰ ਮਾਰਗੀ ਸੜਕ ਨਿਰਮਾਣ ਕਰ ਰਹੀ ਕੰਪਨੀ ਬੀ.ਐਸ.ਸੀ.ਸੀ. ਐਂਡ ਸੀ.ਜੇ.ਦੀਆਂ ਮਸ਼ੀਨਾਂ ਨੇ ਪਿੰਡ ਡਾਢੀ ਵਿਖੇ ਸੜਕ ਵਿਚ ਆ ਰਹੇ ਸ਼੍ਰੋਮਣੀ ਕਮੇਟੀ ਅਧੀਨ ਪੈਂਦੇ ਗੁਰਦੁਆਰਾ ਅਕਾਲ ਬੁੰਗਾ ਉਦੇ ਸਿੰਘ ਬਾਬਾ ਬਚਿੱਤਰ ਸਿੰਘ ਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਪੁਲੀਸ ਫੋਰਸ ਦੀ ਹਾਜ਼ਰੀ ਵਿਚ ਢਹਿ-ਢੇਰੀ ਕਰ ਦਿੱਤਾ।

ਇਸਦੇ ਨਾਲ ਹੀ 20 ਸਾਲਾਂ ਤੋਂ ਗੁ. ਸਾਹਿਬ ਦੀ ਸੇਵਾ ਕਰਦੇ ਜਥੇਦਾਰ ਹਾਕਮ ਸਿੰਘ ਭੂਰਾ ਦੀ ਰਿਹਾਇਸ਼ ਨੂੰ ਵੀ ਕੰਪਨੀ ਦੀਆਂ ਮਸ਼ੀਨਾ ਨੇ ਮਲਬੇ ਵਿਚ ਬਦਲ ਦਿੱਤਾ। ਸਵੇਰ ਤੋਂ ਹੀ ਪਿੰਡ ਪੁਲੀਸ ਛਾਉਣੀ ਵਿਚ ਬਦਲਿਆਂ ਹੋਇਆ ਸੀ। ਥਾਣਾ ਸਦਰ ਰੂਪਨਗਰ ਦੇ ਮੁਖੀ ਜੀ.ਪੀ. ਸਿੰਘ ਦੀ ਅਗਵਾਈ ਹੇਠ ਰੋਪੜ, ਭਰਤਗੜ੍ਹ ਘਨੌਲੀ ਤੋਂ ਪੁਲੀਸ ਆਈ ਹੋਈ ਸੀ। ਇਸ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬਾਨ ਗਿਆਨੀ ਤਰਲੋਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਗੁਰਿੰਦਰ ਸਿੰਘ ਗੋਗੀ, ਪ੍ਰਸ਼ਾਸਨ ਵਲੋਂ ਐਸ.ਡੀ.ਐੱਮ. ਅਰਵਿੰਦਰਪਾਲ ਸਿੰਘ ਸੰਧੂ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਗੀਰ ਸਿੰਘ, ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਮੈਨੇਜਰ ਬਹਾਦਰ ਸਿੰਘ ਤੇ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਅਰਦਾਸ ਕਰਨ ਉਪਰੰਤ ਗੁਰਦੁਆਰੇ ‘ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਆਦਰ ਸਹਿਤ ਸੁੰਦਰ ਪਾਲਕੀ ‘ਚ ਬਿਰਾਜਮਾਨ ਕਰਵਾ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਭੇਜਿਆ ਗਿਆ।

ਇਸ ਤੋਂ ਬਾਅਦ ਭਾਰੀ ਪੁਲੀਸ ਫੋਰਸ ਦੀ ਹਾਜ਼ਰੀ ਵਿਚ ਐਸ.ਡੀ.ਐੱਮ. ਅਰਵਿੰਦਰਪਾਲ ਸਿੰਘ ਸੰਧੂ ਤੇ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੇ ਪ੍ਰਾਜੈਕਟ ਡਾਇਰੈਕਟਰ ਅਨਿਲ ਦਈਆ ਨੇ ਕੰਪਨੀ ਨੂੰ ਗੁਰਦੁਆਰਾ ਢਾਹੁਣ ਦੀ ਆਗਿਆ ਦੇ ਦਿੱਤੀ।

ਇਸ ਦੌਰਾਨ ਜਥੇਦਾਰ ਹਾਕਮ ਸਿੰਘ, ਉਸ ਦੇ ਪਰਿਵਾਰਕ ਮੈਂਬਰ, ਪਿੰਡ ਡਾਢੀ ਦੇ ਸਰਪੰਚ ਸੱਜਣ ਸਿੰਘ, ਪੰਚਾਇਤ ਮੈਂਬਰ ਕੈਪਟਨ ਬਲਬੀਰ ਸਿੰਘ, ਠੇਕੇਦਾਰ ਗੁਰਚਰਨ ਸਿੰਘ ਚੰਨੀ, ਸਾਬਕਾ ਸਰਪੰਚ ਰਾਮ ਆਸਰਾ, ਸਾਬਕਾ ਸਰਪੰਚ ਦਰਸ਼ਨ ਸਿੰਘ, ਸਵਰਨ ਸਿੰਘ, ਜਗਤ ਸਿੰਘ, ਬਲਵੰਤ ਸਿੰਘ, ਕਰਮ ਸਿੰਘ ਆਦਿ ਨੇ ਦੱਸਿਆ ਕਿ ਕੰਪਨੀ ਤੇ ਪ੍ਰਸ਼ਾਸਨ ਵਲੋਂ ਰਿਹਾਇਸ਼ ਢਾਹੁਣ ਲਈ ਉਨ੍ਹਾਂ ਨੂੰ ਇਕ ਹਫਤੇ ਦਾ ਸਮਾਂ ਦਿੱਤਾ ਸੀ, ਪਰ ਗੁ. ਸਾਹਿਬ ਦੇ ਨਾਲ ਹੀ ਰਿਹਾਇਸ਼ ਵੀ ਢਾਹ ਦਿੱਤੀ ਗਈ। ਇਸ ਦੌਰਾਨ ਐਸ.ਡੀ.ਐਮ. ਆਨੰਦਪੁਰ ਸਾਹਿਬ, ਸਿੰਘ ਸਾਹਿਬਾਨ, ਐਨ.ਐਚ.ਏ.ਆਈ. ਦੇ ਉੱਚ ਅਧਿਕਾਰੀਆਂ ਤੇ ਸ਼੍ਰੋਮਣੀ ਕਮੇਟੀ ਮੈਂਬਰ ਆਦਿ ਦੀ ਮੀਟਿੰਗ ਹੋਈ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਪਿੰਡ ਡਾਢੀ ਦੀ ਪੰਚਾਇਤ ਜ਼ਮੀਨ ਦੇਵੇਗੀ ਤੇ ਸੜਕ ਨਿਰਮਾਣ ਕਰ ਰਹੀ ਕੰਪਨੀ ਉਸ ਉਪਰ ਦੋ-ਤਿੰਨ ਕਮਰੇ ਪਾ ਕੇ ਗੁਰਦੁਆਰਾ ਸਾਹਿਬ ਤੇ ਬਾਬੇ ਦੀ ਰਿਹਾਇਸ਼ ਬਣਾ ਦੇਵੇਗੀ।

ਉਦੋਂ ਤਕ ਬਾਬਾ ਤੇ ਉਸ ਦੇ ਪਰਿਵਾਰਕ ਮੈਂਬਰ ਪਿੰਡ ਡਾਢੀ ਦੇ ਸਕੂਲ ਦੀ ਇਮਾਰਤ ‘ਚ ਰਹਿ ਸਕਦੇ ਹਨ। ਇਸ ਦੌਰਾਨ ਪਿੰਡ ਡਾਢੀ ਦੇ ਲੋਕਾਂ ਵਿਚ ਭਾਰੀ ਰੋਸ ਸੀ । ਲੋਕ ਮੰਗ ਕਰ ਰਹੇ ਹਨ ਕਿ ਕੰਪਨੀ ਪਹਿਲਾਂ ਬਦਲਵੀਂ ਗੁਰਦੁਆਰਾ ਇਮਾਰਤ ਦਾ ਪ੍ਰਬੰਧ ਕਰਨਾ ਚਾਹੀਦਾ ਸੀ।

When business is great but you still need cash,
YOU CAN BANK ON ME.



I help small and medium sized companies with the cash flow they need to grow and prosper!
I can turn your invoices into cash-instantly!



For Excellent service and reasonable rates contact:
Dr. Amul Purohit
Global Capital of Northern California Inc.
Ph:530-750-2585, Cell:530-400-1106
Fax: 530-750-2585
e-mail: apurohit@liquidcapitalcorp.com
www.liquidcapitalcorp.com/apurohit

ਅਸੀਂ ਛੋਟੀਆਂ ਅਤੇ ਦਰਮਿਆਨੀਆਂ ਕੰਪਨੀਆਂ ਦੀ ਕੈਸ਼ ਫਲੋਅ ਵਿਚ ਮਦਦ ਕਰਦੇ ਹਾਂ। ਆਪਣੀਆਂ ਇਨਵਾਇਸਾਂ ਨੂੰ ਕੈਸ਼ ਵਿਚ ਤਬਦੀਲ ਕਰੋ

Liquid Capital
FINANCING SUCCESS

ਬਿਜਨਸ ਬੱਲੇ ਬੱਲੇ ਹੈ, ਕੈਸ਼ ਲੱਗਾ ਥੱਲੇ ਹੈ,
ਤੁਸੀਂ ਮੇਰੇ ’ਤੇ ਟੇਕ ਰੱਖ ਸਕਦੇ ਹੋ!

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !

Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

# ਬਾਦਲ ਵਲੋਂ ਗਰਾਂਟ ਦੇ ਨਾਂਅ 'ਤੇ ਦਿੱਤਾ ਗਿਆ ਪੈਸਾ ਕਰਜ਼ਾ ਨਿਕਲਿਆ

**ਮੁੱਲਾਂਪੁਰ ਦਾਖਾ :** ਸਥਾਨਕ ਨਗਰ ਪੰਚਾਇਤ ਅਧੀਨ ਪੈਂਦੇ ਕੁੱਲ 13 ਵਾਰਡਾਂ ਦੇ ਵਿਕਾਸ ਕਾਰਜਾਂ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਕਰੀਬ 6 ਮਹੀਨੇ ਪਹਿਲਾਂ ਦਿੱਤਾ ਇਕ ਕਰੋੜ ਰੁਪਏ ਗਰਾਂਟ ਦੀ ਥਾਂ ਕਰਜ਼ੇ ਦੇ ਰੂਪ ਵਿਚ ਮਿਲਣ ਕਰਕੇ ਸਮੂਹ ਕੌਂਸਲਰਾਂ 'ਚ ਹਾਹਾਕਾਰ ਮਚ ਗਈ ਹੈ। ਇਸ ਮਾਮਲੇ ਸਬੰਧੀ ਬੀਤੇ ਦਿਨੀਂ ਨਗਰ ਪੰਚਾਇਤ ਮੁੱਲਾਂਪੁਰ ਦੇ ਪ੍ਰਧਾਨ ਤੇਲੂ ਰਾਮ ਬਾਂਸਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿਚ ਸੱਤਾ ਪੱਖ ਦੇ 4 ਕੌਂਸਲਰਾਂ ਅਤੇ 2 ਵਿਧਾਇਕਾਂ ਨੂੰ ਛੱਡ ਕੇ ਬਾਕੀ ਕੌਂਸਲਰ ਹਾਜ਼ਰ ਹੋਏ। ਇਸ ਮੀਟਿੰਗ ਵਿਚ ਕਾਰਜਸਾਧਕ ਅਫਸਰ ਸੁਰਿੰਦਰ ਕੁਮਾਰ ਵੀ ਹਾਜ਼ਰ ਸਨ।

ਨਗਰ ਪੰਚਾਇਤ ਦੇ ਪ੍ਰਦਾਨ ਤੇਲੂ ਰਾਮ ਬਾਂਸਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਰੀਬ 6 ਮਹੀਨੇ ਪਹਿਲਾਂ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਵਲੋਂ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਦਿੱਤਾ ਇਕ ਕਰੋੜ ਰੁਪਏ ਦੇ ਚੈੱਕ 'ਚੋਂ 52 ਲੱਖ ਦੇ ਐਸਟੀਮੇਟ ਪਾਸ ਹੋ ਗਏ ਹਨ, ਜਿਨ੍ਹਾਂ ਵਿਚ 7 ਲੱਖ ਰੁਪਏ ਸ਼ਹਿਰ ਦੇ ਵਿਕਾਸ ਕਾਰਜਾਂ 'ਤੇ ਲੱਗ ਚੁੱਕੇ ਹਨ ਅਤੇ 48 ਲੱਖ ਰੁਪਏ ਦੇ ਐਸਟੀਮੇਟ ਅਜੇ ਪਾਸ ਨਹੀਂ ਹੋਏ ਹਨ ਕਿ ਹੁਣ ਪੰਜਾਬ ਸਰਕਾਰ ਵਲੋਂ ਪੰਜਾਬ ਦੀਆਂ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਦਿੱਤੇ ਕਰੋੜਾਂ ਦੇ ਬਦਲੇ 'ਚ ਆਪਣੀਆਂ ਪ੍ਰਾਪਰਟੀਆਂ ਪਲੱਜ (ਗਿਰਵੀਆਂ) ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨਗਰ ਪੰਚਾਇਤ ਕੋਲ ਆਪਣੀ ਕੋਈ ਪੱਕੀ ਪ੍ਰਾਪਰਟੀ ਨਹੀਂ ਹੈ, ਜਿਸ ਕਰਕੇ ਅਸੀਂ ਪ੍ਰਾਪਰਟੀ ਪਲੱਜ ਨਹੀਂ ਕਰਵਾ ਸਕਦੇ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੋਂ ਕਰਜ਼ੇ ਦੇ ਰੂਪ ਵਿਚ ਕਦੇ ਵੀ ਪੈਸੇ ਦੀ ਕੋਈ ਮੰਗ ਨਹੀਂ ਕੀਤੀ ਸੀ, ਪਰ ਸਰਕਾਰ ਵਲੋਂ 6 ਮਹੀਨੇ ਪਹਿਲਾਂ ਦਿੱਤਾ ਇਕ ਕਰੋੜ ਰੁਪਏ ਦਾ ਚੈੱਕ ਗਰਾਂਟ ਦੀ ਥਾਂ ਕਰਜ਼ੇ ਦੇ ਰੂਪ ਵਿਚ ਦੇਣ ਬਾਰੇ ਹੁਣ ਜ਼ਿਕਰ ਕਰਨ ਕਰਕੇ ਸਮੂਹ ਕੌਂਸਲਰਾਂ 'ਚ ਨਿਰਾਸ਼ਾ ਪਾਈ ਜਾ ਰਹੀ ਹੈ।

ਪ੍ਰਧਾਨ ਤੇਲੂ ਰਾਮ ਬਾਂਸਲ ਅਤੇ ਕਾਰਜ ਸਾਧਕ ਅਫਸਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਸਰਕਾਰ ਵਲੋਂ ਲੁਧਿਆਣਾ, ਫਿਰੋਜ਼ਪੁਰ, ਜਲੰਧਰ, ਅੰਮ੍ਰਿਤਸਰ, ਬਠਿੰਡਾ ਅਤੇ ਪਟਿਆਲਾ ਅਧੀਨ ਪੈਂਦੀਆਂ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਨੂੰ 238.25 ਕਰੋੜ ਰੁਪਏ ਦੇ ਬਰਾਬਰ ਦੀ ਕੀਮਤ ਦੀਆਂ ਜ਼ਮੀਨਾਂ ਪੁੱਡਾ ਨੂੰ ਓ.ਯੂ.ਵੀ.ਜੀ.ਐਲ. ਸਕੀਮ ਅਧੀਨ ਤਬਦੀਲ ਕੀਤੀਆਂ ਜਾਣ ਬਾਰੇ ਨੋਟਿਸ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਲਾਂਪੁਰ ਸ਼ਹਿਰ ਵਿਖੇ ਪਾਣੀ ਅਤੇ ਸੀਵਰੇਜ ਦਾ ਪ੍ਰਾਜੈਕਟ ਅਧੂਰਾ ਪਿਆ ਹੈ ਅਤੇ ਸ਼ਹਿਰ ਵਿਖੇ ਰੋਜ਼ਾਨਾ ਇਕੱਤਰ ਹੋ ਰਿਹਾ 45 ਤੋਂ 50 ਕੁਇੰਟਲ ਕੂੜਾ ਸੁੱਟਣ ਲਈ ਨਗਰ ਪੰਚਾਇਤ ਕੋਲ ਆਪਣੀ ਕੋਈ ਜਗ੍ਹਾ ਨਹੀਂ ਹੈ, ਜਿਸ ਕਰਕੇ ਸਰਕਾਰ ਵਲੋਂ ਵਿਕਾਸ ਕਾਰਜਾਂ ਲਈ ਦਿੱਤਾ ਇਕ ਕਰੋੜ ਰੁਪਏ ਕਰਜ਼ੇ ਦੇ ਰੂਪ ਵਿਚ ਮੋੜਨਾ ਕਾਫੀ ਮੁਸ਼ਕਲ ਹੈ। ਇਸ ਮੀਟਿੰਗ 'ਚ ਕੌਂਸਲਰ ਅਮਰਜੀਤ ਸਿੰਘ, ਕਮਲਜੀਤ ਚੌਧਰੀ, ਤਰਸੇਮ ਸਿੰਘ ਸੈਮੀ, ਨੀਲਮ ਰਾਣੀ, ਬੰਦਨਾ, ਸੰਤੋਸ਼ ਰਾਣੀ, ਨਰਿੰਦਰਪਾਲ ਕੌਰ ਅਹੀਰ ਅਤੇ ਇੰਦਰਜੀਤ ਕੌਰ ਹਾਜ਼ਰ ਸਨ।

ਇਸ ਦੌਰਾਨ ਪੰਜਾਬ ਸਰਕਾਰ ਨੇ ਆਰਥਿਕ ਸੰਕਟ ਤੋਂ ਛੁਟਕਾਰਾ ਪਾਉਣ ਲਈ ਸਥਾਨਕ ਸਰਕਾਰਾਂ ਵਿਭਾਗ ਦੀ ਉਹ ਜ਼ਮੀਨ ਵੇਚਣ ਦਾ ਫੈਸਲਾ ਕੀਤਾ ਹੈ, ਜਿਸ 'ਤੇ ਲੋਕਾਂ ਨੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ।

ਸਰਕਾਰ ਵਲੋਂ ਤਿਆਰ ਕੀਤੀ ਗਈ ਨੀਤੀ ਮੁਤਾਬਕ ਇਹ ਜ਼ਮੀਨ ਨਾਜਾਇਜ਼ ਤੌਰ 'ਤੇ ਕਬਜ਼ੇ ਕਰੀ ਬੈਠੇ ਲੋਕਾਂ ਨੂੰ ਸਰਕਾਰੀ ਰੇਟ 'ਤੇ ਵੇਚੀ ਜਾਵੇਗੀ। ਸਥਾਨਕ ਸਰਕਾਰਾਂ ਵਿਭਾਗ ਵਲੋਂ ਕੀਤੇ ਗਏ ਫੈਸਲੇ ਮੁਤਾਬਕ ਅਣ-ਅਧਿਕਾਰਤ ਕਬਜ਼ੇਕਾਰਾਂ ਤੋਂ ਉਨ੍ਹਾਂ ਦੇ ਕਬਜ਼ੇ ਨਿਯਮਿਤ ਕਰਨ ਬਦਲੇ ਕੰਪੋਜੀਸ਼ਨ ਫੀਸ ਵਸੂਲੀ ਜਾਵੇਗੀ ਅਤੇ ਡੀ.ਸੀ. ਵਲੋਂ ਨਿਸ਼ਚਿਤ ਕੀਤੇ ਗਏ ਸਰਕਾਰੀ ਰੇਟ ਨਾਲੋਂ 25 ਫੀਸਦੀ ਵਧ ਰਕਮ ਵਸੂਲ ਕੇ ਇਹ ਥਾਵਾਂ ਉਨ੍ਹਾਂ ਦੇ ਨਾਂਅ ਕਰ ਦਿੱਤੀਆਂ ਜਾਣਗੀਆਂ। ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਸਰਕਾਰਾਂ ਵਿਭਾਗ ਵਲੋਂ ਇਸ ਸਬੰਧ 'ਚ ਉਹ ਸਮੂਹ ਨਗਰ ਨਿਗਮਾਂ ਦੇ ਕਮਿਸ਼ਨਰਾਂ, ਮੇਅਰਾਂ, ਨਗਰ ਪ੍ਰੀਸ਼ਦਾਂ ਦੇ ਪ੍ਰਧਾਨਾਂ ਅਤੇ ਕਾਰਜ ਸਾਧਕ ਅਫਸਰਾਂ ਨੂੰ ਹੁਕਮ ਜਾਰੀ ਕਰ ਦਿੱਤੇ ਗਏ ਹਨ। ਵਿਭਾਗ ਵਲੋਂ ਕੀਤੇ ਗਏ ਫੈਸਲੇ ਅਨੁਸਾਰ ਨਾਜਾਇਜ਼ ਕਬਜ਼ੇਦਾਰ ਵਲੋਂ ਜ਼ਮੀਨ ਨਾ ਖਰੀਦੇ ਜਾਣ ਦੀ ਸੂਰਤ 'ਚ ਉਸ ਜ਼ਮੀਨ ਨੂੰ ਖੁੱਲ੍ਹੀ ਬੋਲੀ ਰਾਹੀਂ ਵੇਚਿਆ ਜਾਵੇਗਾ।

ਵਿਭਾਗ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਬੋਲੀ ਸਮੇਂ ਬੋਲੀਕਾਰ ਤੋਂ ਜ਼ਮਾਨਤ ਰਾਸ਼ੀ ਲੈਣ ਦੇ ਨਾਲ-ਨਾਲ ਬੋਲੀ ਟੁੱਟਣ 'ਤੇ ਪਲਾਟ ਦੀ ਕੀਮਤ ਦਾ 10 ਫੀਸਦੀ ਮੌਕੇ 'ਤੇ ਵਸੂਲਿਆ ਜਾਵੇਗਾ ਅਤੇ ਉਸ ਮਗਰੋਂ ਉਸ ਥਾਂ ਬਾਰੇ ਇਕਰਾਰਨਾਮਾ ਲਿਖਿਆ ਜਾਵੇਗਾ। ਵਿਭਾਗੀ ਫੈਸਲੇ ਅਨੁਸਾਰ ਸਫਲ ਬੋਲੀਕਾਰ ਨੂੰ ਕੁੱਲ ਰਕਮ ਦਾ 1/4 ਹਿੱਸਾ ਤਿੰਨ ਦਿਨਾਂ ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਦੀ ਰਕਮ ਉਹ ਤਿੰਨ ਬਰਾਬਰ ਮਾਸਿਕ ਕਿਸ਼ਤਾਂ 'ਚ ਜਮ੍ਹਾ ਕਰਵਾ ਸਕਣਗੇ। ਵਿਭਾਗ ਵਲੋਂ ਲਏ ਗਏ ਫੈਸਲੇ ਮੁਤਾਬਕ ਇਨ੍ਹਾਂ ਸ਼ਰਤਾਂ ਦੀ ਪਾਲਣਾ ਨਾ ਕੀਤੇ ਜਾਣ ਦੀ ਸੂਰਤ 'ਚ ਬੋਲੀਕਾਰ ਦੀ ਬਿਆਨਾ ਰਕਮ ਜ਼ਬਤ ਕਰ ਲਈ ਜਾਵੇਗੀ।

ਸਥਾਨਕ ਸਰਕਾਰਾਂ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਡੀ.ਐਸ.ਬੈਂਸ ਨੇ ਕਿਹਾ ਹੈ ਕਿ ਵਿਭਾਗ ਨੇ ਜ਼ਮੀਨ ਦੀ ਵਿਕਰੀ ਵੇਲੇ ਪਹਿਲਾਂ ਤੋਂ ਕਾਬਜ਼ ਲੋਕਾਂ ਨੂੰ ਤਰਜੀਹ ਦਿੱਤੇ ਜਾਣ ਦੀ ਬੇਨਤੀ ਸੂਬਾ ਸਰਕਾਰ ਨੂੰ ਕੀਤੀ ਹੈ।

## ਪੰਜਾਬ ਭਰ ਵਿਚ ਖੇਡ ਪ੍ਰਤਿਭਾ ਖੋਜ ਮੁਹਿੰਮ ਸ਼ੁਰੂ

**ਚੰਡੀਗੜ੍ਹ :** ਪੰਜਾਬ ਸਰਕਾਰ ਦੇ ਖੇਡ ਵਿਭਾਗ ਨੇ ਪ੍ਰੰਪਰਿਕ ਖੇਡਾਂ ਨੂੰ ਬੜਾਵਾ ਦੇਣ ਲਈ ਪੂਰੇ ਸੂਬੇ ਵਿਚ ਖੋਜ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਸੂਬੇ ਦੇ ਖੇਡ ਨਿਰਦੇਸ਼ਕ ਪ੍ਰਗਟ ਸਿੰਘ ਨੇ ਲੰਘੀ 25 ਜੂਨ ਨੂੰ ਦੱਸਿਆ ਕਿ ਪੰਚਾਇਤ ਯੁਵਾ ਖੇਡਾਂ ਅਤੇ ਖੇਡ ਮੁਹਿੰਮ ਦੇ ਤਹਿਤ ਸਾਲ 2009-10 ਦੌਰਾਨ ਪ੍ਰਤਿਭਾ ਖੋਜ ਲਈ 1223 ਪਿੰਡਾਂ ਅਤੇ 14 ਬਲਾਕਾਂ ਦੀ ਚੋਣ ਕੀਤੀ ਗਈ ਹੈ। ਇਨ੍ਹਾਂ ਸਾਰੇ ਪਿੰਡਾਂ ਵਿਚ ਖੇਡਾਂ ਲਈ ਮੁਢਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸਿੰਘ ਨੇ ਕਿਹਾ ਕਿ ਪ੍ਰਤਿਭਾ ਖੋਜ ਲਈ ਟੀਮ ਦੀ ਚੋਣ ਕਰ ਦਿੱਤੀ ਗਈ ਹੈ, ਜੋ ਕਿ ਇਸ ਵੱਡੇ ਪ੍ਰੋਗਰਾਮ ਨੂੰ ਸਿਰੇ ਚਾੜ੍ਹੇਗੀ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਸਾਰੇ ਚੁਣੇ ਹੋਏ ਸਥਾਨਾਂ ਨੂੰ 31 ਦਸੰਬਰ ਤੱਕ ਜ਼ਰੂਰੀ ਸਾਮਾਨ ਦੀ ਸਪਲਾਈ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦੇ ਤਹਿਤ 2009-10 ਲਈ ਮਨਜ਼ੂਰ ਰਾਸ਼ੀ ਦਾ 50 ਫੀਸਦੀ ਯਾਨੀ 6 ਕਰੋੜ 51 ਲੱਖ 50 ਹਜ਼ਾਰ ਰੁਪਏ ਵੰਡੇ ਜਾ ਚੁੱਕੇ ਹਨ ਅਤੇ ਬਾਕੀ ਰਾਸ਼ੀ ਵੀ ਇਕ ਮਹੀਨੇ ਦੇ ਤੈਅ ਸਮੇਂ ਅੰਦਰ ਦੇ ਦਿੱਤੀ ਜਾਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਇਸ ਯੋਜਨਾ ਦਾ ਟੀਚਾ ਬਲਾਕ ਪੱਧਰ 'ਤੇ ਪ੍ਰਤੀਯੋਗਤਾਵਾਂ ਕਰਵਾ ਕੇ ਪਿੰਡਾਂ ਵਿਚ ਖੇਡਾਂ ਨੂੰ ਬੜ੍ਹਾਵਾ ਦੇਣਾ ਹੈ। ਇਸ ਯੋਜਨਾ ਤਹਿਤ ਹਰੇਕ ਸਾਲ ਰਾਜ ਦੇ 10 ਫੀਸਦੀ ਪਿੰਡਾਂ ਅਤੇ ਬਲਾਕਾਂ ਨੂੰ ਲਿਆਂਦਾ ਜਾਵੇਗਾ ਅਤੇ ਉਥੇ ਖੇਡ ਲਈ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਇਸ ਯੋਜਨਾ ਦੇ ਤਹਿਤ ਚੁਣੇ ਹੋਏ ਪਿੰਡਾਂ ਅਤੇ ਬਲਾਕਾਂ ਨੂੰ ਖੇਡ ਸਬੰਧੀ ਜ਼ਰੂਰੀ ਸਹੂਲਤਾਂ ਲਈ ਕ੍ਰਮਵਾਰ ਇਕ ਲੱਖ ਅਤੇ 5 ਲੱਖ ਰੁਪਏ ਦਿੱਤੇ ਜਾਣਗੇ।

ਇਸ ਤੋਂ ਇਲਾਵਾ ਪਿੰਡ ਨੂੰ 10 ਹਜ਼ਾਰ ਅਤੇ ਬਲਾਕਾਂ ਨੂੰ 20 ਹਜ਼ਾਰ ਰੁਪਏ ਖੇਡ ਸਬੰਧੀ ਸਾਮਾਨ ਖਰੀਦਣ ਲਈ ਦਿੱਤੇ ਜਾਣਗੇ। ਨਾਲ ਹੀ ਪਿੰਡਾਂ ਅਤੇ ਬਲਾਕਾਂ ਨੂੰ ਕ੍ਰਮਵਾਰ 12 ਅਤੇ 24 ਹਜ਼ਾਰ ਰੁਪਏ ਖੇਡ ਸਬੰਧੀ ਗਤੀਵਿਧੀਆਂ ਨੂੰ ਚਲਾਉਣ ਲਈ ਦਿੱਤੇ ਜਾਣਗੇ।

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:jkulwant@sbcglobal.net
2123 Port Way, San Jose, CA 95133
CST: 2097308-40



Asiana Airlines THAI KOREAN AIR malaysia SINGAPORE AIRLINES Emirates
We Also Offer Notary Service

NCP College of Nursing
Educate | Grow | Succeed



Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
- (LVN) Vocational Nursing Program (Full-time & Part-time classes)
- Required General Science Courses for the LVN Program
- CNA Nursing Assistant Training*
- CNA Acute Care Training*
- NCLEX-PN Test Preparation Workshop
- IV Therapy & Blood Withdrawal Certification Course *
- CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080 1-800-339-5145
Hayward Campus 21615 Hesperian Blvd. Suite A, Hayward, CA 94541 1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com
NCP College of Nursing Vocational Nursing Program is accredited and approved by the California Board of Vocational Nursing and Psychiatric Tehnician. The Nursing Assistant Training Program is approved by the Department of Public Health. NCP College of Nursing is approved under Title 38, United States Code, to train veterans and their eligible dependents. NCP College of Nursing is also approved by the State of California as an Eligible Traing Provider through the Workforce Investment Act.

Gas Stations, Liquor Stores, Motels For Sale in Northern Nevada

Hot Listings

1. C-Store/Gas Stn. Reno NV, **Asking price $275,000** Business only. Monthly Gross Profit $24,000, Lease Rent $4500 P.M.
2. Port of Subs: Grass Valley CA, **Asking Price $240,000,** Monthly Gross Revenue $33,00+Lease Rent $3000 P.M.
3. Discount Gas and Liquor Store, Reno NV, **Asking Price 1.7 Million** with Real Estate. Monthly Gross Profit $27,000
4. 58 Units Motel in Modesto, CA, on leased land. Lease payment $ 3200 P.M., **Asking Price $625,000**
5. Gas/Stn C-Store: Reno, NV, With Real Estate. **Asking $1.7 Million,** Built in 2000, on .77 Acre Lot Auto, Car wash 6 MPD's. Very Busy Location.
6. Gas/Stn. C-Store on HWY 50 Near Placerville, CA, **Asking 1.7 Million,** Build on .77 Acre Lot. Adjacent 1.05 Acre Commercial Lot is Included in price. Inside Sale $55000+approximately and pumping 60,000 gallons.

For More Information on the above listings and for Motels and Shopping Centers in other states Call Sukhdev S. Hundal

Specialist in Gas Station, Liquor Store, Motels and Other Commercial Properties

Tel:775-624-1315
Fax:775-824-3660
E-mail:SDHUNDAL@sbcglobal.net


# ਮੌਨਸੂਨ ਦੀ ਦੇਰੀ ਕਾਰਨ ਝੋਨੇ ਹੇਠ 7 ਲੱਖ ਹੈਕਟੇਅਰ ਰਕਬਾ ਘਟਿਆ

**ਨਵੀਂ ਦਿੱਲੀ :** ਦੇਸ਼ ਵਿਚ ਮੌਨਸੂਨ ਪਛੜਨ ਕਾਰਨ ਸਾਉਣੀ ਦੀ ਬਿਜਾਈ ਉਤੇ ਕਾਫੀ ਮਾੜਾ ਅਸਰ ਪੈ ਰਿਹਾ ਹੈ। ਬਰਸਾਤ ਵਿਚ ਦੇਰੀ ਕਾਰਨ ਸਾਉਣੀ 2009-10 ਲਈ ਝੋਨਾ, ਤੇਲ ਬੀਜਾਂ, ਗੰਨਾ ਅਤੇ ਬਾਜਰੇ ਹੇਠ ਰਕਬਾ ਘਟ ਗਿਆ ਹੈ। ਕੇਂਦਰੀ ਖੇਤੀਬਾੜੀ ਮੰਤਰਾਲੇ ਦੀ ਇਕ ਰਿਪੋਰਟ ਅਨੁਸਾਰ ਮੌਨਸੂਨ ਸਮੇਂ ਸਿਰ ਨਾ ਆਉਣ ਕਾਰਨ ਇਸ ਸਾਲ 26 ਜੂਨ ਤਕ 18.28 ਲੱਖ ਹੈਕਟੇਅਰ ਝੋਨਾ ਹੀ ਲਾਇਆ ਗਿਆ ਹੈ, ਜਦਕਿ ਬੀਤੇ ਸਾਲ ਇਸ ਮਿਤੀ ਤਕ 25.20 ਲੱਖ ਹੈਕਟੇਅਰ ਝੋਨਾ ਲੱਗ ਚੁੱਕਿਆ ਸੀ। ਇਸ ਤਰ੍ਹਾਂ ਇਸ ਵਾਰੀ 26 ਜੂਨ ਤਕ ਤਕਰੀਬਨ 7 ਲੱਖ ਹੈਕਟੇਅਰ ਰਕਬਾ ਝੋਨੇ ਹੇਠੋਂ ਨਿਕਲ ਗਿਆ ਹੈ। ਇਸੇ ਤਰ੍ਹਾਂ ਤੇਲ ਬੀਜਾਂ ਹੇਠ 6.63 ਲੱਖ ਹੈਕਟੇਅਰ ਰਕਬਾ ਘੱਟ ਗਿਆ ਹੈ, ਜਦਕਿ ਪਿਛਲੇ ਸਾਲ ਇਨ੍ਹਾਂ ਦਿਨਾਂ ਵਿਚ 19.23 ਲੱਖ ਹੈਕਟੇਅਰ ਰਕਬਾ ਤੇਲ ਬੀਜਾਂ ਹੇਠ ਬੀਜਿਆ ਗਿਆ ਸੀ। ਮੌਨਸੂਨ ਦੀ ਦੇਰੀ ਨੇ ਸੋਇਆਬੀਨ ਅਤੇ ਮੂੰਗਫਲੀ ਦੀ ਫਸਲ ਦੀ ਬਿਜਾਈ ਉਤੇ ਮਾੜਾ ਅਸਰ ਪਾਇਆ ਹੈ।

ਪਰ ਥੋੜ੍ਹੀ ਤਸੱਲੀ ਵਾਲੀ ਗੱਲ ਇਹ ਹੈ ਕਿ ਇਸ ਸਾਲ 24 ਜੂਨ ਤਕ ਅਰਹਰ, ਮਾਂਹ (ਕਾਲੇ) ਅਤੇ ਮੂੰਗੀ (ਹਰੀ) ਹੇਠ ਥੋੜ੍ਹੇ ਵਧ ਰਕਬੇ ਵਿਚ ਬਿਜਾਈ ਹੋਈ ਹੈ। ਇਸੇ ਤਰ੍ਹਾਂ ਤਿਲ ਅਤੇ ਬਾਜਰੇ ਦੀ ਬਿਜਾਈ ਘਟੀ ਹੈ, ਪਰ ਇਸ ਖੱਪੇ ਨੂੰ ਜਵਾਰ ਅਤੇ ਮੱਕੀ ਦੀ ਵਧ ਬਿਜਾਈ ਨੇ ਪੂਰਾ ਕੀਤਾ ਹੈ।

ਰਿਪੋਰਟ ਅਨੁਸਾਰ ਕਪਾਹ ਹੇਠ 18.83 ਲੱਖ ਹੈਕਟੇਅਰ ਬੀਜਾਈ ਹੋਈ ਹੈ, ਜਦਕਿ ਬੀਤੇ ਸਾਲ ਇਹ 17.14 ਲੱਖ ਹੈਕਟੇਅਰ ਵਿਚ ਬੀਜੀ ਗਈ ਸੀ। ਇਸ ਫਸਲ ਹੇਠ ਰਾਜਸਥਾਨ, ਪੰਜਾਬ ਅਤੇ ਹਰਿਆਣਾ ਵਿਚ ਵਧ ਬਿਜਾਈ ਹੋਈ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਖੇਤੀਬਾੜੀ ਵਿਭਾਗ ਦੇ ਜਾਇੰਟ ਡਾਇਰੈਕਟਰ ਗੁਰਦਿਆਲ ਸਿੰਘ ਨੇ ਕਿਹਾ ਕਿ ਪੰਜਾਬ 'ਚ ਮਾਨਸੂਨ ਦੀ ਦੇਰੀ ਕਾਰਨ ਝੋਨੇ ਦੀ ਲੁਆਈ ਦਾ ਸੀਜ਼ਨ ਲੰਮਾ ਹੋ ਜਾਣ ਦੀ ਸੰਭਾਵਨਾ ਹੈ ਅਤੇ ਇਸ ਸਾਲ 26 ਲੱਖ ਹੈਕਟੇਅਰ ਰਕਬੇ 'ਚ ਝੋਨੇ ਦੀ ਲੁਆਈ ਦਾ ਟੀਚਾ ਹਾਸਲ ਕਰ ਸਕਣਾ ਸੰਭਵ ਨਹੀਂ ਹੈ। ਉਨ੍ਹਾਂ ਮੰਨਿਆ ਕਿ ਸੂਬੇ 'ਚ ਮੀਂਹ ਨਾ ਪੈਣ ਅਤੇ ਜ਼ਬਰਦਸਤ ਗਰਮੀ ਕਾਰਨ ਝੋਨੇ ਦੀ ਲੁਆਈ ਦੇ ਕੰਮ 'ਚ ਤੇਜ਼ੀ ਨਹੀਂ ਆ ਸਕੀ। ਉਨ੍ਹਾਂ ਕਿਹਾ ਕਿ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਹੁਣ ਤੱਕ 10 ਫੀਸਦੀ ਘੱਟ ਰਕਬੇ 'ਚ ਝੋਨੇ ਦੀ ਲੁਆਈ ਕੀਤੀ ਗਈ ਹੈ। ਗੁਰਦਿਆਲ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਇਸ ਸਮੇਂ ਤੱਕ 50 ਫੀਸਦੀ ਰਕਬੇ 'ਚ ਝੋਨੇ ਦੀ ਲੁਆਈ ਹੋ ਚੁੱਕੀ ਸੀ, ਪਰ ਇਸ ਵਾਰ ਹੁਣ ਤੱਕ ਸਿਰਫ 40 ਫੀਸਦੀ ਇਲਾਕੇ 'ਚ ਹੀ ਝੋਨੇ ਦੀ ਲੁਆਈ ਦਾ ਕੰਮ ਹੋ ਸਕਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਸਾਲ ਸੂਬੇ 'ਚ 26 ਲੱਖ ਹੈਕਟੇਅਰ ਰਕਬੇ 'ਚ ਝੋਨੇ




ਦੀ ਲੁਆਈ ਅਤੇ 152 ਲੱਖ ਮੀਟ੍ਰਿਕ ਟਨ ਉਤਪਾਦਨ ਦਾ ਟੀਚਾ ਮਿੱਥਿਆ ਗਿਆ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪੰਜਾਬ 'ਚ 27.35 ਲੱਖ ਹੈਕਟੇਅਰ ਰਕਬੇ 'ਚ ਝੋਨੇ ਦੀ ਕਾਸ਼ਤ ਕੀਤੀ ਗਈ ਸੀ ਅਤੇ 164.18 ਲੱਖ ਮੀਟ੍ਰਿਕ ਟਨ ਉਤਪਾਦਨ ਹੋਇਆ ਸੀ।

ਪੰਜਾਬ 'ਚ ਲੁਆਈ ਦਾ ਕੰਮ 10 ਜੂਨ ਨੂੰ ਸ਼ੁਰੂ ਹੋਇਆ ਅਤੇ ਸੂਬੇ 'ਚ ਝੋਨੇ ਦੀ ਲੁਆਈ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਮੁੱਕ ਜਾਂਦੀ ਹੈ ਅਤੇ ਉਸ ਮਗਰੋਂ ਜੁਲਾਈ ਦੇ ਅਖੀਰ ਤੱਕ ਬਾਸਮਤੀ ਦੀ ਲੁਆਈ ਕੀਤੀ ਜਾਂਦੀ ਹੈ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਲੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ 'ਚ ਸਿੰਚਾਈ ਲਈ ਘੱਟ ਪਾਣੀ ਛੱਡਣ ਬਾਰੇ ਲਏ ਗਏ ਫੈਸਲੇ ਨਾਲ ਵੀ ਸੂਬੇ 'ਚ ਝੋਨੇ ਦੀ ਲੁਆਈ ਦਾ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਗੁਰਦਿਆਲ ਸਿੰਘ ਨੇ ਕਿਹਾ ਕਿ ਭਾਖੜਾ ਬੋਰਡ ਦੇ ਇਸ ਫੈਸਲੇ ਨਾਲ ਕਿਸਾਨਾਂ 'ਤੇ ਬਹੁਤ ਮਾੜਾ ਅਸਰ ਪਵੇਗਾ।

ਇਸ ਦੌਰਾਨ ਝਨੇ ਦੀ ਬਿਜਾਈ ਲੇਟ ਹੋਣ ਤੇ ਰੇਟ ਵਧਣ ਕਾਰਨ ਕਿਸਾਨਾਂ-ਮਜ਼ਦੂਰਾਂ ਵਿਚਕਾਰ ਝਗੜੇ ਵੀ ਸਾਹਮਣੇ ਆਉਣ ਲਗੇ ਵਿਚਾਲੇ ਸੁਲਗਦੀ ਚਿੰਗਾੜੀ ਨੇ ਉਸ ਵੇਲੇ ਭਿਆਨਕ ਰੂਪ ਧਾਰਨ ਕਰ ਲਿਆ, ਜਦੋਂ ਲੰਘੀ 26 ਜੂਨ ਨੂੰ ਇਥੋਂ ਨਜ਼ਦੀਕੀ ਪਿੰਡ ਫਰੀਦੇਵਾਲਾ ਵਿਚ ਹੋਏ ਝਗੜੇ ਦੌਰਾਨ ਚੱਲੀ ਗੋਲੀ ਨਾਲ 6 ਵਿਅਕਤੀ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿਚੋਂ ਇਕ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਡੀ ਐਮ ਸੀ ਲੁਧਿਆਣਾ ਰੈਫਰ ਕਰ ਦਿੱਤਾ ਗਿਆ, ਜਿਸ ਦੀ ਰਸਤੇ 'ਚ ਹੀ ਮੌਤ ਹੋ ਗਈ, ਜਦੋਂ ਕਿ ਇੱਕ ਦੀ ਹਾਲਤ ਸਥਿਰ ਬਣੀ ਹੋਈ ਹੈ।

26 ਜੂਨ ਨੂੰ ਸਵੇਰੇ ਕਰੀਬ 9 ਵਜੇ ਸਥਿਤੀ ਉਦੋਂ ਤਣਾਅਪੂਰਨ ਹੋ ਗਈ। ਇਸ ਦੌਰਾਨ ਹੋਏ ਝਗੜੇ ਵਿਚ ਬਾਊ ਪੁੱਤਰ ਖਾਨੂੰ, ਵੀਰ ਸਿੰਘ ਉਰਫ਼ ਬੀਰਾ ਪੁੱਤਰ ਮਹਾਂਦਾ, ਗੁਲਜਾਰ ਪੁੱਤਰ ਜਾਨੂੰ, ਬਰਕਤ ਅਤੇ ਬੋਹੜ ਸਿੰਘ ਜ਼ਖ਼ਮੀ ਹੋ ਗਏ ਅਤੇ ਹਮਲਾਵਰ ਮੌਕੇ ਤੋਂ ਭੱਜ ਗਏ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ, ਜਿਨ੍ਹਾਂ ਵਿਚੋਂ ਬਾਊ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਡੀ ਐਮ ਸੀ ਲੁਧਿਆਣਾ ਰੈਫਰ ਕਰ ਦਿੱਤਾ ਗਿਆ ਹੈ, ਜਿਸ ਦੀ ਰਾਹ 'ਚ ਹੀ ਮੌਤ ਹੋ ਗਈ। ਸਿਵਲ ਹਸਪਤਾਲ ਫਿਰੋਜ਼ਪੁਰ ਵਿਚ ਦਾਖਲ ਜ਼ਖ਼ਮੀਆਂ ਵਿਚੋਂ ਵੀਰੂ ਦੀ ਹਾਲਤ ਵੀ ਡਾਕਟਰਾਂ ਵਲੋਂ ਸਥਿਰ ਦੱਸੀ ਜਾ ਰਹੀ ਹੈ। ਥਾਣਾ ਮੱਲਾਂਵਾਲਾਂ ਦੇ ਮੁਖੀ ਅਸ਼ਵਨੀ ਕੁਮਾਰ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਕਾਰਵਾਈ ਕੀਤੀ ਜਾ ਰਹੀ ਹੈ।

## ਕਿਸਾਨਾਂ ਨੂੰ ਸਿੱਧੀ ਅਦਾਇਗੀ ਦਾ ਨੋਟੀਫਿਕੇਸ਼ਨ ਪਹਿਲੀ ਤੋਂ ਲਾਗੂ ਹੋਵੇਗਾ



ਅਜਮੇਰ ਸਿੰਘ ਲੱਖੋਵਾਲ

**ਬਠਿੰਡਾ :** ਪੰਜਾਬ ਦੇ ਕਿਸਾਨਾਂ ਨੂੰ ਜਿਣਸਾਂ ਦੀ ਸਿੱਧੀ ਅਦਾਇਗੀ ਕਰਨ ਦਾ ਸਰਕਾਰੀ ਨੋਟੀਫਿਕੇਸਨ ਪਹਿਲੀ ਜੁਲਾਈ ਤੋਂ ਅਮਲ 'ਚ ਆ ਜਾਵੇਗਾ। ਇਹ ਐਲਾਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਨੇ ਲੰਘੀ 27 ਜੂਨ ਨੂੰ ਇਥੇ ਕੀਤਾ।

ਉਹ ਇੱਥੇ ਮੰਡੀ ਬੋਰਡ ਵਲੋਂ ਕੌਮੀ ਬਾਗਬਾਨੀ ਮਿਸ਼ਨ ਤਹਿਤ ਫਲਾਂ ਤੇ ਸਬਜ਼ੀਆਂ ਦੇ ਉਤਪਾਦਨ, ਸਾਂਭ-ਸੰਭਾਲ ਤੇ ਮੰਡੀਕਰਨ ਦੀਆਂ ਨਵੀਆਂ ਤਕਨੀਕਾਂ ਸਬੰਧੀ ਗੋਸ਼ਟੀ 'ਚ ਹਿੱਸਾ ਲੈਣ ਆਏ ਸਨ। ਸ੍ਰੀ ਲੱਖੋਵਾਲ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਇਹ ਨੋਟੀਫਿਕੇਸ਼ਨ ਵਾਪਸ ਲੈ ਲਿਆ ਗਿਆ ਸੀ। ਹੁਣ ਸਰਕਾਰ ਵਲੋਂ ਆੜ੍ਹਤੀਆਂ ਵਲੋਂ ਪੰਜ ਸੀਜ਼ਨਾਂ ਤੱਕ ਇਸ ਨੋਟੀਫਿਕੇਸ਼ਨ ਨੂੰ ਲਾਗੂ ਨਾ ਕਰਨ ਦੀ ਅਪੀਲ ਦੇ ਜੁਆਬ 'ਚ ਤਿੰਨ ਸੀਜ਼ਨਾਂ ਲਈ ਰੋਕਣ ਦੀ ਪੇਸ਼ਕਸ਼ ਕੀਤੀ ਗਈ ਸੀ,ਜੋ ਹੁਣ ਖਤਮ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਦੇ ਆੜ੍ਹਤੀਆਂ ਵਲੋਂ ਇਸ ਫੈਸਲੇ ਨੂੰ ਲਾਗੂ ਕਰਨ ਦਾ ਵਿਰੋਧ ਕੀਤਾ ਜਾ ਰਿਹਾ ਹੈ ਪਰ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਿਸਾਨਾਂ ਨਾਲ ਕੀਤੇ ਵਾਅਦੇ 'ਤੇ ਪੂਰਾ ਉਤਰਨਗੇ। ਜਦੋਂ ਉਨ੍ਹਾਂ ਨੂੰ ਇਸ ਫੈਸਲੇ ਸਬੰਧੀ ਮੁੱਖ ਮੰਤਰੀ ਦੀ ਸਹਿਮਤੀ ਹੋਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਨੋਟੀਫਿਕੇਸ਼ਨ ਹੀ ਮੁੱਖ ਮੰਤਰੀ ਵਲੋਂ ਕਰਵਾਇਆ ਗਿਆ ਹੈ। ਸ਼ਾਹੂਕਾਰਾ ਕਰਜ਼ੇ ਨੂੰ ਨਿਯਮਤ ਕਰਨ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਇਹ ਕਰਜ਼ਾ ਸਿਰਫ਼ ਡੇਢ ਫੀਸਦੀ ਵਿਆਜ 'ਤੇ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਰਜ਼ੇ 'ਚ ਜਕੜੇ ਕਿਸਾਨਾਂ ਨੂੰ ਬਚਾਉਣ ਲਈ ਸਰ ਛੋਟੂ ਰਾਮ ਕਾਨੂੰਨ ਦੁਬਾਰਾ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਯੂਨੀਅਨ ਨੇ ਕੇਂਦਰ ਨੂੰ ਬਜਟ ਪੇਸ਼ ਕਰਨ ਤੋਂ ਪਹਿਲਾਂ ਕਿਸਾਨ ਪ੍ਰਤੀਨਿਧੀਆਂ ਦੇ ਵਿਚਾਰ ਲੈਣ ਦੀ ਅਪੀਲ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਸੁਣਵਾਈ ਦਾ ਮੌਕਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਰੇਲਵੇ ਬਜਟ ਵਾਂਗ ਖੇਤੀ ਮੰਤਰਾਲੇ ਦਾ ਬਜਟ ਵੀ ਵੱਖਰਾ ਪੇਸ਼ ਕੀਤਾ ਜਾਣਾ ਚਾਹੀਦਾ ਹੈ।

## ਸਮਲਿੰਗਤਾ ਹੁਣ ਅਪਰਾਧ ਨਹੀਂ ਹੋਵੇਗੀ

**ਨਵੀਂ ਦਿੱਲੀ :** ਕੇਂਦਰ ਭਾਰਤੀ ਦੰਡਾਵਲੀ ਦੀ ਉਸ ਵਾਦ-ਵਿਵਾਦ ਵਾਲੀ ਧਾਰਾ ਨੂੰ ਖਤਮ ਕਰਨ 'ਤੇ ਵਿਚਾਰ ਕਰ ਰਿਹਾ ਹੈ, ਜਿਸ ਵਿਚ ਸਮਲਿੰਗਤਾ ਨੂੰ ਅਪਰਾਧਿਕ ਕਾਰਾ ਮੰਨਿਆ ਗਿਆ ਹੈ। ਅਧਿਕਾਰਕ ਸੂਤਰਾਂ ਨੇ ਦੱਸਿਆ ਕਿ ਭਾਰਤੀ ਦੰਡਾਵਲੀ ਦੀ ਧਾਰਾ 377 ਨੂੰ ਖਤਮ ਕਰਨ 'ਤੇ ਆਮ ਸਹਿਮਤੀ ਬਣਾਉਣ ਲਈ ਕੇਂਦਰ ਜਲਦੀ ਹੀ ਇਕ ਮੀਟਿੰਗ ਕਰੇਗਾ। ਸੂਤਰਾਂ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਪੀ. ਚਿੰਦਬਰਮ ਦੀ ਪ੍ਰਧਾਨਗੀ ਵਾਲੀ ਮੀਟਿੰਗ ਵਿਚ ਭਾਰਤੀ ਦੰਡਾਵਲੀ ਦੀ ਵਾਦ-ਵਿਵਾਦ ਵਾਲੀ ਧਾਰਾ ਨੂੰ ਖਤਮ ਕੀਤੇ ਜਾਣ 'ਤੇ ਵਿਚਾਰ ਕੀਤਾ ਜਾਵੇਗਾ, ਜੋ ਬਰਾਬਰ ਲਿੰਗ ਦੇ ਲੋਕਾਂ ਵਿਚਾਲੇ ਸੈਕਸ ਸਬੰਧਾਂ 'ਤੇ ਪਾਬੰਦੀ ਲਾਉਂਦੀ ਹੈ।

ਚਿਦੰਬਰਮ ਅਤੇ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਧਾਰਾ 377 ਨੂੰ ਖਤਮ ਕਰਨ ਦੇ ਪੱਖ ਵਿਚ ਹਨ, ਪਰ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਗ੍ਰਹਿ ਅਤੇ ਸਿਹਤ ਮੰਤਰੀਆਂ ਨੂੰ ਮੁੱਦੇ 'ਤੇ ਮਤਭੇਦਾਂ ਦੇ ਹੱਲ ਅਤੇ ਦਿੱਲੀ ਹਾਈਕੋਰਟ ਨੂੰ ਵਿਸਥਾਰਪੂਰਵਕ ਜੁਆਬ ਦੇਣ ਲਈ ਕਿਹਾ ਸੀ, ਜੋ ਕਾਨੂੰਨ ਤਹਿਤ ਗ੍ਰਿਫਤਾਰੀਆਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ। ਮਾਮਲੇ ਨੂੰ ਗੰਭੀਰ ਕਰਾਰ ਦਿੰਦੇ ਹੋਏ ਹਾਈਕੋਰਟ ਨੇ ਮਾਮਲੇ ਨੂੰ ਜਲਦੀ ਤੋਂ ਜਲਦੀ ਸੁਲਝਾਉਣ ਦੇ ਨਿਰਦੇਸ਼ ਦਿਤੇ ਹਨ।

## ਕਿਸਾਨਾਂ ਨੂੰ ਸਿੱਧੀ ਅਦਾਇਗੀ ਲਾਗੂ ਨਹੀਂ ਹੋਣ ਦਿਆਂਗੇ



ਮਹਿੰਦਰ ਸਿੰਘ ਕੇ.ਪੀ.

**ਕੁਹਾੜਾ :** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਮਹਿੰਦਰ ਸਿੰਘ ਕੇ.ਪੀ. ਨੇ ਬੀਤੀ 28 ਜੂਨ ਨੂੰ ਕਿਹਾ ਕਿ ਉਹ ਅਕਾਲੀ-ਭਾਜਪਾ ਸਰਕਾਰ ਵਲੋਂ ਪੰਜਾਬ ਦੇ ਕਿਸਾਨਾਂ ਨੂੰ ਜਿਣਸਾਂ ਦੀ ਸਿੱਧੀ ਅਦਾਇਗੀ ਦਾ ਨੋਟੀਫਿਕੇਸ਼ਨ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿਆਂਗੇ ਅਤੇ ਕਾਂਗਰਸ ਪਾਰਟੀ ਕਿਸਾਨਾਂ ਨੂੰ ਪਹਿਲਾਂ ਵਾਂਗ ਹੀ ਆੜ੍ਹਤੀਆਂ ਰਾਹੀਂ ਅਦਾਇਗੀ ਕਰਨ ਦੇ ਹੱਕ ਵਿਚ ਹੈ।

ਸ੍ਰੀ ਕੇ.ਪੀ. ਇਤਿਹਾਸਕ ਗੁਰਦੁਆਰਾ ਸ੍ਰੀ ਰੇਰੂ ਸਾਹਿਬ ਵਿਖੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਦੇ ਸਾਲੇ ਅਤੇ ਸਾਬਕਾ ਵਿਧਾਇਕ ਹਰਬੰਸ ਕੌਰ ਦੂਲੋ ਦੇ ਭਰਾ ਜਤਿੰਦਰ ਸਿੰਘ ਕਾਕਾ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਤੋਂ ਬਾਅਦ ਕਾਂਗਰਸੀ ਵਰਕਰਾਂ ਨਾਲ ਵਿਚਾਰ ਵਟਾਂਦਰਾ ਕਰ ਰਹੇ ਸਨ।

ਸ੍ਰੀ ਕੇ.ਪੀ. ਨੇ ਕਿਹਾ ਕਿ ਜੇ ਪੰਜਾਬ ਅੰਦਰ ਫਸਲ ਦੀ ਖਰੀਦ ਆੜ੍ਹਤੀਆਂ ਰਾਹੀ ਹੋ ਰਹੀ ਹੈ ਤਾਂ ਫਿਰ ਅਦਾਇਗੀ ਆੜ੍ਹਤੀਆਂ ਰਾਹੀ ਕਰਵਾਉਣ ਵਿਚ ਸਰਕਾਰ ਨੂੰ ਕੀ ਇਤਰਾਜ਼ ਹੈ। ਉਨ੍ਹਾਂ ਕਿਹਾ ਕਿ ਜੋ ਸਿਸਟਮ ਪਹਿਲਾਂ ਚੱਲ ਰਿਹਾ ਹੈ ਉਸ ਨੂੰ ਬਦਲਣਾ ਨਹੀਂ ਚਾਹੀਦਾ ਕਿਉਂਕਿ ਸਿੱਧੀ ਅਦਾਇਗੀ ਕਿਸਾਨਾਂ ਦੇ ਲਈ ਬਹੁਤੀ ਲਾਹੇਵੰਦ ਸਾਬਿਤ ਨਹੀਂ ਹੋਵੇਗੀ।




# ਆਪਣਾ ਜੀਵਨ ਲੋਕਾਂ ਦੇ ਲੇਖੇ ਲਾ ਦਿੱਤਾ ਪ੍ਰੋਫੈਸਰ ਹਰਭਜਨ ਸੋਹੀ ਨੇ

**-ਸੁਰਜੀਤ ਗਿੱਲ**

ਬੀਤੇ ਦਿਨੀਂ ਪੜ੍ਹਿਆ ਕਿ ਪ੍ਰੋਫੈਸਰ ਹਰਭਜਨ ਸੋਹੀ, ਉੱਘਾ ਨਕਸਲੀ ਦਿਲ ਫੇਲ੍ਹ ਹੋਣ ਕਾਰਨ ਸੰਸਾਰ ਤੋਂ ਚਲਾਣਾ ਕਰ ਗਿਆ ਹੈ। ਉਹਦੇ ਬਾਰੇ ਮੋਟੀ-ਮੋਟੀ ਜਾਣਕਾਰੀ ਵੀ ਦਿੱਤੀ ਗਈ ਸੀ। ਉਸ ਦਾ ਦੇਹਾਂਤ ਕਦੋਂ ਹੋਇਆ? ਉਹਦਾ ਸੰਸਕਾਰ ਕਿੱਥੇ ਹੋਵੇਗਾ? ਇਸ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਸੀ। ਸਰਮਾਏਦਾਰੀ ਪੱਤਰਕਾਰੀ ਦਾ ਇਹ ਦੁਖਾਂਤ ਹੈ ਕਿ ਇਹ ਇਸਨੂੰ ਨਿਰੋਲ ਆਪਣੀ ਜਮਾਤ ਲਈ ਵਰਤਦੀ ਹੈ। ਵਿਰੋਧੀਆਂ ਬਾਰੇ ਗੱਲ ਕਰਨੀ ਇਸ ਦੀ ਮਜਬੂਰੀ ਹੈ, ਚੱਲੋ....ਪ੍ਰੋਫੈਸਰ ਹਰਭਜਨ ਸੋਹੀ ਕੋਈ ਸਧਾਰਨ ਵਿਅਕਤੀ ਨਹੀਂ ਸੀ। ਉਹਨੇ ਆਪਣਾ ਮੱਧਵਰਗੀ ਕੈਰੀਅਰ ਤੇ ਸਾਰਾ ਜੀਵਨ ਲੋਕਾਂ ਦੇ ਲੇਖੇ ਲਾ ਦਿੱਤਾ। ਉਸਨੇ ਪੰਜਾਬ ਦੇ ਵੱਖੋ-ਵੱਖਰੇ ਤਬਕਿਆਂ ਦੇ ਸੰਘਰਸ਼ ਜਥੇਬੰਦ ਕੀਤੇ ਤੇ ਉਹਨਾਂ ਦੇ ਹਿੱਤਾਂ ਲਈ ਲੜਾਈਆਂ ਲੜੀਆਂ। ਹਰਭਜਨ ਸੋਹੀ ਇੱਕ ਛੋਟੇ ਪੁਲਸ ਅਫਸਰ ਦੇ ਘਰ ਪੰਜਾਹਵਿਆਂ ਵਿਚ ਜਨਮਿਆ। ਉਹ ਕੇਵਲ ਦੋ ਭੈਣ-ਭਰਾ ਹੀ ਸਨ। ਵੱਡਾ ਹਰਭਜਨ ਤੇ ਛੋਟੀ ਭੈਣ ਹਰਿੰਦਰ। ਦੋਵਾਂ ਭੈਣ-ਭਰਾਵਾਂ ਦਾ ਆਪਸੀ ਪੰਜ-ਸੱਤ ਸਾਲਾਂ ਦਾ ਫਰਕ ਸੀ। ਹਰਭਜਨ ਦਾ ਪਿਤਾ ਗਰੀਬ ਕਿਸਾਨੀ ਵਿਚੋਂ ਸੀ ਜਿਸਨੇ ਆਪਣੀ ਮਿਹਨਤ ਨਾਲ ਵਿੱਦਿਆ ਪ੍ਰਾਪਤ ਕਰਕੇ ਨੌਕਰੀ ਪ੍ਰਾਪਤ ਕੀਤੀ ਤੇ ਛੋਟਾ ਅਫਸਰ ਬਣ ਗਿਆ।

ਹਰਭਜਨ ਦਾ ਪਿਤਾ ਸਰਦਾਰ ਤੇਜਾ ਸਿੰਘ ਆਮ ਪੁਲਸੀਆਂ ਵਾਂਗ ਨਹੀਂ ਸੀ। ਉਹ ਈਮਾਨਦਾਰ ਸੀ। ਉਹਦੀ ਇੱਛਾ ਕੇਵਲ ਦੋਵਾਂ ਬੱਚਿਆਂ ਨੂੰ ਪੜ੍ਹਾ ਕੇ ਜੀਵਨ ਵਿਚ ਚੰਗਾ ਸਥਾਨ ਦਿਵਾਉਣ ਦੀ ਸੀ। ਉਹਨੇ ਚੰਗੇ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਾਇਆ। ਉਹਨੇ ਹਰਭਜਨ ਨੂੰ ਸਾਇੰਸ ਪੜ੍ਹਾਈ। ਹਰਭਜਨ ਨੂੰ ਅੰਬਾਲੇ ਸਾਇੰਸ ਪੜ੍ਹਨ ਲਈ ਭੇਜਿਆ ਪ੍ਰੰਤੂ ਹਰਭਜਨ ਬੀ ਐੱਸ ਸੀ ਕਰਨ ਤੋਂ ਬਿਨਾਂ ਹੀ ਵਾਪਸ ਬਠਿੰਡਾ ਆ ਗਿਆ, ਜਿੱਥੇ ਉਸ ਸਮੇਂ ਉਸਦਾ ਪਿਤਾ ਤੇ ਪਰਵਾਰ ਰਹਿੰਦੇ ਸਨ, ਉਹਨੇ ਮੁੜ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅੰਗਰੇਜ਼ੀ ਦੀ ਐੱਮ.ਏ.ਕੀਤੀ। ਪਹਿਲਾਂ ਉਹ ਰਿਪੁਦਮਨ ਕਾਲਜ ਨਾਭਾ 'ਚ ਵੀ ਪੜ੍ਹਿਆ ਸੀ। ਇਸ ਕਾਲਜ ਵਿਚ ਉਸ ਸਮੇਂ ਭਵਿੱਖ ਦੇ ਕਮਿਊਨਿਸਟ ਆਗੂ ਭਾਨ ਸਿੰਘ ਭੌਰਾ, ਭੁਪਿੰਦਰ ਸਾਂਬਰ ਤੇ ਪ੍ਰੀਤਮ ਸਿੱਧੂ ਆਦਿ ਵੀ ਪੜ੍ਹਦੇ ਸਨ। ਇਹ ਕਾਲਜ ਉਸ ਸਮੇਂ ਕਾਫੀ ਹੱਦ ਤੱਕ ਜਾਗੀਰੂ ਬੰਧਨਾਂ ਤੋਂ ਮੁਕਤ ਸੀ।

ਪੰਜਾਬ ਦੇ ਦੂਜੇ ਕਾਲਜਾਂ ਦੇ ਉਲਟ ਇੱਥੇ ਮੁੰਡੇ ਕੁੜੀਆਂ ਖੁੱਲ੍ਹੇ ਵਿਚਰਦੇ ਸਨ। ਇਸ ਮਾਹੌਲ ਨੇ ਹਰਭਜਨ ਦੇ ਵਿਅਕਤੀਤਵ ਦੀ ਉਸਾਰੀ ਵਿਚ ਅਹਿਮ ਰੋਲ ਅਦਾ ਕੀਤਾ ਤੇ ਉਹ ਜਾਗੀਰੂ ਸੰਸਕਾਰਾਂ ਤੋਂ ਸਦਾ ਲਈ ਮੁਕਤ ਹੋ ਗਿਆ। ਇੱਥੇ ਉਹਨੇ ਆਮ ਮੁੰਡਿਆਂ ਵਾਂਗ ਇੱਕ ਸਧਾਰਨ ਮਾਸਟਰ ਦੀ ਧੀ ਜਿਹੜੀ ਉਹਦੇ ਨਾਲ ਪੜ੍ਹਦੀ ਸੀ, ਨਾਲ ਪਿਆਰ ਕੀਤਾ। ਇਹ ਕੁੜੀ ਉਸ ਦੀ ਜੀਵਨ ਸਾਥਣ ਤਾਂ ਨਾ ਬਣ ਸਕੀ ਪਰ ਇਸ ਦਾ ਪ੍ਰਭਾਵ ਉਸ ਦੇ ਜੀਵਨ ਉੱਤੇ ਲੰਮੇ ਸਮੇਂ ਤੱਕ ਰਿਹਾ। ਉਹ ਸਮਾਣੇ ਰਹਿੰਦੀ ਸੀ। ਇੱਕ ਵਾਰ ਮੈਂ ਤੇ ਹਰਭਜਨ ਉਹਨੂੰ ਮਿਲਣ ਗਏ। ਮੈਂ ਹਰਭਜਨ ਦਾ ਬਾਡੀਗਾਰਡ ਬਣ ਕੇ ਗਿਆ। ਸਾਨੂੰ ਇੱਕ ਵਾਰ ਉਹ ਕੁੜੀ ਆਪਣੇ ਘਰੇ ਫਿਰਦੀ ਤਾਂ ਦਿਸ ਗਈ ਪ੍ਰੰਤੂ ਉਹਨੂੰ ਮਿਲਣ ਤੇ ਮੁੜ ਦੇਖਣ ਵਿਚ ਅਸੀਂ ਸਫਲ ਨਾ ਹੋ ਸਕੇ। ਮੈਂ ਉਸ ਘਰ ਵਿਚ ਮੀਟਰ ਰੀਡਰ ਬਣ ਕੇ ਗਿਆ। ਕੁਝ ਦੇਰ ਰੁਕਣ ਲਈ ਮੀਟਰ ਦਾ ਬਿੱਲ ਵੀ ਮੰਗਿਆਂ ਤੇ ਪੀਣ ਲਈ ਪਾਣੀ ਵੀ ਮੰਗਿਆ ਪਰ ਉਹ ਕੁੜੀ ਘਰੋਂ ਬਾਹਰ ਨਾ ਨਿਕਲੀ। ਅਸੀਂ ਮਾਯੂਸ ਹੋ ਕੇ ਵਾਪਸ ਆ ਗਏ। ਮੈਨੂੰ ਹਰਭਜਨ ਨੇ ਦੱਸਿਆ ਕਿ ਇਸ ਪਿੱਛੋਂ ਵੀ ਕੀਤੇ ਕੁਝ ਯਤਨ ਅਸਫਲ ਹੀ ਰਹੇ। ਪੁਰਾਣੇ ਸਾਥੀਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮੁੱਢ ਵਿਚ ਹਰਭਜਨ ਦਾ ਨਾ ਕਿਸੇ ਰਾਜਨੀਤੀ ਵਲ ਝੁਕਾਅ ਸੀ ਤੇ ਨਾ ਹੀ ਉਹ ਗੰਭੀਰ ਸੀ। ਉਹ ਆਮ ਮੁੰਡਿਆਂ ਵਰਗਾ ਸੀ। ਉਹ ਸੁਭਾਅ ਦਾ ਮਿਲਣਸਾਰ, ਸਾਫ ਰਹਿਣੀ-ਬਹਿਣੀ ਵਾਲਾ ਹਸਮੁਖ ਮੁੰਡਾ ਸੀ। ਉਹਦੀ ਗੱਲਬਾਤ ਪ੍ਰਭਾਵਸ਼ਾਲੀ ਹੁੰਦੀ ਸੀ। ਉਹ 'ਪ੍ਰੀਤਲੜੀ' ਦੇ ਹੋਰ ਰਸਾਲਿਆਂ ਦਾ ਪੱਕਾ ਪਾਠਕ ਸੀ। 1960-62 ਦੇ ਕਰੀਬ ਉਹ ਬਠਿੰਡੇ ਆ ਕੇ ਮੈਨੂੰ ਮਿਲਿਆ ਤੇ ਉਹਨੂੰ ਕਮਿਊਨਿਸਟ ਲਹਿਰ ਤੇ ਪਾਰਟੀ ਬਾਰੇ ਕਾਫੀ ਗਿਆਨ ਸੀ। ਉਹਦਾ ਇੱਕ ਪੁਰਾਣਾ ਸਾਥੀ ਜਗਦੀਪ (ਰੰਗੀ) ਉਹਦੇ ਕਾਫੀ ਪ੍ਰਭਾਵ ਹੇਠ ਪਾਰਟੀ ਮੈਂਬਰ ਬਣ ਗਿਆ ਤੇ ਪਾਰਟੀ ਲਈ ਕੁਲ ਵਕਤੀ ਕੰਮ ਕਰਨ ਲਈ ਵੀ ਤਿਆਰ ਹੋ ਗਿਆ। ਪ੍ਰੰਤੂ ਹਰਭਜਨ ਆਪ ਪਾਰਟੀ ਮੈਂਬਰ ਨਾ ਬਣਿਆ। ਉਸ ਸਮੇਂ ਪਾਰਟੀ ਅੰਦਰ ਚੱਲ ਰਹੇ ਵਿਵਾਦ ਵਿਚ ਉਹ ਸਦਾ ਹੀ ਸੱਜੇ ਪੱਖ ਦਾ ਪੱਖ ਪੂਰਦਾ ਤੇ ਖੱਬੇ ਪੱਖੀਆਂ ਨੂੰ ਉਹ ਅਨਪੜ੍ਹ ਤੇ ਬੂਝੜ ਦੱਸਦਾ। ਅੰਗਰੇਜ਼ੀ ਦੀ ਐੱਮ.ਏ. ਕਰਨ ਉਪਰੰਤ ਉਹਨੇ ਰਾਜਿੰਦਰਾ ਕਾਲਜ ਬਠਿੰਡਾ ਵਿਚ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕੀਤੀ। ਇਸ ਅਵਸਰ ਨੂੰ ਉਹਨੇ ਮੁੰਡੇ-ਕੁੜੀਆਂ ਨਾਲ ਨੇੜਲੀ ਵਾਕਫੀਅਤ ਕਰਨ ਲਈ ਵਰਤਿਆ ਜਿਹੜੀ ਭਵਿੱਖ ਵਿਚ ਉਹਦੇ ਬਹੁਤ ਕੰਮ ਆਈ। ਉਹਦਾ ਵਿਅਕਤੀਤਵ ਪ੍ਰਭਾਵਸ਼ਾਲੀ ਸੀ ਤੇ ਮੁੰਡੇ-ਕੁੜੀਆਂ ਨੂੰ ਛੇਤੀ ਹੀ ਪ੍ਰਭਾਵਤ ਕਰ ਲੈਂਦਾ ਸੀ। ਇਸੇ ਸਮੇਂ ਦੌਰਾਨ ਹੀ ਉਹਦਾ ਮੇਲ ਭਵਿੱਖ ਦੇ ਯੁੱਧ ਸਾਥੀ ਤੇ ਰਿਸ਼ਤੇਦਾਰ ਉਜਾਗਰ ਸਿੰਘ ਭੁੱਚੋ ਨਾਲ ਹੋਇਆ। ਇਹ ਮੇਲ ਅਜਿਹਾ ਮਿਲਿਆ ਕਿ ਅੱਗੇ ਚੱਲ ਕੇ ਉਜਾਗਰ ਦੀ ਛੋਟੀ ਭੈਣ ਮਹਿੰਦਰ ਹਰਭਜਨ ਨਾਲ ਵਿਆਹੀ ਗਈ। ਇਸੇ ਸਮੇਂ ਉਹਦਾ ਮੇਲ ਰਾਮਪੁਰਾ ਫੂਲ ਦੇ ਮਾਸਟਰ ਮੇਘ ਰਾਜ ਤੇ ਯਸ਼ਪਾਲ ਦੇ ਪਰਵਾਰ ਨਾਲ ਹੋਇਆ।

> ***ਪ੍ਰੋਫੈਸਰ ਹਰਭਜਨ ਸੋਹੀ ਕੋਈ ਸਧਾਰਨ ਵਿਅਕਤੀ ਨਹੀਂ ਸੀ। ਉਹਨੇ ਆਪਣਾ ਮੱਧਵਰਗੀ ਕੈਰੀਅਰ ਤੇ ਸਾਰਾ ਜੀਵਨ ਲੋਕਾਂ ਦੇ ਲੇਖੇ ਲਾ ਦਿੱਤਾ। ਉਸ ਨੇ ਪੰਜਾਬ ਦੇ ਵੱਖੋ-ਵੱਖਰੇ ਤਬਕਿਆਂ ਦੇ ਸੰਘਰਸ਼ ਜਥੇਬੰਦ ਕੀਤੇ ਤੇ ਉਹਨਾਂ ਦੇ ਹਿੱਤਾਂ ਲਈ ਲੜਾਈਆਂ ਲੜੀਆਂ। ਹਰਭਜਨ ਸੋਹੀ ਇੱਕ ਛੋਟੇ ਪੁਲਸ ਅਫਸਰ ਦੇ ਘਰ ਪੰਜਾਹਵਿਆਂ ਵਿਚ ਜਨਮਿਆ। ਉਹ ਕੇਵਲ ਦੋ ਭੈਣ-ਭਰਾ ਹੀ ਸਨ।***

1964 ਵਿਚ ਪਾਰਟੀ ਦੇ ਦੋਫਾੜ ਹੋਣ ਸਮੇਂ ਉਹ ਕਮਿਊਨਿਸਟ ਪਾਰਟੀ ਮਾਰਕਸਵਾਦੀ ਨਾਲ ਖੜ੍ਹਿਆ ਤੇ ਇਸ ਦੀ ਲੀਡਰਸ਼ਿਪ ਦੇ ਕਾਫੀ ਨੇੜੇ ਹੋ ਗਿਆ। ਮੈਨੂੰ ਪਿੱਛੋਂ ਇਹ ਵੀ ਪਤਾ ਲੱਗਾ ਕਿ ਮੇਰੇ ਬਠਿੰਡੇ ਜਾਣ ਉਪਰੰਤ ਉਹ ਕਮਿਊਨਿਸਟ ਪਾਰਟੀ ਮਾਰਕਸਵਾਦੀ ਦਾ ਮੈਂਬਰ ਵੀ ਬਣ ਗਿਆ।

1967 ਵਿਚ ਨਕਸਲਬਾੜੀ ਦੇ ਉਭਾਰ ਸਮੇਂ ਇਹ ਪੰਜਾਬ ਦੇ ਮੁੱਢਲੇ ਕਮਿਊਨਿਸਟਾਂ ਵਿਚੋਂ ਇੱਕ ਸੀ ਜਿਹੜੇ ਨਕਸਲਵਾੜੀ ਪ੍ਰਭਾਵ ਹੇਠ ਆਏ। ਇਹਨੇ ਨਕਸਲਬਾੜੀ ਪਾਰਟੀ ਜਥੇਬੰਦ ਕਰਨ ਵਿਚ ਹਿੱਸਾ ਲਿਆ ਪ੍ਰੰਤੂ ਇਸਨੂੰ ਚਾਰੂ ਮਾਜੂਮਦਾਰ ਦੀ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਮੁਹਿੰਮ ਨਾਲ ਵਿਰੋਧ ਸੀ। ਉਸਨੇ ਇਸ ਨੂੰ ਮਾਰਕਸਵਾਦ ਤੇ ਮਾਓਵਾਦੀ ਦੇ ਵਿਰੁਧ ਦੱਸਿਆ। ਇਹ ਬੰਗਾਲ ਵਿਚ ਬਣਾਈ ਕਮਿਊਨਿਸਟ ਪਾਰਟੀ (ਮਾਰਕਸੀ-ਲੈਨਿਨੀ) ਨੂੰ ਵੀ ਦਰੁਸਤ ਨਹੀਂ ਸਮਝਦਾ ਸੀ। ਥੋੜ੍ਹੇ ਸਮੇਂ ਉਪਰੰਤ ਜਦੋਂ ਆਂਧਰਾ ਵਿਚ ਨਾਗੀਰੈਡੀ ਨੇ ਚਾਰੂ ਮਾਜੂਮਦਾਰ ਦੀ ਲਾਈਨ ਦਾ ਵਿਰੋਧ ਕੀਤਾ ਤਾਂ ਹਰਭਜਨ ਉਹਦੇ ਨਾਲ ਜਾ ਖੜ੍ਹਾ ਹੋਇਆ। ਮੇਰੀ ਜਾਣਕਾਰੀ ਅਨੁਸਾਰ ਹਰਭਜਨ ਅੰਤਮ ਸਮੇਂ ਤੱਕ ਇਸੇ ਲਾਈਨ ਨਾਲ ਖੜ੍ਹਾ ਸੀ। ਇਹ ਗਰੁੱਪ ਜਨਤਕ ਜਥੇਬੰਦੀਆਂ ਬਣਾਉਣ ਤੇ ਜਨਤਕ ਸੰਘਰਸ਼ ਕਰਨ ਵਿਚ ਵਿਸ਼ਵਾਸ਼ ਰੱਖਦਾ ਸੀ। ਹਰਭਜਨ ਇਸ ਧੜੇ ਦਾ ਮੋਹਰੀ ਸਿਧਾਂਤਕਾਰ ਸੀ। ਇਹਨੇ ਸੈਂਕੜੇ ਮੱਧਵਰਗੀ ਮੁਲਾਜ਼ਮਾਂ, ਵਿਦਿਆਰਥੀਆਂ ਤੇ ਮੁੰਡੇ-ਕੁੜੀਆਂ ਨੂੰ ਪ੍ਰਭਾਵਿਤ ਕੀਤਾ ਤੇ ਲਹਿਰ ਵਿਚ ਲਿਆਇਆ। ਨਕਸਲੀ ਲਹਿਰ ਵਿਚ ਅੱਜ ਵੀ ਇਹ ਧੜਾ ਮੁਲਾਜ਼ਮਾਂ ਤੇ ਵਿਦਿਆਰਥੀਆਂ ਵਿਚ ਚੰਗਾ ਪ੍ਰਭਾਵ ਰੱਖਦਾ ਹੈ। ਸਮੇਂ-ਸਮੇਂ ਇਸ ਦਾ ਪ੍ਰਗਟਾਵਾ ਕਰਦਾ ਹੈ।

ਪਿਛਲੇ ਕਈ ਸਾਲਾਂ ਤੋਂ ਇਸ ਧੜੇ ਦੀ ਪਾਰਟੀ ਲਾਈਨ ਕਾਰਨ ਆਪ ਗੁਪਤਵਾਸ ਵਿਚ ਰਹਿ ਰਿਹਾ ਸੀ। ਮੇਰੀ ਜਾਣਕਾਰੀ ਅਨੁਸਾਰ ਉਸ ਉੱਤੇ ਕੋਈ ਕੇਸ ਨਹੀਂ ਸੀ। ਗੁਪਤ ਰਹਿਣ ਕਾਰਨ ਉਹ ਆਮ ਲੋਕਾਂ ਤੇ ਇੱਥੋਂ ਤੱਕ ਕਿ ਮੈਨੂੰ ਵੀ ਕਦੇ ਨਹੀਂ ਮਿਲਿਆ ਸੀ ਜਦੋਂਕਿ ਸਾਡੇ ਰਾਜਸੀ ਮੱਤਭੇਦ ਹੋਣ 'ਤੇ ਵੀ ਸਾਡਾ ਕੋਈ ਵਿਰੋਧ ਨਹੀਂ ਸੀ। ਉਹਦੇ ਦੂਜੇ ਸਾਥੀ ਮਿਲਦੇ ਰਹਿੰਦੇ ਸਨ ਪਰ ਉਹ ਨਹੀਂ ਮਿਲਿਆ ਸੀ। ਇਸ ਲਈ ਉਸ ਦੇ ਇਸ ਲੰਮੇ ਸਮੇਂ ਬਾਰੇ ਕੁਝ ਕਹਿਣਾ ਅਸੰਭਵ ਹੈ। ਹਰਭਜਨ ਮੁਢਲੇ ਦੌਰ ਵਿਚ ਗ੍ਰਿਫਤਾਰ ਵੀ ਹੋਇਆ, ਪੁਲਸ ਤਸ਼ੱਦਦ ਵੀ ਝੱਲਿਆ ਤੇ ਜੇਲ੍ਹ ਵੀ ਗਿਆ। ਸਾਰੇ ਜਾਣਦੇ ਹਨ ਕਿ ਰਾਜਨੀਤੀ ਵਿਚ ਰਾਜਸੀ ਵਿਰੋਧਾਂ ਕਾਰਨ ਨਿੱਜੀ ਦੁਸ਼ਮਣੀਆਂ ਵੀ ਪੈਂਦੀਆਂ ਹਨ। ਇਸੇ ਲਈ ਹਰਭਜਨ ਦੀ ਰਾਜਸੀ ਲਾਈਨ ਨਾਲ ਵਿਰੋਧ ਰੱਖਣ ਵਾਲੇ ਨਕਸਲੀ ਤੇ ਹੋਰ ਉਹਦੇ ਜਾਤੀ ਵਿਰੋਧੀ ਸਨ ਤੇ ਅਕਸਰ ਉਹਦੇ ਬਾਰੇ ਭੰਡੀ ਪ੍ਰਚਾਰ ਕਰਦੇ ਰਹਿੰਦੇ ਸਨ।

ਕਈ ਉਹ ਵਿਅਕਤੀ ਜਿਹੜੇ ਲੰਮਾ ਸਮਾਂ ਇਹਦੇ ਨਾਲ ਰਹੇ ਤੇ ਜਦੋਂ ਵਿਰੋਧ ਖੜ੍ਹੇ ਹੋਏ ਤਾਂ ਉਹਨਾਂ ਨੇ ਵੀ ਇਹੋ ਕੁਝ ਕੀਤਾ ਪ੍ਰੰਤੂ ਹਰਭਜਨ ਇੱਕ ਸਿਰੜੀ ਕਮਿਊਨਿਸਟ ਵਾਂਗ ਲਹਿਰ ਵਿਚ ਲੱਗਿਆ ਰਿਹਾ ਤੇ ਆਪਣਾ ਸਾਰਾ ਕੁਝ ਅੰਤ ਵਿਚ ਇਸੇ ਲਹਿਰ ਦੇ ਲੇਖੇ ਲਾ ਗਿਆ। ਹਰਭਜਨ ਦੀ ਉਮਰ ਹਾਲੇ ਇਸ ਸੰਸਾਰ ਤੋਂ ਜਾਣ ਦੀ ਨਹੀਂ ਸੀ। ਮੇਰੇ ਹਿਸਾਬ ਅਨੁਸਾਰ ਉਸ ਦੀ ਉਮਰ ਸੱਤਰ ਸਾਲ ਦੇ ਨੇੜੇ-ਤੇੜੇ ਸੀ। ਪ੍ਰੰਤੂ ਗੁਪਤਵਾਸ ਦੇ ਜੀਵਨ, ਅਸੁਖਾਵੇਂ ਹਾਲਾਤ ਤੇ ਢੁੱਕਵੀਂ ਡਾਕਟਰੀ ਸਹਾਇਤਾ ਨਾ ਮਿਲਣਾ ਇਸ ਦੇ ਕਾਰਨ ਹੋ ਸਕਦੇ ਹਨ। ਹਰਭਜਨ ਵੀਹਵੀਂ ਸਦੀ ਦੇ ਪਿਛਲੇ ਅੱਧ ਦਾ ਇੱਕ ਅਹਿਮ ਵਿਦਵਾਨ ਤੇ ਚਿੰਤਕ ਸੀ।

ਜਿਸਨੇ ਮੱਧ ਵਰਗੀ ਲਾਲਸਾਵਾਂ ਦਾ ਤਿਆਗ ਕਰਕੇ ਆਪਣਾ ਜੀਵਨ ਲਹਿਰ ਦੇ ਲੇਖੇ ਲਾ ਦਿੱਤਾ। ਮੁੱਢ ਵਿਚ ਮੈਨੂੰ ਉਸ ਨਾਲ ਪਿਆਰ ਸੀ, ਮੈਂ ਉਹਦੇ ਵਿਅਕਤੀਤਵ ਤੋਂ ਪ੍ਰਭਾਵਿਤ ਸੀ ਜਿਹੜਾ ਅੱਜ ਵੀ ਬਾਵਜੂਦ ਅਨੇਕਾਂ ਵਿਰੋਧਤਾਈਆਂ ਦੇ ਉਵੇਂ ਕਾਇਮ ਹੈ। ਮੇਰੇ ਲਈ ਹਰਭਜਨ ਦਾ ਜਾਣਾ ਜਿੱਥੇ ਲਹਿਰ ਲਈ ਘਾਟਾ ਹੈ ਉੱਥੇ ਨਿੱਜੀ ਤੌਰ 'ਤੇ ਵੀ ਇੱਕ ਸੱਟ ਹੈ। ਮੈਂ ਅੱਜ ਹਰਭਜਨ ਦੇ ਸਾਰੇ ਨੇੜਲਿਆਂ, ਮਹਿੰਦਰ, ਉਜਾਗਰ, ਹਰਿੰਦਰ, ਸੁਰਜੀਤ ਲਈ ਤੇ ਹੋਰ ਅਨੇਕਾਂ ਸਾਥੀਆਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਾ ਹਾਂ। ਮੇਰਾ ਵਿਚਾਰ ਹੈ ਕਿ ਘਾਟਾਂ, ਕਮਜ਼ੋਰੀਆਂ ਦੇ ਬਾਵਜੂਦ ਹਰਭਜਨ ਵਰਗੇ ਵਿਅਕਤੀ ਨਿੱਤ-ਨਿੱਤ ਨਹੀਂ ਜੰਮਦੇ ਪ੍ਰੰਤੂ ਮੇਰੀ ਇੱਛਾ ਹੈ ਕਿ ਅਜਿਹੇ ਵਿਅਕਤੀ ਮੁੜ-ਮੁੜ ਜੰਮਣ। ਆਮੀਨ...!

## ਬਾਬਾ ਬਲਬੀਰ ਸਿੰਘ ਲੰਮੇ ਜੱਟਪੁਰੇ ਗ੍ਰਿਫਤਾਰ, ਪੁਲਿਸ ਵਲੋਂ ਧਮਾਕਾਖੇਜ ਸਮਗਰੀ ਬਰਾਮਦ ਕਰਨ ਦਾ ਦਾਅਵਾ

**ਲੁਧਿਆਣਾ:** ਪੁਲਿਸ ਨੇ ਜਗਰਾਉਂ ਨਜ਼ਦੀਕੀ ਇਤਿਹਾਸਕ ਗੁਰਦੁਆਰਾ ਪੰਜੂਆਣਾ ਸਾਹਿਬ ਲੰਮੇ ਜੱਟਪੁਰਾ ਦੇ ਮੁੱਖ ਸੇਵਾਦਾਰ ਸੰਤ ਬਲਬੀਰ ਸਿੰਘ ਸਮੇਤ ਤਿੰਨ ਵਿਅਕਤੀਆਂ ਨੂੰ ਵਿਸਫੋਟਕ ਸਮੱਗਰੀ ਨਾਲ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਗ੍ਰਿਫ਼ਤਾਰ ਵਿਅਕਤੀਆਂ ਕੋਲੋਂ 32 ਜਿਲੇਟਨ ਸਟਿਕਾਂ, ਜਿਨ੍ਹਾਂ ਦਾ ਵਜ਼ਨ ਕਰੀਬ ਚਾਰ ਕਿਲੋਗ੍ਰਾਮ ਬਣਦਾ ਹੈ, ਤੋਂ ਇਲਾਵਾ 6 ਡੈਟਾਨੇਟਰਜ਼ ਵੀ ਬਰਾਮਦ ਕੀਤੇ ਗਏ ਹਨ।

ਜਿਲੇਟਨ ਸਟਿਕਾਂ 'ਤੇ ਸੁਪਰ ਪਾਵਰ-90 ਸੋਲਰ ਐਕਸਪਲੋਜ਼ਿਵ ਲਿਮਟਿਡ ਪਿੰਡ ਚੱਕਦੋਹ ਬਜ਼ਾਰ ਗਾਓਂ ਜ਼ਿ ਨਾਗਪੁਰ ਅਤੇ ਡੈਟਾਨੇਟਰਾਂ 'ਤੇ ਪਿੰਡ ਪੇਦਾਕਾਂਡੂਕਰ ਵਾਡਾਗਿਰੀ ਗੁੱਟਾਮੰਡਲ ਜ਼ਿਲਾ ਨਿਊਂਦਾ (ਆਂਧਰਾ ਪ੍ਰਦੇਸ਼) ਦਾ ਮਾਅਰਕਾ ਲੱਗਿਆ ਹੋਇਆ ਹੈ। ਇਸੇ ਨਾਲ ਮੇਲ ਖਾਂਦੀ 59 ਕਿਲੋ ਵਿਸਫੋਟਕ ਸਮੱਗਰੀ ਜਗਰਾਉਂ ਪੁਲਿਸ ਪਹਿਲਾਂ ਵੀ ਬਰਾਮਦ ਕਰ ਚੁੱਕੀ ਹੈ। ਆਈ ਜੀ ਜ਼ੋਨਲ-ਦੋ ਜਲੰਧਰ ਸੰਜੀਵ ਕਾਲੜਾ ਨੇ ਇਥੇ ਅਫਸਰ ਕਲੱਬ 'ਚ ਦੱਸਿਆ ਕਿ ਬਾਬਾ ਬਲਬੀਰ ਸਿੰਘ ਪਿੰਡ ਲੰਮੇ ਦੇ ਹੀ ਭਾਗ ਸਿੰਘ ਅਤੇ ਲੁਧਿਆਣਾ ਦੇ ਕੁਲਜੀਤ ਸਿੰਘ ਉਰਫ਼ ਕਾਂਤਾ ਨਾਲ ਚਿੱਟੇ ਰੰਗ ਦੀ ਮਾਰੂਤੀ ਕਾਰ 'ਚ ਸਵਾਰ ਹੋ ਕੇ ਬੱਸੀਆਂ ਤੋਂ ਜਲਾਲਦੀਵਾਲ ਜਾ ਰਹੇ ਸਨ।

ਸ੍ਰੀ ਕਾਲੜਾ ਨੇ ਗ੍ਰਿਫਤਾਰ ਤਿੰਨਾਂ ਵਿਅਕਤੀਆਂ 'ਤੇ ਵੀ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ, ਡੇਰਾ ਨੂਰਮਹਿਲ ਮੁਖੀ ਬਾਬਾ ਆਸ਼ੂਤੋਸ਼ ਅਤੇ ਬਾਬਾ ਪਿਆਰਾ ਸਿੰਘ ਭਨਿਆਰਾ ਨੂੰ ਨਿਸ਼ਾਨਾ ਬਣਾਏ ਜਾਣ ਦੀ ਗੱਲ ਕਹੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਵਿਸਫ਼ੋਟਕ ਸਮੱਗਰੀ ਨੂੰ ਇਨ੍ਹਾਂ ਆਪਣੇ ਸਾਥੀਆਂ ਨੂੰ ਵੰਡਣਾ ਸੀ ਅਤੇ ਭੀੜ ਭਰੇ ਬਜ਼ਾਰਾਂ 'ਚ ਧਮਾਕੇ ਕਰਕੇ ਜਾਨੀ-ਮਾਲੀ ਨੁਕਸਾਨ ਕੀਤਾ ਜਾਣਾ ਸੀ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਪਾਕਿਸਤਾਨ 'ਚ ਬੈਠੇ ਰਣਜੀਤ ਸਿੰਘ ਨੀਟਾ ਦੀ ਸ਼ਹਿ 'ਤੇ ਹੋਣ ਜਾ ਰਿਹਾ ਸੀ ਅਤੇ ਉਸਨੇ ਪਾਕਿਸਤਾਨੀ ਖੁਫ਼ੀਆ ਏਜੰਸੀ ਦੀ ਮਦਦ ਨਾਲ ਇਹ ਵਿਸਫ਼ੋਟਕ ਸਮੱਗਰੀ ਮੁਹੱਈਆ ਕਰਵਾਉਣ 'ਚ ਯੋਗਦਾਨ ਪਾਇਆ।


**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD Millennium



Gurbans Singh Gill
Realtor
11 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill 209-815-1869**



**For Honest and Reliable Real Estate Services**

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।

*Specializing in Bank Repo. And short sales.*

Nand S. Brar
Broker Associate
DRE Lic No: 01816328



(916) 501-3974
(916) 344-5453

WestCo Realty
A REAL ESTATE & INVESTMENT GROUP

Email : nandsbrar@gmail.com, www.westcorealty.com

# ਕੇਂਦਰ ਵਲੋਂ ਪੰਜਾਬ ਦੀ ਸਾਲਾਨਾ ਯੋਜਨਾ 'ਚ ਵਾਧਾ

**ਚੰਡੀਗੜ੍ਹ :** ਪੰਜਾਬ ਦੀ ਸਾਲਾਨਾ ਯੋਜਨਾ 2009-10 ਲਈ 8625 ਕਰੋੜ ਰੁਪਏ ਨਿਰਧਾਰਤ ਕੀਤੀ ਗਈ ਹੈ। ਇਸ ਦੀ ਰੂਪ ਰੇਖਾ ਨੂੰ ਲੰਘੀ 26 ਜੂਨ ਨੂੰ ਸਵੇਰੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਯੋਜਨਾ ਕਮਿਸ਼ਨ ਦੇ ਉਪ ਚੇਅਰਮੇਨ ਡਾ. ਮੋਨਟੇਕ ਸਿੰਘ ਆਹਲੂਵਾਲੀਆਂ ਨਾਲ ਯੋਜਨਾ ਭਵਨ ਨਵੀ ਦਿੱਲੀ ਵਿਖੇ ਹੋਈ ਮੀਟਿੰਗ ਦੌਰਾਨ ਅੰਤਿਮ ਰੂਪ ਦਿੱਤਾ ਗਿਆ।

ਦਿੱਲੀ ਵਿਖੇ ਹੋਈ ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਨੇ ਦੱਸਿਆ ਕਿ ਪਿਛਲੇ ਸਾਲ ਦੀ ਯੋਜਨਾ ਵਿਚ 2415 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ ਹੈ। ਇਹ ਵਾਧਾ 39 ਫੀਸਦੀ ਦਾ ਹੈ। ਸਾਲ 2008-09 ਦੌਰਾਨ ਯੋਜਨਾ ਖਰਚੇ 6868 ਕਰੋੜ ਰੁਪਏ ਦੇ ਸਨ, ਜਦਕਿ ਇਹ 6210 ਕਰੋੜ ਰੁਪਏ ਨਿਰਧਾਰਤ ਕੀਤੀ ਗਈ ਸੀ। ਕੁਲ ਯੋਜਨਾ ਦੀ 31 ਫੀਸਦੀ ਰਾਸ਼ੀ ਊਰਜਾ ਸੈਕਟਰ ਲਈ ਰੱਖੀ ਗਈ, ਜਿਸ ਦਾ ਮਕਸਦ ਬਿਜਲੀ ਉਤਪਾਦਨ ਵਿਚ ਵਾਧਾ, ਵੰਡ ਅਤੇ ਟਰਾਂਸਮਿਸ਼ਨ ਦਾ ਪੱਧਰ ਉਚਾ ਕਰਨਾ ਹੈ। ਯੋਜਨਾ ਦੌਰਾਨ ਦੂਜੀ ਪ੍ਰਾਥਮਿਕਤਾ ਸਮਾਜਿਕ ਸੈਕਟਰ ਨੂੰ ਦਿੱਤੀ ਗਈ ਹੈ ਜਿਸ ਲਈ 26 ਫੀਸਦੀ ਰਾਸ਼ੀ ਨਿਰਧਾਰਤ ਕੀਤੀ ਗਈ ਹੈ।

ਮੀਟਿੰਗ ਦੌਰਾਨ ਰਾਜ ਦੀ ਡਾਵਾਂਡੋਲ ਵਿੱਤੀ ਹਾਲਤ ਦਾ ਜ਼ਿਕਰ ਕਰਦੇ ਹੋਏ ਸ. ਬਾਦਲ ਨੇ ਦੱਸਿਆ ਕਿ 1 ਅਗਸਤ 2009 ਤੋਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਨਾਲ ਰਾਜ ਦੀਆਂ ਵਿੱਤੀ ਹਾਲਤਾਂ 'ਤੇ ਹੋਰ ਦਬਾਅ ਵਧੇਗਾ। ਸਾਲਾਨਾ ਦੇਣਦਾਰੀਆਂ 300 ਕਰੋੜ ਰੁਪਏ ਹੋਣਗੀਆਂ। ਬਕਾਏ ਦੇ ਭੁਗਤਾਨ ਨਾਲ 4800 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਵਿਸ਼ਵ ਵਿਆਪੀ ਆਰਥਕ ਮੰਦਵਾੜੇ ਦੇ ਮੱਦੇਨਜ਼ਰ ਸ. ਬਾਦਲ ਨੇ ਕਿਹਾ ਕਿ ਰਾਜ ਦੇ ਆਪਣੇ ਟੈਕਸ ਮਾਲੀਏ ਨੂੰ ਠੀਕ ਕੀਤਾ ਜਾਵੇ ਅਤੇ ਕੇਂਦਰੀ ਟੈਕਸਾਂ ਵਿਚ ਹਿੱਸੇ ਨੂੰ ਘਟਾਇਆ ਜਾਵੇ। ਖੇਤੀਬਾੜੀ ਸਬੰਧੀ ਸ. ਬਾਦਲ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਖੇਤੀਬਾੜੀ ਕਰਜ਼ੇ ਬਿਨਾਂ ਕਿਸੇ ਜ਼ਮੀਨ ਦੇ ਸਾਈਜ਼ ਨੂੰ ਧਿਆਨ ਵਿਚ ਰੱਖਦਿਆਂ ਇਕੋ ਵਾਰ ਵਿਚ ਮੁਆਫ਼ ਕਰ ਦੇਵੇ। ਉਨ੍ਹਾਂ ਕਿਹਾ ਕਿ ਬੇ-ਜ਼ਮੀਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਵੀ ਇਸ ਰਾਹਤ ਸਕੀਮ ਵਿਚ ਸ਼ਾਮਲ ਕੀਤਾ ਜਾਵੇ। ਕਿਸਾਨਾਂ ਨੂੰ ਲਗਾਤਾਰ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਕਰਕੇ ਸਜ਼ਾ ਨਾ ਦਿੱਤੀ ਜਾਵੇ।

ਇਸੇ ਤਰ੍ਹਾਂ ਉਨ੍ਹਾਂ ਖੇਤੀਬਾੜੀ ਖਰਚੇ ਤੇ ਕੀਮਤ ਕਮਿਸ਼ਨ ਦੇ ਘਟੋ-ਘੱਟ ਸਮਰਥਨ ਮੁਲ ਨੂੰ ਨਿਰਧਾਰਤ ਕਰਨ ਦੇ ਤਰੀਕੇ ਨੂੰ ਵੀ ਮੁੜ ਵਿਚਾਰਨ ਦੀ ਵਕਾਲਤ ਕੀਤੀ। ਘੱਟੋ-ਘਟ ਸਮਰਥਨ ਮੁੱਲ ਉਤਪਾਦਨ ਦੇ ਖਰਚੇ ਦੇ ਹਿਸਾਬ ਨਾਲ ਅਤੇ ਖ਼ਪਤਕਾਰ ਕੀਮਤ ਸੂਚਕ ਅੰਕ ਨਾਲ ਜੁੜਿਆ ਹੋਣਾ ਚਾਹੀਦਾ ਹੈ। ਰਾਜ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਦੀ ਹਾਲਤ ਨੂੰ ਦਰਸਾਉਦਿਆਂ ਮੁੱਖ ਮੰਤਰੀ ਨੇ ਗਰੀਬੀ ਰੇਖਾ ਤੋਂ ਹੇਠਾਂ ਆਉਣ ਵਾਲੇ ਪਰਿਵਾਰਾਂ ਦੀ ਪਰਿਭਾਸ਼ਾ ਨੂੰ ਮੁੜ ਵਿਚਾਰਨ ਲਈ ਜ਼ੋਰ ਦਿੱਤਾ।

ਰਾਜ ਵਿਚਲੀ ਸਿੰਜਾਈ ਦੀ ਹਾਲਤ ਨੂੰ ਬਿਆਨ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਰਾਜ ਦਾ ਨਹਿਰੀ ਨੈਟਵਰਕ 14500 ਕਿਲੋਮੀਟਰ ਹੈ ਜਿਹੜਾ ਕਿ ਦੇਸ਼ ਭਰ ਵਿਚ ਸਭ ਤੋਂ ਪੁਰਾਣਾ ਹੈ ਅਤੇ ਆਪਣੀ ਮਿਆਦ ਪੂਰੀ ਕਰ ਚੁੱਕਾ ਹੈ। ਸਥਾਈ ਪਾਣੀ ਵਸੀਲਿਆਂ ਦੀ ਵਧ ਤੋ ਵਧ ਵਰਤੋ ਅਤੇ ਹੜ੍ਹਾਂ ਤੇ ਸੇਮ ਕਾਰਨ ਜਾਨੀ ਤੇ ਮਾਲੀ ਨੁਕਸਾਨ ਨੂੰ ਘੱਟ ਕਰਨ ਲਈ 3469 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸ਼ਨਾਖਤ ਕਰਕੇ ਜਲ ਸਰੋਤ ਮੰਤਰਾਲੇ ਅਤੇ ਕੇਂਦਰੀ ਜਲ ਕਮਿਸ਼ਨ ਨੂੰ ਪ੍ਰਵਾਨਗੀ ਲਈ ਭੇਜ ਦਿੱਤਾ ਹੈ।

ਮੁੱਖ ਮੰਤਰੀ ਨਾਲ ਗੱਲਬਾਤ ਕਰਦੇ ਹੋਏ ਯੋਜਨਾ ਕਮਿਸ਼ਨ ਦੇ ਉਪ ਚੈਅਰਮੇਨ ਡਾ. ਮੋਨਟੇਕ ਸਿੰਘ ਆਹਲੂਵਾਲੀਆਂ ਨੇ ਵਾਅਦਾ ਕੀਤਾ ਕਿ ਉਹ ਉਠਾਈਆਂ ਗਈਆਂ ਮੰਗਾਂ ਦਾ ਵਿਸਥਾਰਤ ਅਧਿਐਨ ਕਰਨਗੇ।

ਇਸ ਤੋਂ ਪਹਿਲਾਂ ਸਥਾਨਕ ਸਰਕਾਰ ਅਤੇ ਉਦਯੋਗ ਮੰਤਰੀ ਮਨੋਰੰਜਨ ਕਾਲੀਆਂ ਨੇ ਰਾਜ ਨੂੰ ਵਿਸ਼ੇਸ਼ ਆਰਥਕ ਪੈਕੇਜ ਦੇਣ ਦਾ ਪ੍ਰਸਤਾਵ ਰੱਖਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਖੇਤੀ ਅਧਾਰਤ ਉਦਯੋਗ ਨੂੰ ਉਤਸ਼ਾਹਤ ਕਰਨ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

## ਗ੍ਰੀਨ ਕਾਰਡ ਹਾਸਲ ਕਰਨ ਦੀਆਂ ਅੜਚਣਾਂ ਦੂਰ?

**ਵਾਸ਼ਿੰਗਟਨ :** ਭਾਰਤੀ ਅਮਰੀਕੀਆਂ ਨੂੰ ਜਲਦੀ ਹੀ ਅਮਰੀਕਾ ਦੀ ਸਥਾਈ ਨਾਗਰਿਕਤਾ ਜਾਂ ਗ੍ਰੀਨ ਕਾਰਡ ਹਾਸਲ ਕਰਨ ਵਿਚ ਆਉਣ ਵਾਲੀਆਂ ਦਿੱਕਤਾਂ ਤੋਂ ਮੁਕਤੀ ਮਿਲ ਸਕੇਗੀ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਦੇਸ਼ ਦੀ ਨਾਗਰਿਕਤਾ ਅਤੇ ਆਵਾਜਾਈ ਸੇਵਾਵਾਂ (ਯੂ.ਐਸ.ਸੀ., ਆਈ.ਏ.ਐਸ.) ਵਿਚ ਅਗਲੇ 90 ਦਿਨਾਂ ਵਿਚ ਹੋਰ ਪਾਰਦਰਸ਼ਤਤਾ ਲਿਆਉਣ ਲਈ ਵਿਆਪਕ ਬਦਲਾਅ ਕੀਤਾ ਜਾਵੇਗਾ। ਨਵੀਂ ਸਕੀਮ ਤਹਿਤ ਯੂ.ਐਸ.ਸੀ., ਆਈ.ਏ.ਐਸ. ਵਿਆਪਕ ਤੌਰ 'ਤੇ ਬੇਹਤਰ ਬਣਾਈ ਗਈ ਵੈੱਬਸਾਈਟ ਸ਼ੁਰੂ ਕਰੇਗੀ। ਇਸ ਨਾਲ ਨਾ ਸਿਰਫ ਕਾਗਜੀ ਕੰਮਕਾਜ ਵਿਚ ਕਮੀ ਆਏਗੀ, ਬਲਕਿ ਬਰਖਾਸਤ ਅਰਜ਼ੀਆਂ ਦੀ ਗਿਣਤੀ ਵੀ ਘਟੇਗੀ।

# ਮੋਨਟੇਕ ਸਿੰਘ ਆਹਲੂਵਾਲੀਆ ਨੇ ਨਹੀਂ ਮੰਨੀ ਬਾਦਲ ਦੀ ਦਲੀਲ

**ਚੰਡੀਗੜ੍ਹ :** ਕੇਂਦਰੀ ਯੋਜਨਾ ਕਮਿਸ਼ਨ ਦੇ ਉੱਪ ਚੇਅਰਮੈਨ ਡਾ. ਮੋਨਟੇਕ ਸਿੰਘ ਆਹਲੂਵਾਲੀਆ ਨੇ ਇਸ ਵਾਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਬੇਹੱਦ ਨਿਰਾਸ਼ ਕੀਤਾ ਹੈ। ਬਾਦਲ ਦੇ ਰਾਜਨੀਤਕ ਕੱਦ-ਕਾਠ ਨੂੰ ਵੇਖਦਿਆਂ ਰਾਜ ਸਰਕਾਰ ਨੂੰ ਪੂਰਾ ਭਰੋਸਾ ਸੀ ਕਿ ਸੂਬੇ ਦੇ ਚਾਲੂ ਵਿੱਤੀ ਵਰ੍ਹੇ ਵਾਸਤੇ ਸਾਲਾਨਾ ਯੋਜਨਾ ਲਈ ਜਦੋਂ ਬਾਦਲ ਦਿੱਲੀ ਜਾ ਕੇ ਡਾ. ਆਹਲੂਵਾਲੀਆ ਨਾਲ ਅੰਤਿਮ ਬੈਠਕ ਕਰਨਗੇ ਤਾਂ ਸਾਲਾਨਾ ਯੋਜਨਾ ਵਿਚ ਉਹ ਵੱਡਾ ਵਾਧਾ ਕਰਾਉਣ 'ਚ ਸਫਲ ਰਹਿਣਗੇ।


ਮਿਲੀ ਪੁਖਤਾ ਜਾਣਕਾਰੀ ਅਨੁਸਾਰ ਆਹਲੂਵਾਲੀਆ ਨੇ ਬਾਦਲ ਦੀਆਂ ਗੰਭੀਰ ਦਲੀਲਾਂ ਨੂੰ ਦਰਕਿਨਾਰ ਕਰਦਿਆਂ ਕੇਵਲ ਉਸੇ ਯੋਜਨਾ 'ਤੇ ਹੀ ਹਸਤਾਖਰ ਕੀਤੇ ਜਿਹੜੀ ਯੋਜਨਾ ਸੂਬਾ ਸਰਕਾਰ ਦੇ ਮੁੱਖ ਸਕੱਤਰ ਰਮੇਸ਼ਇੰਦਰ ਸਿੰਘ ਨਾਲ 19 ਜੂਨ ਨੂੰ ਦਿੱਲੀ ਵਿਖੇ ਹੋਈ ਬੈਠਕ ਵਿਚ ਫਾਈਨਲ ਕੀਤੀ ਗਈ ਸੀ।

ਦੱਸਿਆ ਜਾਂਦਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਯਾਨਿ ਪਿਛਲੇ ਵਰ੍ਹੇ 2008-09 ਦੌਰਾਨ 6210 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਬਣਾਈ ਗਈ ਸੀ ਜਿਸ ਵਿਚ 19 ਜੂਨ ਨੂੰ ਹੀ ਲਗਭਗ ਦੋ ਹਜ਼ਾਰ ਕਰੋੜ ਰੁਪਏ ਦੀ ਬੜ੍ਹੌਤਰੀ ਕਰਕੇ 8625 ਕਰੋੜ ਰੁਪਏ ਕਰ ਦਿੱਤਾ ਗਿਆ ਸੀ।

ਸੂਤਰਾਂ ਮੁਤਾਬਕ ਮੁੱਖ ਸਕੱਤਰ ਅਤੇ ਉਨ੍ਹਾਂ ਨਾਲ 19 ਜੂਨ ਦੀ ਬੈਠਕ ਲਈ ਦਿੱਲੀ ਗਏ ਅਧਿਕਾਰੀਆਂ ਦੀ ਚੰਡੀਗੜ੍ਹ ਵਾਪਸੀ ਤੋਂ ਬਾਅਦ ਉਨ੍ਹਾਂ ਵਲੋਂ ਮੁੱਖ ਮੰਤਰੀ ਨੂੰ ਦਿੱਲੀ ਬੈਠਕ ਦਾ ਬਿਊਰਾ ਦਿੱਤਾ ਗਿਆ।

ਅਧਿਕਾਰੀਆਂ ਨਾਲ ਬੈਠਕ ਮੌਕੇ ਸਾਲਾਨਾ ਯੋਜਨਾ ਨੂੰ ਅੰਤਿਮ ਦਿਸ਼ਾ ਦੇਣ ਲਈ 26 ਜੂਨ ਨੂੰ ਇਕ ਹੋਰ ਬੈਠਕ ਦਾ ਫੈਸਲਾ ਲਿਆ ਗਿਆ ਸੀ। ਇਸ ਬੈਠਕ ਵਿਚ ਮੁੱਖ ਮੰਤਰੀ ਨੇ ਵੀ ਸ਼ਾਮਲ ਹੋਣਾ ਸੀ। ਮੁੱਖ ਮੰਤਰੀ ਜਦੋਂ 25 ਜੂਨ ਨੂੰ ਮੋਨਟੇਕ ਸਿੰਘ ਆਹਲੂਵਾਲੀਆ ਨਾਲ ਅਗਲੇ ਦਿਨ ਹੀ ਬੈਠਕ ਵਾਸਤੇ ਰਵਾਨਾ ਹੋਏ ਤਾਂ ਉਨ੍ਹਾਂ ਨੂੰ ਭਰੋਸਾ ਸੀ ਕਿ ਇਸ ਵਰ੍ਹੇ 9 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸਾਲਾਨਾ ਯੋਜਨਾ ਮਨਜ਼ੂਰ ਕਰਵਾਉਣ ਵਿਚ ਉਹ ਸਫਲ ਰਹਿਣਗੇ।

ਦੱਸਿਆ ਜਾਂਦਾ ਹੈ ਕਿ ਆਹਲੂਵਾਲੀਆ ਨਾਲ ਬੈਠਕ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਵਿਗੜੇ ਅਰਥਚਾਰੇ ਅਤੇ ਉਦਯੋਗਿਕ ਖੇਤਰ 'ਚ ਬਦਹਾਲੀ ਦੀਆਂ ਦਲੀਲਾਂ ਦਿੱਤੀਆਂ। ਇਸਤੋਂ



ਮੋਨਟੇਕ ਸਿੰਘ ਆਹਲੂਵਾਲੀਆ

ਇਲਾਵਾ ਰਾਜ ਦੇ ਖੇਤੀ ਸੈਕਟਰ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਪਰ ਆਹਲੂਵਾਲੀਆ ਤੇ ਮੁੱਖ ਮੰਤਰੀ ਦੀਆਂ ਦਲੀਲਾਂ ਦਾ ਕੋਈ ਅਸਰ ਨਹੀਂ ਹੋਇਆ ਤੇ ਉਨ੍ਹਾਂ ਅਧਿਕਾਰੀਆਂ ਦੀ ਮੀਟਿੰਗ ਵਿਚ ਬਣਾਈ ਯੋਜਨਾ ਵਿਚਲੀ 8625 ਕਰੋੜ ਦੀ ਰਾਸ਼ੀ ਵਿਚ ਕੋਈ ਬੜ੍ਹੌਤਰੀ ਨਹੀਂ ਕੀਤੀ। ਦੱਸਿਆ ਜਾਂਦਾ ਹੈ ਕਿ ਬਾਦਲ ਯੋਜਨਾ ਕਮਿਸ਼ਨ ਦੇ ਉੱਪ ਚੇਅਰਮੈਨ ਦੇ ਪੰਜਾਬ ਪ੍ਰਤੀ ਰਵੱਈਏ ਤੋਂ ਕਾਫੀ ਨਾਰਾਜ਼ ਹਨ ਅਤੇ ਉਨ੍ਹਾਂ ਵਲੋਂ ਆਪਣੇ ਸਾਥੀਆਂ ਕੋਲ ਇਸ ਨਾਰਾਜ਼ਗੀ ਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। ਬਾਦਲ ਇਸ ਗੱਲੋਂ ਦੁਖੀ ਹਨ ਕਿ ਕੇਂਦਰ ਸਰਕਾਰ ਪੰਜਾਬ ਦੀਆਂ ਲੋੜਾਂ ਤੇ ਮਜਬੂਰੀਆਂ ਨੂੰ ਜਾਣ-ਬੁੱਝ ਕੇ ਦਰਕਿਨਾਰ ਕਰ ਰਹੀ ਹੈ। ਇਸਤੋਂ ਪਹਿਲਾਂ ਉਦਯੋਗਿਕ ਵਿਕਾਸ ਲਈ ਕੇਂਦਰ ਨੇ ਪੰਜਾਬ ਨਾਲ ਧੱਕਾ ਕੀਤਾ ਹੈ।

ਇਸ ਤੋਂ ਪਹਿਲਾਂ ਕੇਂਦਰ ਵਲੋਂ ਗੁਆਂਢੀ ਰਾਜ ਹਿਮਾਚਲ ਦੇ ਉਦਯੋਗਿਕ ਖੇਤਰ ਲਈ ਦਿੱਤੇ ਗਏ ਵਿਸ਼ੇਸ਼ ਪੈਕੇਜ 'ਚੋਂ ਬਾਹਰ ਰੱਖਿਆ ਹੈ ਅਤੇ ਹੁਣ ਜਦੋਂ ਕਿ ਸੂਬੇ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰਨ ਲਈ ਪੈਸੇ ਦੀ ਵੱਧ ਜ਼ਰੂਰਤ ਹੈ ਤਾਂ ਕੇਂਦਰ ਨੇ ਇਸ ਪਾਸੋਂ ਵੀ ਪਾਸਾ ਵੱਟ ਲਿਆ ਹੈ।

ਮਾਨਤਾ ਪ੍ਰਾਪਤ

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**Toll Free No. (866) 933-3038**

*ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਤੁਹਾਡੇ ਵਾਸਤੇ ਸਸਤੀਆਂ ਤੇ ਬੇਜੋੜ ਸੇਵਾਵਾਂ ਲੈ ਕੇ ਹਾਜ਼ਰ ਹੈ। *ਵਾਜਬ ਰੇਟਾਂ 'ਤੇ ਸਿਖਲਾਈ। *ਸਰਟੀਫਾਈਡ ਪੰਜਾਬੀ/ ਇੰਗਲਿਸ਼ ਟਰੇਨਰ। *ਲਾਇਸੈਂਸ ਲੈਣ ਤੋਂ ਬਾਅਦ ਕੰਮ ਲੱਭਣ 'ਚ ਮਦਦ। *ਕੰਪਨੀ ਵਲੋਂ ਟਰੇਨਿੰਗ ਪੂਰੀ ਹੋਣ 'ਤੇ ਸਰਟੀਫਿਕੇਟ। *ਰਿਹਾਇਸ਼ ਫਰੀ। *ਦਸ ਸਪੀਡ ਅਤੇ ਤੇਰਾਂ ਸਪੀਡ ਨਿਊ ਮਾਡਲ ਟਰੱਕਾਂ ਨਾਲ ਟੇਰਨਿੰਗ। *ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਕੈਲੇਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।



ਆਪਣਾ ਨਾਮ ਰਜਿਸਟਰ ਕਰਾਉਣ ਲਈ ਅੱਜ ਹੀ ਸੰਪਰਕ ਕਰੋ।

**Call: Kashmir Singh**

**916-564-3455**

4585 Pell Dr. Secramento CA, 95838

*Visit us on the web: punjabtimesusa.com*

**North American Truck Stop**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

**909-350-3310, 909-697-5808**

balwindernats@yahoo.com

14320 Slover Ave., Fontana, CA 92337

**Indian Restaurant For Sale**

ਭਾਰਤੀ ਰੈਸਟੋਰੈਂਟ ਵਿਕਾਊ ਹੈ

| | |
|---|---|
| Excellent Location | ਵਧੀਆ ਲੋਕੇਸ਼ਨ |
| Low Rent | ਘੱਟ ਰੈਂਟ |
| Long Lease | ਲੰਮੀ ਲੀਜ਼ |
| 99 Seats | 99 ਸੀਟਾਂ |

**Full Bar License**

*For More Info. Call*

**Vicky Vasudeva: 414-688-4197**

**Sony: 414-526-2026**

# ਕਰੈਡਿਟ ਸਕੋਰਾਂ ਦੇ ਅਰਥ

## ਪੈਸਾ-ਟਕਾ

ਪ੍ਰਿੰਸੀਪਲ ਰਾਜ ਸਿੰਘ

ਕਰੈਡਿਟ ਸਕੋਰ ਇਕ ਸੰਖਿਆਤਮਕ (Numerical) ਸੰਖਿਆ ਹੈ, ਜਿਹੜੀ ਇਹ ਝੱਟਪੱਟ ਸੂਚਿਤ ਜਾਂ ਇਸ਼ਾਰਾ ਕਰ ਦਿੰਦੀ ਹੈ ਕਿ ਤੁਸੀਂ ਆਪਣੇ ਕਰਜ਼ੇ ਕਿਵੇਂ ਲਾਹ ਰਹੇ ਹੋ ਜਾਂ ਫਿਰ ਤੁਸੀਂ ਆਪਣੀਆਂ ਮਿਲੀਆਂ ਹੋਈਆਂ ਕਰੈਡਿਟ ਲਾਈਨਾਂ ਦੀ ਵਰਤੋਂ ਕਿੰਨੇ ਕੁ ਸੁਚੱਜੇ ਜਾਂ ਕੁਚੱਜੇ ਢੰਗ ਨਾਲ ਕਰ ਰਹੇ ਹੋ।

ਤੁਹਾਡੇ ਕਰੈਡਿਟ ਸਕੋਰਾਂ ਨੂੰ ਅਮਰੀਕਾ ਵਿਚ ਬਨਾਉਟੀ ਬੁੱਧੀ ਰੱਖਣ ਵਾਲਾ ਕੰਪਿਊਟਰ ਸਾਰੇ ਡੈਟਾ ਵਗੈਰਾ ਨੂੰ ਘੋਖਣ ਉਪਰੰਤ ਛਾਣਬੀਣ ਕਰਦਾ ਰਹਿੰਦਾ ਹੈ ਤੇ ਤੁਹਾਡੇ ਫਾਈਕੋ ਸਕੋਰਾਂ ਨੂੰ ਬੁੱਧੀਮਾਨ ਵਿਅਕਤੀ ਵਾਂਗ ਘੋਖਦਾ ਹੋਇਆ ਵਧਾਉਂਦਾ-ਘਟਾਉਂਦਾ ਰਹਿੰਦਾ ਹੈ। ਪਰ ਦੇਖਣ ਨੂੰ ਇਹ ਤਰੀਕਾ ਕਾਫੀ ਗੁੰਝਲਦਾਰ, ਅਨੋਖਾ, ਅਜੀਬ ਤੇ ਬਚਿੱਤਰ (Odd) ਲੱਗਦਾ ਹੈ, ਫਿਰ ਵੀ ਕਰੈਡਿਟ ਸਕੋਰਾਂ ਦੀ ਰੇਂਜ਼ ਅਮਰੀਕਾ ਵਿਚ 300 ਤੋਂ 950 ਤੱਕ ਹੀ ਮਿੱਥੀ ਹੋਈ ਹੈ।

ਅਮਰੀਕਾ ਵਿਚ ਕੋਲੋਰਾਡੋ, ਜਾਰਜੀਆ, ਮੈਰੀਲੈਂਡ, ਮੈਸਾਚਿਊਸਿਟਸ, ਨਿਊਜਰਸੀ ਜਾਂ ਵਰਮੌਂਟ ਦੀਆਂ ਸਟੇਟਾਂ ਦੇ ਵਸਨੀਕਾਂ ਨੂੰ ਕਾਨੂੰਨੀ ਹੱਕ ਹੈ ਕਿ ਉਹ ਸਾਲ ਵਿਚ ਇਕ ਵਾਰੀ ਅਰਜ਼ੀ ਦੇ ਕੇ ਹਰੇਕ ਕਰੈਡਿਟ ਬਿਊਰੋ ਪਾਸੋਂ ਆਪਣੀ ਕਰੈਡਿਟ ਰਿਪੋਰਟ ਡਾਕ ਰਾਹੀਂ ਮੁਫਤ ਮੰਗਵਾ ਸਕਦਾ ਹੈ। ਠੀਕ ਇਸੇ ਤਰ੍ਹਾਂ ਜੇ ਖਪਤਕਾਰ ਨੂੰ ਉਪਰੋਕਤ ਸਟੇਟਾਂ ਵਿਚ ਕਰੈਡਿਟ ਕਾਰਡ ਜਾਰੀ ਕਰਨ ਤੋਂ, ਮਾੜੇ ਫਾਈਕੋ ਸਕੋਰਾਂ ਕਰਕੇ ਨੌਕਰੀ ਪ੍ਰਾਪਤ ਕਰਨ ਤੋਂ ਅਤੇ ਜਾਂ ਬੀਮਾ ਪਾਲਸੀ ਖਰੀਦਣ ਤੋਂ ਨਾਂਹ ਜਾਂ ਇਨਕਾਰ ਹੋ ਜਾਂਦਾ ਹੈ ਤਾਂ ਖਪਤਕਾਰ ਨੂੰ ਹੱਕ ਤੇ ਅਧਿਕਾਰ ਹੈ ਕਿ ਉਹ 60 ਦਿਨਾਂ ਦੇ ਅੰਦਰ ਅੰਦਰ ਫਿਰ ਦੁਬਾਰਾ ਇਕ ਹੋਰ ਮੁਫਤ ਰਿਪੋਰਟ ਮੰਗਵਾ ਸਕਦਾ ਹੈ।

ਰਾਸ਼ਟਰਪਤੀ ਬੁਸ਼ ਨੇ ਵੀ 2003 ਵਾਲੇ ਐਕਟ ਨੂੰ ਦਸੰਬਰ 4, 2003 ਨੂੰ ਦਸਤਖਤ ਕਰਕੇ ਪਾਸ ਕਰਨ ਉਪਰੰਤ ਕਾਨੂੰਨ ਬਣਾ ਦਿੱਤਾ ਹੋਇਆ ਹੈ ਕਿ ਕੈਲੀਫੋਰਨੀਆ ਦੇ ਪੱਕੇ ਨਿਵਾਸੀ ਵੀ ਸਾਲ ਵਿਚ ਇਕ ਵਾਰੀ ਮੁਫਤ ਰਿਪੋਰਟ ਲੈ ਸਕਦੇ ਹਨ। ਪ੍ਰੰਤੂ ਉਸ ਦੀ ਰਿਹਾਇਸ਼ ਦਾ ਫੈਸਲਾ ਫੈਡਰਲ ਕਾਨੂੰਨ ਅਨੁਸਾਰ ਬਣੇ ਹੋਏ ਸਕੈਜੂਅਲ ਜਾਂ ਸਮਾਂ ਸੂਚੀ ਅਨੁਸਾਰ ਹੀ ਹੋਣਾ ਹੈ।

ਇਸ ਵੇਲੇ ਅਮਰੀਕਾ ਵਾਸੀਆਂ ਦਾ ਔਸਤਨ ਸਕੋਰ 750 ਤੋਂ 799 ਤੀਕ ਰਿਕਾਰਡ ਕੀਤਾ ਹੋਇਆ ਹੈ। ਸੋ ਅਮਰੀਕਾ ਨਿਵਾਸੀਆਂ ਦੇ ਤੁਸੀਂ ਵੀ ਹਾਣ ਦੇ ਬਣਨਾ ਹੈ ਜਾਂ ਇਨ੍ਹਾਂ ਦੇ ਸਕੋਰਾਂ ਕਰਕੇ ਬਰਾਬਰਤਾ ਕਰਨੀ ਹੈ ਤਾਂ ਆਪਣੇ ਸਕੋਰਾਂ ਨੂੰ ਘੱਟੋ ਘੱਟ 750 ਦੇ ਹਿੰਦਸੇ ਤੱਕ ਜ਼ਰੂਰ ਬਰਕਰਾਰ ਰੱਖਣ ਦੀ ਆਦਤ ਬਣਾ ਲਉ।

2001 ਤੋਂ ਪਹਿਲਾਂ ਦੇ ਸਾਲਾਂ ਵਿਚ ਆਮ ਕਰਕੇ ਖਪਤਕਾਰਾਂ ਨੂੰ ਇਨ੍ਹਾਂ ਫਾਈਕੋ ਸਕੋਰਾਂ ਨੂੰ ਜਾਣ ਕੇ ਜਾਣਕਾਰੀ ਪ੍ਰਾਪਤ ਕਰਨੀ ਨਸੀਬ ਨਹੀਂ ਸੀ ਜਾਂ ਅਸੀਂ ਕਹਿ ਸਕਦੇ ਹਾਂ ਕਿ ਸਾਰੇ ਅਮਰੀਕਾ ਨਿਵਾਸੀਆਂ ਨੂੰ 2001 ਤੋਂ ਪਹਿਲਾਂ ਫਾਈਕੋ ਸਕੋਰਾਂ ਨੂੰ ਜਾਣ ਕੇ ਜਾਣਕਾਰੀ ਪ੍ਰਾਪਤ ਕਰਨ ਦੀ ਮਨਾਹੀ ਹੈ।

ਉਸ ਸਮੇਂ ਖਪਤਕਾਰਾਂ ਨੂੰ ਇਸ ਗੱਲ ਦਾ ਵੀ ਗਿਆਨ ਨਹੀਂ ਸੀ ਹੁੰਦਾ ਕਿ ਸਕੋਰ ਕੀ ਬਲਾ ਹਨ? ਕਿਵੇਂ ਵਧਦੇ ਘਟਦੇ ਹਨ? ਤੇ ਕਿਵੇਂ ਬਣਦੇ ਜਾਂ ਵਿਗੜਦੇ ਹਨ?

ਉਸ ਸਮੇਂ ਵਿਚਾਰਾ ਖਪਤਕਾਰ ਉਲਝਣਾਂ, ਗੁੰਝਲਾਂ ਤੇ ਪੇਚੀਦਗੀਆਂ ਦੀਆਂ ਘੁੰਮਣ ਘੇਰੀਆਂ ਵਿਚ ਫਸ ਕੇ ਬੇਵੱਸ ਹੋ ਕੇ ਇਨ੍ਹਾਂ ਕੰਪਨੀਆਂ ਜਾਂ ਸ਼ਾਹੂਕਾਰਾਂ ਦੇ ਰਹਿਮ 'ਤੇ ਗੁਜ਼ਾਰਾ ਕਰਕੇ ਸਬਰ ਦਾ ਘੁੱਟ ਭਰ ਲਿਆ ਕਰਦਾ ਸੀ। ਉਸ ਸਮੇਂ ਫਾਈਕੋ ਸਕੋਰਾਂ ਦੀ ਵਿਆਖਿਆ ਕਰਨ ਦਾ ਤਰੀਕਾ ਤੇ ਇਸ ਨੂੰ ਸਮਝਣ ਦਾ ਤਰੀਕਾ ਦੋਵੇਂ ਗੁੰਝਲਦਾਰ ਤੇ ਕਾਫੀ ਕਠਿਨ ਸਨ। ਪ੍ਰੰਤੂ 2001 ਤੋਂ ਬਾਅਦ ਤੇ ਅੱਜ ਦੀ ਤਰੀਕ ਵਿਚ ਖਪਤਕਾਰ ਅਮਰੀਕਾ ਵਿਚ ਆਪਣੇ ਫਾਈਕੋ ਸਕੋਰਾਂ ਨੂੰ ਕਾਨੂੰਨਨ ਜਾਣਨ ਦੀ ਮੰਗ ਕਰ ਸਕਦਾ ਹੈ। ਇਸ ਲਈ ਹੁਣ ਅਮਰੀਕਾ ਵਿਚ ਹੁਸ਼ਿਆਰ ਲੋਕ ਇਨ੍ਹਾਂ ਸਕੋਰਾਂ ਨੂੰ ਸਮਝਣ ਬਾਰੇ ਮਾੜੇ ਸਕੋਰਾਂ ਦੇ ਨੁਕਸਾਨ ਬਾਰੇ, ਚੰਗੇ ਸਕੋਰਾਂ ਦੇ ਨਫਿਆ ਬਾਰੇ, ਸਕੋਰਾਂ ਨੂੰ ਵਧਾਉਣ ਬਾਰੇ ਅਤੇ ਹੋਰ ਅਹਿਮ ਜਾਣਕਾਰੀਆਂ ਰੱਖਦੇ ਹਨ।

ਜੇ ਤੁਹਾਡੀ ਅਰਜ਼ੀ 'ਤੇ ਮਾੜੇ ਸਕੋਰਾਂ ਕਰਕੇ ਲੋਨ ਲੈਣ ਲਈ, ਬੀਮਾ ਕਰਵਾਉਣ ਲਈ, ਨੌਕਰੀ ਲੈਣ ਲਈ, ਕਰੈਡਿਟ ਕਾਰਡ ਲੈਣ ਲਈ ਤੇ ਮਕਾਨ ਜਾਂ ਕੋਈ ਬਿਜ਼ਨਸ ਆਦਿ ਕਿਰਾਏ 'ਤੇ ਲੈਣ ਆਦਿ ਗੱਲਾਂ ਤੋਂ ਨਾਂਹ ਹੋ ਜਾਂਦੀ ਹੈ ਜਾਂ ਇਨ੍ਹਾਂ ਗੱਲਾਂ ਤੋਂ ਤੁਸੀਂ ਮਾੜੇ ਸਕੋਰਾਂ ਕਰਕੇ ਇਨਕਾਰੀ ਹੋ ਜਾਂਦੇ ਹੋ ਤਾਂ ਤੁਹਾਨੂੰ ਨਾਂਹ ਕਰਨ ਵਾਲੀ ਸੰਸਥਾ ਜਾਂ ਵਿਸ਼ੇਸ਼ ਵਿਅਕਤੀ ਤੁਹਾਨੂੰ ਕੀਤੀ ਹੋਈ ਨਾਂਹ ਜਾਂ ਇਨਕਾਰ ਦੀ ਬਕਾਇਦਾ ਕਾਰਨਾਂ ਸਮੇਤ ਲਿਖਤੀ ਡੀਟੇਲ ਮੁਹੱਈਆ ਕਰਵਾਏਗਾ।

ਇਸ ਨਾਂਹ ਕੀਤੀ ਹੋਈ ਜਾਂ ਇਨਕਾਰੀ ਰਿਪੋਰਟ ਨੂੰ ਐਡਵਰਸ ਐਕਸ਼ਨ ਨੋਟੀਫਿਕੇਸ਼ਨ (Adverse Action Notification) ਦੀ ਮੱਦ ਨਾਲ ਹੁਣ ਤੁਹਾਨੂੰ ਸਾਰੀ ਅਮਰੀਕਾ ਵਿਚ ਉਪਰੋਕਤ ਅਧਿਕਾਰ ਦੇ ਦਿੱਤਾ ਗਿਆ ਹੈ।

ਕਰੈਡਿਟ ਸਕੋਰ ਵੀ ਕਈ ਤਰ੍ਹਾਂ ਦੇ ਹੁੰਦੇ ਹਨ ਤੇ ਠੀਕ ਇਸੇ ਪ੍ਰਕਾਰ ਇਨ੍ਹਾਂ ਦੀ ਵਰਤੋਂ ਵੀ ਅਨੇਕਾਂ ਪ੍ਰਕਾਰ ਕੀਤੀ ਜਾਂਦੀ ਹੈ। ਹਰੇਕ ਉਧਾਰ ਦੇਣ ਵਾਲਾ ਜਾਂ ਸ਼ਾਹੂਕਾਰ ਆਪਣੇ ਵੱਖਰੇ-ਵੱਖਰੇ ਮਾਪਦੰਡ ਤੇ ਪੈਮਾਨੇ ਵਰਤਦਾ ਹੋਇਆ ਆਪਣੇ ਹੀ ਨਵੇਕਲੇ ਢੰਗ ਨਾਲ ਘੱਟੋ-ਘੱਟ ਸਕੋਰਾਂ ਦੀ ਹੱਦ ਨਿਸ਼ਚਿਤ ਕਰ ਲੈਂਦਾ ਹੈ। ਉਸ ਨੇ ਉਨ੍ਹਾਂ ਮਾਪਦੰਡਾਂ ਅਨੁਸਾਰ ਹੀ ਤੁਹਾਡੀ ਕਰਜ਼ਾ ਲੈਣ ਦੀ ਫਾਈਲ ਨੂੰ ਦੇਖ ਕੇ ਤੇ ਮੁਲਾਂਕਣ ਕਰਕੇ ਇਹ ਤੈਅ ਕਰਨਾ ਹੁੰਦਾ ਹੈ ਕਿ ਤੁਹਾਨੂੰ ਕਰਜ਼ਾ ਦਿੱਤਾ ਜਾਵੇ ਜਾਂ ਨਾ ਦਿੱਤਾ ਜਾਵੇ।

ਕਿਉਂਕਿ ਅਮਰੀਕਾ ਵਿਚ ਪੱਕੇ ਤੌਰ 'ਤੇ ਕੋਈ ਵੀ ਫਾਈਕੋ ਸਕੋਰ ਵਧੀਆ ਮੰਨਣਯੋਗ ਨਿਸ਼ਚਿਤ ਨਹੀਂ ਹੈ, ਪਰ ਫਿਰ ਵੀ ਆਮ ਤੌਰ 'ਤੇ 720 ਜਾਂ ਇਸ ਤੋਂ ਉੱਪਰ ਵਾਲੇ ਸਕੋਰ ਨੂੰ ਅਮਰੀਕਾ ਵਿਚ ਵਧੀਆ ਤੇ ਹਾਈ ਸਕੋਰ ਮੰਨਿਆ ਗਿਆ ਹੈ। ਠੀਕ ਇਸੇ ਪ੍ਰਕਾਰ 580 ਫਾਈਕੋ ਸਕੋਰ ਨੂੰ ਘੱਟ ਦਰਜੇ ਦਾ ਜਾਂ ਨੀਵਾਂ ਸਕੋਰ ਮੰਨਿਆ ਜਾਂਦਾ ਹੈ। ਪ੍ਰੰਤੂ ਇਨ੍ਹਾਂ ਮਿੱਥੀਆਂ ਹੋਈਆਂ ਹੱਦਾਂ ਦਾ ਇਕ ਉਧਾਰ ਦੇਣ ਵਾਲੀ ਕੰਪਨੀ ਨਾਲੋਂ ਦੂਜੀ ਉਧਾਰ ਦੇਣ ਵਾਲੀ ਕੰਪਨੀਆਂ ਵਿਚਾਲੇ ਅੰਤਰ ਹੋ ਸਕਦਾ ਹੈ।

ਮੰਨ ਲਉ ਇਕ ਲੈਂਡਰ ਕੰਪਨੀ 720 ਦੇ ਫਾਈਕੋ ਸਕੋਰ ਨੂੰ ਤੈਅ ਕਰਕੇ ਵਧੀਆ ਮੰਨਦੀ ਹੈ। ਦੂਜੀ ਲੈਂਡਰ ਕੰਪਨੀ ਇਸ ਦੀ ਹੱਦ 740 ਤੇ ਤੀਜੀ ਲੈਂਡਰ ਕੰਪਨੀ ਇਸ ਦੀ ਹੱਦ 760 ਵੀ ਆਪਣੀ ਮਰਜ਼ੀ ਨਾਲ ਤੈਅ ਕਰ ਸਕਦੀ ਹੈ। ਇਸ ਪ੍ਰਕਾਰ ਇਹ ਲੈਂਡਰ ਕੰਪਨੀਆਂ ਅਮਰੀਕਾ ਵਿਚ ਇਕ ਤਰ੍ਹਾਂ ਨਾਲ ਆਜ਼ਾਦ ਅਦਾਰੇ ਹਨ, ਫਿਰ ਵੀ ਸਮੇਂ ਸਮੇਂ ਸਿਰ ਇਨ੍ਹਾਂ ਦੀ ਸਰਕਾਰ ਵਲੋਂ ਆਡਿਟ ਜਾਂ ਪੜਤਾਲ ਹੁੰਦੀ ਰਹਿੰਦੀ ਹੈ।

ਇਸੇ ਤਰ੍ਹਾਂ ਫਾਈਕੋ ਸਕੋਰਾਂ ਦਾ ਲੇਖਾ ਜੋਖਾ ਕੱਢ ਕੇ ਤਿੰਨਾਂ ਬਿਊਰੋ ਕੰਪਨੀਆਂ ਦੇ ਸਕੋਰਾਂ ਵਿਚ ਹਮੇਸ਼ਾ ਤੇ ਜ਼ਿਆਦਾ ਕਰਕੇ ਆਪਸ ਵਿਚ ਅੰਤਰ ਹੀ ਹੁੰਦਾ ਹੈ। ਹੋ ਸਕਦਾ ਹੈ ਇਕ ਬਿਊਰੋ ਕੰਪਨੀ ਫਾਈਕੋ ਸਕੋਰ 750 ਦੱਸੇ ਤੇ ਦੂਜੀ 780 ਤੇ ਤੀਜੀ ਦੱਸ ਦੇਵੇ 740 ਫਾਈਕੋ ਸਕੋਰ।

ਹੁਣ ਉਧਾਰਕਰਤਾ ਜਾਂ ਲੈਂਡਰ 780, 750 ਤੇ 740 ਵਾਲੇ ਸਕੋਰਾਂ ਵਿਚੋਂ ਵਿਚਕਾਰਲੇ ਵਾਲੇ ਸਕੋਰਾਂ ਨੂੰ ਆਧਾਰ ਮੰਨ ਕੇ ਤੇ ਹੋਰ ਲੇਖੇ ਜੋਖੇ ਕਰਕੇ ਤੁਹਾਡੀ ਲੋਨ ਵਾਲੀ ਫਾਈਲ ਨੂੰ ਜਾਂਚਦਾ ਹੋਇਆ, ਤੁਹਾਡਾ ਲੋਨ ਅਪਰੂਵ ਕਰੇਗਾ ਜਾਂ ਨਾਂਹ ਕਰ ਦੇਵੇਗਾ। ਜੇ ਤੁਹਾਡੇ ਪਾਸ ਦੋ ਬਿਊਰੋ ਕੰਪਨੀਆਂ ਦੇ ਹੀ ਸਕੋਰ ਹਨ ਤਾਂ ਲੈਂਡਰ ਜਾਂ ਉਧਾਰਕਰਤਾ, ਜਿਸ ਬਿਊਰੋ ਦੇ ਸਕੋਰ ਘੱਟ ਹੋਣਗੇ, ਉਨ੍ਹਾਂ ਸਕੋਰਾਂ ਨੂੰ ਹੀ ਆਧਾਰ ਮੰਨ ਲਵੇਗਾ।

ਲੈਂਡਰ ਜਾਂ ਉਧਾਰਕਰਤਾ ਹਮੇਸ਼ਾ ਬਿਲਕੁਲ ਨਵੀਨ ਜਾਂ ਕੁਝ ਹੀ ਸਮਾਂ ਪਹਿਲਾਂ ਕੱਢੀ ਗਈ ਫਾਈਕੋ ਸਕੋਰਾਂ ਵਾਲੀ ਰਿਪੋਰਟ ਉਪਰ ਹੀ ਯਕੀਨ ਕਰਦਾ ਹੈ, ਕਿਉਂਕਿ ਹਰੇਕ ਵਿਅਕਤੀ ਦੇ ਸਕੋਰ ਹਰ ਸਮੇਂ ਤੇ ਹਰ ਪਲ ਜਾਂ ਘੜੀ ਬਦਲ ਸਕਦੇ ਹਨ। ਠੀਕ ਇਸੇ ਪ੍ਰਕਾਰ ਉਸ ਦੀ ਰਿਪੋਰਟ ਵਿਚ ਤਤਕਾਲੀ ਸੂਚਨਾਵਾਂ ਵੀ ਜੁੜਦੀਆਂ ਰਹਿੰਦੀਆਂ ਹਨ।

ਉਦਾਹਰਣ ਦੇ ਤੌਰ 'ਤੇ ਜੇ ਤੁਹਾਡਾ ਕਰੈਡਿਟ ਕਾਰਡ ਦਾ ਬਿਲ ਅਜੇ ਪੈਂਡਿੰਗ ਪਿਆ ਹੈ ਤਾਂ ਤੁਹਾਡਾ ਫਾਈਕੋ ਸਕੋਰ ਹੋਰ ਹੋਣਾ ਹੈ, ਜੇ ਇਸ ਬਿਲ ਨੂੰ ਪੇਆਫ ਕਰ ਦਿੰਦੇ ਹੋ ਤੇ ਤੁਹਾਡੇ ਫਾਈਕੋ ਸਕੋਰਾਂ ਨੇ ਸੁਭਾਵਕ ਵਧ ਜਾਣਾ ਹੁੰਦਾ ਹੈ।

ਠੀਕ ਇਸੇ ਤਰ੍ਹਾਂ ਲੋਨ ਦੀਆਂ ਕਿਸ਼ਤਾਂ ਦੇਣ ਕਰਕੇ ਜਾਂ ਨਾ ਦੇਣ ਕਰਕੇ ਜਾਂ ਦੇਰੀ ਨਾਲ ਦੇਣ ਕਰਕੇ ਜਾਂ ਫਿਰ ਕੋਈ ਨਵੀਂ ਲਾਈਨ ਆਫ਼ ਕਰੈਡਿਟ ਲੈਣ ਕਰਕੇ ਜਾਂ ਬੰਦ ਕਰਵਾਉਣ ਕਰਕੇ ਜਾਂ ਅਮਰੀਕਾ ਸਰਕਾਰ ਦੇ ਟੈਕਸਾਂ ਦੀਆਂ ਅਦਾਇਗੀਆਂ ਨਾ ਕਰਨ ਕਰਕੇ ਅਤੇ ਹੋਰ ਵੀ ਕਈ ਕਾਰਨਾਂ ਕਰਕੇ ਤੁਹਾਡੇ ਇਹ ਫਾਈਕੋ ਸਕੋਰ ਬਦਲਦੇ ਰਹਿੰਦੇ ਹਨ। ਉਦਾਹਰਣ ਦੇ ਤੌਰ 'ਤੇ ਜੇ ਤੁਸੀਂ ਆਪਣੇ ਕਰੈਡਿਟ ਕਾਰਡ ਦਾ ਬਿਲ 30 ਦਿਨ ਲੇਟ ਦਿੰਦੇ ਹੋ ਤਾਂ ਤੁਹਾਡੇ 15 ਤੋਂ 35 ਸਕੋਰ ਥੱਲੇ ਡਿੱਗ ਜਾਣੇ ਹਨ। ਠੀਕ ਇਸੇ ਤਰ੍ਹਾਂ ਜੇ ਤੁਸੀਂ ਆਪਣੇ ਘਰ ਦੇ ਮੌਰਗੇਜ ਕਰਜ਼ੇ ਦੀ ਕਿਸ਼ਤ 30 ਦਿਨ ਲੇਟ ਦਿੰਦੇ ਹੋ ਤਾਂ ਵੀ ਇਨ੍ਹਾਂ ਸਕੋਰਾਂ ਨੇ 25 ਤੋਂ 30 ਦੇ ਦਰਮਿਆਨ ਥੱਲੇ ਡਿੱਗ ਪੈਣਾ ਹੁੰਦਾ ਹੈ। ਜੇ ਕਿਸੇ ਖਪਤਕਾਰ ਦੇ ਸਾਰੇ ਮਹੀਨਾਵਾਰ ਅਕਾਊਂਟਾਂ ਵਿਚ ਕੋਈ ਅਪਮਾਨਜਨਕ ਜਾਂ ਫਿਰ ਮਾਣ ਤੇ ਸ਼ਾਨ ਘਟਾਉਣ ਵਾਲੀ ਗੱਲ ਦਾ ਇੰਦਰਾਜ ਨਹੀਂ ਹੈ ਤਾਂ ਤੁਹਾਡੇ ਫਾਈਕੋ ਸਕੋਰਾਂ ਨੇ ਉਸੇ ਮਹੀਨੇ ਦੋ ਤੋਂ ਲੈ ਕੇ ਦੱਸ ਤੀਕ ਬੜੇ ਅਰਾਮ ਨਾਲ ਵਧ ਜਾਣਾ ਹੁੰਦਾ ਹੈ।

ਮੋਟੇ ਤੌਰ 'ਤੇ ਇਨ੍ਹਾਂ ਕਰੈਡਿਟ ਸਕੋਰਾਂ ਨੂੰ ਜ਼ਿਆਦਾ ਕਰਕੇ ਹੇਠ ਲਿਖੀਆਂ ਗੱਲਾਂ ਪ੍ਰਭਾਵਤ ਕਰਦੀਆਂ ਰਹਿੰਦੀਆਂ ਹਨ:

-ਤੁਹਾਡੇ ਵਲੋਂ ਅਦਾ ਕੀਤੀਆਂ ਗਈਆਂ ਪੇਮੈਂਟਾਂ ਜਾਂ ਅਦਾਇਗੀਆਂ ਦੀ ਹਿਸਟਰੀ।

-ਤੁਹਾਡੇ ਕਰੈਡਿਟ ਕਾਰਡਾਂ ਉਪਰ ਇਸ ਵੇਲੇ ਮੌਜੂਦਾ ਰਕਮ ਕਿੰਨੀ ਖਰਚ ਹੋ ਚੁੱਕੀ ਹੈ ਤੇ ਬਾਕੀ ਕਿੰਨੀ ਬਚਦੀ ਹੈ।

-ਤੁਹਾਡੀ ਕਰੈਡਿਟ ਹਿਸਟਰੀ ਕਿੰਨੀ ਪੁਰਾਣੀ ਜਾਂ ਲੰਬੀ ਹੈ।

-ਤੁਸੀਂ ਕਰੈਡਿਟ ਕਾਰਡ ਲੈਣ ਦੀਆਂ ਕਿੰਨੀਆਂ ਬੇਨਤੀਆਂ ਕਰਦੇ ਹੋ।

-ਤੁਸੀਂ ਕਿਧਰੇ ਆਪਣੇ ਕਰੈਡਿਟ ਸਕੋਰਾਂ ਦੀ ਵਾਰ-ਵਾਰ ਤਾਂ ਪੜਤਾਲ ਨਹੀਂ ਕਰਵਾ ਰਹੇ ਹੋ।

-ਕਰਜ਼ਿਆਂ ਦੀਆਂ ਮੋੜੀਆਂ ਗਈਆਂ ਰਕਮਾਂ।

-ਤੁਸੀਂ ਕਿਸ ਕਿਸ ਕਿਸਮ ਦੇ ਲੋਨ ਜਾਂ ਕਰਜ਼ੇ ਲਏ ਹੋਏ ਹਨ।

ਇਨ੍ਹਾਂ ਸਾਰੀਆਂ ਗੱਲਾਂ ਬਾਰੇ ਹੋਰ ਜਾਣਕਾਰੀ 'ਪੰਜ ਫੈਕਟਰ ਜਾਂ ਕਾਰਕ' ਅਤੇ 'ਕਰੈਡਿਟ ਸਕੋਰ' ਸਿਰਲੇਖ ਹੇਠ ਪੰਜਾਬ ਟਾਈਮਜ਼ ਦੇ ਅਗਲੇ ਅੰਕਾਂ ਵਿਚ। **(ਚਲਦਾ)**

Declare your independence with Solar
*Go Solar Today and Save Tomorrow!*

With a Grid-Tie System you'll reduce or eliminate your electricity bill, protect against future rate increases, and receive free electricity after your system pays for itself
**Call:1800-780-0032**

SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਡਾਇਮੰਡ ਹੇਅਰ ਕਟਿੰਗ ਸਲੂਨ
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

For men, women & Children
Make-up
Hair cut
Perm
Hair styler

Color
Facial, Threading
Bridal Make-up
Body Art (Henna)
TONY
26655 Mission Blvd.
Hayward, CA 94544
*Wednesday thru Monday 10 am to 7pm, Sunday 11 am to 6.00 pm Tuesday closed*
Ph: 510-582-2472 Cell: (510) 825-0820

Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

RAJ SINGH
M.A., M.Ed Retd. Principal
Realtor & Financial Adviser
Lic#01776459 & OG22467
ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Refinance, Home Loan, SBA Loan
(All at Best Rates)
RAJ SINGH
Cell:510-452-7370
Notary Free
30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।
MISSIONPEAK BROKERS, INC.
46560 Fremont Blvd.
Suite #111 Fremont, CA 94538
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 4 ਜੁਲਾਈ, 2009

*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥*


## ਸੰਪਾਦਕੀ

# ਮੌਨਸੂਨ ਨੇ ਧੋਖਾ ਦਿੱਤਾ

ਮੌਨਸੂਨ ਹਵਾਵਾਂ ਦੇ ਲੇਟ ਹੋਣ ਕਾਰਨ ਸਮੁੱਚਾ ਉੱਤਰੀ ਭਾਰਤ ਇਨ੍ਹੀਂ ਦਿਨੀਂ ਗਰਮੀ ਨਾਲ ਲੂਹਿਆ ਜਾ ਰਿਹਾ ਹੈ। ਪਿਛਲੇ ਤਕਰੀਬਨ ਦੋ ਹਫਤਿਆਂ ਤੋਂ ਗਰਮ ਪੱਛਮੀ ਹਵਾਵਾਂ ਨੇ ਪੰਜਾਬ ਸਮੇਤ ਸਮੁੱਚੇ ਉੱਤਰ ਭਾਰਤ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪੰਜਾਬ ਵਿਚ ਵੀ ਮੌਨਸੂਨ ਦੀ ਬਾਰਸ਼ ਬਹੁਤ ਘੱਟ ਹੋਈ ਹੈ। ਯਾਦ ਰਹੇ ਲੰਘੇ ਸਾਲ 13-14 ਜੂਨ ਨੂੰ ਪੰਜਾਬ ਵਿਚ ਬਾਰਸ਼ ਹੋਣੀ ਸ਼ੁਰੂ ਹੋ ਗਈ ਸੀ। ਇਸ ਵਾਰ ਲੰਘੀ 26 ਜੂਨ ਨੂੰ ਮੌਨਸੂਨ ਹਵਾਵਾਂ ਮੁੰਬਈ ਵਿਚ ਪਹੁੰਚੀਆਂ ਅਤੇ ਇਸ ਤੋਂ ਇਲਾਵਾ ਗੁਜਰਾਤ , ਕਰਨਾਟਕ , ਆਂਧਰਾ ਪ੍ਰਦੇਸ਼, ਛੱਤੀਸਗੜ੍ਹ ਅਤੇ ਉੜੀਸਾ ਦੇ ਕੁਝ ਹਿੱਸਿਆਂ ਵਿਚ ਮੌਨਸੂਨ ਨੇ ਪ੍ਰਵੇਸ਼ ਕੀਤਾ ਹੈ। ਮੌਸਮ ਮਾਹਿਰਾਂ ਦਾ ਵਿਚਾਰ ਹੈ ਕਿ ਅਗਲੇ ਕੁਝ ਦਿਨਾਂ ਵਿਚ ਮੌਨਸੂਨ ਹਵਾਵਾਂ ਮੱਧ ਭਾਰਤ ਅਤੇ ਉੱਤਰੀ ਭਾਰਤ ਵਲ ਵਧਣਗੀਆਂ। ਫਿਰ ਵੀ ਇਹ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਉੱਤਰੀ ਭਾਰਤ ਵਿਚ ਹੋਣ ਵਾਲੀ ਬਾਰਸ਼ ਆਮ ਨਾਲੋਂ ਘੱਟ ਰਹੇਗੀ। ਉਧਰ ਮੁੰਬਈ ਵਿਚ ਪਹਿਲੀ ਬਾਰਸ਼ ਨਾਲ ਹੀ ਹੜ੍ਹ ਆਉਣੇ ਸ਼ੁਰੂ ਹੋ ਗਏ ਹਨ। ਮੱਧ ਪ੍ਰਦੇਸ਼ ਸਮੇਤ ਕੁਝ ਹੋਰ ਰਾਜਾਂ ਵਿਚ ਵੀ ਭਰਵੀਂ ਬਾਰਸ਼ ਹੋਈ ਹੈ। ਕੇਂਦਰ ਸਰਕਾਰ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਸਮੁੰਦਰੀ ਮੌਸਮ ’ਚ ਤਬਦੀਲੀਆਂ ਕਰਕੇ ਮੌਨਸੂਨ ਕੁਝ ਦਿਨ ਲੇਟ ਹੋ ਗਈ ਹੈ, ਪਰ ਇਸ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਮੌਸਮ ਵਿਭਾਗ ਅਨੁਸਾਰ ਜਾਪਦਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਮੌਨਸੂਨ ਸਰਗਰਮ ਹੋ ਜਾਵੇਗੀ। ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਨੂੰ ਕਿਹਾ ਹੈ ਕਿ ਮੌਨਸੂਨ ਦੇ ਪਛੜੇਵੇਂ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਕੇਂਦਰੀ ਖੇਤੀ ਸਕੱਤਰ ਸ੍ਰੀ ਟੀ. ਨੰਦ ਕੁਮਾਰ ਨੇ ਬੀਤੇ ਦਿਨੀਂ ਰਾਜ ਦੇ ਖੇਤੀ ਸਕੱਤਰਾਂ ਨਾਲ ਇਕ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਉਨ੍ਹਾਂ ਰਾਜਾਂ ਦੇ ਸਕੱਤਰ ਹੀ ਸ਼ਾਮਲ ਹੋਏ, ਜਿਨ੍ਹਾਂ ਵਿਚ ਮੌਨਸੂਨ ਦੀ ਬਾਰਸ਼ ਨਹੀਂ ਹੋਈ। ਮੀਟਿੰਗ ਦੌਰਾਨ ਮੌਨਸੂਨ ਦੇ ਪਛੜਨ ਕਾਰਨ ਪੈਦਾ ਹੋਈ ਸਥਿਤੀ ‘ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਮੌਨਸੂਨ ਦੇ ਫੇਲ੍ਹ ਹੋਣ ਕਾਰਨ ਪੈਦਾ ਹੋਈ ਸਥਿਤੀ ਨਾਲ ਨਿਪਟਣ ਲਈ ਵੀ ਵਿਚਾਰ ਵਟਾਂਦਰਾ ਹੋਇਆ। ਖੇਤੀਬਾੜੀ ਵਿਭਾਗ ਦਾ ਵਿਚਾਰ ਹੈ ਕਿ ਜੇ ਮੌਨਸੂਨ ਹਵਾਵਾਂ ਜੂਨ ਮਹੀਨੇ ਦੇ ਅੰਤ ਤੱਕ ਵੀ ਪਹੁੰਚ ਜਾਂਦੀਆਂ ਹਨ ਤਾਂ ਸਥਿਤੀ ਵਿਚ ਬਹੁਤਾ ਵਿਗਾੜ ਨਹੀਂ ਆਵੇਗਾ। ਇਸ ਕੇਂਦਰੀ ਮੀਟਿੰਗ ਵਿਚ ਪੰਜਾਬ ਅਤੇ ਹਰਿਆਣਾ ਬਾਰੇ ਕਿਹਾ ਗਿਆ ਹੈ ਕਿ ਇਥੇ ਕਿਉਂਕਿ ਸਿੰਚਾਈ ਸਹੂਲਤਾਂ ਮੌਜੂਦ ਹਨ, ਇਸ ਲਈ ਸਥਿਤੀ ਬਹੁਤੀ ਮੰਦੀ ਨਹੀਂ ਹੈ। ਪਰ ਇਹ ਅਸਲ ਸਥਿਤੀ ਨੂੰ ਘਟਾ ਕੇ ਵੇਖਣ ਵਾਲੀ ਪੁਰਾਣੀ ਪ੍ਰਵਿਰਤੀ ਹੈ, ਕਿਉਂਕਿ ਭਾਖੜਾ ਡੈਮ ਵਿਚ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ ਅਤੇ ਇਹ ਜੇ ਕੁਝ ਕੁ ਫੁੱਟ ਹੋਰ ਘੱਟਦਾ ਹੈ ਤਾਂ ਇਸ ਖੇਤਰ ਵਿਚ ਬਿਜਲੀ ਦੀ ਪੈਦਾਵਾਰ ਮੁਕੰਮਲ ਰੂਪ ਵਿਚ ਬੰਦ ਹੋ ਸਕਦੀ ਹੈ। ਜਦਕਿ ਪੰਜਾਬ ਹਰਿਆਣਾ ਦੀ ਖੇਤੀ ਮੁੱਖ ਰੂਪ ਵਿਚ ਬਿਜਲੀ ਕੁਨੈਕਸ਼ਨ ਵਾਲੀਆਂ ਮੋਟਰਾਂ ਅਤੇ ਧਰਤੀ ਹੇਠਲੇ ਪਾਣੀ ਉੱਪਰ ਹੀ ਮੁਨੱਸਰ ਹੈ। ਉਧਰ ਝੋਨੇ ਦੀ ਖੇਤੀ ਕਾਰਨ ਪਾਣੀ ਲਗਾਤਾਰ ਹੇਠਾਂ ਡਿੱਗ ਰਿਹਾ ਹੈ। ਇਸ ਸਥਿਤੀ ਵਿਚ ਪੰਜਾਬ ਵਿਚ ਕਿਸੇ ਵੇਲੇ ਵੀ ਪਾਣੀ ਦਾ ਵੱਡਾ ਸੰਕਟ ਖੜਾ ਹੋ ਸਕਦਾ ਹੈ। ਝੋਨੇ ਦੀ ਫਸਲ ਦੀ ਬਿਜਾਈ ਇਸ ਸੰਕਟ ਨੂੰ ਹੋਰ ਡੂੰਘਾ ਕਰੇਗੀ। ਮੌਨਸੂਨ ਦੇ ਪਛੜਨ ਕਾਰਨ ਦਰਿਆਈ ਪਾਣੀਆਂ ਦਾ ਸੰਕਟ ਵੀ ਗਹਿਰਾਇਆ ਹੋਇਆ ਹੈ। ਭਾਖੜਾ ਡੈਮ ਨੇ ਦਰਿਆਵਾਂ ਵਿਚ ਛੱਡਿਆ ਜਾਣ ਵਾਲਾ ਪਾਣੀ 6000 ਕਿਊਸਿਕ ਹੋਰ ਘਟਾ ਦਿੱਤਾ ਹੈ। ਖਬਰਾਂ ਅਨੁਸਾਰ ਇਸ ਡੈਮ ਤੋਂ ਦਿੱਲੀ ਸਮੇਤ ਹੋਰ ਰਾਜਾਂ ਨੂੰ ਜਾਂਦੇ ਪਾਣੀ ਵਿਚ ਵੀ ਕਟੌਤੀ ਕਰ ਦਿੱਤੀ ਗਈ ਹੈ। ਦਰਿਆਵਾਂ ਵਿਚ ਛੱਡੇ ਜਾਣ ਵਾਲੇ ਪਾਣੀ ਵਿਚ ਕਟੌਤੀ ਕਾਰਨ ਲਾਜ਼ਮੀ ਹੀ ਬਿਜਲੀ ਦੀ ਪੈਦਾਵਾਰ ‘ਤੇ ਮਾੜਾ ਅਸਰ ਪਵੇਗਾ।

ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਯੂ.ਸੀ. ਮਿਸ਼ਰਾ ਦੀ ਅਗਵਾਈ ਹੇਠ ਹੋਈ ਇਕ ਮੀਟਿੰਗ ਵਿਚ ਪੰਜਾਬ, ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਭਾਖੜਾ ਡੈਮ ਤੋਂ ਇਲਾਵਾ ਪੌਂਗ ਡੈਮਾਂ ਵਿਚ ਵੀ ਬਾਰਸ਼ ਨਾ ਹੋਣ ਕਾਰਨ ਪਾਣੀ ਦਾ ਪੱਧਰ ਡਿੱਗ ਰਿਹਾ ਹੈ। ਇਸ ਮੀਟਿੰਗ ਵਿਚ ਵੀ ਮੌਨਸੂਨ ਦੇ ਫੇਲ੍ਹ ਹੋਣ ਕਾਰਨ ਪਾਣੀ ਦੀ ਘਾਟ ਉੱਪਰ ਚਿੰਤਾ ਪ੍ਰਗਟ ਕੀਤੀ ਗਈ ਹੈ। ਜਿਥੋਂ ਤੱਕ ਪੰਜਾਬ ਵਿਚ ਮੌਨਸੂਨ ਦੀ ਬਾਰਸ਼ ਦਾ ਸਵਾਲ ਹੈ, ਆਮ ਤੌਰ ‘ਤੇ ਇਹ ਆਸ ਕੀਤੀ ਜਾਂਦੀ ਹੈ ਕਿ 15 ਜੂਨ ਤੋਂ ਬਾਰਸ਼ਾਂ ਸ਼ੁਰੂ ਹੋ ਜਾਣਗੀਆਂ। ਮੁੰਬਈ ਵਿਚ ਬਾਰਸ਼ 16 ਦਿਨ ਲੇਟ ਹੋਣੀ ਸ਼ੁਰੂ ਹੋਈ। ਪੰਜਾਬ ਵਿਚ ਵੀ ਇਹ ਤਕਰੀਬਨ 2 ਹਫ਼ਤੇ ਲੇਟ ਹੋ ਚੁੱਕੀ ਹੈ। ਹਾਲੇ ਇਕ ਹਫਤਾ ਹੋਰ ਲੇਟ ਹੋਣ ਦੀ ਉਮੀਦ ਹੈ। ਇਸ ਦੌਰਾਨ ਮੌਸਮ ਵਿਗਿਆਨੀਆਂ ਅਨੁਸਾਰ ਮੌਨਸੂਨ ਦਾ ਜ਼ੋਰ ਕਮਜ਼ੋਰ ਵੀ ਪੈ ਸਕਦਾ ਹੈ। ਪੰਜਾਬ ਦੇ ਖੇਤੀ ਅਰਥਚਾਰੇ ਅਤੇ ਵਾਤਾਵਰਣਿਕ ਸਥਿਤੀਆਂ ਨੂੰ ਵੇਖਦਿਆਂ ਇਹ ਮਾੜਾ ਪੱਖ ਹੀ ਕਿਹਾ ਜਾਵੇਗਾ। ਪੰਜਾਬ ਦੇ ਲੋਕਾਂ, ਧਰਤੀ ਅਤੇ ਆਬੋ-ਹਵਾ ਲਈ ਘੱਟ ਬਾਰਸ਼ ਕਾਫੀ ਮੰਦਵਾੜਾ ਪੈਦਾ ਕਰ ਸਕਦੀ ਹੈ। ਜੇ ਪਿਛਲੇ ਸਾਲ ਵਾਂਗ ਇਸ ਵਾਰ ਵੀ ਕਾਫੀ ਬਾਰਸ਼ ਹੋ ਜਾਂਦੀ ਹੈ ਤਾਂ ਇਕ ਪਾਸੇ ਤਾਂ ਝੋਨੇ ਦੀ ਫਸਲ ਨੂੰ ਕਾਫੀ ਮਾਤਰਾ ਵਿਚ ਪਾਣੀ ਮਿਲ ਜਾਵੇਗਾ ਅਤੇ ਦੂਜੇ ਪਾਸੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਸੁਧਾਰ ਹੋਣ ਦੀ ਉਮੀਦ ਵੀ ਬਣ ਜਾਵੇਗੀ। ਝੋਨੇ ਦੀ ਫਸਲ ਨੂੰ ਅਸਲ ਵਿਚ ਬਿਜਾਈ ਤੋਂ ਪਹਿਲਾਂ ਅਤੇ ਬਿਜਾਈ ਤੋਂ ਕੁਝ ਸਮਾਂ ਬਾਅਦ ਹੀ ਵਧੇਰੇ ਪਾਣੀ ਦੀ ਲੋੜ ਹੁੰਦੀ ਹੈ।

ਇਸੇ ਸਮੇਂ ਦੌਰਾਨ ਹੀ ਬਾਰਸ਼ਾਂ ਵੀ ਵਧੇਰੇ ਲਾਹੇਵੰਦ ਸਿੱਧ ਹੁੰਦੀਆਂ ਹਨ। ਝੋਨੇ ਦੀ ਬਿਜਾਈ ਲਈ ਖੁਸ਼ਕ ਜ਼ਮੀਨ ਨੂੰ ਪਾਣੀ ਨਾਲ ਤਰੌਤ ਕਰਨ ਲਈ ਵੱਡੀ ਪੱਧਰ ‘ਤੇ ਜਲ ਸੋਮੇ ਅਤੇ ਊਰਜਾ ਦੀ ਲੋੜ ਪੈਂਦੀ ਹੈ। ਇਸ ਸਮੇਂ ਦੌਰਾਨ ਹੋਣ ਵਾਲੀ ਬਾਰਸ਼ ਇਸ ਦਾ ਬਦਲ ਬਣ ਜਾਂਦੀ ਹੈ। ਇਸ ਦਾ ਖੇਤੀ ਆਰਥਿਕਤਾ ‘ਤੇ ਅਣਮਿਣਿਆ ਤੰਦਰੁਸਤ ਅਸਰ ਪੈਂਦਾ ਹੈ। ਜਿਵੇਂ ਕਿ ਖੇਤੀ ਵਿਗਿਆਨੀਆਂ ਨੇ ਪਹਿਲਾਂ ਹੀ ਕਿਹਾ ਹੈ ਕਿ ਜੇ ਹਫ਼ਤਾ ਕੁ ਬਾਅਦ ਵੀ ਬਾਰਸ਼ ਸ਼ੁਰੂ ਹੋ ਜਾਂਦੀ ਹੈ ਤਦ ਵੀ ਇਸ ਦਾ ਕਿਸਾਨੀ ਨੂੰ ਵੱਡਾ ਲਾਭ ਹੋਵੇਗਾ। ਭਾਵੇਂ ਕਿ ਇਸ ਸਮੇਂ ਦੌਰਾਨ ਪੰਜਾਬ ਦੇ ਕਿਸਾਨਾਂ ਨੇ ਅੱਧ-ਪਚੱਧ ਝੋਨੇ ਦੀ ਲਵਾਈ ਮੁਕੰਮਲ ਕਰ ਲਈ ਹੋਵੇਗੀ, ਫਿਰ ਵੀ ਮੁਢਲੇ ਦੌਰ ਵਿਚ ਇਹ ਬਾਰਸ਼ਾਂ ਝੋਨੇ ਦੀ ਫਸਲ ਲਈ ਪਾਣੀ ਦੀ ਲੋੜ ਨੂੰ ਪੂਰਾ ਕਰਨਗੀਆਂ। ਉਂਜ ਪੰਜਾਬ ਦੀ ਧਰਤੀ ਅਤੇ ਲੋਕਾਂ ਦਾ ਅਸਲ ਫਾਇਦਾ ਇਸੇ ਗੱਲ ਵਿਚ ਹੈ ਕਿ ਉਹ ਝੋਨੇ ਜਿਹੀ ਫਸਲ ਤੋਂ ਜਿੰਨਾ ਜਲਦੀ ਹੋ ਸਕੇ ਖਹਿੜਾ ਛੁਡਾਉਣ ਅਤੇ ਹੋਰ ਅਰਧ ਖੁਸ਼ਕ ਮੌਸਮ ਵਿਚ ਪਲਣ ਵਾਲੀਆਂ ਫਸਲਾਂ ਵਲ ਆਪਣਾ ਮੋੜਾ ਕੱਟਣ ਅਤੇ ਇਨ੍ਹਾਂ ਦੇ ਸਹਾਇਕ ਮੁੱਲ ਹਾਸਲ ਕਰਨ ਲਈ ਕੇਂਦਰ ਉਪਰ ਦਬਾਅ ਬਣਾਉਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਦੇ ਬਿਜਲੀ-ਕੱਟ!

*ਜੰਗਲ ਵੱਢ ਕੇ ਪੱਧਰੇ ਹਾਰ ਕੀਤੇ*
*ਬਿਨਾ ਦਰਖਤਾਂ ਤੋਂ ਹੋਏ ਲਾਚਾਰ ਭਾਈ।*
*ਪਾਣੀ ਖਿੱਚ ਕੇ ਧਰਤਿ ਬਣਾਈ ਬੰਜਰ*
*ਕਿਵੇਂ ਹੋਵੇਗੀ ਹਰੀ ਗੁਲਜ਼ਾਰ ਭਾਈ।*
*ਭੱਠੀ ਵਾਂਗ ਚੁਗਿਰਦਾ ਏ ਤਪਣ ਲੱਗਾ,*
*ਹੁਣ ਕਿਉਂ ਹੁੰਦੇ ਓ ਭਲਾ ਬੇ-ਜਾਰ ਭਾਈ।*
*ਫੂਕੋ ਗੁੱਡੀਆਂ ਰੜੇ ਮੈਦਾਨ ਜਾ ਕੇ,*
*ਇੰਦਰ ਦੇਵ ਨੂੰ ਕਰੋ ਪੁਕਾਰ ਭਾਈ*
*ਹੱਥ ਖੜ੍ਹੇ ਕਰ ਕਿਹਾ ਸਰਕਾਰ ਜੀ ਨੇ,*
*ਮੌਨਸੂਨ ਦਾ ਕਰੋ ਇੰਤਜ਼ਾਰ ਭਾਈ।*
*ਏ.ਸੀ. ਰੂਮ ਵਿਚ ਬੈਠੇ ਮੁੱਖ ਮੰਤਰੀ ਨੇ,*
*ਬਿਜਟੀ ਕੱਟਾਂ ‘ਤੇ ਕੀਤੀ ਵਿਚਾਰ ਭਾਈ।*

# ਬਲੈਕਮੇਲਿੰਗ ਬਣੀ ਰਾਜਨੀਤੀ ਦਾ ਹਥਿਆਰ

ਪ੍ਰੀਤੀਸ਼ ਨੰਦੀ

ਤੁਸੀਂ ਜਿੱਥੇ ਕਿੱਤੇ ਵੀ ਨਜ਼ਰ ਮਾਰੋ, ਬਲੈਕਮੇਲਿੰਗ ਅੱਜ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਕਰੰਸੀ ਹੈ। ਰਾਜਨੀਤੀ ਵਿਚ, ਧਰਮ ਵਿਚ, ਕਾਰੋਬਾਰ ਵਿਚ ਅਤੇ ਇਥੋਂ ਤੱਕ ਕਿ ਅਤਿਵਾਦ ਖਿਲਾਫ ਜੰਗ ਵਿਚ ਵੀ।

ਜਦ ਪਾਕਿਸਤਾਨ ਅਤਿਵਾਦ ਨਾਲ ਲੜਨ ਦੇ ਨਾਮ ‘ਤੇ ਅਮਰੀਕਾ ਤੋਂ ਪੰਜ ਅਰਬ ਡਾਲਰ ਠੱਗਦਾ ਹੈ ਤੇ ਆਪਣੇ ਪ੍ਰਮਾਣੂ ਜਖ਼ੀਰੇ ਨੂੰ ਸੁਰੱਖਿਅਤ ਹੱਥਾਂ ਵਿਚ ਰੱਖਣ ਦੀ ਗੱਲ ਕਰਦਾ ਹੈ ਤਾਂ ਅਸਲ ਵਿਚ ਉਸ ਦੇ ਕਹਿਣ ਦਾ ਅਰਥ ਕੀ ਹੁੰਦਾ ਹੈ? ਉਸ ਦੇ ਕਹਿਣ ਦਾ ਅਰਥ ਇਹੀ ਹੈ ਕਿ ਸਾਨੂੰ ਪੈਸਾ ਦਿਓ ਨਹੀਂ ਤਾਂ ਸਾਡਾ ਦੇਸ਼ ਤਾਲਿਬਾਨ ਦੇ ਹੱਥਾਂ ਵਿਚ ਜਾ ਸਕਦਾ ਹੈ ਅਤੇ ਇਹ ਤਾਲਿਬਾਨੀ ਵੀ ਕਿੰਨੇ ਮਜ਼ਬੂਤ ਹਨ? ਤਕਰੀਬਨ 2500 ਭਟਕੇ ਹੋਏ ਲੋਕ, ਜਿਨ੍ਹਾਂ ਨੂੰ ਸਾਲਾਂ ਤੱਕ ਆਈ.ਐਸ.ਆਈ. ਨੇ ਪਾਲਿਆ। ਅੰਦਾਜ਼ਾ ਲਗਾਓ ਬਈ ਕਿਥੋਂ ਉਹ ਆਪਣੇ ਸਾਰੇ ਹਥਿਆਰ ਹਾਸਲ ਕਰਦੇ ਹਨ? ਸੋਚਣ ਦੀ ਲੋੜ ਨਹੀਂ, ਖੁਦ ਪਾਕਿਸਤਾਨ ਤੋਂ ਹੀ। ਫਿਰ ਕਿਉਂ ਅਮਰੀਕਾ ਇਸ ਬਲੈਕਮੇਲਿੰਗ ਅੱਗੇ ਝੁੱਕ ਜਾਂਦਾ ਹੈ? ਖ਼ੈਰ, ਕੀ ਤੁਹਾਨੂੰ ਲਗਦਾ ਹੈ ਕਿ ਉਸਦੇ ਕੋਲ ਕੋਈ ਵਿਕਲਪ ਹੈ? ਉਹ ਕਦ ਤਕ ਆਪਣੇ ਨੌਜਵਾਨਾਂ ਨੂੰ ਅਫਗਾਨਿਸਤਾਨ ਵਿਚ ਇਹੋ ਜਿਹੀ ਲੜਾਈ ਲੜਨ ਦੇ ਲਈ ਭੇਜਦਾ ਰਹੇਗਾ, ਜਿਹੜੀ ਕਿਸੇ ਪਾਸਿਉਂ ਵੀ ਉਨ੍ਹਾਂ ਦੀ ਪਹਿਲ ਨਹੀਂ ਹੈ? ਇਸ ਦੀ ਬਜਾਏ ਉਹ ਪਾਕਿਸਤਾਨ ਨੂੰ ਪੈਸਾ ਦੇ ਕੇ ਉਸ ਨੂੰ ਆਊਟਸੋਰਸ ਕਰ ਸਕਦਾ ਹੈ। ਹਾਲਾਂਕਿ ਉਹ ਜਾਣਦਾ ਹੈ, ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ, ਕਿ ਇਸ ਪੈਸੇ ਦਾ ਜ਼ਿਆਦਾਤਰ ਹਿੱਸਾ ਨਿਜੀ ਸਵਿਸ ਬੈਂਕ ਦੇ ਨਿੱਜੀ ਖਾਤਿਆਂ ਵਿਚ ਜਾਵੇਗਾ।

ਅਸੀਂ ਕਿਉਂ ਸ਼ਾਂਤ ਹਾਂ? ਕੀ ਅਸਲ ਵਿਚ ਸਾਡੇ ਕੋਲ ਕੋਈ ਵਿਕਲਪ ਨਹੀਂ ਹੈ? ਅੱਜ ਦੀਆਂ ਦੂਜੀਆਂ ਕਈ ਅਰਥਵਿਵਸਥਾਵਾਂ ਵਾਂਗ ਸਾਡੀ ਅਰਥਵਿਵਸਥਾ ਵੀ ਇਕ ਲਚਕੀਲੇ ਸੰਸਾਰਕ ਢਾਂਚੇ ਦਾ ਹਿੱਸਾ ਹੈ, ਜਿਹੜੀ ਸਥਿਰਤਾ, ਵਿਕਾਸ, ਅਮਰੀਕੀ ਡਾਲਰ ਅਤੇ ਅੰਤਰਰਾਸ਼ਟਰੀ ਵਪਾਰ ਨਾਲ ਚੱਲਦੀ ਹੈ। ਅਮਰੀਕਾ ਵਾਂਗ ਅਸੀਂ ਵੀ ਜਾਣਦੇ ਹਾਂ ਕਿ ਪਾਕਿਸਤਾਨ ਦੁਨੀਆਂ ਦੀ ਸਭ ਤੋਂ ਖ਼ਤਰਨਾਕ ਜਗ੍ਹਾ ਹੈ, ਪਰ ਸਾਡੀ ਉਸ ਨਾਲ ਇਕ ਸਾਂਝੀ ਸਰਹੱਦ ਹੈ ਤੇ ਅਸੀਂ ਉਸ ਦੇ ਵਿਗੜੇ ਹਾਲਾਤ ਵਿਚ ਆਪਣੀ ਅਰਥਵਿਵਸਥਾ ਦੇ ਬਚੇ ਰਹਿਣ ਦੀ ਉਮੀਦ ਨਹੀਂ ਕਰ ਸਕਦੇ।

ਜੇਕਰ ਅਮਰੀਕਾ ਪਾਕਿਸਤਾਨ ਤੋਂ ਆਪਣਾ ਸਮਰਥਨ ਵਾਪਸ ਲੈ ਲੈਂਦਾ ਹੈ ਅਤੇ ਉਥੇ ਲੋਕਤੰਤਰੀ ਸਰਕਾਰ ਡਿੱਗ ਜਾਂਦੀ ਹੈ ਤਾਂ ਸਾਡੇ ਲਈ ਵੀ ਪ੍ਰਤੀਕੂਲ ਹਾਲਾਤ ਪੈਦਾ ਹੋ ਸਕਦੇ ਹਨ। ਇਸ ਲਈ ਉਹ ਸਾਰੇ ਜਿਹੜੇ ਪਾਕਿਸਤਾਨ ਨਾਲ ਨਫਰਤ ਕਰਦੇ ਹਨ ਅਤੇ ਸਾਡੇ ਤੋਂ ਉਸ ਉਤੇ ਹਮਲਾ ਕਰਵਾਉਣ ਦੀ ਉਮੀਦ ਕਰਦੇ ਹਨ, ਅਸਲ ਵਿਚ ਉਨ੍ਹਾਂ ਨੂੰ ਇਸ ਸੱਚਾਈ ਨੂੰ ਸਮਝਣਾ ਚਾਹੀਦਾ ਹੈ ਕਿ ਪਾਕਿਸਤਾਨ ‘ਤੇ ਕਿਸੇ ਤਰ੍ਹਾਂ ਦਾ ਹਮਲਾ ਸਾਡੇ ਖੇਤਰ ਅਤੇ ਸਾਡੀ ਅਰਥਵਿਵਸਥਾ ਲਈ ਆਤਮਘਾਤੀ ਹੈ।

ਇਸ ਲਈ ਅਮਰੀਕਾ ਵਾਂਗ ਸਾਡੇ ਕੋਲ ਉਥੇ ਜਾਰੀ ਅਤਿਵਾਦ ਖਿਲਾਫ ਜੰਗ ਦਾ ਸਮਰਥਨ ਕਰਨ ਅਤੇ ਇਸ ਦੀ ਸਫਲਤਾ ਦੀ ਕਾਮਨਾ ਕਰਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ। ਭਲਾਂ ਹੀ ਅਸੀਂ ਜਾਣਦੇ ਹੋਈਏ ਕਿ ਇਹ ਜ਼ਿਆਦਾਤਰ ਇਕ ਅਣਸੁਲਝੀ ਬੁਝਾਰਤ ਵਾਂਗ ਹੈ, ਪਰ ਪਾਕਿਸਤਾਨ ਬਾਰੇ ਕਿਉਂ ਸ਼ਿਕਾਇਤ ਕਰੀਏ? ਅਸੀਂ ਆਪਣੀ ਰਾਜਨੀਤੀ ‘ਤੇ ਵੀ ਤਾਂ ਨਜ਼ਰ ਮਾਰ ਸਕਦੇ ਹਾਂ। ਇਹ ਪੂਰੀ ਤਰ੍ਹਾਂ ਬਲੈਕਮੇਲ ਅਤੇ ਧੋਖਾਦੇਹੀ ‘ਤੇ ਆਧਾਰਤ ਹੈ।

ਹਰ ਵੋਟ ਬੈਂਕ ਇਸ ਬਾਰੇ ਜਾਣਦਾ ਹੈ ਅਤੇ ਇਸ ਦਾ ਫਾਇਦਾ ਚੁੱਕਦਾ ਹੈ। ਇਸ ਵਿਚ ਅਮੀਰ ਅਤੇ ਗਰੀਬ ਬਰਾਬਰ ਦੇ ਦੋਸ਼ੀ ਹਨ। ਅਮੀਰ ਲੋਕ ਚੋਣਾਂ ਤੋਂ ਪਹਿਲਾਂ ਆਪਣੀਆਂ ਸਾਰੀਆਂ ਸੌਦੇਬਾਜ਼ੀਆਂ ਕਰਦੇ ਹਨ ਅਤੇ ਪਾਰਟੀਆਂ ਤੇ ਉਮੀਦਵਾਰਾਂ ਨੂੰ ਪੈਸਾ ਦੇਣ ਦੇ ਬਦਲੇ ਜੋ ਕੁਝ ਵੀ ਆਪਣੇ ਹਿੱਤਾਂ ਮੁਤਾਬਕ ਕਰ ਸਕਦੇ ਹਨ, ਉਹ ਕਰ ਲੈਂਦੇ ਹਨ। ਗਰੀਬ ਵੀ ਇਸੇ ਤਰ੍ਹਾਂ ਹੀ ਕਰਦਾ ਹੈ। ਸਾਰੀਆਂ ਝੁੱਗੀਆਂ ਵਿਕਾਊ ਹਨ। ਇਸੇ ਤਰ੍ਹਾਂ ਸਾਰੇ ਸਮੂਹਾਂ ਦੇ ਲੋਕ ਵੀ ਵੋਟ ਬਦਲੇ ਵਿਚ ਆਪਣੇ ਖਾਸ ਮਦਦ ਅਤੇ ਵਿਸ਼ੇਸ਼ ਫਾਇਦੇ ਚਾਹੁੰਦੇ ਹਨ। ਅੱਜ ਵੋਟ ਬੈਂਕਾਂ ਦੀ ਖੁੱਲੇਆਮ ਖਰੀਦੋ-ਫਰੋਖਤ ਹੁੰਦੀ ਹੈ। ਇਸ ਨੂੰ ਸਮੂਹਕ ਮੁੱਲ ਭਾਅ ਕਿਹਾ ਜਾਂਦਾ ਹੈ। ਜੋ ਕਦੇ ਟ੍ਰੇਡ ਯੂਨੀਅਨਾਂ ਨੇ ਬੋਨਸ ਸਮੇਂ ਕੀਤਾ, ਉਹੀ ਵੱਖ-ਵੱਖ ਧਰਮ, ਜਾਤੀ, ਖੇਤਰ ਆਦਿ ਦੀ ਅਗਵਾਈ ਕਰਨ ਵਾਲੇ ਰਾਜਨੀਤਕ ਦਲ ਚੋਣਾਂ ਸਮੇਂ ਕਰਦੇ ਹਨ। ਉਹ ਭੁੱਲ ਜਾਂਦੇ ਹਨ ਕਿ ਭਾਰਤ ਇਕ ਰਾਸ਼ਟਰ ਹੈ ਅਤੇ ਜੇਕਰ ਕਿਸੇ ਇਕ ਸਮੂਹ ਨੂੰ ਫਾਇਦਾ ਪਹੁੰਚਾਇਆ ਜਾਂਦਾ ਹੈ ਤਾਂ ਉਹ ਕਿਸੇ ਦੂਜੇ ਸਮੂਹ ਦੀ ਕੀਮਤ ‘ਤੇ ਹੀ ਹੋਵੇਗਾ।

ਆਪਣੇ ਜੀਵਨ ਨੂੰ ਦੇਖੋ ਤਾਂ ਸਾਡੇ ਨਾਲ ਇਕ ਤੋਂ ਬਾਅਦ ਇਕ ਸੌਦੇਬਾਜ਼ੀ ਹੁੰਦੀ ਹੈ। ਹਰ ਸੌਦੇ ਨਾਲ ਕਿਸੇ ਨੂੰ ਫਾਇਦਾ ਹੁੰਦਾ ਹੈ ਤੇ ਕਿਸੇ ਦੂਜੇ ਨੂੰ ਨੁਕਸਾਨ ਹੁੰਦਾ ਹੈ। ਆਓ ਦੇਖੀਏ ਕਿ ਅਸੀਂ ਆਪਣੀਆਂ ਸੰਸਥਾਵਾਂ ਨਾਲ ਕਿਸ ਕਦਰ ਛੇੜਛਾੜ ਕਰਦੇ ਹਾਂ। ਅਸੀਂ ਮੀਡੀਆ ਦਾ ਕਿਸ ਤਰ੍ਹਾਂ ਫਾਇਦਾ ਚੁੱਕਦੇ ਹਾਂ। ਅਸੀਂ ਆਪਣੇ ਦੇਸ਼ ਨੂੰ ਕਿਸ ਤਰ੍ਹਾਂ ਵੰਡ ਰਹੇ ਹਾਂ। ਕੀ ਗੋਰਖਾਲੈਂਡ ਨੂੰ ਕੱਟ ਕੇ ਵੱਖ ਕਰਨ ਨਾਲ ਭਾਰਤ ਮਜ਼ਬੂਤ ਹੋਵੇਗਾ? ਕੀ ਤੇਲੰਗਾਨਾ ਦੀ ਵੰਡ ਨਾਲ ਭਾਰਤ ਨੂੰ ਫਾਇਦਾ ਹੋਵੇਗਾ? ਕੀ ਝਾਰਖੰਡ ਅਤੇ ਉਤਰਾਖੰਡ ਦੇ ਵੱਖ ਹੋਣ ਨਾਲ ਕਿਸੇ ਦੀ ਜ਼ਿੰਦਗੀ ਵਿਚ ਸੁਧਾਰ ਹੋਇਆ? ਜਾਂ ਫਿਰ ਇਸ ਨਾਲ ਕੁਝ ਕੁ ਰਾਜਨੀਤਕ ਮੌਕਾਪ੍ਰਸਤਾਂ ਦੀਆਂ ਵਿਅਕਤੀਗਤ ਇੱਛਾਵਾਂ ਨੂੰ ਹੀ ਮਦਦ ਮਿਲੀ? ਇਥੋਂ ਤੱਕ ਕਿ ਅੱਜ ਸਾਡੀ ਮੁੱਖਧਾਰਾ ਦੀਆਂ ਪਾਰਟੀਆਂ ਵੀ ਰਾਸ਼ਟਰੀ ਹਿੱਤਾਂ ਨੂੰ ਅੱਗੇ ਵਧਾਉਣ ਦਾ ਦਿਖਾਵਾ ਕਰਦੇ ਹੋਏ ਇਹੋ ਜਿਹੇ ਬੇਤੁਕੇ, ਵੰਡ ਪਾਊ ਕਦਮਾਂ ਦਾ ਸਮਰਥਨ ਕਰਦੀਆਂ ਹਨ। ਅਸਲ ਵਿਚ ਇਸ ਤਰ੍ਹਾਂ ਉਹ ਆਪਣੇ ਵੋਟ ਬੈਂਕ ਨੂੰ ਸੇਧਣ ਲਈ ਛੋਟੇ-ਛੋਟੇ ਰਾਜਨੀਤਕ ਸਮੂਹਾਂ ਨੂੰ ਅੱਗੇ ਵਧਾ ਰਹੀਆਂ ਹਨ।

ਆਪ ਹੀ ਦੇਖੋ ਕਿ ਆਰਕਸ਼ਣ ਦੀ ਰਾਜਨੀਤੀ ਨੇ ਸਾਡੇ ਸਿੱਖਿਆ ਤੰਤਰ ਨੂੰ ਕਿੱਥੇ ਤੋਂ ਕਿੱਥੇ ਪਹੁੰਚਾ ਦਿੱਤਾ ਹੈ। ਇਥੋਂ ਤੱਕ ਕਿ ਕਾਂਗਰਸ ਨੂੰ ਅਰਜੁਨ ਸਿੰਘ ਤੋਂ ਪੱਲਾ ਛੁਡਾਉਣਾ ਪਿਆ। ਜਨਤਾ ਉਸ ਸ਼ਖ਼ਸ (ਅਰਜੁਨ ਸਿੰਘ) ਤੋਂ ਨਾਰਾਜ਼ ਸੀ, ਜਿਸ ਨੇ ਆਪਣਾ ਆਧਾਰ ਮਜ਼ਬੂਤ ਕਰਨ ਲਈ ਸਿੱਖਿਆ ਵਿਵਸਥਾ ਦਾ ਰਾਜਨੀਤੀਕਰਣ ਕੀਤਾ ਅਤੇ ਇਸ ਪ੍ਰਕਿਰਿਆ ਵਿਚ ਇਹੋ ਜਿਹੇ ਹਜ਼ਾਰਾਂ ਨੌਜਵਾਨਾਂ ਦੇ ਸੁਪਨਿਆਂ ‘ਤੇ ਹਮਲਾ ਕੀਤਾ, ਜੋ ਮੰਨਦੇ ਸਨ ਕਿ ਨਵੇਂ ਭਾਰਤ ਵਿਚ ਕੁਝ ਵਧੀਆ ਕਰਨ ਲਈ ਯੋਗਤਾ ਹੀ ਕਾਫੀ ਹੈ।

ਵੀ.ਪੀ. ਸਿੰਘ ਆਪਣਾ ਗੜ੍ਹ ਮਜ਼ਬੂਤ ਕਰਨ ਲਈ ਦੇਸ਼ ਨੂੰ ਵੰਡਦੇ ਹੋਏ ਪਹਿਲਾਂ ਹੀ ਮੰਡਲ ਕਮਿਸ਼ਨ ਦਾ ਇਸਤੇਮਾਲ ਕਰ ਚੁੱਕੇ ਸਨ। ਉਨ੍ਹਾਂ ਦਾ ਵਿਰੋਧ ਕਰਨ ਵਾਲੀ ਕਾਂਗਰਸ ਨੇ ਉਨ੍ਹਾਂ ਦੇ ਨਕਸ਼ੇ ਕਦਮਾਂ ਦਾ ਅਨੁਸਰਣ ਕਰਦੇ ਹੋਏ ਜਾਤੀਵਾਦ ਦੀ ਰਾਜਨੀਤੀ ਨੂੰ ਸਥਾਈ ਬਣਾ ਦਿੱਤਾ। ਅੱਜ ਲੋਕ ਸਿਰਫ ਆਪਣੀ ਜਾਤੀ ਦੇ ਆਧਾਰ ‘ਤੇ ਹੀ ਰਿਜ਼ਰਵੇਸ਼ਨ ਨਹੀਂ ਮੰਗ ਰਹੇ ਹਨ, ਬਲਕਿ ਆਪਣੇ ਵੋਟ, ਧਰਮ ਅਤੇ ਲਿੰਗ ਦੇ ਆਧਾਰ ‘ਤੇ ਵੀ ਇਸ ਦੀ ਮੰਗ ਕਰ ਰਹੇ ਹਨ। ਇਹੋ ਜਿਹੇ ਲੋਕਾਂ ਨੂੰ ਵਿਸ਼ੇਸ਼ ਲਾਭ ਦੇਣ ਲਈ ਸਰਕਾਰ ਨੂੰ ਬਲੈਕਮੇਲ ਕਰਨ ਦਾ ਕੋਈ ਵੀ ਕਾਰਨ ਮੌਜੂਦ ਨਹੀਂ ਹੈ, ਜਿਹੜਾ ਚੋਣ ਨਤੀਜਿਆਂ ਨੂੰ ਪ੍ਰਭਾਵਤ ਕਰ ਸਕੇ। ਅਖੀਰ ਵਿਚ ਅਸੀਂ ਖੁਦ ਆਪਣੀ ਜ਼ਿੰਦਗੀ ‘ਤੇ ਵੀ ਨਜ਼ਰ ਮਾਰੀਏ। ਸਾਡੀ ਕਾਨੂੰਨ ਵਿਵਸਥਾ ਦਾ ਲਗਾਤਾਰ ਇਹੋ ਜਿਹੇ ਲੋਕਾਂ ਦੁਆਰਾ ਫਾਇਦਾ ਚੁੱਕਿਆ ਜਾ ਰਿਹਾ ਹੈ, ਜਿਹੜੇ ਇਸ ਦੇ ਜ਼ਰੀਏ ਦੂਜਿਆਂ ਨੂੰ ਸ਼ਰਮਿੰਦਾ ਕਰਦੇ ਹਨ। ਪੁਲਿਸ ਦਾ ਵੀ ਇਹੀ ਹਾਲ ਹੈ। ਮੀਡੀਆ ਵੀ ਇਹੋ ਜਿਹਾ ਹੀ ਹੈ ਅਤੇ ਇਸੇ ਤਰ੍ਹਾਂ ਸਾਡੇ ਬਾਕੀ ਸਾਰੇ ਸੰਗਠਨ ਹਨ। ਅਸੀਂ ਉਨ੍ਹਾਂ ਨੂੰ ਖੁੱਲ੍ਹੇਆਮ ਖਤਮ ਹੁੰਦੇ ਦੇਖ ਰਹੇ ਹਾਂ।

ਮਨਮੋਹਨ ਸਿੰਘ ਦੇ ਪਿਛਲੇ ਕਾਰਜਕਾਲ ਦੌਰਾਨ ਖੱਬਿਆਂ ਨੇ ਉਨ੍ਹਾਂ ਨਾਲ ਜੋ ਕੀਤਾ, ਇਹ ਬਲੈਕਮੇਲਿੰਗ ਤੋਂ ਘੱਟ ਨਹੀਂ ਸੀ। ਹੁਣ ਦੇਖੋ ਕਿ ਮਮਤਾ ਖੱਬਿਆਂ ਨਾਲ ਕੀ ਕਰਦੀ ਹੈ। ਸੱਤਾ ਵਿਚ ਬੈਠੇ ਲੋਕਾਂ ਕੋਲ ਦੂਜਿਆਂ ਨੂੰ ਬਲੈਕਮੇਲ ਕਰਨ ਦੀ ਸਮਰੱਥਾ ਹੁੰਦੀ ਹੈ।

ਇਸ ਦੇ ਉਲਟ ਜਿਹੜੇ ਲੋਕ ਸੱਤਾ ਵਿਚ ਨਹੀਂ ਹਨ, ਉਹ ਇਨ੍ਹਾਂ ਤਰਕੀਬਾਂ ਦਾ ਇਸਤੇਮਾਲ ਸੱਤਾ ਵਿਚ ਬੈਠੇ ਲੋਕਾਂ ‘ਤੇ ਲਗਾਮ ਕਸਣ ਲਈ ਕਰ ਸਕਦੇ ਹਨ। ਅਸੀਂ ਇਸੇ ਨੂੰ ਲੋਕਤੰਤਰ ਦਾ ਕੰਟਰੋਲ ਅਤੇ ਸੰਤੁਲਨ ਕਹਿੰਦੇ ਹਾਂ। ਤ੍ਰਾਸਦੀ ਇਹ ਹੈ ਕਿ ਭਾਰਤ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਅਸੀਂ ਆਪਣੀ ਇਕਜੁੱਟ ਰਾਸ਼ਟਰੀਅਤਾ ‘ਤੇ ਮਾਣ ਮਹਿਸੂਸ ਕਰਦੇ ਹਾਂ, ਜਦਕਿ ਅਸਲ ਵਿਚ ਅਸੀਂ ਇਸ ਨੂੰ ਤਾਰ ਤਾਰ ਕਰ ਰਹੇ ਹਾਂ।

# ਭਾਰਤ ਦੇ ਕਹਿਣ ’ਤੇ ਸ੍ਰੀਲੰਕਾ ਸਰਕਾਰ ਪ੍ਰਵਾਸੀ ਤਾਮਿਲਾਂ ਵਲੋਂ ਭੇਜੀ ਸਹਾਇਤਾ ਲੈਣ ਲਈ ਰਾਜ਼ੀ

**ਨਵੀਂ ਦਿੱਲੀ:** ਭਾਰਤ ਨੇ ਕਿਹਾ ਹੈ ਕਿ ਸ੍ਰੀਲੰਕਾ ਨੇ ਵਿਦੇਸ਼ੀ ਤਾਮਿਲਾਂ ਵਲੋਂ ਭੇਜੀ ਗਈ ਮਨੁੱਖੀ ਸਹਾਇਤਾ ਸਵੀਕਾਰ ਕਰਨ ਦੀ ਉਨ੍ਹਾਂ ਦੀ ਅਪੀਲ ਮੰਨ ਲਈ ਹੈ।

ਯੂਰਪ ਵਿਚ ਰਹਿ ਰਹੇ ਤਾਮਿਲਾਂ ਨੇ ਖਾਣ-ਪੀਣ ਦੀਆਂ ਵਸਤੂਆਂ ਅਤੇ ਦਵਾਈਆਂ ਨਾਲ ਲੱਦਿਆ ਜਹਾਜ਼ ਸ੍ਰੀਲੰਕਾ ਵਿਚ ਲੜਾਈ ਦੌਰਾਨ ਬੇਘਰ ਹੋਏ ਲੋਕਾਂ ਲਈ ਭੇਜਿਆ ਸੀ।

ਸ੍ਰੀਲੰਕਾ ਅਧਿਕਾਰੀਆਂ ਨੇ ਇਸ ਜਹਾਜ਼ ਨੂੰ ਵਾਪਸ ਪਰਤਣ ਦਾ ਹੁਕਮ ਦਿੱਤਾ ਸੀ, ਪਰ ਭਾਰਤ ਦੀ ਅਪੀਲ ‘ਤੇ ਸ੍ਰੀਲੰਕਾ ਇਸ ਨੂੰ ਸਵੀਕਾਰ ਕਰਨ ਲਈ ਰਾਜ਼ੀ ਹੋ ਗਿਆ ਹੈ। ਭਾਰਤ ਦੇ ਦੌਰੇ ‘ਤੇ ਆਏ ਸ੍ਰੀਲੰਕਾ ਵਫਦ ਨੂੰ ਭਾਰਤੀ ਵਿਦੇਸ਼ ਰਾਜ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਅਪੀਲ ਕੀਤੀ ਸੀ ਕਿ ਰਾਹਤ ਸਮੱਗਰੀ ਸਵੀਕਾਰ ਕਰ ਲਈ ਜਾਵੇ। ਭਾਰਤੀ ਵਿਦੇਸ਼ ਮੰਤਰੀ ਨੇ ਦੱਸਿਆ ਕਿ ਰਾਹਤ ਦੀ ਵੰਡ ਭਾਰਤੀ ਰੈੱਡ ਕਰਾਸ ਰਾਹੀਂ ਹੋਵੇਗੀ।

ਦਿੱਲੀ ਪਹੁੰਚੇ ਸ੍ਰੀਲੰਕਾ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਤਾਮਿਲ ਵਾਸੀਆਂ ਨਾਲ ਲੜਾਈ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 180 ਦਿਨਾਂ ਦੇ ਅੰਦਰ ਬੇਘਰ ਹੋਏ ਜ਼ਿਆਦਾਤਰ ਲੋਕਾਂ ਦਾ ਪੁਨਰਵਾਸ ਹੋ ਜਾਵੇਗਾ। ਲੜਾਈ ਦੌਰਾਨ ਲਗਭਗ ਤਿੰਨ ਲੱਖ ਲੋਕ ਬੇਘਰ ਹੋ ਗਏ ਸਨ, ਜਿਹੜੇ ਹਾਲੇ ਅਸਥਾਈ ਕੈਂਪਾਂ ਵਿਚ ਰਹਿ ਰਹੇ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਛੇਤੀ ਹੀ ਉੱਤਰ ਪੂਰਬ ਇਲਾਕੇ ਵਿਚ ਲੋਕਤੰਤਰ ਨੂੰ ਮਜ਼ਬੂਤ ਬਣਾਏਗੀ ਅਤੇ ਸਥਾਨਕ ਸਰਕਾਰਾਂ ਦੀ ਚੋਣ ਕਰਵਾਈ ਜਾਵੇਗੀ।

**ਦਲਿਤ ਬਸਤੀਆਂ ਜ਼ਿਆਦਾਤਰ ਪਿੰਡੋਂ ਬਾਹਰ ਹੁੰਦੀਆਂ ਹਨ ਅਤੇ ਸਰਕਾਰ ਦੁਆਰਾ ਇੰਦਰਾ ਆਵਾਸ ਹਾਊਸਿੰਗ ਕਾਲੋਨੀਆਂ ਦੇ ਨਿਰਮਾਣ ਜਾਂ ਗੁਜਰਾਤ ਵਿਚ ਸਾਲ 2001 ਵਿਚ ਆਏ ਭੂਚਾਲ ਤੋਂ ਬਾਅਦ ਕੁਝ ਸਮਾਜ ਸੇਵੀ ਸੰਸਥਾਵਾਂ ਦੁਆਰਾ ਕੀਤੇ ਗਏ ਪੁਨਰਨਿਰਮਾਣ ਕਾਰਜ ਵੀ ਇਸੇ ਦੀ ਯਾਦ ਦਿਵਾਉਂਦੇ ਹਨ। ਸਰਵੇ ਕੀਤੇ ਗਏ ਤਕਰੀਬਨ ਅੱਧੇ ਪਿੰਡਾਂ (48.4 ਫੀਸਦੀ) ਵਿਚ ਦਲਿਤਾਂ ਨੂੰ ਜਲ ਸੋਮਿਆਂ ਤੱਕ ਨਹੀਂ ਪਹੁੰਚਣ ਦਿੱਤਾ ਜਾਂਦਾ। ਇਕ ਤਿਹਾਈ ਤੋਂ ਜ਼ਿਆਦਾ ਪਿੰਡਾਂ (35.8 ਫੀਸਦੀ) ਵਿਚ ਪਾਇਆ ਗਿਆ ਕਿ ਦਲਿਤ ਪਿੰਡਾਂ ਦੀਆਂ ਦੁਕਾਨਾਂ ਵਿਚ ਨਹੀਂ ਜਾ ਸਕਦੇ।**

# ਭਾਰਤ ਵਿਚ ਛੂਆ-ਛਾਤ ਹਾਲੇ ਵੀ ਵੱਡੀ ਪੱਧਰ 'ਤੇ ਮੌਜੂਦ

**ਹਰਸ਼ ਮੰਦਰ**

ਤਾਮਿਲਨਾਡੂ ਵਿਚ ਕੋਇੰਬਟੂਰ ਜ਼ਿਲੇ ਦੇ ਇਕ ਹਾਈ ਸਕੂਲ ਵਿਚ ਇਕੱਠਿਆਂ ਪੜ੍ਹਨ ਵਾਲੇ ਵੇਲਮੁਰਗਨ ਅਤੇ ਰਮੇਸ਼ ਵਿਚਾਲੇ ਗੂੜ੍ਹੀ ਦੋਸਤੀ ਹੈ। ਹਾਲਾਂਕਿ ਰਮੇਸ਼ ਕਦੀ ਆਪਣੇ ਇਸ ਦੋਸਤ ਦੇ ਘਰ ਨਹੀਂ ਜਾ ਸਕਦਾ, ਕਿਉਂਕਿ ਉਹ (ਵੇਲਮੁਰਗਨ) ਦਲਿਤ ਬਸਤੀ ਵਿਚ ਰਹਿੰਦਾ ਹੈ। ਵੇਲਮੁਰਗਨ ਦੀ ਝੁੱਗੀ ਵਿਚ ਬਿਜਲੀ ਨਹੀਂ ਆਉਂਦੀ, ਲਿਹਾਜ਼ਾ ਉਹ ਪੜ੍ਹਨ ਲਈ ਕਦੀ-ਕਦੀ ਇਸ ਉੱਚ ਜਾਤੀ ਦੇ ਮਿੱਤਰ ਦੇ ਘਰ ਚੱਲਿਆ ਜਾਂਦਾ ਹੈ। ਉਹ ਪੜ੍ਹਨ ਵਿਚ ਹੁਸ਼ਿਆਰ ਹੈ ਅਤੇ ਪੜ੍ਹਾਈ ਵਿਚ ਰਮੇਸ਼ ਦੀ ਮਦਦ ਕਰਦਾ ਹੈ। ਪਰ ਉਸ ਨੂੰ ਰਮੇਸ਼ ਦੇ ਇਥੇ ਮੌਜੂਦ ਵਰਾਂਡੇ ਤੋਂ ਕਦੀ ਅੱਗੇ ਨਹੀਂ ਜਾਣ ਦਿੱਤਾ ਜਾਂਦਾ। ਉਸ ਨੂੰ ਉਥੇ ਕਦੀ-ਕਦੀ ਰੋਟੀ ਵੀ ਮਿਲ ਜਾਂਦੀ ਹੈ, ਜਿਹੜੀ ਘਰੇਲੂ ਦਲਿਤ ਨੌਕਰਾਂ ਲਈ ਨਿਰਧਾਰਤ ਵੱਖਰੀ ਪਲੇਟ ਵਿਚ ਪਾ ਕੇ ਦਿੱਤੀ ਜਾਂਦੀ ਹੈ।

ਪੇਂਡੂ ਭਾਰਤ ਵਿਚ ਬੱਚੇ ਜਲਦੀ ਹੀ ਜਾਤ-ਪਾਤ ਸਬੰਧੀ ਸਮਾਜੀ ਕਾਇਦੇ/ਕਾਨੂੰਨ ਸਮਝ ਜਾਂਦੇ ਹਨ। ਇਹ ਸਾਰੀ ਜ਼ਿੰਦਗੀ ਉਨ੍ਹਾਂ ਦੇ ਨਾਲ ਚੱਲਦੇ ਹਨ। ਜਦੋਂਕਿ ਉਨ੍ਹਾਂ ਦਾ ਦੇਸ਼ 21ਵੀਂ ਸਦੀ ਵਿਚ ਅੱਗੇ ਵਧ ਰਿਹਾ ਹੈ। ਦੇਸ਼ ਦੇ 11 ਵੱਡੇ ਰਾਜਾਂ ਦੇ 565 ਪਿੰਡਾਂ ਵਿਚ ਛੂਆ-ਛਾਤ ਨੂੰ ਲੈ ਕੇ ਕੀਤੇ ਗਏ ਸਰਵੇ ਵਿਚ ਪਾਇਆ ਗਿਆ ਕਿ 38 ਫੀਸਦੀ ਸਾਸ਼ਕੀ ਸਕੂਲਾਂ ਵਿਚ ਦਲਿਤ ਬੱਚਿਆਂ ਨੂੰ ਖਾਣ ਸਮੇਂ ਵੱਖ ਬਿਠਾਇਆ ਜਾਂਦਾ ਹੈ। 20 ਫੀਸਦੀ ਸਕੂਲਾਂ ਵਿਚ ਦਲਿਤ ਬੱਚਿਆਂ ਨੂੰ ਦੂਜੇ ਬੱਚਿਆਂ ਨਾਲ ਇਕੋ ਹੀ ਟੂਟੀ ਤੋਂ ਪਾਣੀ ਤੱਕ ਨਹੀਂ ਪੀਣ ਦਿੱਤਾ ਜਾਂਦਾ।

ਦੇਸ਼ ਵਿਚ ਜਾਰੀ ਛੂਆ-ਛੂਤ ਬਾਰੇ ਸੰਭਵ ਤੌਰ 'ਤੇ ਪਹਿਲੀ ਵਾਰੀ ਕੋਈ ਰਾਸ਼ਟਰਵਿਆਪੀ ਸਰਵੇ ਕੀਤਾ ਗਿਆ। ਇਸ ਦੀ ਰਿਪੋਰਟ ਹਾਲ ਹੀ ਵਿਚ ਜਾਰੀ ਕੀਤੀ ਗਈ, ਜਿਸ ਨੂੰ ਘਣਸ਼ਿਆਮ ਸ਼ਾਹ, ਸੁਖਦੇਵ ਥੋਰਾਟ, ਸਤੀਸ਼ ਦੇਸ਼ ਪਾਂਡੇ, ਅਮਿਤਾ ਬਾਵੀਸਕਰ ਅਤੇ ਮੈਂ ਮਿਲ ਕੇ ਤਿਆਰ ਕੀਤਾ ਹੈ। ਇਸ ਰਿਪੋਰਟ ਮੁਤਾਬਕ ਇਸ ਤਰ੍ਹਾਂ ਦਾ ਛੂਆ-ਛੂਤ ਸਾਰੀਆਂ ਸਥਾਨਕ ਸਰਕਾਰੀ ਸੰਸਥਾਵਾਂ ਵਿਚ ਮਿਲਦਾ ਹੈ। 27.6 ਫੀਸਦੀ ਦਲਿਤਾਂ ਨੂੰ ਪੁਲਿਸ ਸਟੇਸ਼ਨਾਂ ਅਤੇ 25.7 ਫੀਸਦੀ ਦਲਿਤਾਂ ਨੂੰ ਰਾਸ਼ਨ ਦੀਆਂ ਦੁਕਾਨਾਂ ਵਿਚ ਵੜਨ ਨਹੀਂ ਦਿੱਤਾ ਜਾਂਦਾ। 33 ਫੀਸਦੀ ਸਾਰਵਜਨਿਕ ਸਿਹਤ ਕਰਮਚਾਰੀ ਦਲਿਤਾਂ ਦੇ ਘਰ ਜਾਣ ਤੋਂ ਇਨਕਾਰ ਕਰ ਦਿੰਦੇ ਹਨ ਅਤੇ 23.5 ਫੀਸਦੀ ਦਲਿਤਾਂ ਨੂੰ ਆਪਣੇ ਘਰ ਦੇ ਪਤੇ 'ਤੇ ਭੇਜੇ ਗਏ ਚਿੱਠੀ-ਪੱਤਰ ਨਹੀਂ ਮਿਲਦੇ। ਸਰਵੇ ਤਹਿਤ 30.8 ਫੀਸਦੀ ਸਵੈ-ਸਹਾਇਤਾ ਸਮੂਹਾਂ ਅਤੇ ਸਹਿਕਾਰੀ ਸਮਿਤੀਆਂ ਅਤੇ 29.6 ਫੀਸਦੀ ਪੰਚਾਇਤੀ ਦਫਤਰਾਂ ਵਿਚ ਦਲਿਤਾਂ ਲਈ ਬੈਠਣ ਲਈ ਵੱਖਰਾ ਪ੍ਰਬੰਧ ਪਾਇਆ ਗਿਆ। 14.4 ਫੀਸਦੀ ਪਿੰਡਾਂ ਵਿਚ ਦਲਿਤਾਂ ਨੂੰ ਪੰਚਾਇਤ ਭਵਨ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ। 12 ਫੀਸਦੀ ਪਿੰਡਾਂ ਵਿਚ ਦਲਿਤਾਂ ਨੂੰ ਵੋਟਿੰਗ ਕੇਂਦਰਾਂ ਤੱਕ ਨਹੀਂ ਪਹੁੰਚਣ ਦਿੱਤਾ ਜਾਂਦਾ ਜਾਂ ਫਿਰ ਵੱਖਰੀ ਲਾਈਨ ਵਿਚ ਖੜ੍ਹੇ ਹੋਣ ਲਈ ਮਜਬੂਰ ਕੀਤਾ ਜਾਂਦਾ ਹੈ। ਸਮਾਜਿਕ ਨਿਆਂ ਨੂੰ ਅੱਗੇ ਵਧਾਉਣ ਦੀ ਸੰਵਿਧਾਨਕ ਵਿਵਸਥਾ ਨਾਲ ਬੱਝੇ ਹੋਣ ਦੇ ਬਾਵਜੂਦ ਕਈ ਸਥਾਨਕ ਸੰਸਥਾਵਾਂ ਸਪੱਸ਼ਟ ਤੌਰ 'ਤੇ ਛੂਆ-ਛੂਤ ਨੂੰ ਨਾ ਸਿਰਫ ਝੱਲਦੀਆਂ ਹਨ, ਬਲਕਿ ਅੱਗੇ ਵੀ ਵਧਾਉਂਦੀਆਂ ਹਨ।

ਦਲਿਤ ਬਸਤੀਆਂ ਜ਼ਿਆਦਾਤਰ ਪਿੰਡੋਂ ਬਾਹਰ ਹੁੰਦੀਆਂ ਹਨ ਅਤੇ ਸਰਕਾਰ ਦੁਆਰਾ ਇੰਦਰਾ ਆਵਾਸ ਹਾਊਸਿੰਗ ਕਾਲੋਨੀਆਂ ਦੇ ਨਿਰਮਾਣ ਜਾਂ ਗੁਜਰਾਤ ਵਿਚ ਸਾਲ 2001 ਵਿਚ ਆਏ ਭੂਚਾਲ ਤੋਂ ਬਾਅਦ ਕੁਝ ਸਮਾਜ ਸੇਵੀ ਸੰਸਥਾਵਾਂ ਦੁਆਰਾ ਕੀਤੇ ਗਏ ਪੁਨਰ-ਨਿਰਮਾਣ ਕਾਰਜ ਵੀ ਇਸੇ ਦੀ ਯਾਦ ਦਿਵਾਉਂਦੇ ਹਨ। ਸਰਵੇ ਕੀਤੇ ਗਏ ਤਕਰੀਬਨ ਅੱਧੇ ਪਿੰਡਾਂ (48.4 ਫੀਸਦੀ) ਵਿਚ ਦਲਿਤਾਂ ਨੂੰ ਜਲ ਸੋਮਿਆਂ ਤੱਕ ਨਹੀਂ ਪਹੁੰਚਣ ਦਿੱਤਾ ਜਾਂਦਾ। ਇਕ ਤਿਹਾਈ ਤੋਂ ਜ਼ਿਆਦਾ ਪਿੰਡਾਂ (35.8 ਫੀਸਦੀ) ਵਿਚ ਪਾਇਆ ਗਿਆ ਕਿ ਦਲਿਤ ਪਿੰਡਾਂ ਦੀਆਂ ਦੁਕਾਨਾਂ ਵਿਚ ਨਹੀਂ ਜਾ ਸਕਦੇ। ਦਲਿਤਾਂ ਵਲੋਂ ਜਨਤਕ ਤੌਰ 'ਤੇ ਕੋਈ ਤਿਓਹਾਰ ਮਨਾਉਣ ਜਾਂ ਖੁਸ਼ੀ ਦਾ ਇਜ਼ਹਾਰ ਕਰਨ 'ਤੇ ਵੀ ਵਿਆਪਕ ਪੱਧਰ 'ਤੇ ਕਈ ਵਾਰੀ ਹਿੰਸਕ ਪ੍ਰਤੀਕਿਰਿਆ ਪ੍ਰਗਟ ਕੀਤੀ ਜਾਂਦੀ ਹੈ। 47 ਫੀਸਦੀ ਤੋਂ ਜ਼ਿਆਦਾ ਪਿੰਡਾਂ ਵਿਚ ਸੜਕਾਂ 'ਤੇ ਦਲਿਤਾਂ ਦੇ ਬਰਾਤ ਕੱਢਣ 'ਤੇ ਪਾਬੰਦੀ ਸੀ। ਇਥੋਂ ਤੱਕ ਕਿ ਦਲਿਤਾਂ ਨੂੰ ਸਾਫ-ਸੁਥਰੇ, ਚਮਕਦਾਰ ਅਤੇ ਫੈਸ਼ਨੇਬਲ ਕਪੜਿਆਂ ਜਾਂ ਐਨਕਾਂ ਪਹਿਨਣ ਦੀ ਮਨਾਹੀ ਸੀ।

ਸਰਵੇ ਦੌਰਾਨ ਔਸਤਨ 64 ਫੀਸਦੀ ਥਾਵਾਂ 'ਤੇ ਮੰਦਰਾਂ ਵਿਚ ਦਲਿਤਾਂ ਨੂੰ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ। ਅਧਿਐਨ ਨੇ ਇਸ ਗੱਲ ਨੂੰ ਸਥਾਪਤ ਕਰ ਦਿੱਤਾ ਕਿ ਇਸ ਤਰ੍ਹਾਂ ਦੀਆਂ ਪਾਬੰਦੀਆਂ ਦਲਿਤਾਂ ਦੇ ਧਰਮ ਬਦਲਣ ਤੋਂ ਬਾਅਦ ਸਮਾਜਵਾਦੀ ਸਰੋਕਾਰਾਂ ਨੂੰ ਅਪਨਾਉਣ ਦੇ ਬਾਵਜੂਦ ਲਾਗੂ ਹਨ। ਪੰਜਾਬ ਵਿਚ 51 ਪਿੰਡਾਂ ਵਿਚ ਸਰਵੇ ਕੀਤਾ ਗਿਆ, ਜਿਨ੍ਹਾਂ ਵਿਚੋਂ 41 ਪਿੰਡਾਂ ਵਿਚ ਦਲਿਤ ਸਿੱਖਾਂ ਲਈ ਵੱਖਰੇ ਗੁਰਦੁਆਰੇ ਪਾਏ ਗਏ। ਮਹਾਰਾਸ਼ਟਰ ਵਿਚ ਮਹਾਰਿਆਂ ਦੇ ਵੱਡੀ ਪੱਧਰ 'ਤੇ ਬੁੱਧ ਧਰਮ ਅਪਨਾਉਣ ਦੇ ਬਾਵਜੂਦ 51 ਫੀਸਦੀ ਪਿੰਡਾਂ ਵਿਚ ਦਲਿਤਾਂ ਨੂੰ ਮੰਦਰਾਂ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਸੀ। ਕੇਰਲ ਅਤੇ ਕਰਨਾਟਕ ਵਰਗੇ ਰਾਜਾਂ ਵਿਚ ਧਰਮ ਬਦਲਣ ਵਾਲੇ ਦਲਿਤ ਅਤੇ ਬਾਕੀ ਲੋਕਾਂ ਵਿਚਾਲੇ ਅਤੇ ਇਥੋਂ ਤੱਕ ਕਿ ਦਲਿਤ ਪਾਦਰੀਆਂ ਖਿਲਾਫ ਵੀ ਭੇਦਭਾਵ ਦੇਖਿਆ ਗਿਆ।

ਇਹ ਛੂਆ-ਛੂਤ ਮੌਤ ਤੋਂ ਬਾਅਦ ਸਸਕਾਰ ਵਿਚ ਵੀ ਦਲਿਤਾਂ ਦਾ ਪਿੱਛਾ ਨਹੀਂ ਛੱਡਦਾ। ਤਕਰੀਬਨ ਅੱਧੇ ਪਿੰਡਾਂ (48.9 ਫੀਸਦੀ) ਵਿਚ ਦਲਿਤਾਂ ਦੇ ਸ਼ਮਸ਼ਾਨ ਘਾਟ ਵਿਚ ਦਾਖਲ ਹੋਣ 'ਤੇ ਪਾਬੰਦੀ ਹੈ। ਇਥੋਂ ਤੱਕ ਕਿ ਮਹਾਰਾਸ਼ਟਰ ਵਿਚ ਵੀ ਜਿਥੇ ਦਲਿਤਾਂ ਦੇ ਆਪਣੇ ਸ਼ਮਸ਼ਾਨਘਾਟ ਹਨ, ਉਨ੍ਹਾਂ ਨੂੰ ਪਿੰਡਾਂ ਦੇ ਪੂਰਬੀ ਹਿੱਸੇ ਵਿਚ ਹੀ ਇਸ ਦੀ ਇਜਾਜ਼ਤ ਦਿੱਤੀ ਗਈ ਹੈ, ਤਾਂ ਕਿ ਉੱਚ ਜਾਤੀ ਦੇ ਲੋਕ ਪੱਛਮ ਤੋਂ ਪੂਰਬ ਵਲ ਵਹਿਣ ਵਾਲੀਆਂ ਹਵਾਵਾਂ ਤੋਂ ਪ੍ਰਦੂਸ਼ਿਤ ਨਾ ਹੋਣ।

ਮਜ਼ਦੂਰ ਵਰਗ ਵਿਚ ਵੀ ਦਲਿਤਾਂ ਨੂੰ ਲੈ ਕੇ ਅਜਿਹਾ ਹੀ ਭੇਦਭਾਵ ਦੇਖਿਆ ਗਿਆ। 25 ਫੀਸਦੀ ਪਿੰਡਾਂ ਵਿਚ ਦਲਿਤ ਮਜ਼ਦੂਰਾਂ ਨੂੰ ਗੈਰ-ਦਲਿਤ ਮਿਹਨਤੀਆਂ ਦੇ ਮੁਕਾਬਲੇ ਘੱਟ ਮਜ਼ਦੂਰੀ ਮਿਲਦੀ ਦੇਖੀ ਗਈ। ਦਲਿਤ ਮਜ਼ਦੂਰਾਂ ਤੋਂ ਕੰਮ ਵੀ ਦੇਰ ਨਾਲ ਕਰਵਾਇਆ ਜਾਂਦਾ, ਉਨ੍ਹਾਂ ਦੇ ਭੁਗਤਾਨ ਨੂੰ ਲਟਕਾ ਦਿੱਤਾ ਜਾਂਦਾ, ਉਨ੍ਹਾਂ ਨਾਲ ਗਾਲੀ-ਗਲੋਚ ਕੀਤੀ ਜਾਂਦੀ ਜਾਂ ਸ਼ਰੀਰਿਕ ਤੌਰ 'ਤੇ ਦੁਰਵਿਵਹਾਰ ਕੀਤਾ ਜਾਂਦਾ। ਅਜਿਹਾ ਸਿਰਫ ਬਿਹਾਰ ਵਰਗੇ 'ਸਾਮੰਤਵਾਦੀ' ਰਾਜ ਵਿਚ ਹੀ ਨਹੀਂ, ਬਲਕਿ ਪੰਜਾਬ ਵਰਗੇ ਸੂਬੇ ਵਿਚ ਵੀ ਦੇਖਿਆ ਗਿਆ। ਅਧਿਐਨ ਵਿਚ ਦੁਖਦ ਰੂਪ ਨਾਲ ਗੈਰ-ਦਲਿਤ ਅਤੇ ਦਲਿਤ ਮਜ਼ਦੂਰਾਂ ਵਿਚ ਆਪਸ ਵਿਚ ਵੀ ਭੇਦਭਾਵ ਦੇਖਿਆ ਗਿਆ, ਜਿਹੜਾ ਮਿਹਨਤੀ ਇਕਜੁੱਟਤਾ 'ਤੇ ਜਾਤ ਪਾਤ ਦੇ ਭਾਰੂ ਹੋਣ ਦਾ ਸਬੂਤ ਹੈ।

ਇਕ-ਤਿਹਾਈ ਤੋਂ ਜ਼ਿਆਦਾ ਪਿੰਡਾਂ ਵਿਚ ਦੇਖਿਆ ਗਿਆ ਕਿ ਦਲਿਤ ਜ਼ਮੀਨ ਮਾਲਕਾਂ ਨੂੰ ਸਿੰਜਾਈ ਲਈ ਪਾਣੀ ਨਹੀਂ ਮਿਲਦਾ। 21 ਫੀਸਦੀ ਪਿੰਡਾਂ ਵਿਚ ਉਨ੍ਹਾਂ ਲਈ ਚਰਨੋਈ ਦੀਆਂ ਜ਼ਮੀਨਾਂ ਅਤੇ ਮਛਲੀ ਤਾਲਾਬਾਂ ਤੱਕ ਜਾਣ 'ਤੇ ਪਾਬੰਦੀ ਸੀ। ਦਲਿਤਾਂ ਵਲੋਂ ਖੇਤੀ ਅਤੇ ਵਿਕਾਸ ਲਈ ਮਿਲੀ ਸਰਕਾਰੀ ਜ਼ਮੀਨ ਦੇ ਇਸਤੇਮਾਲ 'ਤੇ ਵੀ ਉੱਚ ਜਾਤੀਆਂ ਵਲੋਂ ਹਿੰਸਕ ਪ੍ਰਤੀਕਿਰਿਆ ਦੇਖੀ ਗਈ।


ਇਥੋਂ ਤੱਕ ਉਪਭੋਗਤਾ ਬਾਜ਼ਾਰਾਂ ਵਿਚ ਵੀ ਛੂਆ-ਛੂਤ ਨਜ਼ਰ ਆਇਆ। 35 ਫੀਸਦੀ ਪਿੰਡਾਂ ਵਿਚ ਦਲਿਤ ਉਤਪਾਦਕਾਂ ਨੂੰ ਸਥਾਨਕ ਬਾਜ਼ਾਰ ਵਿਚ ਮਾਲ ਵੇਚਣ ਦੀ ਬਜਾਏ ਦੂਰ-ਦੁਰਾਡੇ ਸ਼ਹਿਰੀ ਬਾਜ਼ਾਰ ਵਿਚ ਵੇਚਣ ਲਈ ਮਜਬੂਰ ਕੀਤਾ ਜਾਂਦਾ ਹੈ। ਇਹ ਜਾਤੀ ਭੇਦ ਖਾਸ ਕਰਕ ਦੁੱਧ ਅਤੇ ਉਤਪਾਦਾਂ ਦੇ ਮਾਮਲੇ ਵਿਚ ਜ਼ਿਆਦਾ ਦੇਖਿਆ ਗਿਆ। ਸਹਿਕਾਰਤਾ ਨਾਲ ਜੁੜੇ 47 ਫੀਸਦੀ ਪਿੰਡਾਂ ਵਿਚ ਦਲਿਤਾਂ ਨੂੰ ਸਹਿਕਾਰੀ ਸਮਿਤੀਆਂ ਅਤੇ ਇਥੋਂ ਤੱਕ ਕਿ ਨਿੱਜੀ ਖਰੀਦਦਾਰਾਂ ਨੂੰ ਦੁੱਧ ਵੇਚਣ 'ਤੇ ਪਾਬੰਦੀ ਸੀ। ਇਕ ਚੌਥਾਈ ਪਿੰਡਾਂ ਵਿਚ ਤਾਂ ਦਲਿਤ ਸਹਿਕਾਰੀ ਸਮਿਤੀਆਂ ਤੋਂ ਦੁੱਧ ਖਰੀਦ ਵੀ ਨਹੀਂ ਸਕਦੇ ਸਨ। ਹਾਲਾਂਕਿ ਸਾਰਵਜਨਿਕ ਸੰਸਥਾਨਾਂ ਅਤੇ ਧਾਰਮਿਕ ਥਾਵਾਂ ਤੋਂ ਜ਼ਿਆਦਾ ਛੂਆ-ਛੂਤ ਦਾ ਵਿਵਹਾਰ ਜ਼ਿਆਦਾਤਰ ਉੱਚ ਜਾਤੀ ਦੇ ਪੇਂਡੂ ਘਰਾਂ ਵਿਚ ਨਜ਼ਰ ਆਉਂਦਾ ਹੈ, ਜਿਸ ਨੂੰ ਵਿਅਕਤੀ ਨਿੱਜੀ ਅਧਿਕਾਰ ਖੇਤਰ ਮੰਨਦੇ ਹਨ। 73 ਫੀਸਦੀ ਪਿੰਡਾਂ ਵਿਚ ਦਲਿਤਾਂ ਦੇ ਉੱਚ ਜਾਤੀ ਦੇ ਘਰਾਂ ਵਿਚ ਦਾਖਲੇ 'ਤੇ ਪਾਬੰਦੀ ਹੈ ਅਤੇ 70 ਫੀਸਦੀ ਲੋਕ ਉਨ੍ਹਾਂ ਨਾਲ ਬੈਠ ਕੇ ਰੋਟੀ ਨਹੀਂ ਖਾਂਦੇ। ਇਥੋਂ ਤੱਕ ਕਿ ਦਲਿਤ ਖੋਜਕਰਤਾਵਾਂ ਨੂੰ ਵੀ ਉੱਚ ਜਾਤੀ ਦੇ ਘਰਾਂ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ। ਇਸ ਤਰ੍ਹਾਂ ਸਕੂਲ ਅਤੇ ਪੁਲਿਸ ਸਟੇਸ਼ਨ ਵਰਗੇ ਸਰਕਾਰੀ ਸੰਸਥਾਵਾਂ ਵਿਚ, ਮੰਦਰ ਅਤੇ ਦੁਕਾਨ ਵਰਗੇ ਸਾਰਵਜਨਿਕ ਥਾਵਾਂ ਵਿਚ, ਖੇਤਾਂ ਅਤੇ ਬਾਜ਼ਾਰਾਂ ਵਿਚ, ਲੋਕਾਂ ਦੇ ਘਰਾਂ, ਇਥੋਂ ਤੱਕ ਕਿ ਦਿਲਾਂ ਵਿਚ ਵੀ ਇਸ ਹੱਦ ਤੱਕ ਮੌਜੂਦ ਛੂਆ-ਛੂਤ ਨੂੰ ਦੇਖ ਕੇ ਲੱਗਦਾ ਹੈ ਕਿ ਭਾਰਤ ਵਿਚ ਦਲਿਤ ਅੱਜ ਵੀ ਅਸਮਰੱਥ ਅਤੇ ਗੁੱਸੇ ਦੇ ਭਾਵ ਨਾਲ ਉਸ ਸਵੇਰ ਦਾ ਇੰਤਜ਼ਾਰ ਕਰ ਰਹੇ ਹਨ, ਜਿਹੜੀ ਉਨ੍ਹਾਂ ਦੀ ਜ਼ਿੰਦਗੀ ਵਿਚ ਬਰਾਬਰਤਾ ਦੀ ਨਵੀਂ ਰੋਸ਼ਨੀ ਲੈ ਕੇ ਆਵੇ।

# ਭਾਰਤੀ ਜਨਤਾ ਪਾਰਟੀ ਦੀ ਮੁਸ਼ਕਲ

ਭਾਜਪਾ 'ਤੇ ਕਿਹੜੀ ਮੁਸ਼ਕਿਲ ਆਈ ਸੀ, ਜਿਹੜੀ ਦੂਰ ਹੋ ਗਈ? 'ਭਾਜਪਾ ਵਿਚ ਜਵਾਲਾਮੁਖੀ', 'ਭਾਜਪਾ ਦੀ ਦੁਰਦਸ਼ਾ', 'ਭਾਜਪਾ ਦਾ ਅਰਧ-ਪਤਨ' ਆਦਿ ਸ਼ਬਦਾਂ ਦਾ ਇਸਤੇਮਾਲ ਪਤਾ ਨਹੀਂ ਕੁਝ ਲੋਕਾਂ ਨੇ ਕਿਉਂ ਕੀਤਾ ਸੀ? ਦੋ-ਚਾਰ ਲੀਡਰਾਂ ਨੇ ਪ੍ਰਧਾਨ ਨੂੰ ਚਿੱਠੀਆਂ ਕੀ ਲਿਖ ਦਿੱਤੀਆਂ,

**ਵੇਦਪ੍ਰਤਾਪ ਵੈਦਿਕ**

ਅਖ਼ਬਾਰਾਂ ਵਿਚ ਕੋਹਰਾਮ ਜਿਹਾ ਮਚ ਗਿਆ। ਅਖ਼ਬਾਰ ਅਤੇ ਟੀ.ਵੀ. ਚੈਨਲ ਜੇਕਰ ਤਿਲ ਦਾ ਪਹਾੜ ਨਾ ਬਣਾਉਣ ਤਾਂ ਉਨ੍ਹਾਂ ਦਾ ਗੁਜ਼ਾਰਾ ਕਿੱਦਾਂ ਚਲੇ? ਇਹ ਠੀਕ ਹੈ ਕਿ ਭਾਜਪਾ ਵਰਗੀ 'ਸੰਸਕਾਰਵਾਨ' ਪਾਰਟੀ ਵਿਚ ਰਾਜਨੀਤਕ ਮੁੱਦਿਆਂ ਨੂੰ ਜਨਤਕ ਧੋਬੀਘਾਟ 'ਤੇ ਨਹੀਂ ਪਿੱਟਿਆ ਜਾਂਦਾ, ਫਿਰ ਵੀ ਮਾਮੂਲੀ ਲੀਡਰਾਂ ਦੇ ਮਾਮੂਲੀ ਪੱਤਰ ਖ਼ਬਰਾਂ ਵਿਚ ਉਛਾਲੇ ਗਏ। ਪਰ ਜੇਕਰ ਭਾਜਪਾ ਦੀ ਤੁਲਨਾ ਕਾਂਗਰਸ ਜਾਂ ਕਮਿਊਨਿਸਟ ਪਾਰਟੀ ਨਾਲ ਕੀਤੀ ਜਾਵੇ ਤਾਂ ਭਾਜਪਾ ਦਾ ਤਥਾਕਥਿਤ ਸੰਕਟ ਮਾਮੂਲੀ ਫੋੜਿਆਂ ਤੋਂ ਜ਼ਿਆਦਾ ਕੁਝ ਨਹੀਂ ਸੀ।




ਐਲ.ਕੇ.ਅਡਵਾਨੀ

ਇਸ ਸੰਕਟ ਦਾ ਚੋਣਾਂ ਵਿਚ ਹੋਈ ਹਾਰ-ਜਿੱਤ ਨਾਲ ਕੋਈ ਸਬੰਧ ਨਹੀਂ ਸੀ। ਇਹ ਸੰਕਟ ਪੈਦਾ ਹੋਇਆ ਸੀ, ਰਾਜ ਸਭਾ ਅਤੇ ਲੋਕ ਸਭਾ ਵਿਚ ਭਾਜਪਾ ਦੇ ਨਵੇਂ ਨੇਤਾਵਾਂ ਦੀ ਨਿਯੁਕਤੀ ਤੋਂ। ਉਸ ਨੂੰ ਕਿਉਂ ਬਣਾ ਦਿੱਤਾ, ਮੈਨੂੰ ਕਿਉਂ ਨਹੀਂ ਬਣਾਇਆ, ਇਹੀ ਸਭ ਤੋਂ ਵੱਡਾ ਸੰਕਟ ਸੀ। ਇਹ ਸੰਕਟ ਖੜਾ ਕਰਨ ਵਾਲੇ ਜਾਂ ਚਿੱਠੀਆਂ ਲਿਖਣ ਵਾਲੇ ਲੋਕ ਕੌਣ ਹਨ? ਇਹ ਸਾਰੇ ਵਪਾਰਕ ਤੱਤ ਹਨ, ਬਾਹਰੀ ਲੋਕ ਹਨ, ਸੰਘ ਦੇ ਸਾਂਚੇ ਵਿਚ ਢਲੇ ਹੋਏ ਲੋਕ ਨਹੀਂ ਹਨ।

ਕਿਸੇ ਵੀ ਵੱਡੇ ਰਾਜਨੀਤਕ ਦਲ ਵਿਚ ਆਖ਼ਰ ਸਾਰੇ ਕਾਰਜਕਰਤਾ ਸਵੈ ਸੇਵੀ ਤਾਂ ਨਹੀਂ ਹੋ ਸਕਦੇ, ਜਿਨ੍ਹਾਂ ਲਈ ਦੇਸ਼ ਸਭ ਤੋਂ ਪਹਿਲਾਂ, ਪਾਰਟੀ ਉਸ ਤੋਂ ਬਾਅਦ ਅਤੇ ਆਪਣਾ ਆਪ ਸਭ ਤੋਂ ਬਾਅਦ ਹੁੰਦਾ ਹੈ। ਇਥੇ ਲੀਡਰ ਖ਼ੁਦ ਸਭ ਤੋਂ ਪਹਿਲਾਂ ਹਨ। ਸਾਰੀ ਰਾਜਨੀਤੀ ਇਸੇ ਸਿਧਾਂਤ 'ਤੇ ਚੱਲ ਰਹੀ ਹੈ। ਹੋਰ ਦਲਾਂ ਵਿਚ ਜਿਸ ਤਰ੍ਹਾਂ ਹੁੰਦਾ ਹੈ, ਓਵੇਂ ਹੀ ਭਾਜਪਾ ਵਿਚ ਵੀ ਹੋਣ ਲੱਗਾ ਹੈ। ਭਾਜਪਾ ਕਦੋਂ ਤੱਕ ਅਪਵਾਦ ਬਣੀ ਰਹਿ ਸਕਦੀ ਹੈ?

ਕੁਰਸੀ ਲਈ ਕੁਝ ਨੇਤਾ ਇਕ-ਦੂਜੇ 'ਤੇ ਦੋਸ਼ ਠੋਕ ਰਹੇ ਹਨ ਤਾਂ ਇਸ ਵਿਚ ਅਸੁਭਾਵਿਕ ਕੀ ਹੈ? ਇਹ ਤਾਂ ਕਿਸੇ ਵੀ ਪਾਰਟੀ ਦੀ ਰਾਜਨੀਤਕ ਪਰਿਪੱਕਤਾ ਦਾ ਪ੍ਰਤੀਕ ਹੈ। ਰਾਜ ਸਭਾ ਅਤੇ ਲੋਕ ਸਭਾ ਦੇ ਨੇਤਾ ਦੀ ਅਹੁਦੇ ਲਈ ਪਾਰਟੀ ਵਿਚ ਚੋਣ ਕਿਉਂ ਨਹੀਂ ਹੋਣੀ ਚਾਹੀਦੀ? ਉਨ੍ਹਾਂ ਨੂੰ ਉੱਪਰੋਂ ਕਿਉਂ ਥੋਪਿਆ ਜਾਣਾ ਚਾਹੀਦਾ ਹੈ? ਜਿਨ੍ਹਾਂ ਨੂੰ ਥੋਪਿਆ ਜਾ ਰਿਹਾ ਹੈ, ਉਨ੍ਹਾਂ ਵਿਚ ਅਜਿਹੀ ਕਿਹੜੀ ਖੂਬੀ ਹੈ, ਜਿਹੜੀ ਸਾਡੇ ਵਿਚ ਨਹੀਂ ਹੈ? ਅਸੀਂ ਵੀ ਤਾਂ ਲੋਕ ਸਭਾ ਦੀਆਂ ਚੋਣਾਂ ਜਿੱਤ ਕੇ ਆਏ ਹਾਂ।



ਰਾਜਨਾਥ ਸਿੰਘ

ਜਿਨ੍ਹਾਂ ਨੂੰ ਥੋਪਿਆ ਜਾ ਰਿਹਾ ਹੈ, ਜਾਂ ਤਾਂ ਉਨ੍ਹਾਂ ਨੇ ਕਦੀ ਲੋਕ ਸਭਾ ਦਾ ਮੂੰਹ ਨਹੀਂ ਦੇਖਿਆ ਜਾਂ ਹੁਣ ਦੇਖਿਆ ਤਾਂ ਵੀ ਇਸ ਤਰ੍ਹਾਂ ਕਿ ਉਸ ਨੂੰ ਚੋਣ ਕਹੀਏ ਜਾਂ ਮਜ਼ਾਕ? ਇਸ ਤਰ੍ਹਾਂ ਦੇ ਤਰਕਾਂ ਨੂੰ ਉਛਾਲਣ ਵਾਲੇ ਨੇਤਾ ਹੁਣ ਚੁੱਪ ਹੋ ਗਏ ਹਨ। ਉਹ ਕਾਰਜਕਾਰਨੀ ਵਿਚ ਆਪਣੀ ਨਹੀਂ ਚਲਾ ਸਕੇ। ਉਹ ਲੋਕ ਸਭਾ ਦੀਆਂ ਚੋਣਾਂ ਜ਼ਰੂਰ ਜਿੱਤ ਆਏ ਹਨ, ਪਰ ਨਾ ਤਾਂ ਭਾਜਪਾ ਵਿਚ ਉਨ੍ਹਾਂ ਦੀ ਕੋਈ ਪਕੜ ਹੈ, ਨਾ ਸੰਘ ਵਿਚ ਅਤੇ ਨਾ ਦੇਸ਼ ਵਿਚ। ਉਹ ਨਕਾਰਖਾਨੇ ਵਿਚ ਤੂਤੀ ਬਣ ਕੇ ਰਹਿ ਗਏ ਹਨ।

ਚੋਣਾਂ ਵਿਚ ਹਾਰ ਦਾ ਸਵਾਲ ਤਾਂ ਇਕ ਬਹਾਨਾ ਹੈ। ਹਾਰ ਕਿਸ ਦੀ ਹੋਈ ਹੈ? ਇਕ ਦੀ ਹਾਰ ਤਾਂ ਉਦੋਂ ਮੰਨੀ ਜਾਵੇ, ਜਦੋਂ ਦੂਜੇ ਦੀ ਜਿੱਤ ਹੋਈ ਹੋਵੇ। ਜਿੱਤ ਕਿਸ ਦੀ ਹੋਈ ਹੈ? ਕਿਹੜੀ ਪਾਰਟੀ ਹੈ, ਜਿਸ ਨੂੰ ਸਪੱਸ਼ਟ ਬਹੁਮਤ ਮਿਲਿਆ ਹੈ? ਕਿਸੇ ਨੂੰ ਵੀ ਨਹੀਂ। ਨਾ ਕਿਸੇ ਦੀ ਜਿੱਤ ਹੋਈ ਹੈ ਨਾ ਹਾਰ। ਹਾਂ, ਕਾਂਗਰਸ ਨੂੰ ਸਰਕਾਰ ਬਣਾਉਣ ਦਾ ਮੌਕਾ ਦੁਬਾਰਾ ਮਿਲ ਗਿਆ ਹੈ।

ਭਾਜਪਾ ਦੁਬਾਰਾ ਫਿਸਲ ਗਈ ਹੈ। ਬਸ ਫਿਸਲੀ ਹੈ, ਖਤਮ ਨਹੀਂ ਹੋਈ। ਭਾਜਪਾ ਸੱਤਾ ਤੋਂ ਲਾਂਭੇ ਹੋਈ ਹੈ ਦੇਸ਼ ਤੋਂ ਲਾਂਭੇ ਨਹੀਂ ਹੋਈ। ਉਹ ਪੰਜ ਸਾਲ ਤੋਂ ਜਿਥੇ ਸੀ, ਉਥੇ ਹੀ ਹੈ। ਜ਼ਰਾ ਗੌਰ ਕਰੋ ਕਮਿਊਨਿਸਟ ਪਾਰਟੀ 'ਤੇ। ਉਹ ਤਾਂ ਇਕ-ਤਿਹਾਈ ਤੱਕ ਰਹਿ ਗਈ। ਕਾਂਗਰਸ ਕਦੀ 400 ਤੋਂ 200 'ਤੇ ਅਤੇ 200 ਤੋਂ ਸਵਾ ਸੌ ਤੱਕ ਆ ਗਈ ਸੀ। ਭਾਜਪਾ ਦੀ ਤਾਂ ਇਕ ਚੌਥਾਈ ਸੀਟ ਵੀ ਨਹੀਂ ਘਟੀ। ਕਾਂਗਰਸ ਜਦੋਂ-ਜਦੋਂ ਹਾਰੀ ਹੈ, ਸੱਤਾ ਤੋਂ ਹਟੀ ਹੈ, ਜ਼ਰਾ ਯਾਦ ਕਰੋ ਕਿ ਦੇਸ਼ ਨੇ ਕਿਹੜੇ-ਕਿਹੜੇ ਦ੍ਰਿਸ਼ ਦੇਖੇ ਹਨ। ਕਦੀ ਸਰਕਾਰ ਵਿਰੁਧ ਬਗਾਵਤ ਹੋ ਗਈ, ਕਦੀ ਪਾਰਟੀ ਟੁੱਟ ਗਈ, ਕਦੀ ਮਾਰ-ਕੁੱਟ ਅਤੇ ਗਾਲੀ-ਗਲੋਚ ਦਾ ਬੋਲਬਾਲਾ ਹੋ ਗਿਆ ਅਤੇ ਕਦੀ ਮੰਨ ਲਿਆ ਗਿਆ ਕਿ ਹੁਣ ਕਾਂਗਰਸ ਦਾ ਅੰਤ ਹੋ ਗਿਆ ਹੈ। ਉਸ ਦੇ ਮੁਕਾਬਲੇ ਭਾਜਪਾ ਵਿਚ ਜੋ ਹੋ ਰਿਹਾ ਹੈ, ਉਹ ਕੀੜੀ ਦੇ ਵੱਢਣ ਤੋਂ ਵੀ ਘੱਟ ਹੈ। ਇਸ ਦਾ ਮਤਲਬ ਇਹ ਨਹੀਂ ਕਿ ਭਾਜਪਾ ਵਿਚ ਸਾਰਾ ਕੁਝ ਠੀਕ-ਠਾਕ ਹੈ। ਕੁਰਸੀਆਂ ਦੇ ਨਕਲੀ ਸੰਕਟ ਦੇ ਬਹਾਨੇ ਅਸਲੀ ਸੰਕਟ ਵੀ ਮੈਦਾਨ ਵਿਚ ਆ ਗਿਆ। ਸੰਘ ਨਾਲ ਭਾਜਪਾ ਦੇ ਸਬੰਧ ਅਤੇ ਹਿੰਦੂਤਵ ਦੇ ਸਵਾਲ 'ਤੇ ਵੀ ਬਹਿਸ ਛਿੜ ਗਈ। ਪਾਰਟੀ ਪ੍ਰਧਾਨ ਨੇ ਯਥਾਰਥਵਾਦੀ ਰੁਖ ਅਪਨਾਇਆ। ਸੰਘ ਨਾਲੋਂ ਸਬੰਧ ਤੋੜ ਕੇ ਕੀ ਭਾਜਪਾ ਜ਼ਿੰਦਾ ਰਹਿ ਸਕਦੀ ਹੈ? ਸੰਘ ਭਾਜਪਾ ਦਾ ਆਸਮਾਨ ਹੈ।


ਭਾਜਪਾ ਸ਼ਾਸ਼ਵਤ ਸ਼ੈਸ਼ਵ ਵਿਚ ਰਹਿਣ ਲਈ ਬਜ਼ਿੱਦ ਹੈ। ਭਾਜਪਾ ਦੀ ਆਪਣੀ ਕੋਈ ਵਿਚਾਰਧਾਰਾ ਨਹੀਂ ਹੈ, ਕੋਈ ਅਗਵਾਈ ਨਹੀਂ ਹੈ, ਕੋਈ ਸੰਗਠਨ ਨਹੀਂ ਹੈ। ਜੋ ਕੁਝ ਹੈ, ਉਹ ਸੰਘ ਦਾ ਹੈ। ਸੰਘ ਖਿਸਕ ਜਾਵੇ ਤਾਂ ਬੱਚਾ ਜ਼ਮੀਨ 'ਤੇ ਆ ਡਿੱਗੇਗਾ। ਲਾਲ ਕ੍ਰਿਸ਼ਨ ਅਡਵਾਨੀ ਵਰਗੇ ਕੱਦਾਵਰ ਨੇਤਾ ਦਾ ਹਾਲ ਕੀ ਹੋਇਆ? ਸੰਘ ਦੇ ਇਸ਼ਾਰੇ 'ਤੇ ਉਨ੍ਹਾਂ ਨੂੰ ਜਾਣਾ ਪਿਆ। ਸੰਘ ਅਤੇ ਭਾਜਪਾ ਦੇ ਸਬੰਧਾਂ ਵਿਚ, ਇਨ੍ਹਾਂ ਵਰਗੇ ਅਨੇਕ ਪ੍ਰਸੰਗ ਹੁਣ ਜ਼ਿਆਦਾ ਆਉਣਗੇ ਕਿਉਂਕਿ ਅਗਵਾਈ ਦੇ ਸਿਖਰ 'ਤੇ ਹੁਣ ਗੈਰ ਸਵੈ ਸੇਵਕ ਵੀ ਪਹੁੰਚ ਰਹੇ ਹਨ। ਹੁਣ ਸ਼ਿਆਮ ਪ੍ਰਸਾਦ ਮੁਖਰਜੀ, ਮੌਲੀਚੰਦਰ ਸ਼ਰਮਾ ਅਤੇ ਬਲਰਾਜ ਮਧੋਕ ਵਰਗੇ ਸੁਤੰਤਰ ਪ੍ਰਧਾਨਾਂ ਤੋਂ ਨਹੀਂ, ਬਲਕਿ ਅਜਿਹੇ ਨੇਤਾਵਾਂ ਨਾਲ ਸੰਘ ਦਾ ਸਾਹਮਣਾ ਹੋਵੇਗਾ, ਜਿਨ੍ਹਾਂ ਨੂੰ ਕੁਰਸੀ ਅਤੇ ਪੈਸੇ ਦੀ ਵਿਚਾਰਧਾਰਾ ਤੋਂ ਇਲਾਵਾ ਹੋਰ ਕਿਸੇ ਵਿਚਾਰਧਾਰਾ ਨਾਲ ਕੋਈ ਮਤਲਬ ਨਹੀਂ ਹੋਵੇਗਾ। ਭਾਜਪਾ ਤੋਂ ਜ਼ਿਆਦਾ ਹੁਣ ਸੰਘ ਨੂੰ ਸੋਚਣਾ ਪਵੇਗਾ ਕਿ ਦੋਨਾਂ ਦੇ ਸਬੰਧ ਕਿਹੋ ਜਿਹੇ ਹੋਣ? ਜਿਥੋਂ ਤੱਕ ਹਿੰਦੂਤਵ ਦਾ ਸਵਾਲ ਹੈ, ਭਾਜਪਾ ਕਾਰਜਕਾਰਨੀ ਨੇ ਸਾਰੇ ਮਸਲਿਆਂ ਨੂੰ ਦਰੀ ਥੱਲੇ ਸਰਕਾ ਦਿੱਤਾ ਹੈ। ਪੀਲੀਭੀਤ ਹਿੰਦੂਤਵ ਤੋਂ ਵਧ ਕੇ ਕੱਟੜ ਹਿੰਦੂਤਵ ਕੀ ਹੋ ਸਕਦਾ ਹੈ? ਹਿੰਦੂਤਵ ਦੀ ਧਾਰਨਾ ਵਿਚ ਦਇਆਨੰਦ, ਅਰਵਿੰਦ, ਵਿਵੇਕਾਨੰਦ ਅਤੇ ਸਾਵਰਕਰ ਤੋਂ ਬਾਅਦ ਵੀ ਨਵਾਂ ਸ਼ਬਦ ਕਿਸੇ ਨੇ ਨਹੀਂ ਜੋੜਿਆ। ਸੰਘ, ਜਨ ਸੰਘ ਅਤੇ ਭਾਜਪਾ ਅੱਜ ਤੱਕ ਆਧਾਰ ਦੀ ਕਮਾਈ 'ਤੇ ਹੀ ਗੁਜ਼ਾਰਾ ਕਰ ਰਹੀ ਹੈ। ਇਹ ਕਿੰਨਾ ਵੱਡਾ ਚਮਤਕਾਰ ਹੈ ਕਿ ਆਧਾਰ ਦੀ ਵਿਚਾਰਧਾਰਾ, ਉਧਾਰ ਦੇ ਨੇਤਾ ਅਤੇ ਉਧਾਰ ਦੇ ਸੰਗਠਨ ਦੇ ਦਮ 'ਤੇ ਭਾਜਪਾ ਸਾਰੇ ਦੇਸ਼ ਵਿਚ ਫੈਲ ਗਈ ਅਤੇ ਉਸ ਨੇ ਅਨੇਕ ਰਾਜਾਂ ਅਤੇ ਕੇਂਦਰਾਂ ਵਿਚ ਵੀ ਆਪਣੀ ਸਰਕਾਰ ਬਣਾ ਲਈ। ਇਸ ਦਾ ਮੁੱਖ ਸਿਹਰਾ ਭਾਜਪਾ ਦੇ ਸਮਰਪਿਤ ਕਾਰਜਕਰਤਾਵਾਂ ਨੂੰ ਹੈ। ਅਟਲ - ਅਡਵਾਨੀ ਜੋੜੀ ਦਾ ਇਹ ਚਮਤਕਾਰ ਹੁਣ ਆਪਣੇ ਸੰਧਕਾਲ ਵਿਚ ਪਹੁੰਚ ਚੁੱਕਿਆ ਹੈ। ਸੰਘ ਤੇ ਭਾਜਪਾ ਨੇਤਾ ਅਤੇ ਸਵੈਸੇਵਕ ਅਗਵਾਈ ਸਾਹਮਣੇ ਇਹ ਸਭ ਤੋਂ ਵੱਡੀ ਚੁਣੌਤੀ ਹੈ। ਵਿਚਾਰਕ ਜੀਰੋ ਨੂੰ ਵਿਚਾਰਧਾਰਾ ਕਹਿ ਕੇ ਕਦੋਂ ਤੱਕ ਗੱਡੀ ਧੱਕੀ ਜਾਵੇਗੀ?

ਉਦਾਰ ਹਿੰਦੂਤਵ, ਸੰਸਕ੍ਰਿਤਕ ਰਾਸ਼ਟਰਵਾਦ, ਮਨੂੰਵਾਦ, ਮੁਸਲਿਮ ਫੈਕਟਰ, ਪੰਥ ਨਿਰਪੱਖਤਾ ਆਦਿ ਕੋਰੇ ਕੰਮ-ਚਲਾਊ ਸ਼ਬਦ ਹਨ। 21ਵੀਂ ਸਦੀ ਦੇ ਆਧੁਨਿਕ ਭਾਰਤ ਨੂੰ ਪਰਿਭਾਸ਼ਤ ਕਰਨ ਵਿਚ ਇਹ ਸ਼ਬਦ ਸਮਰਥ ਨਹੀਂ ਹਨ।

ਕਿਸੇ ਸਫਲ ਰਾਜਨੀਤਕ ਦਲ ਪਿੱਛੇ ਕੋਈ ਲੋਹ ਆਧਾਰਤ ਵਿਚਾਰਧਾਰਾ ਹੋਵੇ, ਇਹ ਜ਼ਰੂਰੀ ਨਹੀਂ, ਖਾਸ ਤੌਰ 'ਤੇ ਲੋਕਤੰਤਰਿਕ ਵਿਵਸਥਾ ਵਿਚ। ਗੁਲਾਮ ਭਾਰਤ ਅਤੇ ਵੰਡ ਵਲ ਵਧਦੇ ਭਾਰਤ ਵਿਚ ਤਾਂ ਕਈ ਵਿਚਾਰਧਾਰਾਵਾਂ ਜ਼ਰੂਰੀ ਸਨ, ਪਰ ਹੁਣ ਉਨ੍ਹਾਂ ਦੀ ਜ਼ਰੂਰਤ ਹੈ ਜਾਂ ਨਹੀਂ, ਇਹ ਵਿਚਾਰਨ ਵਾਲਾ ਸਵਾਲ ਹੈ। ਅਮਰੀਕਾ, ਇੰਗਲੈਂਡ, ਜਰਮਨੀ, ਫਰਾਂਸ ਅਤੇ ਹੁਣ ਰੂਸ ਅਤੇ ਚੀਨ ਵਰਗੇ ਦੇਸ਼ਾਂ ਦੇ ਰਾਜਨੀਤਕ ਦਲਾਂ ਨੇ ਵੀ ਬਾਂਦਰੀ ਦਾ ਮਰਿਆ ਬੱਚਾ ਛੱਡ ਦਿੱਤਾ ਹੈ ਤਾਂ ਭਾਜਪਾ ਨੂੰ ਕੀ ਪਈ ਹੈ ਕਿ ਉਹ ਉਸ ਨੂੰ ਛਾਤੀ ਨਾਲ ਚਿਪਕਾ ਕੇ ਰੱਖੇ? ਉਹ ਰਾਜਨੀਤਕ ਦਲ ਹੈ, ਕੋਈ ਸੰਸਕ੍ਰਿਤਕ ਸੰਗਠਨ ਨਹੀਂ। ਉਹ ਸਿਰਫ 20 ਪ੍ਰਤੀਸ਼ਤ ਵੋਟਾਂ ਤੱਕ ਸੀਮਤ ਕਿਉਂ ਰਹੇ? ਉਹ ਆਪਣੀ ਪਹੁੰਚ 100 ਪ੍ਰਤੀਸ਼ਤ ਤੱਕ ਕਿਉਂ ਨਾ ਵਧਾਏ?

# ਭਟਕੇ, ਥਿੜ੍ਹਕੇ, ਚੰਗੇ ਚੰਗੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਜ਼ੋਰਦਾਰ ਮੀਂਹ-ਹਨੇਰੀ ਨਾਲ ਢਾਰਿਆਂ, ਛੱਪਰਿਆਂ ਦੀਆਂ ਛੱਤਾਂ ਤਾਂ ਉਡਦੀਆਂ ਹਰੇਕ ਨੇ ਦੇਖੀਆਂ ਸੁਣੀਆਂ ਹੋਣਗੀਆਂ, ਪਰ ਕਿਸੇ ਨੇ ਐਸਾ ਝੱਖੜ ਝੁੱਲਿਆ ਵੀ ਦੇਖਿਆ ਹੋਊ, ਜੋ ਕਿਸੇ ਨੌਜਵਾਨ ਮੁੰਡੇ-ਕੁੜੀ ਦੀ, ਵਿਆਹ ਦੇ ਨਜ਼ਦੀਕ ਪਹੁੰਚੀ ਹੋਈ 'ਮੰਗਣੀ' ਹੀ ਉਡਾ ਕੇ ਲੈ ਗਿਆ? ਦੂਸਰਾ ਸਵਾਲ ਫੇਰਿਆਂ ਤੋਂ ਬਾਅਦ ਸ਼ਾਮ ਨੂੰ ਬੈਂਡ-ਵਾਜੇ ਦੀਆਂ ਵੈਰਾਗਮਈ ਧੁਨਾ ਦੌਰਾਨ ਆਪਣੇ ਭੈਣ-ਭਰਾਵਾਂ ਦੇ ਗਲ ਲੱਗ ਲੱਗ ਕੇ ਹੰਝੂ ਕੇਰਦੀ ਹੋਈ ਕੋਈ ਸੱਜ-ਵਿਆਹੀ ਕੁੜੀ, ਧਰਮੀਂ ਬਾਬਲ ਦੇ ਵਿਹੜੇ 'ਚੋਂ ਵਿਦਾ ਹੋਣ ਮਗਰੋਂ, ਸਹੁਰਿਆਂ ਦੇ ਦਰਵਾਜ਼ੇ ਅੱਗੇ ਬੋਚ ਬੋਚ ਪੱਬ ਧਰਦੀ ਤਾਂ ਸਾਰਿਆਂ ਨੇ ਦੇਖੀ ਹੋਵੇਗੀ, ਪਰ ਕੀ ਕਿਸੇ ਨੇ ਕੋਈ ਐਸੀ ਵਿਆਂਦੜ੍ਹ ਵੀ ਦੇਖੀ ਹੈ, ਜਿਸ ਨੇ ਸਿਤਾਰਿਆਂ ਜੜਿਆ ਧਰਤੀ-ਹੂੰਝਦਾ ਲਹਿੰਗਾ ਪਹਿਨਿਆ ਹੋਵੇ, ਜਿਸ ਦੇ ਮਹਿੰਦੀ ਰੰਗੇ ਹੱਥਾਂ ਨਾਲ ਝਮ-ਝਮ ਕਰਦੇ ਕਲੀਰੇ ਲਟਕਦੇ ਹੋਣ, ਉਹ ਸਿੱਖਰ ਦੁਪਹਿਰੇ ਹੋਏ ਆਪਣੇ ਅਨੰਦ-ਕਾਰਜ ਤੋਂ ਉੱਠ ਕੇ ਸਿੱਧੀ ਇਕ ਕਾਲਜ ਵਲ ਨੂੰ ਦੌੜੀ ਜਾਵੇ?

ਸਵਾਲ ਤੀਸਰਾ-ਲੰਬਾ ਸਮਾਂ 'ਕੋਮਾ' ਵਿਚ ਪਏ ਮਰੀਜ਼ਾਂ ਬਾਰੇ ਤਾਂ ਮੈਡੀਕਲ ਇਤਿਹਾਸ ਦੇ ਪੰਨੇ ਦੱਸਦੇ ਹੀ ਹਨ, ਲੇਕਿਨ ਕਦੇ ਕਿਸੇ ਨੇ ਕੋਈ ਐਸੀ ਨੌਜਵਾਨ ਕੁੜੀ ਦੇਖੀ ਹੈ, ਜੋ ਲਗਾਤਾਰ ਦਸ ਸਾਲ 'ਕੋਮਾ' ਵਿਚ ਪਈ ਰਹਿਣ ਬਾਅਦ, ਇਕ ਦਮ ਖੁੰਬ ਵਾਂਗ ਉੱਠ ਕੇ ਇਹ ਕਹਿੰਦੀ ਹੋਈ ਭੱਜੀ ਫਿਰੇ ਕਿ ਫਲਾਣਾ ਸਿਹੁੰ ਤਾਂ ਮੇਰਾ ਕਈ ਸਾਲਾਂ ਤੋਂ 'ਪਤੀ' ਹੈ!

ਕਦੇ ਸਮਾਂ ਹੁੰਦਾ ਸੀ, ਜਦੋਂ ਉਕਤ ਤਿੰਨ ਸਵਾਲਾਂ ਵਰਗੀਆਂ ਬੇ-ਸਿਰ ਪੈਰ ਦੀਆਂ ਯੱਭਲੀਆਂ ਜਿਹੀਆਂ ਸੁਣ ਕੇ, ਲੋਕ ਝੱਟ ਅੰਦਾਜ਼ਾ ਲਾ ਲੈਂਦੇ ਹੁੰਦੇ ਸਨ ਕਿ ਇਹ ਕਿਸੇ ਫਿਲਮ ਦੇ ਸੀਨ ਹੋਣਗੇ। ਕੋਈ ਐਸੀਆਂ ਗੱਲਾਂ ਨੂੰ ਕਾਲਪਨਿਕ ਜਾਂ ਨਾਟਕੀ-ਢੰਗ ਦੀਆਂ ਕਲਪਨਾਵਾਂ ਕਹਿ ਕੇ ਹੱਸ ਛੱਡਦਾ। ਪਰ ਸਮੇਂ ਨੇ ਬੜੀ ਤੇਜ਼ੀ ਨਾਲ ਪਲਟੀ ਮਾਰੀ, ਹੁਣ ਫਿਲਮੀ ਅੰਦਾਜ਼ ਵਾਲੇ ਵਰਤਾਰੇ ਸਾਡੇ ਆਲੇ ਦੁਆਲੇ ਆਮ ਹੀ ਹੁੰਦੇ ਰਹਿੰਦੇ ਹਨ।

ਸਗੋਂ ਏਦੂੰ ਵੀ ਅੱਗੇ ਵਧ ਕੇ ਸਾਡੇ ਸਮਾਜ ਵਿਚ ਹੁਣ ਉਹ ਕੁਝ ਆਮ ਹੀ ਹੋਣ ਲੱਗ ਪਿਆ ਹੈ, ਜਿਸ ਨੂੰ ਦੇਖ ਕੇ ਫਿਲਮੀ ਸੀਨ ਵੀ ਫਿੱਕੇ ਫਿੱਕੇ ਮਾਲੂਮ ਹੋਣ ਲਗਦੇ ਹਨ। ਗ੍ਰਿਹਿਸਤੀ ਜੀਵਨ ਦੇ ਆਧਾਰ, ਵਿਆਹ ਦੀ ਹੀ ਗੱਲ ਲੈ ਲਉ। ਜੁੱਗੜਿਆਂ ਤੋਂ ਚੱਲੇ ਆ ਰਹੇ ਇਸ ਪਵਿੱਤਰ ਆਤਮਿਕ ਬੰਧਨ ਦਾ ਜੋ ਜਨਾਜ਼ਾ ਸਾਡੇ ਸਮਿਆਂ ਵਿਚ ਨਿਕਲਿਆ ਹੋਇਐ, ਉਹ ਕਿਸੇ ਕੋਲੋਂ ਗੁੱਝਾ ਨਹੀਂ। ਪਿੱਛੇ ਤਾਂ ਹੁਣ ਪੰਜਾਬ ਵੀ ਨਹੀਂ ਰਿਹਾ, ਉੱਥੇ ਵੀ ਹੁਣ 'ਨਵੇਂ ਜ਼ਮਾਨੇ' ਦੀ 'ਵਾ ਨਹੀਂ ਹਨ੍ਹੇਰੀ ਚੱਲਦੀ ਹੈ, ਪ੍ਰੰਤੂ ਪਰਵਾਸੀ ਜੀਵਨ ਵਿਚ ਜੱਗੋਂ ਤੇਰ੍ਹਵੀਆਂ ਖੂਬ ਹੋ ਰਹੀਆਂ ਹਨ। ਜਿਨ੍ਹਾਂ ਮਾਪਿਆਂ ਨੇ, ਨਾ ਤਾਂ ਕੁੜਮ-ਕੁੜਮਣੀਆਂ ਨਾਲ 'ਮਿਲਣੀਆਂ' ਕੀਤੀਆਂ ਹੁੰਦੀਆਂ ਹਨ ਅਤੇ ਨਾ ਹੀ ਆਪਣੇ ਨੌਂ-ਨਿਹਾਲਾਂ ਦੀਆਂ ਮੰਗਣੀਆਂ-ਕੁੜਮਾਈਆਂ ਦੇਖੀਆਂ ਹੁੰਦੀਆਂ ਹਨ, ਪਰ ਉਨ੍ਹਾਂ ਦੀਆਂ ਗੋਦੀਆਂ ਵਿਚ ਪੋਤੇ-ਪੋਤੀਆਂ, ਟੱਪਕੇ ਅੰਬਾਂ ਵਾਂਗ ਆ ਡਿਗਦੇ ਹਨ! ਐਸੇ ਮਾਪਿਆਂ ਲਈ ਤਾਂ 'ਝੱਟ ਮੰਗਣੀ ਪੱਟ ਵਿਆਹ' ਵਾਲੀ ਕਹਾਵਤ ਵੀ ਸੁਪਨਾ ਹੀ ਹੋ ਨਿਬੜਦੀ ਹੈ। ਭੂਮਿਕਾ ਜ਼ਰਾ ਲੰਬੀ ਹੋ ਗਈ, ਚਲੋ ਆਪਾਂ ਅਗਲੀ ਪੂਣੀ ਛੋਹੀਏ!

ਮੇਰੇ ਇਲਾਕੇ ਦੇ ਇਕ ਪਿੰਡ ਦਾ ਨੌਜਵਾਨ, ਜੋ ਅੱਜ ਕਲ ਅਮਰੀਕਾ ਵਿਚ ਹੀ ਸੈੱਟ ਹੈ, ਦਸਵੀਂ ਜਮਾਤ ਵਿਚ ਪੜ੍ਹਦਾ ਹੀ ਮੰਗਿਆ ਗਿਆ। ਜਾਡਲੇ ਸਕੂਲ ਤੋਂ ਦਸਵੀਂ ਪਾਸ ਕਰਕੇ ਉਸਨੇ ਨਵਾਂ ਸ਼ਹਿਰ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਦਾਖਲਾ ਲੈ ਲਿਆ। ਨਵਾਂ ਸ਼ਹਿਰ ਪੜ੍ਹਨ ਤਾਂ ਉਹ ਬੜੇ ਚਾਅ ਨਾਲ ਲੱਗ ਗਿਆ, ਪਰ ਉਹਦੇ ਲਈ ਇਕ ਸਮੱਸਿਆ ਬੜੀ ਭਾਰੀ ਆ ਖੜ੍ਹੀ ਹੋਈ। ਪਿੰਡੋਂ ਨਵਾਂ ਸ਼ਹਿਰ ਨੂੰ ਸਾਈਕਲ 'ਤੇ ਜਾਣ ਲਈ ਜਿਹੜਾ ਸਿੱਧਾ ਤੇ ਨੇੜਲਾ ਰਸਤਾ ਸੀ, ਉਸ ਰਸਤੇ ਵਿਚ ਉਸਦੀ ਮੰਗੇਤਰ ਦਾ ਪਿੰਡ ਆਉਂਦਾ ਸੀ। ਵਕਤ ਦਾ ਤਕਾਜ਼ਾ ਇਸ ਗੱਲ ਦੀ ਇਜਾਜ਼ਤ ਨਹੀਂ ਸੀ ਦਿੰਦਾ ਕਿ ਕੋਈ ਗਭਰੂ ਆਪਣੀ ਮੰਗੇਤਰ ਦੇ ਪਿੰਡ ਵਿਚ ਪੈਰ ਵੀ ਧਰੇ। ਖ਼ੈਰ ਉਸਨੇ ਇਸ 'ਅਪਰਾਧ' ਦੇ ਬਚਾਅ ਵਜੋਂ, ਕਈ ਮੀਲਾਂ ਦਾ ਵਾਧੂ ਵਲ-ਫੇਰ ਪਾ ਕੇ ਨਵਾਂ ਸ਼ਹਿਰ ਜਾਣਾ ਸ਼ੁਰੂ ਕਰ ਦਿੱਤਾ।

ਇਧਰੋਂ ਉਸਦੀ ਹਾਇਰ ਸੈਕੰਡਰੀ ਪੂਰੀ ਹੋਣ ਦੇ ਨੇੜੇ ਪਹੁੰਚ ਗਈ, ਉਧਰੋਂ ਕੁੜੀ ਵਾਲਿਆਂ ਵਲੋਂ ਮੁੰਡੇ ਦੇ ਮਾਪਿਆਂ 'ਤੇ ਵਿਆਹ 'ਲੈ ਲੈਣ' ਦਾ ਜ਼ੋਰ ਪੈਣ ਲੱਗ ਪਿਆ। ਭਾਈਆਂ-ਪੈਂਚਾਂ ਦੇ ਕਹੇ ਸੁਣੇ ਤੋਂ ਮੁੰਡੇ ਦੇ ਮਾਂ-ਬਾਪ ਵਿਆਹ ਤਾਂ ਕਰਨਾ ਮੰਨ ਗਏ, ਪਰ ਉਨ੍ਹਾਂ ਮੁੰਡੇ ਦੀ ਸਲਾਹ ਅਨੁਸਾਰ, ਕੁੜੀ ਵਾਲਿਆਂ ਨੂੰ ਉਦੋਂ ਕੁ ਤੱਕ ਰੁਕ ਜਾਣ ਲਈ ਆਖਿਆ, ਜਦ ਤੱਕ ਮੁੰਡਾ ਗਿਆਰ੍ਹਵੀਂ ਪਾਸ ਨਹੀਂ ਕਰ ਲੈਂਦਾ।

ਵਿਚੋਲੇ ਦੇ ਘੁੰਮ-ਘੁਮਈਏ ਬਾਅਦ ਇਹ ਗੱਲ ਤੈਅ ਹੋ ਗਈ ਕਿ ਗਿਆਰ੍ਹਵੀਂ ਦੇ ਇਮਤਿਹਾਨ ਹੋਣ ਤੋਂ ਫੌਰਨ ਬਾਅਦ ਮੁੰਡੇ-ਕੁੜੀ ਦਾ ਵਿਆਹ ਕਰ ਦਿੱਤਾ ਜਾਇਗਾ। ਆਪਸੀ ਰਜ਼ਾਮੰਦੀ ਨਾਲ ਹੋਏ ਇਸ ਨਿਰਣੇ ਤੋਂ ਕੁਝ ਹਫਤੇ ਬਾਅਦ ਕੀ ਹੋਇਆ। ਇਕ ਦਿਨ ਸਕੂਲੋਂ ਛੁੱਟੀ ਹੋਣ ਤੋਂ ਬਾਅਦ ਮੁੰਡਾ ਆਪਣੇ ਸਾਈਕਲ 'ਤੇ ਪਿੰਡ ਨੂੰ ਚੱਲ ਪਿਆ। ਰਸਤੇ ਵਿਚ ਆਉਂਦਿਆਂ ਆਉਂਦਿਆਂ ਹੁੰਮਸ ਜਿਹੀ ਤੋਂ ਬਾਅਦ ਅਚਾਨਕ ਹਨੇਰੀ ਆਉਣ ਦੇ ਇਮਕਾਨ ਬਣਨ ਲੱਗ ਪਏ। ਅਕਾਸ਼ ਲਾਲੀ ਦੀ ਭਾਅ ਮਾਰਨ ਲੱਗ ਪਿਆ। ਲਹਿੰਦੇ ਦੀ ਗੁੱਠੋਂ ਕਾਲੀ-ਸ਼ਾਹ ਘਟਾ ਛਾ ਗਈ। ਚਿੱਟੇ ਬਗਲੇ ਦਰਿਆ ਵਾਲੇ ਪਾਸਿਉਂ ਉੱਤਰ ਦੀ ਦਿਸ਼ਾ ਨੂੰ ਉਡਦੇ ਦਿਖਾਈ ਦੇਣ ਲੱਗੇ। ਇਕ ਦੋ ਵਾ-ਵਰੋਲਿਆਂ ਬਾਅਦ ਤੇਜ਼ ਹਵਾ ਸੂਕਣ ਲੱਗ ਪਈ। ਮੌਕੇ ਦੀ ਨਜ਼ਾਕਤ ਸਮਝਦਿਆਂ ਮੁੰਡੇ ਨੇ ਜਲਦੀ ਜਲਦੀ ਘਰੇ ਪਹੁੰਚਣ ਦੀ ਮਨਸ਼ਾ ਨਾਲ, ਵਲ-ਫੇਰ ਵਾਲਾ ਰਸਤਾ ਛੱਡ ਕੇ, ਉਸੇ ਪਿੰਡ ਨੂੰ ਸਾਈਕਲ ਭਜਾ ਲਿਆ, ਜਿੱਥੇ ਉਸਦੀ ਮੰਗਣੀ ਹੋਈ ਹੋਈ ਸੀ। ਸਾਰਾ ਆਸਮਾਨ ਕਾਲਾ ਪੀਲਾ ਹੋ ਚੁੱਕਾ ਸੀ। ਤੇਜ਼ ਝੱਖੜ ਝੁੱਲ ਰਿਹਾ ਸੀ। ਜਿਵੇਂ ਕਿਵੇਂ ਮੁੰਡਾ ਆਪਦੇ 'ਸਹੁਰਿਆਂ' ਦੇ ਪਿੰਡ ਵਿਚੀਂ ਲੰਘ ਕੇ ਆਪਣੇ ਪਿੰਡ ਆਣ ਪਹੁੰਚਿਆ।

ਇਸ ਤੂਫਾਨੀ ਦਿਨ ਤੋਂ ਪੰਜਾਂ ਸੱਤਾਂ ਦਿਨਾਂ ਬਾਅਦ ਹੀ ਰੁੱਸੀ ਹੋਈ ਤੀਵੀਂ ਵਰਗਾ ਢਿੱਲ੍ਹਾ ਜਿਹਾ ਮੂੰਹ ਬਣਾ ਕੇ ਵਿਚੋਲਾ ਸ੍ਰੀ ਮਾਨ, ਮੁੰਡੇ ਦੇ ਘਰੇ ਆ ਪਹੁੰਚਿਆ। ਕੁੜੀ ਵਾਲਿਆਂ ਵਲੋਂ 'ਪੱਕਾ ਜੁਆਬ' ਸੁਣ ਕੇ ਮਾਂ-ਬਾਪ ਹੱਕੇ ਬੱਕੇ ਰਹਿ ਗਏ! "ਕੱਚਾ-ਕੁਆਰਾ ਰਿਸ਼ਤਾ ਸੀ ਹਾਲੇ, ਮੁੰਡਾ ਤੁਹਾਡਾ ਕੁੜੀ ਵਾਲਿਆਂ ਦੇ ਪਿੰਡ ਪੈਲਾਂ ਪਾਉਣ ਲੱਗ ਪਿਆ!" ਜੁਆਬ ਦੇ ਪਿੱਛੇ ਦੱਸਿਆ ਗਿਆ 'ਇਤਰਾਜ਼' ਸੁਣ ਕੇ, ਮਾਪੇ ਹੋਰ ਸ਼ਸ਼ੋਪੰਜ ਵਿਚ ਪੈ ਗਏ। ਕਿਉਂਕਿ ਮੁੰਡੇ ਨੇ ਘਰੇ ਆ ਕੇ, ਸਹੁਰਿਆਂ ਦੇ ਪਿੰਡ ਵਿਚੀਂ ਲੰਘਣ ਦੇ ਗੁਨਾਹ ਬਾਰੇ ਜ਼ਿਕਰ ਹੀ ਨਹੀਂ ਸੀ ਕੀਤਾ। ਐਮਰਜੈਂਸੀ ਕਰਕੇ ਆਪਣੀ ਮੰਗੇਤਰ ਦੇ ਪਿੰਡ ਵਿਚੋਂ ਇਕ ਵਾਰ ਲੰਘਣਾ ਵੀ 'ਪੈਲਾਂ' ਬਣ ਗਿਆ ਤੇ ਇੰਜ ਵਿਆਹ ਦੇ ਨਜ਼ਦੀਕ ਪਹੁੰਚਿਆ ਹੋਇਆ ਰਿਸ਼ਤਾ 'ਤੜੱਕ' ਹੋ ਗਿਆ!

ਹੁਣ ਸਵਾਲ ਨੰਬਰ ਦੋ ਦੀ ਚਰਚਾ। ਇਕ ਅਖ਼ਬਾਰ ਦੀ ਵਿਅੰਗ-ਨੁਮਾ ਖ਼ਬਰ ਅਨੁਸਾਰ ਪੰਜਾਬ ਵਿਚ ਇਕ ਵਿਆਹ ਹੋਇਆ। ਅਨੰਦ-ਕਾਰਜ ਦਾ ਕੰਮ ਫਟਾਫਟਾ ਸੁਵਖ਼ਤੇ ਹੀ ਨਿਬੇੜ ਲਿਆ ਗਿਆ ਤੇ ਨਵ-ਵਿਆਹੀ ਕੁੜੀ, ਫੇਰਿਆਂ ਤੋਂ ਉੱਠ ਕੇ ਸਿੱਧੀ ਆਪਣੇ ਕਾਲਜ ਜਾ ਪਹੁੰਚੀ ਜਿੱਥੇ ਉਸਨੇ ਆਪਣਾ ਪੇਪਰ ਦੇਣਾ ਸੀ। ਖ਼ਬਰ ਪੜ੍ਹਨ ਵੇਲੇ ਮੇਰੇ ਮਨ 'ਚ ਵੀ ਇਹ ਸਵਾਲ ਉੱਠਿਆ ਸੀ ਤੇ ਤੁਸੀਂ ਵੀ ਜ਼ਰੂਰ ਸੋਚਦੇ ਹੋਵੋਗੇ ਕਿ ਹਰੇਕ ਇਮਤਿਹਾਨ ਦੀ ਕਈ ਚਿਰ ਪਹਿਲਾਂ ਹੀ ਡੇਟ-ਸ਼ੀਟ ਛਪ ਜਾਂਦੀ ਹੈ, ਫਿਰ ਕੁੜੀ ਮੁੰਡੇ ਵਾਲਿਆਂ ਨੇ ਵਿਆਹ 'ਚ ਬੀ ਦਾ ਲੇਖਾ ਕਾਹਨੂੰ ਪਾ ਲਿਆ ਹੋਵੇਗਾ?

ਲਉ ਇਹ ਸ਼ੰਕਾ ਵੀ ਨਵਿਰਤ ਕਰ ਲਉ। ਕੁੜੀ ਦੇ ਹੋ ਰਹੇ ਪੇਪਰਾਂ ਬਾਰੇ ਸਭ ਨੂੰ ਪਤਾ ਸੀ। ਲੇਕਿਨ ਫੇਰਿਆਂ ਦਾ ਸਮਾਂ, ਪੰਡਿਤ ਜੀ ਮਹਾਰਾਜ ਨੇ 'ਮਹੂਰਤ ਕੱਢ ਕੇ' ਨਿਸ਼ਚਿਤ ਕੀਤਾ ਹੋਇਆ ਸੀ, ਜੋ ਕਿ ਇਕ ਪੇਪਰ ਦੇ ਸਮੇਂ ਨਾਲ ਭਿੜ ਗਿਆ। 'ਸ਼ੁਭ ਮਹੂਰਤ' ਦੀ ਪਾਲਣਾ ਵੀ ਹੋ ਗਈ ਤੇ ਪੇਪਰ ਵੀ ਕਰ ਲਿਆ। ਸ਼ਗਨ-ਅਪਸ਼ਗਨ ਦੇ ਚੱਕਰਵਿਊ ਵਿਚ ਸੰਪੰਨ ਹੋਏ ਇਸ ਵਿਆਹ ਦੀ ਵਿਸ਼ੇਸ਼ ਗੱਲ ਇਹ ਵੀ ਹੈ ਕਿ ਮੁੰਡਾ ਕੁੜੀ ਦੋਵੇਂ ਹੀ ਸਿੱਖ ਪਰਿਵਾਰਾਂ ਨਾਲ ਸਬੰਧਤ ਹਨ। ਵਿਆਂਦੜ੍ਹ ਜੋੜੀ ਦੀ ਛਪੀ ਹੋਈ ਫੋਟੋ ਪਿੱਛੇ ਤਿੰਨ ਚਾਰ ਦਸਤਾਰ ਧਾਰੀ ਸਰਦਾਰ ਖੜ੍ਹੇ ਹਨ। ਉਹੀ 'ਸਰਦਾਰ' ਜਿਨ੍ਹਾਂ ਦਾ ਗੁਰੂ ਡੰਕੇ ਦੀ ਚੋਟ ਨਾਲ ਕਹਿ ਰਿਹਾ ਏ-

ਜਬ ਇਹ ਗਹੈ ਬਿਪਰਨ ਕੀ ਰੀਤ॥
ਤਬ ਮੈ ਨਾ ਕਰਉਂ ਇਨਕੀ ਪ੍ਰਤੀਤ॥

ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਹੋਏ ਇਸ 'ਮਹੂਰਤ-ਸ਼ਾਹੀ ਵਿਆਹ' ਦੀ ਖ਼ਬਰ ਪੜ੍ਹ ਕੇ ਮੈਨੂੰ ਪੰਜਾਬੀ ਦੇ ਪੁਰਾਤਨ ਕਵੀ ਬਾਬਾ ਜੱਲ੍ਹਣ ਦੀਆਂ ਕੁਝ ਸਤਰਾਂ ਯਾਦ ਆ ਗਈਆਂ। ਜੋ ਕਿ ਉਸਨੇ ਆਪਣੀ ਧੀ ਦੇ ਵਿਆਹ ਦਾ 'ਸਾਹਾ ਸੁਧਾਉਣ' ਲਈ, ਆਂਢੀਆਂ ਗੁਆਂਢੀਆਂ ਦੇ ਕਹੇ ਕਹਾਏ ਪੰਡਤ ਅਤੇ ਕਾਜ਼ੀ ਦੇ ਘਰਾਂ ਵਿਚ ਗੇੜੇ ਮਾਰਨ ਤੋਂ ਬਾਅਦ ਉਚਾਰੀਆਂ ਸਨ-

ਕਾਜ਼ੀ ਦੇ ਘਰ ਪਿੱਟਣਾ
ਬ੍ਰਾਹਮਣ ਦੇ ਘਰ ਰੰਡ।
ਚੱਲ ਜੱਲ੍ਹਣਾਂ ਘਰ ਆਪਣੇ,
ਸਾਹਾ ਦੇਹ ਨਿਸ਼ੰਗ।

ਤਿੱਥਾਂ-ਮਹੂਰਤਾਂ ਨੂੰ ਸ਼ੁਭ-ਅਸ਼ੁਭ ਮੰਨ ਕੇ ਵਿਆਹ ਕਰਨ-ਕਰਾਉਣ ਵਾਲੇ ਵਹਿਮਾਂ ਭਰਮਾਂ ਦੇ ਮਾਰੇ ਲੋਕ, ਮੰਗੇਤਰ ਮੁੰਡੇ ਵਲੋਂ ਕੁੜੀ ਦੇ ਪਿੰਡ ਵਿਚੋਂ ਲੰਘਣ ਕਾਰਨ ਰਿਸ਼ਤਾ ਟੁੱਟਣ ਦਾ ਸਿਹਰਾ ਸ਼ਾਇਦ ਰਾਹੂ-ਕੇਤੂ ਦੇ ਸਿਰ 'ਤੇ ਹੀ ਬੰਨ੍ਹ ਦੇਣ! ਕਈ ਕਈ ਦਿਨ ਇਕੱਠੇ ਘੁੰਮ ਫਿਰ ਕੇ, ਵਿਆਹ ਕਰਨ ਜਾਂ ਨਾ ਕਰਨ ਦਾ ਫੈਸਲਾ ਲੈਣ ਵਾਲੇ ਅਜੋਕੇ ਮੁੰਡੇ ਕੁੜੀਆਂ ਤਾਂ ਉਤਲੀ ਇਬਾਰਤ ਪੜ੍ਹ ਕੇ 'ਥੂ ਥੂ' ਹੀ ਕਰਨਗੇ। ਪਿਛਾਂਹ-ਖਿੱਚੂ ਜਾਂ ਰੂੜੀਵਾਦੀ ਜਿਹੇ ਵਿਸ਼ੇਸ਼ਣ ਵੀ ਮੁਫਤੋ-ਮੁਫਤੀ ਦੇਣਗੇ।

ਲੇਕਿਨ ਉਸ ਸਮੇਂ ਸੱਤ-ਬਿਗਾਨੇ ਦੀ ਧੀ-ਭੈਣ ਨੂੰ ਵੀ ਸਕੀਆਂ ਧੀਆਂ ਭੈਣਾਂ ਵਾਂਗ ਸਤਿਕਾਰਿਆ ਜਾਂਦਾ ਸੀ। ਸਮੇਂ ਦੀਆਂ ਸੂਈਆਂ ਨੂੰ ਬੇਸ਼ੱਕ ਪੁੱਠਾ ਗੇੜਾ ਨਹੀਂ ਦਿੱਤਾ ਜਾ ਸਕਦਾ। ਲੇਕਿਨ ਏਨੀ ਕੁ ਗੱਲ ਤਾਂ ਵਿਚਾਰ ਹੀ ਲੈਣੀ ਚਾਹੀਦੀ ਹੈ ਕਿ ਜਿਸ ਪ੍ਰੰਪਰਾ ਜਾਂ ਰਵਾਇਤ ਦੀ ਪਾਲਣਾ ਕਰਦਿਆਂ, ਕਦੇ ਤਲਾਕ ਜੈਸਾ ਕੁਲਹਿਣਾ ਲਫਜ਼ ਸੁਣਨ ਨੂੰ ਵੀ ਨਹੀਂ ਸੀ ਮਿਲਦਾ, ਉਸਨੂੰ ਮਾਡਰਨਿਜ਼ਮ ਦੇ ਬੁਲਡੋਜ਼ਰ ਨਾਲ ਦਰੜ ਦੇਣਾ ਕਿਧਰਲੀ ਸਿਆਣਪ ਹੈ? ਕੀ ਇਹ ਸਿਤਮਜ਼ਰੀਫੀ ਨਹੀਂ ਕਿ ਬਾਬੇ ਆਦਮ ਵੇਲੇ ਦੇ ਨਖਿੱਧ ਕਰਮ-ਕਾਂਡ ਮਹੂਰਤ ਕਢਾਉਣ ਨੂੰ ਹਿੱਕ ਨਾਲ ਲਾਈ ਰੱਖੋ, ਪਰ ਆਪਣੀਆਂ ਹਾਲੇ ਕੱਲ੍ਹ ਦੀਆਂ ਸੁਨਹਿਰੀ ਪ੍ਰੰਪਰਾਵਾਂ ਨੂੰ ਰੂੜੀਵਾਦੀ ਕਹਿ ਕੇ ਭੰਡੀ ਜਾਓ!

ਤੀਸਰੇ ਸਵਾਲ ਦੀ ਚਰਚਾ ਕਰਨੀ ਤਾਂ ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ ਕਰਨ ਵਾਲੀ ਗੱਲ ਹੀ ਹੋਵੇਗੀ। ਆਪਾਂ ਜ਼ਿਕਰ ਕੀਤਾ ਸੀ ਦਸ ਸਾਲ ਕੋਮਾ ਵਿਚ ਪਈ ਰਹਿਣ ਵਾਲੀ ਨੌਜਵਾਨ ਕੁੜੀ ਦਾ। ਦੋ ਗਾਇਕ ਕਲਾਕਾਰ ਅੱਜ ਕੱਲ੍ਹ ਵਿਆਹ ਦੇ ਬੰਧਨ ਨੂੰ ਖੂਬ ਛੱਜ 'ਚ ਪਾ ਕੇ ਛੱਟ ਰਹੇ ਹਨ। ਗਾਇਕਾ ਮਿਸ ਨੀਲਮ, ਭੁਪਿੰਦਰ ਗਿੱਲ 'ਤੇ ਦੋਸ਼ ਲਾ ਰਹੀ ਹੈ ਕਿ ਉਹ ਮੇਰੇ ਨਾਲ ਦਸ ਸਾਲ ਤੋਂ ਬਲਾਤਕਾਰ ਕਰਦਾ ਆ ਰਿਹਾ ਹੈ। ਇਕ ਜਾਂ ਦੋ ਦਿਨ ਨਹੀਂ, ਪੂਰੇ ਦਸ ਸਾਲ! ਜ਼ਰਾ ਦਿਆਨਤਦਾਰੀ ਨਾਲ ਸੋਚੀਏ, ਇਕ ਨੌਜਵਾਨ ਲੜਕੀ ਜੋ ਲਗਾਤਾਰ ਦਸ ਸਾਲ ਕਿਸੇ ਦੀ ਹਵਸ ਦਾ 'ਸ਼ਿਕਾਰ ਬਣਦੀ' ਰਹੀ ਉਹ 'ਕੋਮਾ' ਵਿਚ ਹੀ ਪਈ ਮੰਨੀ ਜਾਣੀ ਚਾਹੀਦੀ ਹੈ?

ਕੋਈ ਆਮ ਜੁਆਨ-ਜਹਾਨ ਕੁੜੀ ਇੰਨਾ ਲੰਬਾ ਸਮਾਂ ਕਿਸੇ ਮਰਦ ਦੇ ਜ਼ੁਲਮ ਦਾ ਸ਼ਿਕਾਰ ਹੋ ਸਕਦੀ ਹੈ ਭਲਾ? ਦਸਾਂ ਸਾਲਾਂ ਵਿਚ ਕਿਸੇ ਇਕ ਦਿਨ ਵੀ ਨਿਲੱਜੀ ਨੀਲਮ ਨੂੰ ਬਲਾਤਕਾਰ ਹੋਣ ਦਾ ਇਲਮ ਨਹੀਂ ਹੋਇਆ? ਜਦ ਬੇ-ਹਯਾ ਭੁਪਿੰਦਰ ਨੂੰ ਨਵਾਂ ਸ਼ਿਕਾਰ ਮਿਲ ਗਿਆ ਤਾਂ ਉਸੇ ਵਕਤ ਨੀਲਮ ਨੂੰ ਆਪਣੇ ਨਾਲ ਬਲਾਤਕਾਰ ਹੋਣ ਦਾ 'ਇਲਹਾਮ' ਹੋ ਗਿਆ! ਜਿਨ੍ਹਾਂ ਪੰਜਾਬੀਆਂ ਦੇ ਮਨੋਰੰਜਨ ਦੇ ਨਾਲ ਇਹ ਬੇ-ਲੱਜ ਜੋੜੀ, ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਦੀ ਰਹੀ, ਕੀ ਉਨ੍ਹਾਂ ਪੰਜਾਬੀਆਂ ਦਾ ਭਾਈਚਾਰਾ ਇਸ ਕੁਕਰਮ ਦੀ ਇਜਾਜ਼ਤ ਦਿੰਦਾ ਹੈ ਕਿ ਕੋਈ ਪੰਜਾਬਣ, ਵਿਆਹ ਤੋਂ ਪਹਿਲਾਂ ਹੀ ਕਿਸੇ ਮਰਦ ਦੀ ਦਸ ਸਾਲ ਰਖੈਲ ਬਣੀ ਰਹੇ? ਗਾਇਕਾ ਨੀਲਮ, ਪੋਲੇ ਜਿਹੇ ਮੂੰਹ ਨਾਲ ਹੁਣ ਜਿਹੜੇ 'ਵਿਆਹ ਦੇ ਝਾਂਸੇ' ਦਾ ਰਾਗ ਅਲਾਪ ਰਹੀ ਹੈ, ਹਕੀਕਤ ਵਿਚ ਅੱਜ ਕਲ੍ਹ ਇਹ ਵਿਗੜੇ-ਤਿਗੜੇ ਮੁੰਡੇ ਕੁੜੀਆਂ ਨੇ 'ਤਕੀਆ-ਕਲਾਮ' ਹੀ ਬਣਾਇਆ ਹੋਇਆ ਹੈ। ਹਾਲੇ ਕੁਝ ਦਹਾਕੇ ਪਹਿਲਾਂ ਹੀ ਜਿਸ ਪੰਜਾਬ ਵਿਚ ਇਕ ਮੁੰਡੇ ਦੀ ਮੰਗਣੀ ਇਸੇ ਕਰਕੇ ਟੁੱਟ ਗਈ ਸੀ ਕਿ ਉਹ ਕੱਚਾ-ਕੁਆਰਾ ਹੁੰਦਿਆਂ ਆਪਣੀ ਮੰਗੇਤਰ ਦੇ ਪਿੰਡ ਵਿਚੋਂ ਸਿਰਫ ਇਕ ਵਾਰ ਲੰਘ ਗਿਆ ਸੀ।

ਅੱਜ ਉਸੇ ਪੰਜਾਬ ਵਿਚ ਨੀਲਮਾਂ-ਭੁਪਿੰਦਰਾਂ ਨੇ ਐਸਾ ਗੰਦ ਪਾ ਦਿੱਤਾ ਹੋਇਐ ਕਿ ਭਲੇ ਮਾਣਸਾਂ ਨੂੰ ਅੱਖਾਂ ਨੀਵੀਆਂ ਕਰਨੀਆਂ ਪੈ ਰਹੀਆਂ ਨੇ! ਲੱਖ ਲਾਹਣਤ 'ਵਿਆਹ ਦੇ ਝਾਂਸੇ' ਖਾਣ ਵਾਲੀਆਂ ਦੇ, ਸੱਤ ਚੁੱਲ੍ਹਿਆਂ ਦੀ ਸਵਾਹ ਪਵੇ ਅਜਿਹੇ ਝਾਂਸੇ ਦੇਣ ਵਾਲਿਆਂ ਦੇ ਸਿਰ ਵਿਚ।

ਕੀ ਇਹ ਲੋਹੜੇ ਦੀ ਗੱਲ ਨਹੀਂ ਕਿ ਐਸੀ ਇਖਲਾਕਹੀਣ ਗਾਇਕ ਜੋੜੀ, ਸਾਡੇ ਵਿਆਹ-ਸ਼ਾਦੀਆਂ ਵਿਚ 'ਹੀਰੋ' ਬਣ ਕੇ ਪਧਾਰਦੇ ਹਨ? ਇਸੇ ਕੁਚੱਜ-ਪੁਣੇ ਸਦਕਾ ਭਲੇ ਪੁਰਸ਼ ਖੁੱਡੇ-ਲਾਈਨ ਲੱਗੀ ਜਾ ਰਹੇ ਅਤੇ ਲੁੱਚੇ-ਲਫੰਗਿਆਂ ਦੀ ਬੱਲੇ ਬੱਲੇ ਹੋ ਰਹੀ ਹੈ-

ਗੁਜ਼ਰ ਗਏ ਦੇ ਨੰਗ-ਧੜੰਗੇ,
ਅੱਜ ਦੇ ਕੱਜਿਆਂ ਤੋਂ ਸਨ ਚੰਗੇ।
ਏਸ ਅਖੌਤੀ ਸੱਭਿਆਚਾਰ 'ਚ
ਭਟਕੇ, ਥਿੜ੍ਹਕੇ ਚੰਗੇ ਚੰਗੇ।

# ਤਮਗੇ ਤੋਂ ਇਨਕਾਰ

**ਹਰਭਜਨ ਸਿੰਘ ਹੁੰਦਲ**

ਕੈਨੇਡਾ ਫੇਰੀ ਸਮੇਂ ਮੇਰੇ ਪਿਛਲੇ ਪਿੰਡ ਬੰਡਾਲਾ, ਚੱਕ ਨੰਬਰ 64 (ਰੱਖ-ਬਰਾਂਚ) ਤਹਿਸੀਲ ਜੜ੍ਹਾਂਵਾਲਾ ਜ਼ਿਲ੍ਹਾ ਲਾਇਲਪੁਰ ਦਾ ਵਸਨੀਕ ਸੁਲੱਖਣ ਸਿੰਘ ਹੁੰਦਲ ਮਿਲਿਆ। ਉਹ ਟੋਰਾਂਟੋ ਦਾ ਪ੍ਰਸਿੱਧ ਸਿੱਖ ਆਗੂ ਹੈ। ਮੈਨੂੰ ਉਸ ਦੀ ਦੱਸ ਮਨਮੋਹਨ ਸਿੰਘ ਅਟਵਾਲ ਨੇ ਪਾਈ। ਕਹਿਣ ਲੱਗੇ, "ਇਥੇ ਇਕ ਹੁੰਦਲ ਹੈ, ਸਾਡਾ ਵਾਕਫ਼, ਜੇ ਆਗਿਆ ਦੇਵੇਂ ਤਾਂ ਉਸ ਨੂੰ ਸੱਦੀਏ।" ਮੈਨੂੰ ਕੀ ਇਤਰਾਜ਼ ਹੋ ਸਕਦਾ ਸੀ। ਖ਼ਬਰੇ ਕੋਈ ਪੁਰਾਣਾ ਵਾਕਫ਼ ਹੀ ਟੱਕਰ ਜਾਵੇ। ਨੰਬਰ ਘੁਮਾਇਆ ਤਾਂ ਕਹਿਣ ਲੱਗਾ, "ਮੈਂ ਆਉਂਦਾ ਹਾਂ, ਅੱਧੇ ਘੰਟੇ ਤੀਕ।"

ਆਉਣ 'ਤੇ ਉਸ ਦੱਸਿਆ ਕਿ ਆਪਣਾ ਪਿੰਡ ਇਕੋ ਹੀ ਹੈ। ਮੈਂ ਤੀਸਰੀ ਜਾਂ ਚੌਥੀ ਵਿਚ ਪੜ੍ਹਦਾ ਸੀ ਵੰਡ ਵੇਲੇ ਤੇ ਤੁਸੀਂ ਸੱਤਵੀਂ ਵਿਚ ਸੀ। ਏਧਰ ਆ ਕੇ ਅਸੀਂ ਨਵਾਂ ਸ਼ਹਿਰ ਲਾਗੇ ਜਾ ਟਿਕੇ। ਹੁਣ ਸਾਰਾ ਪਰਿਵਾਰ ਏਥੇ ਹੈ, ਕੈਨੇਡਾ ਵਿਚ।

ਉਸ ਆਪਣਾ ਕਾਰਡ ਦਿੱਤਾ ਤੇ ਕਿਹਾ, ਫੇਰ ਮਿਲਾਂਗੇ। ਮੈਂ ਕਾਰਡ ਗਹੁ ਨਾਲ ਪੜ੍ਹਿਆ। ਕਾਰਡ ਦੇ ਦੋਵੇਂ ਪਾਸੇ ਜਾਣਕਾਰੀ ਨਾਲ ਭਰੇ ਹੋਏ ਸਨ। ਇਕ ਪਾਸੇ ਡਿਗਰੀਆਂ, ਦੂਜੇ ਪਾਸੇ ਹੋਰ ਸਰਗਰਮੀਆਂ। ਉਸ ਦਾ ਰੰਗ ਗੋਰਾ ਸੀ ਤੇ ਕੱਦ ਮਧਰਾ।

ਡਿਗਰੀਆਂ ਵਾਲੇ ਪਾਸੇ ਦਰਜ ਸੀ, ਐਮ.ਏ. ਪੋਲੀਟੀਕੀਲ ਸਾਇੰਸ ਵਿੰਡਸਰ ਕੈਨੇਡਾ ਤੋਂ। ਬਿਜਨੈਸ ਲਾਅ, ਇੰਪਲਾਇਮੈਂਟ ਲਾਅ, ਫੈਮਿਲੀ ਲਾਅ, ਕਮਰਸ਼ੀਅਲ ਲਾਅ, ਰੀਅਲ ਪ੍ਰਾਪਰਟੀ ਲਾਅ, ਕਰੀਮੀਨਲ ਲਾਅ, ਵਿਲਜ਼ ਅਤੇ ਐਸਟੇਟ ਲਾਅ ਤੇ ਸਿਵਲ ਲਾਅ। ਯਾਰਕ ਯੂਨੀਵਰਸਿਟੀ ਤੇ ਹੰਬਰ ਕਾਲਜ, ਟੀਚਰ ਟਰੇਨਿੰਗ ਸਰਟੀਫਿਕੇਟ ਲਿਸਟਰ ਯੂ.ਕੇ.। ਬੀ.ਟੀ. ਭਾਰਤ ਤੋਂ। ਦੂਸਰਾ ਪਾਸਾ ਉਲੱਥਿਆ। ਏਧਰ ਉਸ ਦੀਆਂ ਸਰਗਰਮੀਆਂ ਤੇ ਪ੍ਰਾਪਤੀਆਂ ਦਰਜ ਸਨ। ਹਸਪਤਾਲ ਦੇ ਬੋਰਡ ਦਾ ਗਵਰਨਰ, ਕਮਿਊਨਿਟੀ ਲੀਗਲ ਕਲੀਨਕ ਦਾ ਚੇਅਰਮੈਨ, ਰੀਅਲ ਅਸਟੇਟ ਬੋਰਡ ਦਾ ਡਾਇਰੈਕਟਰ, ਮੈਂਬਰ ਮਨਿਸਟਰੀਅਲ ਐਡਵਾਈਜ਼ਰੀ ਬੋਰਡ, ਬਿਜਨੈਸ ਅੰਬੈਸਡਰ, ਰੇਸ ਰੀਲਸਨਜ਼ ਬੋਰਡ ਚੇਅਰਮੈਨ, ਚੇਅਰਮੈਨ ਯੂਥ ਇੰਪਲਾਏ ਸੈਂਟਰ, ਲਾਇਨਜ਼ ਕਲੱਬ ਇੰਟਰਨੈਸ਼ਨਲ, ਪ੍ਰਧਾਨ ਪੀਲ ਇੰਟਰ-ਕਮਿਊਨਿਟੀ ਰੀਲੇਸ਼ਨਜ਼ ਐਸੋਸੀਏਸ਼ਨ।

ਥੱਲੇ ਕਰਕੇ ਹੋਰ ਪ੍ਰਾਪਤੀਆਂ ਦਰਜ ਸਨ। ਗਵਰਨਰ ਜਨਰਲ ਕੈਨੇਡਾ ਵਲੋਂ ਤਮਗਾ, ਐਨਟਾਰੀਓ ਦਾ 1992 ਦਾ ਵਿਸ਼ੇਸ਼ ਤਮਗਾ, ਅਕਾਲ ਤਖ਼ਤ ਅੰਮ੍ਰਿਤਸਰ ਵਲੋਂ ਤਲਵਾਰ ਭੇਟ (1982) ਅਤੇ ਹੋਰ ਕਿੰਨਾ ਕੁਝ, ਪਰ ਅਸਲ ਵਿਚ ਉਹ ਅੱਜ ਕੱਲ੍ਹ ਮਕਾਨ ਖਰੀਦਣ ਤੇ ਵੇਚਣ ਦਾ ਦਲਾਲ ਸੀ।

ਅਗਲੇ ਦਿਨ ਉਸ ਦਾ ਟੈਲੀਫੋਨ ਖੜਕਿਆ। ਕਹਿਣ ਲੱਗਾ, "ਅੱਜ ਸ਼ਾਮੀਂ ਮਾਲਟਨ ਸਪੋਰਟਸ ਕਲੱਬ ਵਲੋਂ ਸ਼ਾਮ ਨੂੰ ਇਨਾਮ-ਵੰਡ ਸਮਾਗਮ ਹੈ। ਤੁਸੀਂ ਹਰ ਹਾਲਤ ਵਿਚ ਪਹੁੰਚਣਾ ਹੈ।" ਮਾਲਟਨ ਕਲੱਬ ਪੰਜਾਬੀਆਂ ਦੀਆਂ ਖੇਡਾਂ ਕਰਾਉਣ ਵਾਲੀ ਪ੍ਰਮੁੱਖ ਸੰਸਥਾ ਹੈ। ਮੈਨੂੰ ਤੇ ਸੁਰਿੰਦਰ ਪੰਨੂ ਨੂੰ ਉਨ੍ਹਾਂ ਦਾ ਲੜਕਾ ਛੱਡ ਆਇਆ। ਚੋਣਵੇਂ ਅਮੀਰ ਪਤਵੰਤੇ ਸੱਜਣ ਸੱਦੇ ਹੋਏ ਸਨ। ਉਥੇ ਹੀ ਫਗਵਾੜੇ ਦਾ ਬਿਜਲੀ ਆਗੂ ਜੋਗਿੰਦਰ ਸਿੰਘ ਗਰੇਵਾਲ ਮਿਲਿਆ। ਪਹਿਲਾਂ ਜੂਸ, ਫਿਰ ਚਾਹ, ਫਿਰ ਬੀਅਰ ਤੇ ਵਿਸਕੀ। ਉੱਚੀ ਸੁਰ ਵਿਚ ਢੋਲ ਦੇ ਡੱਗੇ ਨਾਲ ਦੋ ਪੰਜਾਬੀ ਗੀਤ। ਕਾਵਾਂ-ਰੌਲੀ ਏਨੀ ਕਿ ਜੀ ਕਰੇ ਬਾਹਰ ਜਾ ਬੈਠਾਂ। ਤਮਗਾ ਵੰਡ ਸਮਾਗਮ ਦੇ ਨਾਲ-ਨਾਲ ਸਰਟੀਫਿਕੇਟਾਂ ਦੀ ਲੰਮੀ ਲਿਸਟ। ਮੈਂ ਤਾਂ ਅੱਕ ਗਿਆ ਤਮਾਸ਼ਾ ਵੇਖ-ਵੇਖ। ਤਮਗੇ ਤੇ ਸਰਟੀਫਿਕੇਟ ਫਿਰ ਵੀ ਬਚ ਗਏ। ਮੈਨੂੰ ਅਚਾਨਕ ਖੁੜਕੀ।

ਸੁਲੱਖਣ ਹੁੰਦਲ ਪ੍ਰਬੰਧਕਾਂ ਨੂੰ ਕਹਿ ਕੇ ਮੇਰਾ ਨਾਂਅ ਵੀ ਬੁਲਾਵੇਗਾ। ਸੋਚਿਆ, ਮੇਰਾ ਪ੍ਰਤੀਕਰਮ ਕੀ ਹੋਵੇ। ਵਾਧੂ ਪਏ ਤਮਗਿਆਂ 'ਚੋਂ ਇਕ ਮੇਰੇ ਵੰਡੇ ਵੀ ਆਉਣ ਵਾਲਾ ਹੈ, ਪਰ ਮੈਂ ਨਾਂਹ ਕਰ ਦਿਆਂਗਾ। ਕਾਹਦਾ ਤਮਗਾ ਦੇਣ ਲੱਗੇ ਹਨ ਇਹ ਮੈਨੂੰ। ਕਿਹੜੀਆਂ ਖੇਡਾਂ ਵਿਚ ਮੱਲਾਂ ਮਾਰੀਆਂ ਹਨ ਮੈਂ? ਪ੍ਰਬੰਧਕ ਤਾਂ ਮੈਨੂੰ ਜਾਣਦੇ ਤੀਕ ਨਹੀਂ, ਫਿਰ ਤਮਗਾ ਪ੍ਰਾਪਤ ਕਰਨ ਦਾ ਕੀ ਮਤਲਬ। ਠੀਕ ਹੈ? ਮੈਂ ਨਾਂਹ ਕਰ ਦਿਆਂਗਾ। ਆਖਾਂਗਾ I do not deserve it. ਮੈਂ ਇਸ ਤਮਗੇ ਦਾ ਹੱਕਦਾਰ ਨਹੀਂ ਹਾਂ। ਇਹ ਸਭ ਸੁਲੱਖਣ ਹੁੰਦਲ ਦੀ ਚਾਲ ਹੈ।

ਉਹੀ ਗੱਲ ਹੋਈ, ਪਹਿਲਾਂ ਉਨ੍ਹਾਂ ਮੇਰਾ ਨਾਂਅ ਬੋਲਿਆ ਤੇ ਕਿਹਾ, "ਹੁੰਦਲ ਹੁਰੀਂ, ਜੋਗਿੰਦਰ ਗਰੇਵਾਲ ਦਾ ਸਨਮਾਨ ਕਰਨਗੇ।" ਮੈਂ ਨਾਂਹ ਕਰ ਦਿੱਤੀ। ਇਸ ਬਹਾਨੇ ਨਾਲ ਉਹ ਮੈਨੂੰ ਸਟੇਜ 'ਤੇ ਸੱਦਣਗੇ ਤੇ ਫਿਰ ਮੇਰੇ ਗਲ ਵੀ ਫਾਹਾ ਪਾ ਦੇਣਗੇ। ਵਾਰ-ਵਾਰ ਸੱਦਾ ਆਉਣ ਲੱਗਾ। ਅਖੀਰ ਉੱਠਣਾ ਪਿਆ। ਸੋਚਿਆ ਗਰੇਵਾਲ ਦੇ ਗਲ ਤਮਗਾ ਪਾ, ਸਰਟੀਫਿਕੇਟ ਫੜਾ, ਥੱਲੇ ਉਤਰ ਆਵਾਂਗਾ। ਉਹੀ ਗੱਲ ਹੋਈ।

ਹੁਣ ਮੇਰੀ ਵਾਰੀ ਸੀ, ਮੈਂ ਆਖਿਆ, ਮੈਂ ਇਸ ਤਮਗੇ ਦਾ ਹੱਕਦਾਰ ਨਹੀਂ ਹਾਂ। I do not deserve the medal. ਏਨਾ ਆਖ ਮੈਂ ਆਪਣੀ ਕੁਰਸੀ 'ਤੇ ਆ ਬੈਠਾ। ਸੁਲੱਖਣ ਉੱਠਿਆ ਤੇ ਤਮਗਾ ਤੇ ਪ੍ਰਮਾਣ ਪੱਤਰ ਚੁੱਕ ਕੇ ਮੇਰੇ ਵਾਲੇ ਮੇਜ਼ 'ਤੇ ਆ ਰੱਖਿਆ ਪਿੱਛੋਂ, ਇਹੀ ਤਮਗਾ ਕਾਰ ਵਿਚ ਮੇਰੀ ਸੀਟ 'ਤੇ ਲਿਆ ਰੱਖਿਆ। ਮੈਂ ਆਖਿਆ, "ਸੁਲੱਖਣ ਤੂੰ ਮੇਰਾ ਗਰਾਈਂ ਏਂ। ਤੈਨੂੰ ਮੇਰੇ ਸੁਭਾਅ ਦਾ ਪਤਾ ਨਹੀਂ। ਨਾ ਤੂੰ ਮੇਰੇ ਸਾਹਿਤਕ ਕੰਮ ਨੂੰ ਜਾਣਦਾ ਹੈਂ ਤੇ ਨਾ ਹੀ ਪ੍ਰਬੰਧਕ। ਵਾਧੂ ਬਚੇ ਤਮਗਿਆਂ ਵਿਚੋਂ ਤੂੰ ਇਕ ਮੇਰੇ ਗਲ ਵੀ ਪਵਾ ਦੇਣਾ ਚਾਹੁੰਦਾ ਸੀ। ਮੈਂ ਇਹਨੂੰ ਸਨਮਾਨ ਨਹੀਂ, ਅਪਮਾਨ ਸਮਝਦਾ ਹਾਂ। ਮੈਨੂੰ ਵਾਰ-ਵਾਰ ਮੂੰਹ ਕਾਲਾ ਕਰਾਉਣ ਲਈ ਨਾ ਆਖ।"

ਤਮਗਾ ਤੇ ਸਰਟੀਫਿਕੇਟ ਉਂਝ ਹੀ ਸੀਟ 'ਤੇ ਪਏ ਰਹੇ ਤੇ ਮੈਂ ਘਰ ਨੇੜੇ ਆਉਣ 'ਤੇ ਕਾਰ 'ਚੋਂ ਨਿਕਲ ਬਾਹਰ ਆ ਗਿਆ। ਇਸ ਸਮਾਗਮ ਤੋਂ ਚਾਰ-ਪੰਜ ਦਿਨ ਬਾਅਦ ਇੰਟਰਨੈਸ਼ਨਲ ਪ੍ਰਦੇਸੀ ਪੰਜਾਬ ਸਾਹਿਤ ਸਭਾ ਮਿਸੀਸਾਗਾ ਕੈਨੇਡਾ ਦਾ ਇਕ ਸਮਾਗਮ ਗੁਰਦੀਪ ਸਿੰਘ ਚੌਹਾਨ ਦੇ ਮਾਲਟਨ ਵਾਲੇ ਘਰ ਵਿਚ ਹੋਇਆ, ਜਿਥੇ ਡਾ. ਸਤਿੰਦਰ ਸਿੰਘ ਨੂਰ, ਸ੍ਰੀ ਲੋਚਨ ਬਖਸ਼ੀ, ਸ੍ਰੀ ਹਰਭਜਨ ਸਿੰਘ ਰਤਨ ਤੇ ਮੈਂ ਹਾਜ਼ਰ ਸਾਂ। ਸਾਦੇ ਚਾਹ ਦੇ ਪਿਆਲੇ ਨਾਲ, ਬਿਨਾ ਢੋਲਾਂ ਦੀ ਕੜ-ਕੁੱਟ ਤੋਂ ਭਾਰਤ ਤੋਂ ਆਏ ਇਨ੍ਹਾਂ ਲੇਖਕਾਂ ਦਾ ਆਦਰ-ਮਾਣ ਕੀਤਾ ਗਿਆ। ਚੌਹਾਂ ਲੇਖਕਾਂ ਦੀ ਸਾਹਿਤਕ ਪ੍ਰਾਪਤੀ ਬਾਰੇ ਵੇਰਵਾ ਦਿੰਦੇ ਹੋਏ, ਚੌਹਾਂ ਨੂੰ ਆਪਣੀ ਰਚਨਾ ਸੁਣਾਉਣ ਤੇ ਵਿਚਾਰ ਪ੍ਰਗਟ ਕਰਨ ਲਈ ਬੁਲਾਵਾ ਦਿੱਤਾ ਗਿਆ। ਅਖੀਰ 'ਤੇ ਇਨ੍ਹਾਂ ਲੇਖਕਾਂ ਨੂੰ ਪ੍ਰਵਾਨ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ। ਤਮਗੇ ਤੋਂ ਇਨਕਾਰ ਕਰ ਦੇਣਾ ਤੇ ਸਾਦੇ ਮਾਣ-ਪੱਤਰ ਨੂੰ ਪ੍ਰਵਾਨ ਕਰ ਲੈਣਾ! ਸਿਰਫ ਦੋਹਾਂ ਸਥਿਤੀਆਂ ਵਿਚ ਹੀ ਅੰਤਰ ਨਹੀਂ ਸੀ, ਅੰਤਰ ਸਾਹਿਤ ਦੀ ਪਛਾਣ ਕਰਨ ਤੇ ਨਾ ਕਰਨ ਵਿਚ ਸੀ ਤੇ ਇਹ ਅੰਤਰ ਬਹੁਤ ਵੱਡਾ ਸੀ।

# ਫਿਰ ਮੁੜ ਆ ਸਰਵਣਾ ਵੇ ਤੈਨੂੰ ਕੌਡੀ ਖੜ੍ਹੀ ਉਡੀਕੇ...

## ਜਾਣ-ਪਛਾਣ

ਪ੍ਰਿੰਸੀਪਲ ਸਰਵਣ ਸਿੰਘ ਦੇ ਸ਼ਬਦਾਂ ਵਿਚ ਕਬੱਡੀ ਪੰਜਾਬ ਦੀ ਮਾਂ ਖੇਡ ਹੈ ਅਤੇ ਜਿੰਨੀ ਦਿਲਚਸਪੀ ਖਾਸ ਕਰਕੇ ਪੇਂਡੂ ਪੰਜਾਬੀਆਂ ਨੂੰ ਕਬੱਡੀ ਵਿਚ ਹੁੰਦੀ ਹੈ ਓਨੀ ਕਿਸੇ ਵੀ ਹੋਰ ਖੇਡ ਵਿਚ ਨਹੀਂ। ਅਮਰੀਕਾ ਵਿਚ ਵੀ ਜਦੋਂ ਕਿਤੇ ਕੋਈ ਪੰਜਾਬੀ ਖੇਡ ਮੇਲਾ ਹੁੰਦਾ ਹੈ ਤਾਂ ਸਭ ਤੋਂ ਵੱਧ ਝੁਰਮਟ ਕਬੱਡੀ ਦੁਆਲੇ ਹੀ ਪੈਂਦਾ ਹੈ। ਆਪਣੇ ਜ਼ਮਾਨੇ ਦੇ ਮਹਾਨ ਕਬੱਡੀ ਖਿਡਾਰੀ ਸਰਵਣ

**ਗੁਰਦਾਵਰ ਸਿੰਘ ਮਹੇੜੂ**

ਸਿੰਘ ਬੱਲ ਕੈਲੇਫੋਰਨੀਆ ਦੌਰੇ 'ਤੇ ਪਹੁੰਚੇ ਤਾਂ ਜਿਥੇ ਕਿਤੇ ਵੀ ਗਏ ਹਰ ਕਿਸੇ ਦੀਆਂ ਨਿਗਾਹਾਂ ਆਪਣੇ ਸਮੇਂ ਦੇ ਲੰਮੇ ਝੰਮੇ ਇਸ ਕਾਮਯਾਬ ਰੇਡਰ ਉਪਰ ਅਟਕ ਜਾਂਦੀਆਂ। ਆਪਣੇ ਗਿਆਰਾਂ ਸਾਲ ਦੇ ਸ਼ਾਨਦਾਰ ਖੇਡ ਸੀਜ਼ਨ ਦੌਰਾਨ ਸਰਵਣ ਸਿੰਘ ਬੱਲ ਨੂੰ ਸਿਰਫ ਤਿੰਨ ਜੱਫੇ ਲੱਗੇ ਜਿਹੜੇ ਮਹਿੰਦਰ ਬੋਲੇ ਹੁਸ਼ਿਆਰਪੁਰੀਏ ਨੇ ਲਾਏ। ਉਨ੍ਹਾਂ ਦੀ ਖੇਡ ਦੇ ਪ੍ਰਸ਼ੰਸਕਾਂ ਵਿਚ ਉਸ ਵੇਲੇ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਮੋਹਰੀ ਸਨ। ਉਨ੍ਹਾਂ ਵੇਲਿਆਂ 'ਚ ਅੱਜ ਵਾਂਗ ਕਬੱਡੀ ਮੋਟੇ ਪੈਸੇ ਕਮਾਉਣ ਦਾ ਸਾਧਨ ਨਹੀਂ ਸੀ ਬਣੀ ਅਤੇ ਹਾਲੇ ਕੱਛੇ ਬੁਨੈਨਾਂ ਦੇਣ ਦਾ ਯੁਗ ਸ਼ੁਰੂ ਹੀ ਹੋਇਆ ਸੀ, ਉਨ੍ਹਾਂ ਵੇਲਿਆਂ 'ਚ ਸ. ਕੈਰੋਂ ਨੇ ਸਰਵਣ ਸਿੰਘ ਬੱਲ ਦੀ ਖੇਡ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਦੁੱਧ ਪੀਣ ਨੂੰ ਮੱਝ ਇਨਾਮ ਵਿਚ ਦਿੱਤੀ ਸੀ। ਇਸ ਦੇ ਨਾਲ ਹੀ ਜ਼ਿਲਾ ਸਪੋਰਟਸ ਅਫਸਰ ਲਾ ਕੇ ਇਸ ਕਬੱਡੀ ਖਿਡਾਰੀ ਦਾ ਮਾਣ ਵਧਾਇਆ।

ਹਾਲ ਹੀ ਵਿਚ ਹੋਏ ਸੈਨ ਹੋਜ਼ੇ ਖੇਡ ਮੇਲੇ ਦੌਰਾਨ ਯੂਨਾਈਟਿਡ ਸਪੋਰਟਸ ਕਲੱਬ ਫਰੀਮਾਂਟ ਦੀ ਤਰਫੋਂ ਇਸ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਸਰਵਣ ਸਿੰਘ ਬੱਲ ਨੂੰ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਬਦਲੇ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ। ਸਾਡੇ ਪ੍ਰਤੀਨਿਧ ਗੁਰਦਾਵਰ ਸਿੰਘ ਮਹੇੜੂ ਨੇ ਉਨ੍ਹਾਂ ਨਾਲ ਇਕ ਮੁਲਾਕਾਤ ਦਾ ਸਬੱਬ ਬਣਾ ਲਿਆ। ਇਥੇ ਪੇਸ਼ ਹਨ ਇਸ ਮੁਲਾਕਾਤ ਦੇ ਕੁਝ ਅੰਸ਼:

**ਸਵਾਲ:ਬਲ ਸਾਹਿਬ ਤੁਹਾਡਾ ਜਨਮ ਕਦੋਂ ਤੇ ਕਿਥੇ ਹੋਇਆ?**

-ਮੇਰਾ ਜਨਮ 1940 ਵਿਚ ਜ਼ਿਲਾ ਕਪੂਰਥਲਾ ਦੇ ਪਿੰਡ ਰਮੀਦੀ ਵਿਚ ਇਕ ਸਧਾਰਨ ਪਰਿਵਾਰ ਵਿਚ ਹੋਇਆ।

**ਸਵਾਲ:ਆਪਣੀ ਮੁਢਲੀ ਸਿੱਖਿਆ ਬਾਰੇ ਕੁਝ ਦੱਸੋ?**

-ਮੈਂ 1957 ਵਿਚ ਹਾਈ ਸਕੂਲ ਆਪਣੇ ਪਿੰਡ ਰਮੀਦੀ ਦੇ ਸਰਕਾਰੀ ਹਾਈ ਸਕੂਲ ਵਿਚੋਂ ਕੀਤੀ। ਇਕ ਸਾਲ ਵਿਹਲਾ ਰਹਿਣ ਤੋਂ ਬਾਅਦ 1958 ਵਿਚ ਸਰਕਾਰੀ ਰਣਧੀਰ ਕਾਲਜ ਕਪੂਰਥਲਾ ਵਿਚ ਦਾਖਲ ਹੋਇਆ ਜਿਥੇ ਪੜ੍ਹਾਈ ਦੇ ਨਾਲ ਨਾਲ ਤਿੰਨ ਸਾਲ ਤੱਕ ਕਾਲਜ ਦੀ ਕਬੱਡੀ ਟੀਮ ਵਿਚ ਖੇਡਿਆ ਅਤੇ ਕਈ ਜਿੱਤਾਂ ਹਾਸਲ ਕੀਤੀਆਂ।

**ਸਵਾਲ:ਕਾਲਜ ਤੋਂ ਬਾਹਰ ਤੁਸੀਂ ਕਿਸੇ ਕਲੱਬ ਜਾਂ ਅਕੈਡਮੀ ਲਈ ਖੇਡੇ?**


-ਮਹੇੜੂ ਸਾਹਿਬ, ਉਨ੍ਹਾਂ ਵੇਲਿਆਂ ਵਿਚ ਅਜੇ ਕੋਈ ਕਲੱਬ ਜਾਂ ਅਕੈਡਮੀ ਹੋਂਦ ਵਿਚ ਨਹੀਂ ਸੀ ਆਈ, ਬਲਕਿ ਪਿੰਡਾਂ ਜਾਂ ਜ਼ਿਲਿਆਂ ਦੀਆਂ ਟੀਮਾਂ ਹੋਇਆ ਕਰਦੀਆਂ ਸਨ ਅਤੇ ਮੈਂ ਕਪੂਰਥਲਾ ਜ਼ਿਲੇ ਲਈ ਅਨੇਕਾਂ ਕਬੱਡੀ ਮੈਚ ਖੇਡੇ।

**ਸਵਾਲ:ਤੁਹਾਡੀ ਜਵਾਨੀ ਦੇ ਇਨ੍ਹਾਂ ਸਮਿਆਂ ਵਿਚ ਅਜੇ ਪੰਜਾਬੀ ਸੂਬਾ ਨਹੀਂ ਸੀ ਬਣਿਆ ਪਰ ਪੰਜਾਬੀ ਸੂਬੇ ਲਈ ਬੁਖਾਰ ਪੂਰੇ ਜ਼ੋਰਾਂ 'ਤੇ ਸੀ। ਉਨ੍ਹਾਂ ਵੇਲਿਆਂ ਵਿਚ ਪੰਜਾਬ ਕਬੱਡੀ ਦੇ ਕਿਹੜੇ ਵੱਡੇ ਖਿਡਾਰੀ ਸਨ ਜਿਨ੍ਹਾਂ ਨਾਲ ਅਕਸਰ ਤੁਹਾਡਾ ਦਸਤਪੰਜਾ ਪੈਂਦਾ ਸੀ?**

-ਸਾਡੇ ਉਨ੍ਹਾਂ ਸਮਿਆਂ ਵਿਚ ਕਈ ਵਧੀਆ ਖਿਡਾਰੀ ਸਨ ਜਿਨ੍ਹਾਂ ਵਿਚ ਤੋਖੀ ਮਾਨਗੜ੍ਹੀਆ, ਤੋਖੀ ਅੰਬਾਲੀਆ, ਕਿਰਪਾਲ ਸਾਧ ਅੰਬਰਸਰੀਆ, ਮਹਿੰਦਰ ਬੋਲਾ ਹੁਸ਼ਿਆਰਪੁਰੀਆ, ਬੰਸਾ ਦੁਸਾਂਝਗੜ੍ਹੀਆ, ਗੁਰਦੇਵ ਅੱਟਾਂ, ਜੋਗਾ ਸਿੰਘ, ਚੌਧਰੀ ਸ਼ਮਸ਼ੇਰ ਸਿੰਘ ਅਤੇ ਬਹਾਦਰ ਸਿੰਘ ਰੋਹਤਕ ਵਾਲੇ, ਕਰਨੈਲ ਸਿੰਘ-ਰਣਜੀਤ ਸਿੰਘ ਬਠਿੰਡੇ ਵਾਲੇ ਅਤੇ ਅਜੀਤ ਸਿੰਘ ਬੱਲ ਵੱਡੇ ਤਾਕਤਵਰ ਖਿਡਾਰੀ ਸਨ।

**ਸਵਾਲ:ਬੱਲ ਸਾਹਿਬ ਤੁਹਾਡੇ ਵੇਲਿਆਂ 'ਚ ਕਬੱਡੀ ਅਜੇ ਕੱਖਾਂ ਵਿਚੋਂ ਨਿਕਲ ਕੇ ਲੱਖਾਂ ਦੀ ਨਹੀਂ ਸੀ ਹੋਈ, ਫਿਰ ਕੀ ਸਬੱਬ ਬਣਿਆ ਕਿ ਕੈਰੋਂ ਸਾਹਿਬ ਨੇ ਤੁਹਾਨੂੰ ਮੱਝ ਦੇ ਕੇ ਤੁਹਾਡਾ ਮਾਣ ਕੀਤਾ?**

-ਕੈਰੋਂ ਸਾਹਿਬ ਮੇਰੀ ਖੇਡ ਦੇ ਦੀਵਾਨੇ ਸਨ। ਉਦੋਂ ਪੰਜਾਬੀ ਸੂਬੇ ਦਾ ਬੁਖਾਰ ਸਿਖਰਾਂ 'ਤੇ ਸੀ। ਇਸੇ ਬੁਖਾਰ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਆਪਣੇ



ਜੱਦੀ ਪਿੰਡ ਕੈਰੋਂ ਵਿਚ ਕਬੱਡੀ ਚੈਂਪੀਅਨਸ਼ਿਪ ਰੱਖ ਕੇ ਸਾਰੇ ਪੰਜਾਬ ਦੇ ਜ਼ਿਲਿਆਂ ਦੀਆਂ ਟੀਮਾਂ ਨੂੰ ਸੱਦਿਆ। ਜਿਨ੍ਹਾਂ ਵਿਚ ਸਾਡੀ ਟੀਮ ਨੇ ਫਾਈਨਲ ਵਿਚ ਰੋਹਤਕ ਦੀ ਟੀਮ ਨੂੰ ਹਰਾ ਕੇ ਟਰਾਫੀ ਸ. ਕੈਰੋਂ ਦੀ ਝੋਲੀ ਵਿਚ ਪਾਈ। ਇਸੇ ਕਬੱਡੀ ਮੇਲੇ ਵਿਚ ਮੇਰੀ ਖੇਡ ਤੋਂ ਖੁਸ਼ ਹੋ ਕੇ ਉਨ੍ਹਾਂ ਮੇਰਾ ਮਾਣ ਸਨਮਾਨ ਕੀਤਾ। ਇਥੇ ਇਹ ਵੀ ਦੱਸ ਦਿਆਂ ਕਿ 11 ਸਾਲ ਦੇ ਖੇਡ ਸਫਰ ਦੌਰਾਨ ਮੈਨੂੰ ਸਿਰਫ ਤਿੰਨ ਜੱਫੇ ਲੱਗੇ। ਉਨ੍ਹਾਂ ਵੇਲਿਆਂ 'ਚ ਕਿਸੇ ਵੱਡੇ ਮੱਲ ਜਾਂ ਕਬੱਡੀ ਖਿਡਾਰੀ ਦਾ ਮੱਝ ਜਾਂ ਗਾਂ ਦੇ ਕੇ ਮਾਣ ਸਤਕਾਰ ਕੀਤਾ ਜਾਂਦਾ ਸੀ। ਸੋ, ਕੈਰੋਂ ਸਾਹਿਬ ਨੇ ਮੈਨੂੰ ਮੱਝ ਦੇ ਦਿੱਤੀ।

**ਸਵਾਲ:ਤੁਸੀਂ ਸਰਕਾਰੀ ਨੌਕਰੀ ਕਦੋਂ ਤੇ ਕਿਵੇਂ ਸ਼ੁਰੂ ਕੀਤੀ?**

-ਮੇਰੀਆਂ ਖੇਡ ਪ੍ਰਾਪਤੀਆਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ 1968 ਵਿਚ ਮੈਨੂੰ ਬਤੌਰ ਜ਼ਿਲਾ ਕਬੱਡੀ ਕੋਚ ਦੀ ਨੌਕਰੀ ਦੇ ਕੇ ਨਿਵਾਜਿਆ। ਮੈਂ ਪਹਿਲਾ ਕਬੱਡੀ ਖਿਡਾਰੀ ਸੀ ਜਿਸ ਨੂੰ ਕਬੱਡੀ ਬਦਲੇ ਵਜ਼ੀਫਾ ਲਾਇਆ ਗਿਆ। 1979 ਵਿਚ ਮੈਨੂੰ ਪੂਰੇ ਇੰਡੀਆ ਦਾ ਕਬੱਡੀ ਕੋਚ ਬਣਨ ਦਾ ਮਾਣ ਹਾਸਲ ਹੋਇਆ। ਅਤੇ 1996 ਵਿਚ ਮੈਂ ਬਤੌਰ ਜ਼ਿਲਾ ਖੇਡ ਅਫਸਰ ਰਿਟਾਇਰਮੈਂਟ ਲੈ ਲਈ।

**ਸਵਾਲ:ਬੱਲ ਸਾਹਿਬ ਅੱਜ ਕਬੱਡੀ ਦੇਸ਼ ਦੇ ਅੰਦਰ ਹੀ ਨਹੀਂ ਬਾਹਰ ਵੀ ਕਾਫੀ ਮਕਬੂਲ ਹੋਈ ਹੈ ਅਤੇ ਖਿਡਾਰੀਆਂ ਨੂੰ ਪੈਸੇ ਵੀ ਚੰਗੇ ਬਣਨ ਲੱਗੇ ਹਨ, ਤੁਹਾਡਾ ਇਸ ਵਿਚ ਕੀ ਰੋਲ ਹੈ?**

-1972 ਵਿਚ ਮੈਂ ਪਹਿਲੀ ਵਾਰ ਇੰਗਲੈਂਡ ਆ ਕੇ ਕਬੱਡੀ ਲਈ ਪਲੈਟਫਾਰਮ ਬੰਨ੍ਹਣਾ ਸ਼ੁਰੂ ਕੀਤਾ। ਵੱਖ ਵੱਖ ਲੋਕਾਂ ਨਾਲ ਗੱਲਬਾਤ ਤੋਂ ਬਾਅਦ ਮੇਰੀ ਬਰਤਾਨਵੀ ਅੰਬੈਸੀ ਨਾਲ ਤਿੰਨ ਵਾਰ ਇੰਟਰਵਿਊ ਹੋਈ ਕਿ ਕਬੱਡੀ ਬਲਾ ਹੈ ਕੀ। ਪਹਿਲੀ ਵਾਰ 1974 ਵਿਚ ਮੈਂ ਕਬੱਡੀ ਟੀਮ ਇੰਗਲੈਂਡ ਵਿਚ ਲਿਆਉਣ ਵਿਚ ਕਮਯਾਬ ਰਿਹਾ। ਫਿਰ ਪਾਕਿਸਤਾਨ, ਬੰਗਲਾਦੇਸ਼, ਸਿੰਗਾਪੁਰ ਦਾ ਕਬੱਡੀ ਟੂਰ ਲਾਇਆ। 1989 ਵਿਚ ਪਹਿਲੀ ਵਾਰ ਕੈਨੇਡਾ ਟੀਮ ਲੈ ਕੇ ਆਏ ਅਤੇ 1992-93 ਵਿਚ ਸ. ਦੀਦਾਰ ਸਿੰਘ ਬੈਂਸ ਦੇ ਸੱਦੇ ਉਤੇ ਅਮਰੀਕਾ ਵਿਚ ਯੂਬਾ ਸਿਟੀ ਟੀਮ ਲੈ ਕੇ ਆਏ। ਇਨ੍ਹਾਂ ਗੱਲਾਂ ਕਰਕੇ ਇਕ ਰਸਾਲੇ ਨੇ ਮੈਨੂੰ ਕਬੱਡੀ ਦਾ ਕੋਲੰਬਸ ਵੀ ਆਖਿਆ।

**ਸਵਾਲ:ਬੱਲ ਸਾਹਿਬ, ਜਿਵੇਂ ਟੋਰਾਂਟੋ ਦੀ ਪੀਲ ਪੁਲਿਸ ਜਾਂ ਕੁਝ ਹੋਰ ਗੈਰ ਪੰਜਾਬੀ ਲੋਕਾਂ ਨੇ ਕਬੱਡੀ ਨੂੰ ਅਪਨਾਉਣਾ ਸ਼ੁਰੂ ਕੀਤਾ ਹੈ, ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?**

-ਜਦੋਂ ਮੈਂ ਕਬੱਡੀ ਖੇਡਣੀ ਸ਼ੁਰੂ ਕੀਤੀ ਸੀ ਤਾਂ ਉਨ੍ਹਾਂ ਦਿਨਾਂ ਵਿਚ ਮਨ ਵਿਚ ਇਕ ਵਿਚਾਰ ਜਾਂ ਸੁਪਨਾ ਜਿਹਾ ਉਠਦਾ ਸੀ ਕਿ ਇਸ ਖੇਡ ਨੂੰ ਉਲੰਪਿਕਸ ਵਿਚ ਲੈ ਕੇ ਜਾਵਾਂਗੇ, ਭਾਵੇਂ ਪਿਛਲੇ ਸਮਿਆਂ ਵਿਚ ਇਸ ਖੇਡ ਵਿਚ ਅਸੀਂ ਕਾਫੀ ਤਰੱਕੀ ਕੀਤੀ ਹੈ, ਪਰ ਉਲੰਪਿਕ ਵਿਚ ਜਾਣ ਵਾਲੀ ਮੰਜ਼ਿਲ ਅਜੇ ਬਹੁਤ ਦੂਰ ਹੈ। ਮੈਂ ਸੋਚਦਾਂ ਕਿ ਜੇ ਦੂਜੀਆਂ ਕੌਮਾਂ ਵੀ ਕਬੱਡੀ ਨੂੰ ਅਪਨਾਉਂਦੀਆਂ ਹਨ ਤਾਂ ਉਲੰਪਿਕ ਵਾਲੀ ਮੰਜ਼ਿਲ ਉਤੇ ਪਹੁੰਚਣਾ ਹੋਰ ਆਸਾਨ ਹੋ ਜਾਵੇਗਾ।

**ਸਵਾਲ:1950ਵਿਆਂ ਤੋਂ ਲੈ ਕੇ ਹੁਣ ਤੱਕ ਕਬੱਡੀ ਨੇ ਬਹੁਤ ਤਰੱਕੀ ਕੀਤੀ ਹੈ। ਕੀ ਤੁਸੀਂ ਇਸ ਤੋਂ ਸੰਤੁਸ਼ਟ ਹੋ?**

-ਮੈਂ ਇਸ ਤਰੱਕੀ ਤੋਂ ਬਹੁਤ ਖੁਸ਼ ਹਾਂ ਪਰ ਸੰਤੁਸ਼ਟ ਨਹੀਂ। ਜਿਸ ਤਰ੍ਹਾਂ ਦੂਜੀਆਂ ਖੇਡਾਂ ਵਿਚ ਖਿਡਾਰੀ ਦਾ ਭਵਿੱਖ ਸੁਰੱਖਿਅਤ ਹੋ ਜਾਂਦਾ ਸੀ ਉਸੇ ਤਰ੍ਹਾਂ ਕਬੱਡੀ ਖਿਡਾਰੀ ਵੀ ਆਰਥਿਕ ਪੱਖੋਂ ਕਾਫੀ ਸੌਖੇ ਹੋ ਗਏ ਹਨ। ਪਰ ਕਬੱਡੀ ਦਾ ਵਿਧੀਵਿਧਾਨ ਵਿਕਸਿਤ ਹੋਣਾ ਅਜੇ ਬਾਕੀ ਹੈ। ਕਬੱਡੀ ਦੇ ਨਾਂ ਉਤੇ ਆਪੋਧਾਪ ਵੱਧ ਹੈ। ਇਕੋ ਸ਼ਹਿਰ ਵਿਚ ਦੋ ਦੋ ਵਰਲਡ ਕਬੱਡੀ ਕੱਪ ਹੋਈ ਜਾਂਦੇ ਹਨ। ਸਿਰਫ ਜਰਸੀਆਂ ਦਾ ਰੰਗ ਬਦਲ ਕੇ ਕਬੱਡੀ ਖਿਡਾਰੀਆਂ ਨੂੰ ਦੂਜੇ ਮੁਲਕਾਂ ਦੇ ਖਿਡਾਰੀ ਦੱਸਿਆ ਜਾ ਰਿਹਾ ਹੈ, ਜੋ ਕਿਵੇਂ ਵੀ ਚੰਗਾ ਰੁਝਾਨ ਨਹੀਂ ਹੈ। ਇਹ ਵਰਲਡ ਕੱਪ ਦੀ ਹੇਠੀ ਹੈ।

**ਸਵਾਲ:ਬੱਲ ਸਾਹਿਬ ਕਬੱਡੀ ਖਿਡਾਰੀਆਂ ਲਈ ਕੋਈ ਸੁਨੇਹਾ?**

-ਸਾਰੇ ਖਿਡਾਰੀਆਂ ਨੂੰ ਖੇਡ ਖੇਡ ਦੀ ਭਾਵਨਾ ਨਾਲ ਖੇਡਣੀ ਚਾਹੀਦੀ ਹੈ, ਸਿਰਫ ਜਿੱਤਣ ਲਈ ਨਸ਼ਿਆਂ ਦੀ ਵਰਤੋਂ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਚੰਗੀ ਖੁਰਾਕ ਖਾ ਕੇ, ਚੰਗੇ ਜੁੱਸੇ ਬਣਾ ਕੇ ਹੀ ਚੰਗੀ ਖੇਡ ਖੇਡੀ ਜਾ ਸਕਦੀ ਹੈ। ਖਿਡਾਰੀਆਂ ਦੀ ਨਿੱਤ ਨਿੱਤ ਦੀ ਖਰੀਦੋ-ਫਰੋਖਤ ਬੰਦ ਹੋਣੀ ਚਾਹੀਦੀ ਹੈ ਤਾਂ ਕਿ ਖਿਡਾਰੀ ਤਣਾਓ-ਰਹਿਤ ਹੋ ਕੇ ਖੇਡ ਸਕਣ। ਇਸ ਖੇਡ ਦਾ ਦੂਜੀਆਂ ਕੌਮਾਂ ਵਿਚ ਜਾਣਾ ਸ਼ੁਭ ਸ਼ਗਨ ਹੈ। ਇਕ ਸੁਨੇਹਾ ਕਬੱਡੀ ਮੇਲਿਆਂ ਦੇ ਪ੍ਰਬੰਧਕਾਂ ਲਈ ਕਿ ਉਹ ਕਬੱਡੀ ਖਿਡਾਰੀਆਂ ਲਈ ਮੈਡੀਕਲ ਇੰਸ਼ੋਰੈਂਸ ਜ਼ਰੂਰ ਲੈਣ ਤਾਂ ਕਿ ਕਿਸੇ ਖਿਡਾਰੀ ਦੇ ਸੱਟ-ਫੇਟ ਲੱਗਣ ਦੀ ਸੂਰਤ ਵਿਚ ਉਸ ਦੀ ਸੁਰਤ ਲਈ ਜਾ ਸਕੇ। ਧੰਨਵਾਦ।

# ਨਵਾਂ ਸ਼ਹਿਰ ਦੀ ਢਾਹਾਂ-ਕਲੇਰਾਂ ਸੰਸਥਾ ਮੁੜ ਲੀਹੇ ਪਈ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਦੋਆਬੇ ਦੀ ਪ੍ਰਸਿੱਧ ਸਮਾਜ-ਸੇਵੀ ਸੰਸਥਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਸੰਸਥਾ ਢਾਹਾਂ-ਕਲੇਰਾਂ (ਜ਼ਿਲਾ ਨਵਾਂ ਸ਼ਹਿਰ) ਦਾ ਸਮੁੱਚਾ ਪ੍ਰਬੰਧ ਬਹੁਤ ਹੀ ਸੁਚਾਰੂ ਹੱਥਾਂ ਵਿਚ ਆ ਜਾਣ ਕਾਰਨ ਇਹ ਲੋਕ-ਹਿਤੂ ਸੰਸਥਾ, ਮੁੜ ਸੇਵਾ ਦੇ ਖੇਤਰ ਵਿਚ ਮਿੱਥੇ ਟੀਚਿਆਂ ਵਲ ਵਧਦੀ ਜਾ ਰਹੀ ਹੈ। ਟਰਸਟ ਦੇ ਲੈਟਰ ਪੈਡ ਉੱਤੇ ਸ. ਅਮਰਜੀਤ ਸਿੰਘ ਕਲੇਰ ਦੇ ਦਸਤਖਤਾਂ ਹੇਠ ਜਾਰੀ ਕੀਤੇ ਗਏ ਪ੍ਰੈਸ ਨੋਟ ਅਨੁਸਾਰ ਸੰਸਥਾ ਦੇ ਵਿਧਾਨ ਮੁਤਾਬਕ ਇਸ ਵਰ੍ਹੇ 14 ਫਰਵਰੀ 2009 ਨੂੰ ਟਰਸਟੀਆਂ ਦੀ ਮੀਟਿੰਗ ਹੋਈ ਜਿਸ



ਵਿਚ 15 ਟਰਸਟੀ ਬਹੁਸੰਮਤੀ ਨਾਲ ਆਉਂਦੇ ਤਿੰਨ ਸਾਲਾਂ ਲਈ ਚੁਣੇ ਗਏ। ਲੰਬੀ ਸੋਚ ਵਿਚਾਰ ਮਗਰੋਂ ਸ. ਸੁਰਿੰਦਰਪਾਲ ਸਿੰਘ ਥੰਮ੍ਹਣਵਾਲ ਨੂੰ ਸਰਪ੍ਰਸਤ, ਸ. ਅਮਰਜੀਤ ਸਿੰਘ ਕਲੇਰ (ਗੁਰਾਇਆਂ) ਨੂੰ ਪ੍ਰਧਾਨ, ਸ. ਮਲਕੀਤ ਸਿੰਘ ਬਾਹੜੋਵਾਲ ਸੀਨੀਅਰ ਮੀਤ ਪ੍ਰਧਾਨ, ਸ. ਹਰਦੇਵ ਸਿੰਘ ਕਾਹਮਾ ਅਤੇ ਜੋਗਿੰਦਰ ਸਿੰਘ ਸਾਧੜਾ (ਯੂ.ਕੇ.) ਮੀਤ ਪ੍ਰਧਾਨ, ਸ. ਨਰਿੰਦਰ ਸਿੰਘ ਫਿਰੋਜ਼ਪੁਰ ਖਜ਼ਾਨਚੀ, ਸ. ਕੁਲਵਿੰਦਰ ਸਿੰਘ ਢਾਹਾਂ ਸਕੱਤਰ, ਭਗਵੰਤ ਸਿੰਘ ਢਾਹਾਂ (ਕੈਨੇਡਾ) ਤੇ ਡਾ. ਤੇਜਪਾਲ ਸਿੰਘ ਢਿਲੋਂ (ਯੂ.ਐਸ.ਏ.) ਨੂੰ ਮੈਂਬਰ ਕਾਰਜਕਾਰਨੀ ਥਾਪਿਆ ਗਿਆ। ਉੱਚ ਅਦਾਲਤ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਹੋਈ ਇਸ ਚੋਣ ਨੂੰ ਰੋਕਣ ਲਈ ਪਹਿਲੇ ਪ੍ਰਧਾਨ ਸ. ਬੁੱਧ ਸਿੰਘ ਢਾਹਾਂ ਨੇ ਕਈ ਹਥਕੰਡੇ ਅਪਨਾਏ, ਪਰ ਉਹ ਕਾਮਯਾਬ ਨਾ ਹੋ ਸਕੇ ਕਿਉਂਕਿ ਉਨ੍ਹਾਂ ਨਾਲ ਸਿਰਫ ਚਾਰ ਟਰਸਟੀ ਹੀ ਰਹਿ ਗਏ ਸਨ।

ਪ੍ਰੈੱਸ-ਨੋਟ ਅਨੁਸਾਰ ਕੁਮਾਰੀ ਸੁਸ਼ੀਲ ਸ਼ਰਮਾ ਅਤੇ ਉਸਦੇ ਇਕ ਸਾਥੀ ਮੁਲਾਜ਼ਮ ਨੂੰ ਚਲਦਾ ਕਰ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਅਦਾਰੇ 'ਚ ਰੱਖਣ ਲਈ ਸਾਬਕਾ ਪ੍ਰਧਾਨ ਬਜ਼ਿੱਦ ਸਨ। ਹਾਲਾਂਕਿ ਤਿੰਨ ਸਾਲ ਪਹਿਲਾਂ ਹੋਈ ਚੋਣ ਵਿਚ ਉਨ੍ਹਾਂ ਨੂੰ ਸਾਰੇ ਟਰਸਟੀਆਂ ਨੇ ਇਥੇ ਇਕੋ ਇਕ ਸ਼ਰਤ 'ਤੇ ਪ੍ਰਧਾਨਗੀ ਅਹੁਦਾ ਸੌਂਪਿਆ ਸੀ ਕਿ ਉਹ ਸੰਸਥਾ 'ਤੇ ਆਰਥਿਕ ਬੋਝ ਬਣੇ ਹੋਏ ਉਕਤ ਮੁਲਾਜ਼ਮਾਂ ਦੀ ਛਾਂਟੀ ਕਰ ਦੇਣ। ਪ੍ਰੰਤੂ ਕੀਤੇ ਹੋਏ ਵਾਅਦੇ ਦੀ ਪੂਰਤੀ ਕਰਨ ਦੀ ਬਜਾਏ, ਸ੍ਰੀ ਬੁੱਧ ਸਿੰਘ ਢਾਹਾਂ ਨੇ ਸੰਸਥਾ ਦੇ ਹਿੱਤਾਂ ਦੀ ਪ੍ਰਵਾਹ ਨਾ ਕਰਦਿਆਂ ਕੁਮਾਰੀ ਸੁਸ਼ੀਲ ਨੂੰ ਟਰਸਟ ਵਿਰੁਧ ਅਦਾਲਤੀ ਕੇਸ ਕਰਨ ਲਈ ਭਰਵਾਂ ਸਹਿਯੋਗ ਦਿੱਤਾ।

ਪੇਂਡੂ ਇਲਾਕੇ ਵਿਚ ਸ਼ਹਿਰੀ ਸਹੂਲਤਾਂ ਵਾਲਾ ਇਕ ਵਿਸ਼ਾਲ ਹਸਪਤਾਲ, ਨਰਸਿੰਗ ਕਾਲਜ, ਸੀਨੀਅਰ ਸੈਕੰਡਰੀ ਸਕੂਲ ਅਤੇ ਨਸ਼ਾ ਛੁਡਾਊ ਕੇਂਦਰ ਚਲਾ ਰਹੇ ਉਕਤ ਅਦਾਰੇ ਲਈ, ਪ੍ਰਵਾਸੀ ਸੰਗਤਾਂ ਪਾਸੋਂ ਦਸਵੰਧ ਰੂਪੀ ਫੰਡ ਮੁਹੱਈਆ ਕਰਵਾਉਣ ਵਾਲੀਆਂ ਇੰਗਲੈਂਡ, ਕੈਨੇਡਾ ਤੇ ਅਮਰੀਕਾ ਸਥਿਤ ਸਹਿਯੋਗੀ ਸੁਸਾਇਟੀਆਂ ਨੇ ਸਾਬਕਾ ਪ੍ਰਧਾਨ ਦੇ ਅੜੀਅਲ ਰਵੱਈਏ ਕਾਰਨ ਲੰਬੇ ਅਰਸੇ ਤੋਂ ਮਾਇਕ ਸਹਾਇਤਾ ਭੇਜਣੀ ਬੰਦ ਕੀਤੀ ਹੋਈ ਸੀ। ਪਰੰਤੂ ਇਸ ਪੱਤਰਕਾਰ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਇੰਗਲੈਂਡ ਤੋਂ ਸ. ਹਰਦਿਆਲ ਸਿੰਘ ਧਮੜੈਤ ਤੇ ਸੀਤਲ ਸਿੰਘ ਸਿੱਧੂ, ਕੈਨੇਡਾ ਤੋਂ ਅਜਮੇਰ ਸਿੰਘ ਮਾਨ ਅਤੇ ਕੈਰੋਲੀਨਾ (ਯੂ.ਐਸ.ਏ.) ਤੋਂ ਡਾਕਟਰ ਤੇਜਵੰਤ ਸਿੰਘ ਢਿਲੋਂ ਹੁਰਾਂ ਦੱਸਿਆ ਕਿ ਅਸੀਂ ਨਵੇਂ ਚੁਣੇ ਗਏ ਪ੍ਰਬੰਧਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਾਂਗੇ। ਜੂਨ ਮਹੀਨੇ ਦੌਰਾਨ ਪੰਜਵੇਂ ਗੁਰੂ ਜੀ ਦਾ ਸ਼ਹੀਦੀ ਪੁਰਬ ਮਨਾਉਣ ਮੌਕੇ ਪ੍ਰਬੰਧਕਾਂ ਨੇ ਭਰਵੇਂ ਇਕੱਠ ਵਿਚ ਐਲਾਨ ਕੀਤਾ ਕਿ ਨਰਸਿੰਗ ਦੀਆਂ ਵਿਦਿਆਰਥਣਾਂ ਲਈ ਨਵੇਂ ਹੋਸਟਲ ਦੀ ਉਸਾਰੀ ਜਲਦੀ ਸ਼ੁਰੂ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਦੂਰ-ਦਰਾਜ ਦੇ ਪੇਂਡੂ ਇਲਾਕਿਆਂ ਵਿਚ ਪਹਿਲਾਂ ਦੀ ਤਰ੍ਹਾਂ ਫਰੀ-ਕੈਂਪ ਲੜੀ ਸ਼ੁਰੂ ਕੀਤੀ ਜਾਵੇਗੀ। ਇਲਾਕੇ ਦੇ ਪਤਵੰਤੇ ਸੱਜਣਾਂ ਅਤੇ ਹਾਜ਼ਰ ਇਕੱਠ ਨੇ ਇਸ ਮੌਕੇ ਇਕ ਮਤਾ ਪਾਸ ਕਰਕੇ ਸਾਬਕਾ ਪ੍ਰਧਾਨ ਸ. ਬੁੱਧ ਸਿੰਘ ਨੂੰ ਅਪੀਲ ਕੀਤੀ ਕਿ ਉਹ ਕੋਰਟ ਕਚਹਿਰੀਆਂ ਵਿਚ ਗੇੜੇ ਮਾਰਨ ਦੀ ਥਾਂ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦੇਣ ਕਿਉਂਕਿ ਇਹ ਸੇਵਾ ਦਾ ਬੂਟਾ ਉਨ੍ਹਾਂ ਦਾ ਹੀ ਲਾਇਆ ਹੋਇਆ ਹੈ।

# ਚਾਰ ਪੰਜਾਬੀ ਕੈਨੇਡਾ ਨੂੰ ਡਰੱਗ ਢੋਣ ਦੇ ਜੁਰਮ ਵਿਚ ਦੋਸ਼ੀ ਕਰਾਰ

**ਬੇਕਰਜ਼ਫੀਲਡ:** ਕੈਨੇਡੀਅਨ ਸਿਟੀਜ਼ਨ ਅਤੇ ਇਥੇ ਰਹਿੰਦੇ 50 ਸਾਲਾ ਹਰਜੀਤ ਮਾਨ, 39 ਸਾਲਾ ਸੁਖਰਾਜ ਧਾਲੀਵਾਲ ਅਤੇ ਲਿਵਿੰਗਸ਼ਟਨ ਵਾਸੀ 29 ਸਾਲਾ ਗੁਰਮੀਤ ਬੀਸਲਾ ਨੂੰ ਵੱਡੀ ਮਾਤਰਾ ਵਿਚ ਕੋਕਿਨ ਰੱਖਣ ਅਤੇ ਵੇਚਣ ਦੀ ਸ਼ਾਜ਼ਿਸ ਰਚਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਸ ਸਬੰਧੀ ਜਿਊਰੀ ਦੇ ਫੈਸਲੇ ਦਾ ਐਲਾਨ ਫੈਡਰਲ ਐਕਟਿੰਗ ਅਟਾਰਨੀ ਲਾਰੈਂਸ ਜੀ ਬਰਾਊਨ ਅਤੇ ਡਰੱਗ ਇਨਫੋਰਸਮੈਂਟ ਮਹਿਕਮੇ ਦੇ ਸਪੈਸ਼ਲ ਏਜੰਟ ਇੰਚਾਰਜ ਐਂਥਨੀ ਵਿਲੀਅਮਜ਼ ਨੇ ਬੀਤੇ ਦਿਨ ਕੀਤਾ। ਇਸ ਤੋਂ ਇਲਾਵਾ ਮਾਨ ਅਤੇ ਧਾਲੀਵਾਲ ਨੂੰ ਇਕ ਅੰਡਰ ਕਵਰ ਏਜੰਟ ਤੋਂ 8,43,000 ਡਾਲਰ ਦੀ ਨਕਦ ਅਦਾਇਗੀ ਰਾਹੀਂ 70 ਕਿਲੋ ਅਫੀਮ ਖਰੀਦਣ ਅਤੇ ਅੱਗੋਂ ਵੇਚਣ ਦਾ ਯਤਨ ਕਰਨ ਦਾ ਵੀ ਦੋਸ਼ੀ ਪਾਇਆ ਗਿਆ।

ਇਹ ਕੇਸ ਲੜ੍ਹ ਰਹੇ ਫੈਡਰਲ ਅਟਾਰਨੀ ਕੈਰਨ ਏ ਐਸਕੋਬਾਰ ਅਤੇ ਡੀਆਨਾ ਮਾਰਟੀਨੇਜ਼ ਅਨੁਸਾਰ ਹਰਜੀਤ ਮਾਨ 1994 ਤੋਂ 2008 ਤੱਕ ਇਕ ਅਜਿਹੇ ਡਰੱਗ ਮਾਫੀਏ ਦਾ ਮੁਖੀ ਰਿਹਾ ਹੈ ਜੋ ਕਿ ਵੱਡੀ ਮਾਤਰਾ ਵਿਚ ਕੋਕਿਨ ਸੈਮੀ ਟਰੈਕਟਰ ਟਰੇਲਰਾਂ ਵਿਚ ਕੈਨੇਡਾ ਨੂੰ ਢੋਂਦਾ ਸੀ ਜੋ ਕਿ ਅੱਗੋਂ ਟੋਰਾਂਟੋ ਏਰੀਏ ਦੇ ਗੈਂਗ ਮੈਂਬਰਾਂ ਵਿਚ ਤਕਸੀਮ ਕੀਤੀ ਜਾਂਦੀ ਸੀ। ਗੁਰਮੀਤ ਬੀਸਲਾ ਜੋ ਕਿ ਹਰਜੀਤ ਮਾਨ ਲਈ ਡਰੱਗ ਢੋਂਦਾ ਸੀ, ਨੂੰ ਸ਼ੈਲਡਨ ਇਲੀਨਾਏ ਵਿਚ ਜਾਂਚ ਅਧਿਕਾਰੀਆਂ ਨੇ ਉਸ ਸਮੇਂ ਰੋਕਿਆ ਸੀ ਜਦੋਂ ਉਹ ਡਰੱਗ ਵੇਚ ਕੇ ਹਾਸਲ ਹੋਏ 169,910 ਡਲਾਰ ਇਕ ਸੈਮੀ ਟਰੈਕਟਰ ਟਰੇਲਰ ਵਿਚ ਲੈ ਕੇ ਆ ਰਿਹਾ ਸੀ। ਇਹ ਟਰੈਕਟਰ ਟਰੇਲਰ ਉਹ ਲਿਵਿੰਗਸ਼ਟਨ ਦੀ ਇਕ ਛੋਟੀ ਟਰੱਕਿੰਗ ਕੰਪਨੀ ਐਨ.ਏ.ਵੀ. ਟਰੱਕਿੰਗ ਦੀ ਇਜਾਜ਼ਤ ਤੋਂ ਬਿਨਾ ਹੀ ਚਲਾ ਰਿਹਾ ਸੀ।

ਡਰੱਗ ਮਾਫੀਏ ਵਿਰੁੱਧ ਜਾਂਚ ਉਸ ਸਮੇਂ ਮੁਕੰਮਲ ਹੋਈ ਸੀ ਜਦੋਂ ਪਿਛਲੇ ਸਾਲ ਇਥੇ ਹਰਜੀਤ ਮਾਨ, ਸੁਖਰਾਜ ਧਾਲੀਵਾਲ ਅਤੇ ਉਨ੍ਹਾਂ ਦੇ ਇਕ ਹੋਰ ਸਾਥੀ ਜਸਦੇਵ ਸਿੰਘ ਨੇ 843,000 ਡਾਲਰ ਦੀ ਰਕਮ ਇਕ ਅੰਡਰ ਕਵਰ ਏਜੰਟ ਨੂੰ ਦਿੱਤੀ ਸੀ, ਜਿਸ ਨਾਲ ਕਿ ਸੱਤਰ ਕਿਲੋ ਕੋਕਿਨ ਖਰੀਦਣ ਦਾ ਸੌਦਾ ਹੋਇਆ ਸੀ। ਬੇਕਰਜ਼ਫੀਲਡ ਵਾਸੀ ਜਸਦੇਵ ਸਿੰਘ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਾਅਦਾ ਮੁਆਫ ਗਵਾਹ ਬਣ ਗਿਆ ਸੀ।

ਇਸਤਗਾਸਾ ਪੱਖ ਅਨੁਸਾਰ ਸੁਖਰਾਜ ਧਾਲੀਵਾਲ, ਜਸਦੇਵ ਸਿੰਘ ਅਤੇ ਹਰਜੀਤ ਮਾਨ ਨੇ ਅੰਡਰ ਕਵਰ ਏਜੰਟ ਨਾਲ ਸੌਦੇਬਾਜ਼ੀ ਦੌਰਾਨ ਇਹ ਮੰਨਿਆ ਸੀ ਕਿ ਉਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿਚ ਬੇਕਰਜ਼ਫੀਲਡ ਤੋਂ 36 ਹਜ਼ਾਰ ਕਿਲੋ ਕੋਕਿਨ ਕੈਨੇਡਾ ਨੂੰ ਢੋਹੀ ਹੈ। ਕੈਨੇਡਾ ਵਿਚ ਅੱਗੋਂ ਮਾਨ ਦੇ ਗਾਹਕ ਪਰਚੂਨ ਵਿਚ ਵੇਚਣ ਲਈ ਇਸ ਨੂੰ ਤਿਆਰ ਕਰਦੇ ਸਨ। ਮਾਨ ਨੇ ਦਾਅਵਾ ਕੀਤਾ ਸੀ ਕਿ ਇਸ ਕੰਮ ਵਿਚ ਮੇਰੀ ਸਰਦਾਰੀ ਹੈ। ਮਾਨ ਨੇ ਉਸ ਵੇਲੇ ਅੰਡਰ ਕਵਰ ਏਜੰਟ ਨੂੰ ਐਫੀਡਰੀਨ (ਮੈਥਮ ਫੈਟਾਮਾਈਨ ਬਣਾਉਣ ਲਈ ਵਰਤਿਆ ਜਾਂਦਾ ਇਕ ਰਸਾਇਣ) ਦੇ ਪੰਜਾਹ ਕਿਲੋ ਦੇ ਪੈਕਟ 33 ਹਜ਼ਾਰ ਡਾਲਰ ਪ੍ਰਤੀ ਦੇ ਹਿਸਾਬ ਵੇਚਣ ਦੀ ਵੀ ਪੇਸ਼ਕਸ਼ ਕੀਤੀ ਸੀ। ਮਾਨ ਨੇ ਅੰਡਰ ਕਵਰ ਏਜੰਟ ਨੂੰ ਦੱਸਿਆ ਸੀ ਕਿ ਉਹ ਇਹ ਐਫੀਡਰੀਨ ਆਪਣੇ ਦੇਸ਼ ਇੰਡੀਆ ਤੋਂ ਮੰਗਵਾਉਂਦਾ ਹੈ।

ਮਾਨ, ਧਾਲੀਵਾਲ ਅਤੇ ਬੀਸਲੇ ਦੀ ਸਜ਼ਾ ਦੇ ਹੁਕਮ ਲਈ ਜ਼ਿਲਾ ਜੱਜ ਵੈਂਗਨਰ ਦੇ ਸਾਹਮਣੇ ਅਗਲੀ ਪੇਸ਼ੀ 14 ਸਤੰਬਰ ਨੂੰ ਹੈ। ਜਸਦੇਵ ਸਿੰਘ ਦੀ ਅਗਲੀ ਪੇਸ਼ੀ 24 ਸਤੰਬਰ ਨੂੰ ਹੈ।

ਸਾਰੇ ਮੁਲਜ਼ਮਾਂ ਨੂੰ ਘੱਟੋ ਘੱਟ ਸਜ਼ਾ 10 ਸਾਲ ਹੋਣ ਅਤੇ ਵੱਧੋਂ ਵੱਧ ਉਮਰ ਕੈਦ ਹੋਣ ਅਤੇ 40 ਲੱਖ ਡਾਲਰ ਤੱਕ ਦਾ ਜੁਰਮਾਨਾ ਹੋਣ ਦੀ ਸੰਭਾਵਨਾ ਹੈ।

# ਬੱਦਲਾਂ ਦੇ ਅਧਿਐਨ ਲਈ ਅਸਮਾਨ 'ਚ ਜਾਣਗੇ ਭਾਰਤੀ ਮੌਸਮ ਵਿਗਿਆਨੀ

**ਨਵੀਂ ਦਿੱਲੀ :** ਮਾਨਸੂਨ ਦੇ ਬੱਦਲਾਂ ਦੇ ਨਖਰਿਆਂ ਤੋਂ ਤੰਗ ਆ ਚੁੱਕੇ ਭਾਰਤੀ ਮੌਸਮ ਵਿਭਾਗ ਦੇ ਵਿਗਿਆਨੀਆਂ ਨੇ ਹੁਣ ਬੱਦਲਾਂ ਦੀ ਬਿਜਾਈ ਕਰਨ ਦੀ ਦਿਸ਼ਾ 'ਚ ਇਕ ਗੰਭੀਰਤਾਪੂਰਵਕ ਕਦਮ ਵਧਾ ਦਿੱਤਾ ਹੈ ਅਤੇ ਇਸ ਵਾਰ ਉਨ੍ਹਾਂ ਅਸਮਾਨ ਵਿਚ ਜਾ ਕੇ ਬੱਦਲਾਂ ਦੇ ਮਿਜ਼ਾਜ ਨੂੰ ਪਰਖਣ ਦੀ ਤਿਆਰੀ ਕਰ ਲਈ ਹੈ।

ਭਾਰਤੀ ਮੌਸਮ ਵਿਭਾਗ ਦੇ ਵਿਗਿਆਨੀਆਂ ਨੇ ਇਹ ਕਦਮ ਅਜਿਹੇ ਵੇਲੇ ਚੁੱਕਿਆ ਹੈ, ਜਦ ਇਸ ਸਾਲ ਆਮ ਤੋਂ ਘੱਟ ਬਾਰਸ਼ ਦੀ ਭਵਿੱਖਬਾਣੀ ਨਾਲ ਦੇਸ਼ ਪ੍ਰੇਸ਼ਾਨ ਹੈ ਅਤੇ ਵਿਸ਼ੇਸ਼ ਰੂਪ ਵਿਚ ਉੱਤਰ ਪੱਛਮ ਹਿੱਸੇ 'ਚ ਕੇਵਲ 81 ਪ੍ਰਤੀਸ਼ਤ ਬਾਰਸ਼ ਹੋਣ ਦੀ ਖਬਰ ਨਾਲ ਸਰਕਾਰ ਦੇ ਮੱਥੇ 'ਤੇ ਪਸੀਨਾ ਆ ਰਿਹਾ ਹੈ। ਇਸ ਸਾਲ ਦੇਸ਼ ਵਿਚ 93 ਪ੍ਰਤੀਸ਼ਤ ਔਸਤ ਬਾਰਸ਼ ਦਾ ਅਨੁਮਾਨ ਲਾਇਆ ਗਿਆ ਹੈ। ਪ੍ਰਿਥਵੀ ਵਿਗਿਆਨ ਮੰਤਰਾਲੇ ਵਿਚ ਸਕੱਤਰ ਡਾਕਟਰ ਸੈਲੇਸ਼ ਨਾਇਕ ਨੇ ਦੱਸਿਆ ਕਿ ਬੱਦਲਾਂ ਦੀ ਬਿਜਾਈ ਯਾਨੀ ਕਿ ਕਲਾਊਡ ਸੀਡਿੰਗ ਦੀ ਦਿਸ਼ਾ ਵਿਚ ਕਦਮ ਚੁੱਕਣ ਲਈ ਭਾਰਤੀ ਵਿਗਿਆਨੀ ਇਸ ਵਾਰ ਜੂਨ ਤੋਂ ਲੈ ਕੇ ਸਤੰਬਰ ਤੱਕ ਬੱਦਲਾਂ ਕੋਲ ਜਾ ਕੇ ਉਨ੍ਹਾਂ ਦੀ ਰਸਾਇਣਕ ਬਣਤਰ ਅਤੇ ਗੁਣਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। ਇਸ ਨਾਲ ਵਿਗਿਆਨੀਆਂ ਨੂੰ ਬੱਦਲਾਂ ਦੇ ਮਿਜ਼ਾਜ ਦਾ ਪਤਾ ਲੱਗੇਗਾ ਅਤੇ ਇਸ ਗੱਲ ਦੀ ਸਹੀ-ਸਹੀ ਜਾਣਕਾਰੀ ਮਿਲ ਸਕੇਗੀ ਕਿ ਕਿਹੜੇ ਬੱਦਲ ਕੇਵਲ ਗਰਜਦੇ ਹਨ ਅਤੇ ਕਿਹੜੇ ਬੱਦਲ ਬਰਸਦੇ ਹਨ। ਭਾਰਤੀ ਮੌਸਮ ਵਿਭਾਗ ਦੇ ਮਾਹਰਾਂ ਨੇ ਇਸ ਮਾਨਸੂਨ ਵਿਚ ਬੱਦਲਾਂ ਵਿਚ ਜਾ ਕੇ ਉਥੇ ਉਨ੍ਹਾਂ ਨਾਲ ਪ੍ਰਯੋਗ ਕਰਨ ਲਈ ਇਕ ਵਿਸ਼ੇਸ਼ ਹਵਾਈ ਜਹਾਜ਼ ਕਿਰਾਏ 'ਤੇ ਲਿਆ ਹੈ। ਇਹ ਕੰਮ ਭਾਰਤੀ ਊਸ਼ਮਾ ਕਟੀਬੰਧ ਮੌਸਮ ਵਿਗਿਆਨ ਸੰਸਥਾ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਦੋਵਾਂ ਸੰਸਥਾਵਾਂ ਦੇ ਮਾਹਰ ਚਾਰ ਮਹੀਨਿਆਂ ਦੇ ਬਾਰਸ਼ ਮੌਸਮ ਵਿਚ ਇਸ ਹਵਾਈ ਜਹਾਜ਼ ਰਾਹੀਂ ਅਸਮਾਨ ਵਿਚ ਬੱਦਲਾਂ ਨੇੜੇ ਜਾ ਕੇ ਉਨ੍ਹਾਂ ਦੇ ਰਸਾਇਣਕ ਗੁਣਾਂ ਦਾ ਪਤਾ ਲਾਉਣਗੇ। ਡਾਕਟਰ ਨਾਇਕ ਅਨੁਸਾਰ ਬੱਦਲਾਂ ਦੇ ਗੁਣਾ ਅਤੇ ਬਣਤਰ ਦੀ ਖੋਜ ਦਾ ਇਹ ਕੰਮ ਲਗਾਤਾਰ ਤਿੰਨ ਸਾਲ ਚੱਲੇਗਾ।

ਭਾਰਤੀ ਵਿਗਿਆਨੀ ਸਾਲ ਦਰ ਸਾਲ ਬੱਦਲਾਂ ਦੀ ਬਣਤਰ ਵਿਚ ਆਉਣ ਵਾਲੀਆਂ ਤਬਦੀਲੀਆਂ ਦਾ ਪਤਾ ਲਗਾਉਣਗੇ ਤਾਂ ਕਿ ਬੱਦਲਾਂ ਦੀ ਬਿਜਾਈ ਨੂੰ ਕਾਰਗਰ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਨਾਲ ਬੱਦਲਾਂ ਦੀ ਸੰਰਚਨਾ ਵਿਚ ਤਬਦੀਲੀਆਂ ਰਾਹੀਂ ਉਨ੍ਹਾਂ ਨੂੰ ਵਰ੍ਹਨ ਲਾਇਕ ਬਣਾਉਣ ਵਿਚ ਮਦਦ ਮਿਲੇਗੀ।

ਬੱਦਲਾਂ ਦੀ ਬਿਜਾਈ ਲਈ ਕਈ ਸਾਲਾਂ ਤੋਂ ਪ੍ਰਯੋਗ ਹੁੰਦੇ ਆ ਰਹੇ ਹਨ, ਪਰ ਭਾਰਤ ਵਿਚ ਇਸ ਦਿਸ਼ਾ ਵਿਚ ਇਸ ਸਾਲ ਪਹਿਲੀ ਵਾਰ ਗੰਭੀਰਤਾਪੂਰਵਕ ਕਦਮ ਚੁੱਕੇ ਜਾ ਰਹੇ ਹਨ।

## ਕ੍ਰਿਸ਼ਨ ਲੀਲਾ ਤੇ ਰਾਮ ਲੀਲਾ ਸ਼ੋਅ ਅਗਸਤ ਮਹੀਨੇ ਤੋਂ

**ਫਰਿਜ਼ਨੋ:**ਸ੍ਰੀ ਰਾਮ ਲੀਲਾ ਸ਼ੋਅ ਦੀ ਕਾਮਯਾਬੀ ਤੋਂ ਬਾਅਦ ਤਾਜ ਮਹੱਲ ਇੰਟਰਟੇਨਰਜ਼ ਵਲੋਂ ਆਉਂਦੇ ਅਗਸਤ ਅਤੇ ਸਤੰਬਰ ਮਹੀਨੇ ਵਿਚ ਕ੍ਰਿਸ਼ਨ ਲੀਲਾ ਅਤੇ ਰਾਮ ਲੀਲਾ ਦੇ ਸ਼ੋਅ ਕਰਵਾਏ ਜਾਣਗੇ। ਬਾਲੀਵੁੱਡ ਫਿਲਮ ਸਨਅਤ ਦੇ ਕਲਾਕਾਰਾਂ ਨਾਲ ਲੈਸ ਇਹ ਸ਼ੋਅ ਅਮਰੀਕਾ ਭਰ ਵਿਚ ਹੋਣਗੇ।

ਇਹ ਜਾਣਕਾਰੀ ਦਿੰਦਿਆਂ ਸ਼ੋਅ ਪ੍ਰੋਮੋਟਰ ਸ੍ਰੀ ਦਿਲਬਾਗ ਬੰਗੜ ਨੇ ਦੱਸਿਆ ਕਿ ਇਹ ਸ਼ੋਅ ਲਾਈਟ ਅਤੇ ਸਾਊਂਡ ਦੇ ਵਿਸ਼ੇਸ਼ ਪ੍ਰਭਾਵ ਰਾਹੀਂ ਕੀਤੇ ਜਾਣਗੇ ਅਤੇ ਵੀਡੀਓ ਵੱਡੇ ਸਕਰੀਨ ਉਤੇ ਦਿਖਾਈ ਜਾਏਗੀ।







# ਸਾਹਿਬ ਸਿੰਘ ਮੰਜ਼ਿਲ ਨੂੰ

## ਛੇਵਾਂ

# ਜਨਮ ਦਿਨ ਮੁਬਾਰਕ!

ਵਾਹਿਗੁਰੂ ਤੈਨੂੰ ਲੰਮੀਆਂ ਉਮਰਾਂ ਬਖ਼ਸ਼ੇ!

ਵਲੋਂ

ਸ. ਦਲੀਪ ਸਿੰਘ ਮੰਜ਼ਿਲ (ਦਾਦਾ ਜੀ)
ਸਰਦਾਰਨੀ ਗੁਰਮੇਲ ਕੌਰ ਮੰਜ਼ਿਲ (ਦਾਦੀ ਜੀ)
ਡਾ. ਸੁਖਬੀਰ ਸਿੰਘ ਮੰਜ਼ਿਲ (ਪਿਤਾ ਜੀ)
ਅਨੀਤ ਕੌਰ ਮੰਜ਼ਿਲ (ਮਾਤਾ ਜੀ)
ਗੁਰਜੀਤ ਸਿੰਘ ਮੰਜ਼ਿਲ (ਚਾਚਾ ਜੀ)
ਇੰਦਰਪ੍ਰੀਤ ਕੌਰ ਮੰਜ਼ਿਲ (ਚਾਚੀ ਜੀ)
ਅਨੂਪ ਸਿੰਘ ਮੰਜ਼ਿਲ (ਵੱਡਾ ਭਰਾ)
ਹਰਨੂਰ ਕੌਰ ਮੰਜ਼ਿਲ (ਛੋਟੀ ਭੈਣ)

**Bob Lynn Edwards, Jr.**

Free Initial Consultation

Attorney at Law



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

www.BobEdwards.com

Ph:510-770-0500

3869 Peralta Boulevard, Fremont CA 94536-3712

**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



**Attention Business Owners!!**

Are You Worried About Your Business When You`re Not There?

**Are Worries Keeping You Awake?**

*Watch Your Business AnyTime Any Place.*

*Promotion For July*
*Free Cash Register Interface With Purchase Of Our DVR System*

**NO PAYMENTS**
**For 3 Months**

Financing & Lease Options For 12, 24, 36 Months Available.

ਵਾਜਬ ਕੀਮਤ, ਸਹੀ ਕੰਮ

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

**DVR UNLIMITED**

Call:1-800-780-0032 www.dvrunlimited.com




*New York NY July 25, 2009*
*Call:Tony-347-723-2533 OR*
*Jay:917-681-4211*
*Fairfax VA July 31, 2009*
*Call:Jay-703-980-6203 Or*
*Nisha-571-212-1855*
*Philadelphia PA August 01, 2009*
*Call:Jay-703-980-6203*
*Chicago IL August 08, 2009*
*Indiana August 09, 2009*
*Spokane WA Call Nagra 509-994-7844*
*And Seattle WA August 16, 2009*
*(Kabaddi Mela)*
*Bakersfield CA August 22, 2009*
*Los Vages NV August 23, 2009*

*Show In USA In August 2009*
*Call- Satti:916-410-9741*

## ਧਾਰਮਿਕ ਵਰਕਰਾਂ ਨੂੰ ਵੱਡੀ ਰਾਹਤ, ਆਈ-485 ਤੇ ਆਈ-765 ਨਾਲੋ-ਨਾਲ ਅਪਲਾਈ ਕਰ ਸਕਣਗੇ

**ਸੈਕਰਾਮੈਂਟੋ:** ਅਮਰੀਕਾ ਵਿਚ ਰਹਿੰਦੇ ਧਾਰਮਿਕ ਵਰਕਰ-ਗ੍ਰੰਥੀ, ਪੁਜਾਰੀ, ਰਾਗੀ, ਪ੍ਰਚਾਰਕ ਹੁਣ ਸਪੈਸ਼ਲ ਇਮੀਗ੍ਰਾਂਟ ਆਈ-360 ਲਈ ਪਟੀਸ਼ਨ ਅਤੇ ਸਥਾਈ ਬਾਸ਼ਿੰਦੇ ਵਜੋਂ ਸਟੇਟਸ ਅਡਜਸਟ ਕਰਨ ਲਈ ਅਰਜ਼ੀ ਆਈ-485 ਇਕੋ ਸਮੇਂ ਫਾਈਲ ਕਰ ਸਕਣਗੇ। ਇਸ ਦੇ ਨਾਲ ਹੀ ਉਹ ਕੰਮ ਕਰਨ ਲਈ ਵਰਕ ਪਰਮਿਟ ਵਾਸਤੇ ਵੀ ਨਾਲ ਹੀ ਅਰਜੀ ਦੇ ਸਕਣਗੇ। ਧਾਰਮਿਕ ਵਰਕਰਾਂ ਲਈ ਇਹ ਇਕ ਬਹੁਤ ਵੱਡੀ ਰਾਹਤ ਹੈ। ਇਹ ਜਾਣਕਾਰੀ ਦਿੰਦਿਆਂ ਉਘੇ ਵਕੀਲ ਸ੍ਰੀ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਇਕ ਬਿਆਨ ਵਿਚ ਦੱਸਿਆ ਕਿ ਇਸ ਸਬੰਧੀ ਫੈਸਲਾ ਪਿਛਲੇ ਦਿਨੀਂ ਵਾਸ਼ਿੰਗਟਨ ਵਿਚ ਇਕ ਜ਼ਿਲ੍ਹਾ ਅਦਾਲਤ ਨੇ ਕੇਸ ਨੰਬਰ ਸੀ.ਓ-7-1881 ਆਰ.ਐਸ. ਕਲਾਸ ਐਕਸ਼ਨ-ਰੂਈਜ਼ ਡਾਈਸ ਬਨਾਮ ਯੂਨਾਈਟਿਡ ਸਟੇਟ ਅਮਰੀਕਾ ਦੀ ਸੁਣਵਾਈ ਤੋਂ ਬਾਅਦ ਦਿੱਤਾ। ਇਸ ਕੇਸ ਦੇ ਫੈਸਲੇ ਤੋਂ ਬਾਅਦ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਨੇ 25 ਜੂਨ 2009 ਨੂੰ ਦਿਸ਼ਾ ਨਿਰਦੇਸ਼ ਵੀ ਜਾਰੀ ਕਰ ਦਿਤੇ ਹਨ। ਸ੍ਰੀ ਜਸਪ੍ਰੀਤ ਸਿੰਘ, ਜੋ ਕਿ ਇਮੀਗ੍ਰੇਸ਼ਨ ਦੇ ਮਾਹਰ ਵਕੀਲ ਹਨ ਅਤੇ ਹੁਣ ਤੱਕ ਇਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਸਿਆਸੀ ਸ਼ਰਨ ਦੁਆ ਚੁੱਕੇ ਹਨ, ਨੇ ਦੱਸਿਆ ਕਿ ਇਮੀਗ੍ਰੇਸ਼ਨ ਵਿਭਾਗ ਵਲੋਂ ਜਾਰੀ ਹੁਕਮ ਅਧੀਨ ਜਿਨ੍ਹਾਂ ਧਾਰਮਿਕ ਵਰਕਰਾਂ ਅਰਥਾਤ ਗ੍ਰੰਥੀਆਂ, ਰਾਗੀਆਂ, ਪ੍ਰਚਾਰਕਾਂ, ਪਾਦਰੀਆਂ, ਮੌਲਵੀਆਂ ਨੇ 31 ਜੁਲਾਈ 2002 ਤੋਂ ਬਾਅਦ ਆਈ-360, ਆਈ-485 ਅਰਜ਼ੀਆਂ ਭਰੀਆਂ ਸਨ ਅਤੇ ਉਹ 8-ਸੀ ਐਫ.ਆਰ. 245, 2 (9) (2) (ਬੀ) ਅਧੀਨ ਇਮੀਗ੍ਰੇਸ਼ਨ ਵਿਭਾਗ ਵਲੋਂ ਖਾਰਜ ਕਰ ਦਿਤੀਆਂ ਗਈਆਂ ਸਨ। ਹੁਣ ਉਹ ਆਈ-360, ਆਈ 485 ਅਤੇ ਆਈ-765 ਅਰਜ਼ੀਆਂ ਦੁਬਾਰਾ ਦਾਖਲ ਕਰ ਸਕਦੇ ਹਨ ਅਤੇ ਅਰਜ਼ੀ ਦਾਖਲ ਕਰਨ ਦੀ ਆਖਰੀ ਤਾਰੀਕ 9 ਸਤੰਬਰ, 2009 ਰੱਖੀ ਗਈ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਜਿਹੜੇ ਧਾਰਮਿਕ ਵਰਕਰਾਂ ਵਲੋਂ ਫਾਈਲ ਕੀਤੇ ਫਾਰਮ ਆਈ-360 ਅਜੇ ਇਮੀਗ੍ਰੇਸ਼ਨ ਵਿਭਾਗ ਵਿਚ ਕਾਰਵਾਈ ਅਧੀਨ ਹਨ, ਉਨ੍ਹਾਂ ਦੇ ਕੇਸ ਅਜੇ ਚੱਲ ਰਹੇ ਹਨ, ਅਜਿਹੇ ਵਿਅਕਤੀ ਵੀ ਆਈ-485 ਅਤੇ ਆਈ-765 ਲਈ ਪਟੀਸ਼ਨ ਦਾਇਰ ਕਰ ਸਕਦੇ ਹਨ। ਇਸ ਤੋਂ ਇਲਾਵਾ ਉਹ ਵਿਅਕਤੀ ਜੋ ਬਿਲਕੁਲ ਨਵੇਂ ਆਈ-360 ਕੇਸ ਦਾਇਰ ਕਰਨਾ ਚਾਹੁੰਦੇ ਹਨ ਅਤੇ ਜਿਨ੍ਹਾਂ ਨੇ ਅਜੇ ਤੱਕ ਕਦੇ ਵੀ ਆਈ-360 ਫਾਈਲ ਨਹੀਂ ਕੀਤਾ, ਵੀ ਇਸ ਰਾਹਤ ਤਹਿਤ 9 ਸਤੰਬਰ, 2009 ਤੱਕ ਅਰਜ਼ੀ ਦਾਖਲ ਕਰ ਸਕਦੇ ਹਨ। ਸ੍ਰੀ ਜਸਪ੍ਰੀਤ ਸਿੰਘ ਨੇ ਇਸ ਫੈਸਲੇ ਨੂੰ ਇਕ ਅਹਿਮ ਫੈਸਲਾ ਕਰਾਰ ਦਿੰਦਿਆਂ ਆਖਿਆ ਕਿ ਇਸ ਫੈਸਲੇ ਨਾਲ ਹਜ਼ਾਰਾਂ ਧਾਰਮਿਕ ਵਰਕਰਾਂ ਨੂੰ ਲਾਭ ਹੋਵੇਗਾ। ਇਸ ਫੈਸਲੇ ਬਾਰੇ ਹੋਰ ਜਾਣਕਾਰੀ ਅਟਾਰਨੀ ਜਸਪ੍ਰੀਤ ਸਿੰਘ ਪਾਸੋਂ ਫੋਨ 718-533-8444 'ਤੇ ਹਾਸਲ ਕੀਤੀ ਜਾ ਸਕਦੀ ਹੈ।

## ਇਟਲੀ 'ਚ ਸ੍ਰੀ ਗੁਰੂ ਰਵਿਦਾਸ ਸਭਾ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬੰਦ

**ਬੈਰਗਾਮੋ, ਇਟਲੀ:** ਵਿਆਨਾ ਕਾਂਡ ਦੀ ਰੋਸ਼ਨੀ ਵਿਚ ਸ੍ਰੀ ਗੁਰੂ ਰਵਿਦਾਸ ਸਭਾਵਾਂ ਵਲੋਂ ਲਏ ਗਏ ਫੈਸਲੇ ਅਨੁਸਾਰ ਸ੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ ਦੀ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕਰਨ ਦਾ ਫੈਸਲਾ ਲਿਆ ਹੈ। ਇਸੇ ਫੈਸਲੇ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ 20 ਜੂਨ ਨੂੰ ਗੁਰਦੁਆਰਾ ਸਿੰਘ ਸਭਾ ਪਲੋਸਕੋ ਦੇ ਪ੍ਰਧਾਨ ਭਾਈ ਜਸਵੀਰ ਸਿੰਘ ਦੀ ਹਾਜ਼ਰੀ ਵਿਚ ਗੁਰੂ ਘਰ ਨੂੰ ਸੌਂਪ ਦਿਤੇ ਗਏ। ਫੁੱਲਾਂ ਦੇ ਨਾਲ ਸਜਾਈਆਂ ਗਈਆਂ ਦੋ ਗੱਡੀਆਂ ਅਤੇ ਵੱਡੀ ਗਿਣਤੀ ਵਿਚ "ਸਤਿਨਾਮ ਵਾਹਿਗੁਰੂ" ਦਾ ਜਾਪ ਕਰਦਿਆਂ ਸੰਗਤਾਂ ਸਿੰਘ ਸਭਾ ਗੁਰੂ ਘਰ ਵਿਚ ਪਹੁੰਚੀਆਂ ਜਿਥੇ ਹੋਈਆਂ ਭੁੱਲਾਂ-ਚੁੱਕਾਂ ਦੀ ਮਾਫੀ ਲਈ ਅਰਦਾਸ ਕੀਤੀ ਗਈ।

ਸ੍ਰੀ ਗੁਰੂ ਰਵਿਦਾਸ ਦਰਬਾਰ ਸਭਾ ਬੈਰਗਾਮੋ ਦੀ ਕਮੇਟੀ ਨੇ ਇਕ ਬਿਆਨ ਵਿਚ ਕਿਹਾ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਨੂੰ ਸਾਡੇ ਬਜ਼ੁਰਗ 300 ਸਾਲ ਤੋਂ ਵੱਧ ਨਤਮਸਤਕ ਹੁੰਦੇ ਆ ਰਹੇ ਹਨ ਤੇ ਸਾਡੇ ਜੰਮਣ ਤੋਂ ਲੈ ਕੇ ਮਰਨ ਤੱਕ ਦੇ ਰੀਤੀ ਰਿਵਾਜ "ਸ੍ਰੀ ਗ੍ਰੰਥ ਸਾਹਿਬ ਜੀ" ਨੂੰ ਮੁੱਖ ਰੱਖ ਕੇ ਹੁੰਦੇ ਆਏ ਹਨ। ਅਜ ਕੁਝ ਕੱਟੜ-ਪੰਥੀਆਂ ਦੀ ਸੋਚ ਕਾਰਨ ਰਵਿਦਾਸੀਆ ਨਾਮਲੇਵਾ ਸੰਗਤਾਂ ਕੋਲ ਇਕੋ ਹੀ ਹਲ ਹੈ ਕੇ ਉਹ ਇਸ ਤਰ੍ਹਾਂ ਦੀਆ ਬੰਦਸ਼ਾਂ ਤੋਂ ਮੁਕਤ ਹੋ ਸਕਣ ਤੇ ਕਿਸੇ ਨਾਲ ਵੀ ਭਵਿਖ ਵਿਚ ਕਿਸੇ ਤਰ੍ਹਾਂ ਦਾ ਟਕਰਾਅ ਨਾ ਹੋਵੇ। ਇਹ ਵੀ ਕਿਹਾ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਸੀ, ਕਰਦੇ ਹਾਂ ਤੇ ਕਰਦੇ ਰਹਾਂਗੇ ਪਰ ਕੁਝ ਐਸੀਆਂ ਮਰਿਆਦਾਵਾਂ ਹਨ ਜੋ ਅਸੀਂ ਨਹੀਂ ਨਿਭਾ ਸਕਦੇ।

## ਪਰਵਾਸੀ ਪੰਜਾਬੀ ਪੰਜਾਬ 'ਚ ਨਿਵੇਸ਼ ਕਰਨ-ਸਾਹਨੀ

**ਸੈਕਰਾਮੈਂਟੋ:** ਪੰਜਾਬ ਦੇ ਮੁੱਖ ਪਾਰਲੀਮਾਨੀ ਸਕੱਤਰ, ਬਟਾਲਾ ਹਲਕੇ ਤੋਂ ਵਿਧਾਇਕ ਅਤੇ ਭਾਰਤੀ ਜਨਤਾ ਪਾਰਟੀ ਦੇ ਉਘੇ ਆਗੂ ਸ੍ਰੀ ਜਗਦੀਸ਼ ਸਾਹਨੀ ਨੇ ਅਮਰੀਕਾ ਵੱਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਚ ਪੂੰਜੀ ਨਿਵੇਸ਼ ਕਰਨ ਲਈ ਅੱਗੇ ਆਉਣ ਤਾਂ ਜੋ ਪੰਜਾਬ ਦੇ ਆਰਥਿਕ ਵਿਕਾਸ ਵਿਚ ਤੇਜ਼ੀ ਲਿਆਂਦੀ ਜਾ ਸਕੇ।



ਸ੍ਰੀ ਸਾਹਨੀ, ਜੋ ਕਿ ਪੰਜਾਬ ਦੇ ਐਕਸਾਈਜ਼ ਵਿਭਾਗ ਦਾ ਕੰਮ ਵੀ ਵੇਖਦੇ ਹਨ, ਨੇ ਇਥੇ ਅਟਾਰਨੀ ਜਸਪ੍ਰੀਤ ਸਿੰਘ ਦੇ ਘਰ ਚੋਣਵੇਂ ਪੰਜਾਬੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬੀਆਂ ਨੂੰ ਆਪਣੇ ਵਿਦੇਸ਼ਾਂ ਵਿਚ ਵੱਸਦੇ ਬਾਸ਼ਿੰਦਿਆਂ ਉਤੇ ਹਮੇਸ਼ਾ ਮਾਣ ਰਿਹਾ ਹੈ ਅਤੇ ਪਰਵਾਸੀ ਪੰਜਾਬੀਆਂ ਨੇ ਪੰਜਾਬ ਦੀ ਤਰੱਕੀ ਵਿਚ ਹਮੇਸ਼ਾ ਮੋਹਰੀ ਰੋਲ ਨਿਭਾਇਆ ਹੈ।

ਉਨ੍ਹਾਂ ਇਸ ਮੌਕੇ ਅਟਾਰਨੀ ਜਸਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਰਿਟਾਇਰਡ ਜਸਟਿਸ ਮੇਵਾ ਸਿੰਘ ਦੀਆਂ ਸੇਵਾਵਾਂ ਦੀ ਵੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਨਰਿੰਦਰਪਾਲ ਸਿੰਘ ਹੁੰਦਲ, ਜੱਸੀ ਬੰਗਾ, ਬਚਿੱਤਰ ਸਿੰਘ, ਹਰਿਆਣਾ ਦੇ ਡਿਪਟੀ ਐਡਵੋਕੇਟ ਜਨਰਲ ਰਣਜੀਤ ਸਿੰਘ, ਜਸਪਾਲ ਸਿੰਘ ਸੰਧੂ ਅਤੇ ਪਟਿਆਲਾ ਵਿਚ ਐਡੀਸ਼ਨਲ ਸੈਸ਼ਨ ਜੱਜ ਦਿਲਬਾਗ ਸਿੰਘ ਵੀ ਹਾਜ਼ਰ ਸਨ।

## ਕਰਤਾਰਪੁਰ ਸਾਹਿਬ ਲਈ ਸਦਭਾਵਨਾ ਯਾਤਰਾ 7 ਨਵੰਬਰ ਨੂੰ

**ਸੈਨ ਹੋਜ਼ੇ:** ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਤੱਕ 'ਸਦਭਾਵਨਾ ਦਾ ਫੁੱਲ-ਅਮਨ ਦਾ ਰਾਸਤਾ ਕਰਤਾਰਪੁਰ ਸਾਹਿਬ ਲਾਂਘਾ' ਨਾਂ ਹੇਠ ਇਕ ਯਾਤਰਾ 7 ਨਵੰਬਰ, 2009 ਨੂੰ ਅਰੰਭੀ ਜਾਏਗੀ। ਇਹ ਇਕ ਗੈਰ ਸਿਆਸੀ ਸਮਾਗਮ ਹੈ ਅਤੇ ਇਸ ਸਮਾਗਮ ਲਈ ਵਿਸ਼ਵ ਭਰ ਦੀਆਂ ਸਦਭਾਵਨਾ ਸੰਸਥਾਵਾਂ ਨੂੰ ਸੱਦਾ ਦਿੱਤਾ ਗਿਆ ਹੈ। ਸੰਸਥਾ ਦੇ ਇਕ ਬੁਲਾਰੇ ਸ. ਜਸਪਾਲ ਸਿੰਘ ਸੰਧੂ ਵਲੋਂ ਜਾਰੀ ਇਕ ਬਿਆਨ ਅਨੁਸਾਰ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਤੱਕ ਜਾਣ ਵਾਲੀ ਇਸ ਸਦਭਾਵਨਾ ਯਾਤਰਾ ਵਿਚ ਅਕਾਲ ਤਖਤ ਦੇ ਜਥੇਦਾਰ ਸਾਹਿਬ, ਕੇਂਦਰੀ ਖੇਡ ਮੰਤਰੀ ਸ੍ਰੀ ਮਨੋਹਰ ਸਿੰਘ ਗਿੱਲ, ਦਰਸ਼ਨ ਅਭਿਲਾਸੀ ਸੰਸਥਾ ਦੇ ਕੁਲਦੀਪ ਸਿੰਘ ਬਡਾਲਾ, ਸਾਬਕਾ ਪਾਰਲੀਮਾਨੀ ਸਕੱਤਰ ਸੁਖਜਿੰਦਰ ਸਿੰਘ ਰੰਧਾਵਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਦੇਸ਼ ਵਿਦੇਸ਼ ਦੀ ਸੰਗਤ ਭਾਰਤੀ ਪਾਸੇ ਤੋਂ ਸ਼ੁਰੂ ਹੋਣ ਵਾਲੀ ਇਸ ਯਾਤਰਾ ਵਿਚ ਸ਼ਾਮਲ ਹੋਣਗੇ ਜੋ ਕਿ ਭਾਰਤ-ਪਾਕਿ ਸਰਹੱਦ ਤੱਕ ਜਾਏਗੀ।

ਉਧਰ ਪਾਕਿਸਤਾਨ ਵਾਲੇ ਪਾਸੇ ਸਦਭਾਵਨਾ ਯਾਤਰਾ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਅਰੰਭ ਹੋਏਗੀ, ਜਿਸ ਵਿਚ ਪਾਕਿਸਤਾਨ ਦੇ ਕਈ ਮੰਤਰੀ, ਸਿਆਸਤਦਾਨ, ਅਦੀਬ, ਖਿਡਾਰੀ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ।

# ਕੇਂਦਰ ਵਲੋਂ ਵੱਡੇ ਸਿੱਖਿਆ ਸੁਧਾਰਾਂ ਦੇ ਸੰਕੇਤ, ਖੱਬਿਆਂ ਵਲੋਂ ਵਿਰੋਧ ਦਾ ਪੈਂਤੜਾ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ :** ਕੇਂਦਰ ਵਿਚ ਕਾਂਗਰਸ ਦੀ ਸਰਕਾਰ ਵਿਚ ਬਣੀ ਭਾਰੂ ਹਸਤੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਉਸ ਨੇ ਰਾਜਾਂ ਦੇ ਮਾਮਲਿਆਂ ਵਿਚ ਦਖਲ ਵਧਾ ਦਿੱਤਾ ਹੈ ਅਤੇ ਰਾਜਾਂ ਦੇ ਸਿੱਖਿਆ ਬੋਰਡਾਂ ਦਾ ਭੋਗ ਪਾ ਕੇ ਹੁਣ ਸਿੱਖਿਆ ਦਾ ਕੇਂਦਰੀਕਰਨ ਕਰਨ ਵਲ ਅਗੇ ਵਧਣਾ ਚਾਹੁੰਦਾ ਹੈ। ਮਨੁੱਖੀ ਸਰੋਤ ਵਿਕਾਸ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ 100 ਦਿਨਾਂ ਦੇ ਕੰਮਕਾਜੀ ਏਜੰਡੇ ਤਹਿਤ ਬੱਚਿਆਂ ਨੂੰ ਲੋੜੀਂਦੀ ਗੁਣਵੱਤਾਪੂਰਨ, ਮੁਫ਼ਤ ਤੇ ਜ਼ਰੂਰੀ ਸਿੱਖਿਆ ਨਿਸ਼ਚਤ ਕਰਨ ਦੇ ਨਾਲ ਨਾਲ ਯਸ਼ਪਾਲ ਕਮੇਟੀ ਅਤੇ ਗਿਆਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ ਅਮਲ ਕਰਨ ਅਤੇ ਸਿੱਖਿਆ ਵਿਵਸਥਾ ਦੀਆਂ ਖਾਮੀਆਂ ਨੂੰ ਦੂਰ ਕਰਨ ਲਈ ਕਾਨੂੰਨ ਬਣਾਏ ਜਾਣਗੇ। ਅਸਲ ਵਿਚ ਇਸ ਬਹਾਨੇ ਕੇਂਦਰ ਰਾਜਾਂ ਕੋਲੋਂ ਉਨ੍ਹਾਂ ਦੀ ਸਿੱਖਿਆ, ਇਤਿਹਾਸ ਅਤੇ ਭਾਸ਼ਾ ਦੇ ਵਿਕਾਸ ਦਾ ਹੱਕ ਖੋਹ ਲੈਣ ਦਾ ਇੱਛੁਕ ਹੈ। ਖੱਬੇ ਪੱਖੀਆਂ ਨੇ ਸਿੱਖਿਆ ਸੁਧਾਰਾਂ ਦੇ ਵਿਰੋਧ ਦਾ ਪੈਂਤੜਾ ਮੱਲ ਲਿਆ ਹੈ।

ਸ੍ਰੀ ਸਿੱਬਲ ਨੇ ਕਿਹਾ ਕਿ ਸਰਕਾਰ ਦਸਵੀਂ ਦੀ ਬੋਰਡ ਪ੍ਰੀਖਿਆ ਨੂੰ ਖਤਮ ਕਰਨ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਪੈਟਰਨ 'ਤੇ ਵੱਡਾ ਬਦਲਾਓ ਕਰਨ ਲਈ ਸਰਕਾਰ ਵਿਚਾਰ ਕਰ ਰਹੀ ਹੈ। ਹਾਲਾਂਕਿ ਹੁਣ ਤੱਕ ਇਹ ਸ਼ੁਰੂਆਤੀ ਜਾਣਕਾਰੀ ਹੈ ਅਤੇ ਇਸ ਲਈ ਤਾਲਮੇਲ ਕਮੇਟੀ ਬਣਾਈ ਜਾਵੇਗੀ। ਸਕੂਲੀ ਪੱਧਰ 'ਤੇ ਚਰਚਾ ਕਰਨ ਤੋਂ ਬਾਅਦ ਹੀ ਸਰਕਾਰ ਕੋਈ ਵੱਡਾ ਫੈਸਲਾ ਲਵੇਗੀ। ਸ੍ਰੀ ਸਿੱਬਲ ਨੇ ਕਿਹਾ ਕਿ ਫਿਲਹਾਲ ਇਹ ਉਨ੍ਹਾਂ ਦਾ ਨਿੱਜੀ ਵਿਚਾਰ ਹੈ, ਪਰ ਉਹ ਇਸ ਨੂੰ ਅਮਲ ਵਿਚ ਲਿਆਉਣ ਲਈ ਜਲਦੀ ਹੀ ਕੰਮ ਸ਼ੁਰੂ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਪ੍ਰੀਖਿਆ ਵਿਚ ਮੁਲਾਂਕਣ ਲਈ ਗ੍ਰੇਡਿੰਗ ਸਿਸਟਮ ਸ਼ੁਰੂ ਕਰਨ 'ਤੇ ਵਿਚਾਰ ਕਰ ਰਹੀ ਹੈ ਤਾਂ ਕਿ ਨੰਬਰ ਸਿਸਟਮ ਦਾ ਜਿਹੜਾ ਦਬਾਅ ਵਿਦਿਆਰਥੀਆਂ 'ਤੇ ਰਹਿੰਦਾ ਹੈ, ਉਸ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮਨੁੱਖੀ ਵਸੀਲਿਆਂ ਬਾਰੇ ਵਿਕਾਸ ਮੰਤਰਾਲਾ ਦਸਵੀਂ ਦੀ ਬੋਰਡ ਪ੍ਰੀਖਿਆ ਨੂੰ ਖਤਮ ਕਰਨ ਅਤੇ ਨਵੀਂ ਮੁਲਾਂਕਣ ਪ੍ਰਣਾਲੀ ਨੂੰ ਸ਼ੁਰੂ ਕਰਨ ਲਈ ਸੂਬੇ ਦੇ ਸਿੱਖਿਆ ਬੋਰਡਾਂ ਅਤੇ ਸੂਬਾ ਸਰਕਾਰਾਂ ਨਾਲ ਗੱਲਬਾਤ ਕਰੇਗਾ, ਜਿਸ ਤੋਂ ਬਾਅਦ ਹੀ ਕੋਈ ਵੱਡਾ ਫੈਸਲਾ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਵਿਦਿਅਕ ਸੰਸਥਾਵਾਂ ਦੇ ਦੇਸ਼ ਵਿਚ ਸਿਲੇਬਸ ਸੰਚਾਲਨ ਕਰਨ ਲਈ ਵੀ ਕਾਨੂੰਨ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਚ ਸਿੱਖਿਆ ਦੇ ਵੱਖ ਵੱਖ ਭਾਈਵਾਲਾਂ (ਅਧਿਆਪਕ, ਵਿਦਿਆਰਥੀ, ਕਰਮਚਾਰੀ ਅਤੇ ਪ੍ਰਬੰਧਕ) ਨਾਲ ਸਬੰਧਤ ਝਗੜਿਆਂ ਦੇ ਤੁਰੰਤ ਨਿਪਟਾਰੇ ਲਈ ਅਥਾਰਟੀ ਦੀ ਸਥਾਪਨਾ ਵਾਸਤੇ ਵੀ ਕਾਨੂੰਨ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਘੱਟ ਗਿਣਤੀਆਂ ਲਈ ਸਿੱਖਿਆ ਨੂੰ ਵਿਆਪਕ ਅਤੇ ਆਧੁਨਿਕ ਬਣਾਉਣ ਲਈ ਰਾਸ਼ਟਰੀ ਘੱਟ ਗਿਣਤੀ ਵਿੱਦਿਅਕ ਸੰਸਥਾ ਕਮਿਸ਼ਨ ਐਕਟ ਵਿਚ ਮੁੜ ਸੋਧ ਲਈ ਕਾਨੂੰਨ ਬਣਾਇਆ ਜਾਵੇਗਾ।

ਸ੍ਰੀ ਸਿੱਬਲ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਨੂੰ ਉਤਸ਼ਾਹਤ ਕਰਨਾ ਉਨ੍ਹਾਂ ਦੀ ਪਹਿਲ ਹੋਵੇਗੀ। ਉਹ ਮਦਰਸਾ ਸਿੱਖਿਆ ਨੂੰ ਵੀ ਮੁੱਖ ਧਾਰਾ ਨਾਲ ਜੋੜਨ ਦੇ ਹਮਾਇਤੀ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਐਫ.ਡੀ.ਆਈ. ਜ਼ਰੂਰ ਆਉਣੀ ਚਾਹੀਦੀ ਹੈ ਅਤੇ ਸਿੱਖਿਆ ਦੇ ਖੇਤਰ ਵਿਚ ਐਫ.ਡੀ.ਆਈ. ਸੀਮਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਉਂਝ ਵੀ 1.60 ਹਜ਼ਾਰ ਬੱਚੇ ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ ਜਾਂਦੇ ਹਨ ਅਤੇ ਉਹ ਵੀ ਕਰੋੜਾਂ ਖਰਚ ਕੇ। ਉਥੇ ਵੀ ਆਸਟ੍ਰੇਲੀਆ ਜਿਹੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ੍ਰੀ ਸਿੱਬਲ ਨੇ ਕਿਹਾ ਕਿ ਵਿਦੇਸ਼ਾਂ ਵਿਚ ਪੜ੍ਹਨ ਦੀ ਮੰਗ ਹੈ ਕਿ ਜੇਕਰ ਵਿਦੇਸ਼ੀ ਯੂਨੀਵਰਸਿਟੀਆਂ ਸਾਡੇ ਦਰਾਂ 'ਤੇ ਆਉਣ ਲਈ ਤਿਆਰ ਹਨ ਤਾਂ ਅਸੀਂ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਕਿਉਂ ਭੇਜੀਏ? ਉਨ੍ਹਾਂ ਕਿਹਾ ਕਿ ਵਿਦੇਸ਼ੀ ਵਿੱਦਿਅਕ ਸੰਸਥਾ ਬਿਲ ਨੂੰ ਫਰਵਰੀ 2007 'ਚ ਕੈਬਨਿਟ ਦੀ ਮਨਜ਼ੂਰੀ ਮਿਲ ਗਈ ਸੀ। ਅਸੀਂ ਉਸ ਨੂੰ ਅੱਗੇ ਵਧਾਵਾਂਗੇ। ਉਨ੍ਹਾਂ ਪ੍ਰਾਇਮਰੀ ਅਤੇ ਮਿਡਲ ਸਿੱਖਿਆ ਨੂੰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ।



ਕਪਿਲ ਸਿੱਬਲ

**ਖੱਬਾ-ਮੁਹਾਜ਼ ਸਰਕਾਰਾਂ ਵਲੋਂ ਸਿੱਖਿਆ ਸੁਧਾਰਾਂ ਦਾ ਵਿਰੋਧ :** ਪੱਛਮੀ ਬੰਗਾਲ, ਕੇਰਲਾ ਅਤੇ ਤ੍ਰਿਪੁਰਾ ਵਿਚ ਖੱਬੇ ਮੁਹਾਜ਼ ਦੀਆਂ ਸਰਕਾਰਾਂ ਯੂ.ਪੀ.ਏ. ਸਰਕਾਰ ਵਲੋਂ ਸੁਝਾਏ ਸਿੱਖਿਆ ਸੁਧਾਰਾਂ ਨੂੰ ਪ੍ਰਵਾਨ ਨਹੀਂ ਕਰਨਗੀਆਂ। ਸੀ.ਪੀ.ਆਈ.ਐਮ. ਦੀ ਕੇਂਦਰੀ ਕਮੇਟੀ ਦੇ ਇਕ ਮੈਂਬਰ ਨੇ ਆਪਣੀ ਪਛਾਣ ਛੁਪਾਉਂਦੇ ਹੋਏ ਦੱਸਿਆ, "ਸਿੱਖਿਆ ਸੁਧਾਰਾਂ ਦੇ ਨਾਂ 'ਤੇ ਯੂ.ਪੀ.ਏ. ਸਰਕਾਰ ਸਿੱਖਿਆ ਪ੍ਰਣਾਲੀ ਦੇ ਨਿਜੀਕਰਨ ਅਤੇ ਕੇਂਦਰੀਕਰਨ ਦੀ ਕੋਸ਼ਿਸ਼ ਕਰ ਰਹੀ ਹੈ।" ਉਨ੍ਹਾਂ ਕਿਹਾ ਕਿ ਕੇਂਦਰ ਸੂਬਿਆਂ ਨੂੰ ਅਣਡਿੱਠ ਕਰਕੇ ਦੇਸ਼ ਦੀ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਲਈ ਇਕਪਾਸੜ ਫੈਸਲਾ ਨਹੀਂ ਲੈ ਸਕਦਾ।


ਤ੍ਰਿਪੁਰਾ ਦੇ ਸਕੂਲ ਸਿੱਖਿਆ ਮੰਤਰੀ ਤਪਨ ਚਕਰਬਰਤੀ ਨੇ ਕਿਹਾ, "ਕਿਸੇ ਤਰ੍ਹਾਂ ਦੇ ਸਿੱਖਿਆ ਸੁਧਾਰਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ, ਵਿਦਿਅਕ ਮਾਹਿਰਾਂ, ਮਾਪਿਆਂ, ਵਿਦਿਆਰਥੀਆਂ, ਅਧਿਆਪਕਾਂ ਤੇ ਵਿਦਿਆਰਥੀ ਜਥੇਬੰਦੀਆਂ ਦੇ ਵਿਚਾਰ ਲੈਣੇ ਚਾਹੀਦੇ ਹਨ। ਕਾਹਲੀ ਵਿਚ ਲਿਆ ਕੋਈ ਵੀ ਫੈਸਲਾ ਵਿਦਿਆਰਥੀਆਂ ਦੇ ਭਵਿੱਖ ਅਤੇ ਦੇਸ਼ ਦੇ ਵਿਦਿਅਕ ਪ੍ਰਬੰਧਕ 'ਤੇ ਅਸਰ ਅੰਦਾਜ਼ ਹੋ ਸਕਦਾ ਹੈ। ਸੀ.ਪੀ.ਆਈ.ਐਮ. ਦੇ ਵਿਦਿਆਰਥੀ ਵਿੰਗ ਐਸ.ਐਫ.ਆਈ. ਅਤੇ ਤ੍ਰਿਪੁਰਾ ਗੌਰਮਿੰਟ ਟੀਚਰਜ਼ ਐਸੋਸੀਏਸ਼ਨ ਅਤੇ ਤ੍ਰਿਪੁਰਾ ਨਾਨ-ਗੌਰਮਿੰਟ ਟੀਚਰਜ਼ ਐਸੋਸੀਏਸ਼ਨ ਨੇ ਵੀ ਯੂ.ਪੀ.ਏ. ਸਰਕਾਰ ਵਲੋਂ ਕੀਤੇ ਜਾਣ ਵਾਲੇ ਸਿੱਖਿਆ ਸੁਧਾਰਾਂ ਦਾ ਵਿਰੋਧ ਕੀਤਾ ਹੈ।

ਐਸ.ਐਫ.ਆਈ. ਦੇ ਜਨਰਲ ਸਕੱਤਰ ਹਰਿਤਬ੍ਰਤ ਬੈਨਰਜੀ ਨੇ ਕਿਹਾ, "ਸਿੱਖਿਆ ਸੁਧਾਰਾਂ ਦੇ ਨਾਂ 'ਤੇ ਯੂ.ਪੀ.ਏ. ਸਰਕਾਰ ਵਿਦੇਸ਼ੀ ਸਿੱਖਿਆ ਸੰਸਥਾਵਾਂ ਲਈ ਭਾਰਤ ਵਿਚ ਵਿਦਿਅਕ ਕਾਰੋਬਾਰ ਦਾ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।" ਉਂਜ ਉਨ੍ਹਾਂ ਪ੍ਰੀਖਿਆ ਪ੍ਰਣਾਲੀ ਵਿਚ ਵਿਗਿਆਨਕ ਢੰਗ ਨਾਲ ਸੁਧਾਰਾਂ ਦੀ ਪੈਰਵੀ ਕੀਤੀ। ਪੱਛਮੀ ਬੰਗਾਲ ਦੇ ਸੈਕੰਡਰੀ ਸਿੱਖਿਆ ਮੰਤਰੀ ਡੇਅ ਨੇ ਕੋਲਕਾਤਾ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਕੇਂਦਰੀ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰੀ ਵਲੋਂ ਸੁਝਾਏ ਸੁਧਾਰਾਂ ਕਾਰਨ ਵਿੱਦਿਆ ਆਮ ਤੇ ਮੱਧ ਵਰਗੀ ਪਰਿਵਾਰਾਂ ਦੇ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ।"

## ਚੋਣ ਨਾ ਲੜਨ ਵਾਲੀਆਂ ਪਾਰਟੀਆਂ ਦੀ ਰਜਿਸਟ੍ਰੇਸ਼ਨ ਰੱਦ ਹੋਵੇਗੀ?

**ਮੁੰਬਈ :** ਚੋਣ ਕਮਿਸ਼ਨ ਨੇ ਕੇਂਦਰ ਤੋਂ ਉਨ੍ਹਾਂ ਸਿਆਸੀ ਪਾਰਟੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਅਧਿਕਾਰ ਮੰਗਿਆ ਹੈ, ਜੋ ਚੋਣ ਨਹੀਂ ਲੜਨਾ ਚਾਹੁੰਦੀਆਂ।

ਮੁੱਖ ਚੋਣ ਕਮਿਸ਼ਨਰ ਸ੍ਰੀ ਨਵੀਨ ਚਾਵਲਾ ਨੇ ਲੰਘੀ 26 ਜੂਨ ਨੂੰ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਨੂੰ ਪਾਰਟੀਆਂ ਦੀ ਰਜਿਸਟ੍ਰੇਸ਼ਨ ਕਰਨ ਦਾ ਅਧਿਕਾਰ ਨਹੀਂ ਹੈ, ਅਸੀਂ ਸਰਕਾਰ ਤੋਂ ਇਹ ਅਧਿਕਾਰ ਮੰਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਕਰੀਬ 1200 ਪਾਰਟੀਆਂ ਹਨ, ਜਿਨ੍ਹਾਂ ਵਿਚੋਂ ਅੱਧੀਆਂ ਪਾਰਟੀਆਂ ਚੋਣ ਨਹੀਂ ਲੜਦੀਆਂ। ਇਸ ਲਈ ਆਪਣੇ ਸੁਧਾਰ ਪ੍ਰਸਤਾਵਾਂ ਵਿਚ ਇਸ ਤਰ੍ਹਾਂ ਦੀਆਂ ਪਾਰਟੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਅਧਿਕਾਰ ਚੋਣ ਕਮਿਸ਼ਨ ਨੇ ਮੰਗਿਆ ਹੈ। ਕਮਿਸ਼ਨ ਨੇ ਚੋਣ ਲੜਨ ਲਈ ਜ਼ਮਾਨਤ ਰਕਮ ਵਧਾਉਣ ਦਾ ਸੁਝਾਅ ਵੀ ਦਿੱਤਾ ਹੈ, ਕਿਉਂਕਿ ਉਸ ਨੇ ਹਾਲ ਹੀ ਦੀਆਂ ਚੋਣਾਂ ਵਿਚ ਵੱਡੀ ਗਿਣਤੀ ਵਿਚ ਗੈਰ-ਗੰਭੀਰ ਉਮੀਦਵਾਰਾਂ ਨੂੰ ਚੋਣ ਲੜਦੇ ਦੇਖਿਆ ਹੈ।



ਨਵੀਨ ਚਾਵਲਾ

ਉਦਾਹਰਣ ਵਜੋਂ ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਵਿਚ ਕਾਫੀ ਆਜ਼ਾਦ ਉਮੀਦਵਾਰ ਮੈਦਾਨ ਵਿਚ ਸਨ। 10 ਹਜ਼ਾਰ ਦੀ ਜ਼ਮਾਨਤ ਦੀ ਰਕਮ ਬੇਲੋੜੇ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਰਨ ਤੋਂ ਨਹੀਂ ਰੋਕਦੀ। ਉਨ੍ਹਾਂ ਕਿਹਾ ਕਿ ਕਈ ਤਕਨੀਕੀ ਮੁਸ਼ਕਲਾਂ ਵੀ ਹਨ, ਜਿਵੇਂ ਹਰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਵਿਚ ਵਧ ਤੋਂ ਵਧ 16 ਉਮੀਦਵਾਰਾਂ ਦੇ ਨਾਂ ਆ ਸਕਦੇ ਹਨ। ਇਕ ਪੋਲਿੰਗ ਕੇਂਦਰ 'ਤੇ ਚਾਰ ਤੋਂ ਵਧ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿਵਹਾਰਕ ਨਹੀਂ ਹਨ। ਕਮਿਸ਼ਨ ਨੇ ਕੇਂਦਰ ਨੂੰ ਇਹ ਸੁਝਾਅ ਵੀ ਦਿੱਤਾ ਹੈ ਕਿ ਅਪਰਾਧਕ ਦੋਸ਼ਾਂ ਵਾਲੇ ਉਮੀਦਵਾਰਾਂ ਨੂੰ ਚੋਣ ਲੜਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਸੂਬੇ ਦੇ ਦੋ ਦਿਨਾਂ ਦੌਰੇ 'ਤੇ ਆਏ ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਜੇ ਅਪਰਾਧ ਸਜ਼ਾਯੋਗ ਹੈ ਜਾਂ ਵਿਅਕਤੀ ਵਿਰੁਧ ਕੋਈ ਜਾਂਚ ਚੱਲ ਰਹੀ ਤਾਂ ਉਸਨੂੰ ਚੋਣ ਲੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

# ਅਸਟ੍ਰੇਲੀਆ ਗਏ ਭਾਰਤੀ ਵਿਦਿਆਰਥੀਆਂ ਦਾ ਮੁੱਦਾ ਸੁਪਰੀਮ ਕੋਰਟ 'ਚ ਪੁੱਜਾ

**ਨਵੀਂ ਦਿੱਲੀ :** ਸੁਪਰੀਮ ਕੋਰਟ ਦੇ ਛੁੱਟੀਆਂ ਵਾਲੇ ਬੈਂਚ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਆਸਟ੍ਰੇਲੀਆ ਵਿਚ ਰਹਿੰਦੇ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਪੁੱਟੇ ਗਏ ਕਦਮਾਂ ਦੀ ਜਾਣਕਾਰੀ ਨੂੰ ਜ਼ਾਹਰ ਕੀਤਾ ਜਾਵੇ। ਇਹ ਹਦਾਇਤ ਜਸਟਿਸ ਦਲਵੀਰ ਭੰਡਾਰੀ ਤੇ ਏ.ਕੇ. ਗਾਂਗੁਲੀ ਦੇ ਵੋਕੇਨਸ਼ਲ ਬੈਂਚ ਨੇ ਜਾਰੀ ਕੀਤੀ ਹੈ।

ਬੈਂਚ ਨੇ ਕਿਹਾ ਕਿ ਭਾਰਤ ਦਾ ਵਿਦੇਸ਼ ਮੰਤਰਾਲਾ, ਪ੍ਰਵਾਸੀ ਭਾਰਤੀਆਂ ਦਾ ਮੰਤਰਾਲਾ ਤੇ ਆਸਟ੍ਰੇਲੀਆ ਵਿਚ ਸਥਿਤ ਭਾਰਤੀ ਹਾਈ ਕਮਿਸ਼ਨ ਇਸ ਬੈਂਚ ਨੂੰ ਸਾਰੀ ਜਾਣਕਾਰੀ ਮੁਹੱਈਆ ਕਰਵਾਏ। ਅਦਾਲਤ ਨੇ ਆਸਟ੍ਰੇਲੀਆ ਵਿਚ ਰਹਿੰਦੇ ਭਾਰਤੀ ਵਿਦਿਆਰਥੀਆਂ ਉਪਰ ਹੋ ਰਹੇ ਹਮਲਿਆਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਕੇਂਦਰ ਸਰਕਾਰ ਨੂੰ ਦੋ ਹਫਤਿਆਂ ਵਿਚ ਇਕ ਹਲਫਨਾਮਾ ਦਾਖਲ ਕਰਨ ਦੀ ਹਦਾਇਤ ਵੀ ਕੀਤੀ, ਜਿਸ ਵਿਚ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਪੁੱਟੇ ਗਏ ਕਦਮਾਂ ਦੀ ਜਾਣਕਾਰੀ ਦਿੱਤੀ ਹੋਵੇ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਹ ਵੀ ਆਦੇਸ਼ ਦਿੱਤੇ ਕਿ ਆਸਟ੍ਰੇਲੀਆ ਵਿਚ ਰਹਿੰਦੇ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਪ੍ਰਮੁੱਖਤਾ ਨਾਲ ਲਿਆ ਜਾਵੇ। ਸਰਕਾਰ ਵਲੋਂ ਪੇਸ਼ ਹੋਏ ਅਟਾਰਨੀ ਜਨਰਲ ਜੀ.ਈ. ਵਾਹਨਵਟੀ ਨੇ ਕਿਹਾ ਕਿ ਸਾਰੇ ਹਮਲੇ ਨਸਲੀ ਹਿੰਸਾ ਦੀ ਪ੍ਰਵਿਰਤੀ ਵਾਲੇ ਨਹੀਂ ਹਨ। ਬੈਂਚ ਨੇ ਕਿਹਾ ਕਿ ਅਦਾਲਤ ਨੂੰ ਯਕੀਨ ਹੈ ਕਿ ਸਰਕਾਰ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਰੇ ਯਤਨ ਕਰ ਰਹੀ ਹੋਵੇਗੀ, ਪਰ ਇਸ ਸਾਰੇ ਕੁਝ ਦੇ ਬਾਵਜੂਦ ਹਮਲਿਆਂ ਦੀਆਂ ਇਹ ਘਟਨਾਵਾਂ ਜਾਰੀ ਹਨ। ਮੀਡੀਆ 'ਚ ਹਰ ਰੋਜ਼ ਭਾਰਤੀ ਵਿਦਿਆਰਥੀਆਂ 'ਤੇ ਨਸਲੀ ਹਮਲਿਆਂ ਦੀਆਂ ਰਿਪੋਰਟਾਂ ਆ ਰਹੀਆਂ ਹਨ, ਜੋ ਗੰਭੀਰ ਚਿੰਤਾ ਦੀ ਗੱਲ ਹੈ।

ਬੈਂਚ ਨੇ ਕਿਹਾ ਕਿ ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਪਹਿਲਾਂ ਹੈ। ਇਸ ਦੇ ਨਾਲ ਹੀ ਅਦਾਲਤ ਨੇ ਕਿਹਾ ਕਿ ਹਾਲ ਹੀ 'ਚ ਕੈਨੇਡਾ 'ਚ ਵੀ ਭਾਰਤੀਆਂ 'ਤੇ ਹਮਲਿਆਂ ਦੀਆਂ ਰਿਪੋਰਟਾਂ ਆਈਆਂ ਸਨ। ਸਰਕਾਰ ਆਪਣੇ ਹਲਫਨਾਮੇ 'ਚ ਉਸ ਦੇਸ਼ 'ਚ ਵਾਪਰੀਆ ਘਟਨਾਵਾਂ ਬਾਰੇ ਕੀਤੀ ਕਾਰਵਾਈ ਬਾਰੇ ਵੀ ਦੱਸੇ। ਬੈਂਚ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਵਰਤਮਾਨ ਸਥਿਤੀ ਤੋਂ ਜਾਣੂ ਕਰਾਇਆ ਜਾਣਾ ਚਾਹੀਦਾ ਹੈ ਤਾਂ ਕਿ ਖੌਫ਼ ਪੈਦਾ ਨਾ ਹੋਵੇ। ਜੱਜਾਂ ਨੇ ਕਿਹਾ ਕਿ ਅਜਿਹੀ ਦਹਿਸ਼ਤ ਨਾ ਪਾਈ ਜਾਵੇ ਜਿਸ ਨਾਲ ਮਾਪੇ ਵਿਚ ਵਿਚਾਲੇ ਆਪਣੇ ਬੱਚਿਆਂ ਨੂੰ ਹਟਾ ਲੈਣ। ਅਦਾਲਤ ਅਨੁਸਾਰ, "ਭਾਰਤੀ ਵਿਦਿਆਰਥੀਆਂ ਦੇ ਫਿਕਰਮੰਦ ਮਾਪਿਆਂ, ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਭਾਰਤ ਸਰਕਾਰ ਵਲੋਂ ਉਨ੍ਹਾਂ ਦੀ ਸੁਰੱਖਿਆ ਲਈ ਕੀਤੇ ਉਪਰਾਲਿਆਂ ਬਾਰੇ ਜਾਨਣ ਦਾ ਹੱਕ ਹੈ।

ਬੈਂਚ ਨੇ ਸਰਕਾਰ ਨੂੰ ਕਿਹਾ ਕਿ ਇਸ ਸਬੰਧੀ ਸਾਰੀ ਜਾਣਕਾਰੀ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਤੇ ਓਵਰਸੀਜ਼ ਭਾਰਤੀ ਮਾਮਲਿਆਂ ਦੇ ਮੰਤਰਾਲੇ ਆਸਟ੍ਰੇਲੀਆ 'ਚ ਭਾਰਤੀ ਹਾਈ ਕਮਿਸ਼ਨ ਦੀਆਂ ਵੈੱਬਸਾਈਟਾਂ 'ਤੇ ਪਾਈ ਜਾਵੇ।

# ਕੈਨੇਡਾ 'ਚ ਪੰਜਾਬੀ ਬੱਚੀ ਦੀ ਸਵਾਈਨ ਫਲੂ ਨਾਲ ਮੌਤ, ਗੁਰਦਾਸਪੁਰ 'ਚ ਇਕ ਹੋਰ ਕੇਸ

**ਟਰਾਂਟੋ :** ਜਿਸ ਬੱਚੀ ਦੀ ਸਵਾਈਨ ਫਲੂ ਨਾਲ ਮੌਤ ਹੋਈ ਹੈ, ਉਹ ਬਰੈਂਪਟਨ ਦੇ ਪੰਜਾਬੀ ਪਰਿਵਾਰ ਨਾਲ ਸਬੰਧਤ ਹੈ। ਰਬਜੀਤ ਥਿੰਦਲ ਨਾਮ ਦੀ ਇਹ ਬੱਚੀ ਪਹਿਲੀ ਜਮਾਤ 'ਚ ਪੜ੍ਹਦੀ ਸੀ। ਉਸ ਦੀ ਮਾਂ ਕੁਲਦੀਪ ਕੌਰ ਨੇ ਦੱਸਿਆ ਕਿ ਰਬਜੀਤ ਨੂੰ ਮਾਮੂਲੀ ਪੇਟ ਦਰਦ ਦੀ ਸ਼ਿਕਾਇਤ ਹੋਈ, ਪਰ ਉਹ ਰੋਈ ਬਿਲਕੁਲ ਨਹੀਂ। ਛੇ ਸਾਲਾ ਰਬਜੀਤ ਬਿਮਾਰ ਹੋਣ ਤੋਂ 24 ਘੰਟਿਆਂ ਦੇ ਅੰਦਰ ਹਸਪਤਾਲ ਵਿਚ ਦਮ ਤੋੜ ਗਈ। ਉਹ ਕੈਨੇਡਾ ਦੀ ਸਭ ਤੋਂ ਛੋਟੀ ਉਮਰ ਦੀ ਬੱਚੀ ਹੈ, ਜਿਸ ਦੀ ਵਾਇਰਸ ਨਾਲ ਜਾਨ ਗਈ ਹੈ।

ਪਰਿਵਾਰ ਅਨੁਸਾਰ 14 ਜੂਨ ਦੀ ਸ਼ਾਮ ਨੂੰ ਰਬਜੀਤ ਨੂੰ ਕੁਝ ਬੁਖਾਰ ਸੀ ਅਤੇ ਉਸ ਨੇ ਲੱਤਾਂ ਬਾਹਾਂ 'ਚ ਦਰਦ ਦੀ ਸ਼ਿਕਾਇਤ ਕੀਤੀ। ਅਗਲੇ ਦਿਨ ਉਸਨੂੰ ਪਰਿਵਾਰਕ ਡਾਕਟਰ ਨੇ ਦਰਦ ਰੋਕੂ ਗੋਲੀਆਂ ਦੇ ਦਿੱਤੀਆਂ। ਪਰ ਉਸ ਦੀ ਹਾਲਤ ਸੁਧਰੀ ਨਹੀਂ, ਸਗੋਂ ਸ਼ਾਮ ਤੱਕ ਉਸਦੇ ਪੇਟ 'ਚ ਦਰਦ ਹੋਣ ਲੱਗਾ, ਜਿਸ ਕਾਰਨ ਕੁਲਦੀਪ ਕੌਰ ਅਤੇ ਉਸਦੇ ਪਤੀ ਗੁਰਮੁਖ ਸਿੰਘ ਨੇ ਉਸ ਨੂੰ ਹਸਪਤਾਲ ਲਿਜਾਣ ਦਾ ਮਨ ਬਣਾ ਲਿਆ। ਸ਼ਾਮ ਦੇ ਕੋਈ 8 ਕੁ ਵਜੇ ਜਦ ਉਹ ਹਸਪਤਾਲ ਤੋਂ ਪੰਜ ਕੁ ਮਿੰਟ ਦੂਰ ਸਨ ਬੱਚੀ ਨੇ ਅਚਾਨਕ ਆਪਣੀ ਛਾਤੀ 'ਤੇ ਹੱਥ ਰੱਖ ਕੇ ਉਥੇ ਦਰਦ ਹੋਣ ਬਾਰੇ ਦੱਸਿਆ ਅਤੇ ਅਗਲੇ ਹੀ ਪਲ ਉਹ ਸ਼ਾਂਤ ਹੋ ਗਈ। ਦੋ ਘੰਟੇ ਮਗਰੋਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਖਬਰ ਨਾਲ ਪੰਜਾਬੀ ਭਾਈਚਾਰੇ 'ਚ ਚਰਚਾ ਅਤੇ ਦੁੱਖ ਦੀ ਲਹਿਰ ਦੌੜ ਗਈ ਹੈ। ਇਸ ਦੌਰਾਨ ਗੁਰਦਾਸਪੁਰ ਸ਼ਹਿਰ ਨਾਲ ਸਬੰਧਤ ਇਕ ਨੌਜਵਾਨ ਦੇ ਸਵਾਈਨ ਫਲੂ ਨਾਲ ਪੀੜਤ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸਿਹਤ ਵਿਭਾਗ (ਗੁਰਦਾਸਪੁਰ) ਹਰਕਤ ਵਿਚ ਆ ਗਿਆ ਹੈ। ਸਵਾਈਨ ਫਲੂ ਤੋਂ ਪੀੜਤ ਨੌਜਵਾਨ ਨੂੰ ਉਸ ਦੇ ਵਾਰਸਾਂ ਵਲੋਂ ਚੰਡੀਗੜ੍ਹ ਦੇ ਹਸਪਤਾਲ ਵਿਖੇ ਦਾਖਲ ਕਰਵਾਇਆ ਹੈ।

ਸਿਹਤ ਵਿਭਾਗ ਗੁਰਦਾਸਪੁਰ ਵਲੋਂ ਸਾਵਧਾਨੀ ਦੇ ਤੌਰ 'ਤੇ ਭਰਾ ਅਤੇ ਉਸ ਦੇ ਇਕ ਦੋਸਤ ਨੂੰ ਸਿਵਲ ਹਸਪਤਾਲ ਵਿਖੇ ਸਵਾਈਨ ਫਲੂ ਦੇ ਮਰੀਜ਼ਾਂ ਲਈ ਬਣਾਈ ਗਈ ਵਿਸ਼ੇਸ਼ ਵਾਰਡ ਆਈਸੋਲੇਸ਼ਨ ਵਿਖੇ ਦਾਖ਼ਲ ਕਰਕੇ ਉਸ ਨੂੰ ਸੀਲ ਕਰ ਦਿੱਤਾ ਹੈ।ਇਸ ਕੇਸ ਦੇ ਸਾਹਮਣੇ ਆਉਣ ਨਾਲ ਇਸ ਬਿਮਾਰੀ ਨਾਲ ਪੀੜਤ ਲੋਕਾਂ ਦੀ ਗਿਣਤੀ 100 ਨੂੰ ਟੱਪ ਗਈ ਹੈ।

# ਭਾਰਤੀ ਮੂਲ ਦੀ ਕੁੜੀ ਸੁਧਾਰੇਗੀ ਅਮਰੀਕੀ ਮੁਸਲਮਾਨਾਂ ਨਾਲ ਸਬੰਧ

**ਲੰਡਨ :** ਭਾਰਤੀ ਮੂਲ ਦੀ ਇਕ ਔਰਤ ਨੂੰ ਅਮਰੀਕਾ ਅਤੇ ਮੁਸਲਿਮ ਦੁਨੀਆ 'ਚ ਸਬੰਧ ਸੁਧਾਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਫਰਹਾ ਪੰਡਤ ਨੂੰ ਵਿਸ਼ੇਸ਼ ਦੂਤ ਨਿਯੁਕਤ ਕੀਤਾ ਹੈ। ਉਹ ਦੁਨੀਆ ਦੇ ਮੁਸਲਿਮ ਭਾਈਚਾਰੇ ਅਤੇ ਅਮਰੀਕਾ ਵਿਚਕਾਰ ਸਬੰਧ ਸੁਧਾਰਨ ਦਾ ਕੰਮ ਕਰੇਗੀ।

ਕਲਿੰਟਨ ਦਾ ਮੰਨਣਾ ਹੈ ਕਿ ਫਰਹਾ ਪੰਡਤ ਦਾ ਤਜ਼ਰਬਾ ਉਸਦੇ ਕੰਮ 'ਚ ਮਦਦਗਾਰ ਸਿੱਧ ਹੋਵੇਗਾ। ਹਿਲੇਰੀ ਕਲਿੰਟਨ ਨੇ ਕਿਹਾ, "ਮੈਨੂੰ ਫਰਹਾ ਪੰਡਤ ਨੂੰ ਮੁਸਲਿਮ ਭਾਈਚਾਰੇ ਲਈ ਖਾਸ ਪ੍ਰਤੀਨਿਧ ਦੇ ਅਹੁਦੇ 'ਤੇ ਨਿਯੁਕਤੀ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਉਨ੍ਹਾਂ ਨੂੰ ਇਸ ਅਹੁਦੇ 'ਤੇ ਕੰਮ ਕਰਨ ਦਾ ਚੰਗਾ ਤਜ਼ਰਬਾ ਹੈ। ਉਹ ਦੁਨੀਆ ਦੇ ਮੁਸਲਮਾਨਾਂ ਨੂੰ ਬਿਹਤਰ ਸਬੰਧ ਬਣਾਉਣ ਦੀਆਂ ਸਾਡੀਆਂ ਕੋਸ਼ਿਸ਼ਾਂ 'ਚ ਮੁੱਖ ਕਿਰਦਾਰ ਨਿਭਾਏਗੀ।

ਅਮਰੀਕੀ ਵਿਦੇਸ਼ ਮੰਤਰਾਲੇ ਅਨੁਸਾਰ ਫਰਹਾ ਪੰਡਤ ਨੂੰ ਇਕ ਨਵੇਂ ਦਫ਼ਤਰ ਦੀ ਮੁਖੀ ਬਣਾਇਆ ਗਿਆ ਹੈ, ਜੋ ਦੁਨੀਆ ਭਰ ਦੇ ਮੁਸਲਮਾਨਾਂ ਨਾਲ ਅਮਰੀਕਾ ਦੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਕੰਮ ਕਰੇਗਾ। ਭਾਰਤ ਸ਼ਾਸਤਰ ਜੰਮੂ-ਕਸ਼ਮੀਰ ਨਾਲ ਸਬੰਧ ਰੱਖਣ ਵਾਲੀ ਫਰਹਾ ਦੇ ਮਾਤਾ ਪਿਤਾ ਸ੍ਰੀਨਗਰ ਤੋਂ 1969 ਤੋਂ ਹੀ ਅਮਰੀਕਾ ਦੇ ਬਾਸਟਰ 'ਚ ਆ ਕੇ ਵਸ ਗਏ ਸਨ। ਫਰਹਾ ਵੀ ਉੱਥੇ ਪੜ੍ਹੀ-ਲਿਖੀ ਤੇ ਵੱਡੀ ਹੋਈ। ਉਸ ਦੀ ਮਾਂ ਇਕ ਡਾਕਟਰ ਹੈ। ਫਰਹਾ ਹੁਣ ਵਾਸ਼ਿੰਗਟਨ 'ਚ ਰਹਿ ਰਹੀ ਹੈ।

ਫਰਹਾ ਨੇ ਆਪਣੀ ਪੜ੍ਹਾਈ ਅਮਰੀਕਾ ਦੀ ਟਫਟਸ ਯੂਨੀਵਰਸਿਟੀ ਤੋਂ ਕੀਤੀ ਹੈ ਅਤੇ ਕਈ ਅਮਰੀਕੀ ਪ੍ਰਸ਼ਾਸਨ 'ਚ ਉਨ੍ਹਾਂ ਨੇ ਸਲਾਹਕਾਰ ਦੇ ਰੂਪ 'ਚ ਕੰਮ ਕੀਤਾ ਹੈ। ਇਸ ਤੋਂ ਪਹਿਲਾਂ ਉਹ ਅਮਰੀਕੀ ਵਿਦੇਸ਼ ਮੰਤਰਾਲੇ ਦੇ ਯੂਰਪੀ ਮਾਮਲਿਆਂ ਬਾਰੇ ਵਿਭਾਗ 'ਚ ਵੀ ਮੁਸਲਮਾਨਾਂ ਨਾਲ ਸਬੰਧਾਂ ਦੇ ਮਾਮਲਿਆਂ ਦੀ ਸਲਾਹਕਾਰ ਦੇ ਰੂਪ 'ਚ ਕੰਮ ਕਰ ਚੁੱਕੀ ਹੈ।

ਅਮਰੀਕੀ ਮੁਸਲਮਾਨਾਂ ਬਾਰੇ ਫਰਹਾ ਨੇ ਕਿਹਾ ਕਿ "ਅਮਰੀਕਾ 'ਚ ਅਸੀਂ ਇਸਲਾਮ ਦਾ ਆਦਰ ਕਰਦੇ ਹਾਂ। ਇੱਥੇ ਮੁਸਲਮਾਨ ਅਤੇ ਇਸਲਾਮ ਦੋਵੇਂ ਹੀ ਅਮਰੀਕੀ ਸਮਾਜ ਦਾ ਹਿੱਸਾ ਹਨ। ਜਿਵੇਂ ਦੂਸਰੇ ਧਰਮ ਅਮਰੀਕਾ ਦਾ ਹਿੱਸਾ ਹਨ। ਜਦੋਂ ਅਸੀਂ ਅਮਰੀਕੀ ਸਮਾਜ ਦੀ ਸ਼ਕਤੀ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਸ ਬੁਨਿਆਦੀ ਗੱਲ ਨੂੰ ਯਾਦ ਰੱਖਣਾ ਚਾਹੀਦਾ ਹੈ।"

ਫਰਹਾ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਦੇ ਮੁਸਲਮਾਨ ਨੌਜਵਾਨਾਂ ਨੂੰ ਮੁੱਖ ਧਾਰਾ 'ਚ ਲਿਆਉਣ ਲਈ ਉਨ੍ਹਾਂ 'ਚ ਵਿਸ਼ਵਾਸ ਪੈਦਾ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਉਹ ਆਪਣੇ ਧਰਮ 'ਤੇ ਚੱਲਦੇ ਹੋਏ ਵੀ ਅਮਰੀਕੀ ਅਤੇ ਪੱਛਮੀ ਅਤੇ ਆਧੁਨਿਕ ਸਮਾਜ ਦਾ ਅਹਿਮ ਹਿੱਸਾ ਬਣੇ ਰਹਿ ਸਕਦੇ ਹਨ। ਫਰਹਾ ਪੰਡਤ ਨੇ ਸਾਬਕਾ ਰਾਸ਼ਟਰਪਤੀ ਜਾਰਜ ਬੁੱਸ਼ ਤੇ ਉਨ੍ਹਾਂ ਦੇ ਪਿਤਾ ਦੇ ਕਾਰਜਕਾਲ 'ਚ ਵੀ ਕੰਮ ਕੀਤਾ ਹੈ। ਉਸ ਦੌਰਾਨ ਉਸ ਨੂੰ ਅਮਰੀਕੀ ਰਾਸ਼ਟਰੀ ਸੁਰੱਖਿਆ ਕਮੇਟੀ ਦੇ ਇਰਾਕ, ਅਫਗਾਨਿਸਤਾਨ ਅਤੇ ਫਲਿਸਤੀਨ ਇਲਾਕਿਆਂ 'ਚ ਅਮਰੀਕੀ ਰਾਹਤ ਸੰਸਥਾ 'ਚ ਕੰਮ ਕੀਤਾ ਸੀ।

ਉਸ ਦੀ ਨਿਯੁਕਤੀ ਨੂੰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਉਸ ਅਭਿਆਨ ਦੀ ਕੜੀ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ, ਜਿਸ 'ਚ ਓਬਾਮਾ ਨੇ ਅਮਰੀਕਾ ਤੇ ਦੁਨੀਆ ਭਰ ਦੇ ਮੁਸਲਿਮ ਭਾਈਚਾਰਿਆਂ ਵਿਚਕਾਰ ਸਬੰਧ ਬਿਹਤਰ ਬਣਾਉਣ ਦੀ ਗੱਲ ਆਖੀ ਹੈ।


## ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਘੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627



## Thandi Insurance Brokerage

LIC#OBO9151

**Truck Insurance Specialist:**
Auto liability, physical damage, motor truck cargo, general liability and worker's comp.

**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance. SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.

We proudly represent

ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ



GLOBAL HAWK INSURANCE CO.
RRG

*For a Free insurance Quote Please Call :*

**1-800-917-2639**

3090 Independence drive Suite # 246 Livermore CA 94551

# ਗੋਰੀ ਤਾਂ ਤੇਰੀ ਝੂਟੇ ਪੱਟ ਦੀਆਂ ਲਾਸਾਂ, ਸਾਡੀ ਸੁਥਣੀਂ ਭੱਖੜਾ ਵੇ ਹੋ

**ਪ੍ਰੋ.ਕੁਲਵੰਤ ਸਿੰਘ ਰੋਮਾਣਾ**

ਸ਼ਾਇਰ ਮੋਹਨ ਸਿੰਘ ਦੀ ਉਪ੍ਰੋਕਤ ਸਤਰ ਜ਼ਾਲਮ ਅਤੇ ਐਸ਼-ਪ੍ਰਸਤ ਸ਼ਾਸਕਾਂ ਅਤੇ ਦੁੱਖਾਂ ਅਤੇ ਥੁੜਾਂ ਦੀ ਚੱਕੀ 'ਚ ਪਿਸ ਰਹੀ ਪਰਜਾ ਵਿਚਲੇ ਪਾੜੇ ਨੂੰ ਬੜੀ ਖੂਬਸੂਰਤੀ ਨਾਲ ਬਿਆਨ ਕਰਦੀ ਹੈ। ਇਤਿਹਾਸ ਗਵਾਹ ਹੈ ਕਿ ਸੰਸਾਰ 'ਚ ਹੋਈਆਂ ਤਮਾਮ ਬਗਾਵਤਾਂ ਦੀ ਜੜ੍ਹ ਇਹ ਪਾੜਾ ਹੀ ਰਿਹਾ ਹੈ। ਪੱਛਮੀ ਬੰਗਾਲ ਦੇ ਇਲਾਕੇ ਲਾਲਗੜ੍ਹ 'ਚ ਪਿਛਲੇ 6 ਮਹੀਨੇ ਚੱਲੀ ਬਗਾਵਤ ਵੀ ਇਸੇ ਲੜੀ ਦੀ ਕੜੀ ਸੀ ਜਿਸਦੀ ਭਾਰਤ ਦੇ ਕੌਮੀ ਅਤੇ ਕੌਮਾਂਤਰੀ ਮੀਡੀਏ 'ਚ ਬੜੀ ਚਰਚਾ ਯੋਗ ਹੀ ਹੈ। ਮਾਓਵਾਦੀਆਂ ਦੇ ਪ੍ਰਭਾਵ ਵਾਲੀ ਪੀ ਸੀ ਪੀ ਏ (ਕਮੇਟੀ ਅਗੇਂਸਟ ਪੁਲਿਸ ਐਟਰਸਿਟੀਸ) ਨੇ ਕੋਈ 1000 ਵਰਗ ਕਿਲੋਮੀਟਰ ਵਿਚ ਫੈਲੇ ਅਤੇ 44 ਪਿੰਡਾਂ ਵਾਲੇ ਇਸ ਇਲਾਕੇ ਲਾਲਗੜ੍ਹ ਨੂੰ ਮੁਕਤ ਖੇਤਰ (ਬਿਏਰਅਟਏ ਢੋਨਏ) ਐਲਾਨ ਦਿੱਤਾ ਸੀ। ਲਾਲਗੜ੍ਹ 'ਚ ਵਸੋਂ ਕਬਾਇਲੀ ਹੈ ਅਤੇ ਇਲਾਕਾ ਜੰਗਲੀ ਹੈ। ਪੀ ਪੀ ਸੀ ਇਥੋਂ ਦੇ ਲੋਕਾਂ ਦੀ ਆਪਣੀ ਜਥੇਬੰਦੀ ਹੈ ਜੋ ਚਤਰਾਧਰ ਮਹਾਤੋ ਨਾਂ ਦੇ ਆਗੂ ਦੀ ਅਗਵਾਈ 'ਚ ਕੋਈ ਡੇਢ ਸਾਲ ਤੋਂ ਅੰਤਾਂ ਦੀ ਗਰੀਬੀ 'ਚ ਰਹਿ ਰਹੇ ਲੋਕਾਂ ਦੇ ਹੱਕਾਂ ਲਈ ਲੜਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੀ ਸੀ ਪੀ ਏ ਮਾਓਇਸਟਾਂ ਦੇ ਪ੍ਰਭਾਵ ਵਾਲੀ ਇਕ ਓਪਨ ਜਥੇਬੰਦੀ ਹੈ ਅਤੇ ਮਾਓਇਸਟ ਲਾਈਨ ਨੂੰ ਹੀ ਲਾਗੂ ਕਰਦੀ ਹੈ। ਜਦੋਂ ਪੀ ਸੀ ਪੀ ਏ ਨੇ ਇਸ ਖੇਤਰ ਨੂੰ ਮੁਕਤ ਐਲਾਨਿਆ ਤਾਂ ਇਲਾਕੇ ਦੇ ਲੋਕਾਂ ਨੇ ਇਥੇ ਦਿਸਦੇ ਸਟੇਟ-ਸ਼ਕਤੀ ਦੇ ਕੇਂਦਰਾ ਨੂੰ ਤਹਿਸ ਨਹਿਸ਼ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਆਪਣੇ ਰਵਾਇਤੀ ਹਥਿਆਰਾਂ ਟਕੂਏ, ਨੇਜ਼ੇ, ਤੀਰ ਕਮਾਨ, ਹਥੋੜੇ ਆਦਿ ਨਾਲ ਇਲਾਕੇ 'ਚ ਪੈਂਦੇ ਪੰਜਾਂ ਪੁਲੀਸ ਸਟੇਸ਼ਨਾਂ ਤੇ ਕਬਜ਼ਾ ਕਰ ਲਿਆ ਉਥੇ ਤਾਇਨਾਤ 75 ਪੁਲਸੀਆਂ ਨੂੰ ਕਲਕੱਤੇ ਵੱਲ ਚਲਦਾ ਕਰ ਦਿਤਾ। ਇਸੇ ਤਰ੍ਹਾਂ ਉਨ੍ਹਾਂ ਹਵੇਲੀਆਂ ਵਰਗੇ ਦੋ ਦੋ ਮੰਜ਼ਲੇ ਚੀ ਪੀ ਐਮ ਦੇ ਦਫਤਰਾਂ ਅਤੇ ਮਹਿਲਾਂ ਵਰਗੇ ਸੀ ਪੀ ਐਮ ਦੇ ਕਾਰਕੁੰਨਾਂ ਦੇ ਬੰਗਲਿਆਂ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਸਟੇਟ-ਸ਼ਕਤੀ ਦੇ ਬਾਕੀ ਕਰਿੰਦੇ ਇਸ ਖੜਕੇ ਦੜਕੇ ਤੋਂ ਡਰਕੇ ਖੁਦ ਹੀ ਇਹ ਇਲਾਕਾ ਛੱਡ ਗਏ। ਭਾਵੇਂ ਲਾਲਗੜ੍ਹ ਨੂੰ ਮੁਕਤ ਤਾਂ ਛੇ ਮਹੀਨੇ ਪਹਿਲਾਂ ਹੀ ਐਲਾਨਿਆ ਗਿਆ ਸੀ ਪਰ ਇਸ ਮੁਕਤੀ ਲਈ ਉਨ੍ਹਾਂ ਦੀ ਲੜਾਈ ਡੇਢ ਸਾਲ ਤੋਂ ਚੱਲ ਰਹੀ ਸੀ।

ਲਾਲਗੜ੍ਹ ਦੀ ਇਸ ਇਤਿਹਾਸਕ ਘਟਨਾ ਨੂੰ ਵੇਰਵੇ ਨਾਲ ਜਾਨਣ ਲਈ ਇਸ ਇਲਾਕੇ ਦੀ ਭਗੋਲਕ, ਆਰਥਿਕ ਅਤੇ ਰਾਜਨੀਤਿਕ ਹਾਲਤ ਜਾਨਣਾ ਜ਼ਰੂਰੀ ਹੈ। ਇਹ ਇਲਾਕਾ ਜ਼ਿਲਾ ਮਿਦਨਾਪੁਰ ਦੇ ਪੱਛਮ 'ਚ ਹੈ ਇਸੇ ਲਈ ਇਸਨੂੰ ਪੱਛਮੀ ਮਿਦਨਾਪੁਰ ਵੀ ਕਿਹਾ ਜਾਂਦਾ ਹੈ। ਪੂਰਬੀ ਮਿਦਨਾਪੁਰ ਵਿਚ ਨੰਦੀਗਰਾਮ ਤੇ ਖੰਜੂਰੀ ਵਰਗੇ ਇਲਾਕੇ ਆਉਂਦੇ ਹਨ ਜੋ ਪਿਛਲੇ ਸਮੇਂ ਚੋਣਾਂ ਤੋਂ ਪਹਿਲਾਂ ਮਮਤਾ ਬੈਨਰਜ਼ੀ ਖੋਹ ਕੇ ਲੈ ਗਈ ਸੀ। ਮਿਦਨਾਪੁਰ ਸਾਰੇ ਭਾਰਤ 'ਚ ਸਭ ਤੋਂ ਵੱਡਾ ਜ਼ਿਲ੍ਹਾ ਹੈ ਜਿਸ 'ਚ 35 ਅਸੈਂਬਲੀ ਇਲਾਕੇ ਹਨ 5 ਪਾਰਲੀਮੈਂਟ ਖੇਤਰ। ਇਸ ਜ਼ਿਲ੍ਹੇ ਦੀ ਹੱਦ ਛਤੀਸ਼ਗੜ੍ਹ ਨਾਲ ਲਗਦੀ ਹੈ ਜਿਸਨੂੰ ਮਾਓਇਸਟਾਂ ਦਾ ਗੜ੍ਹ ਮੰਨਿਆ ਜਾਂਦਾ ਹੈ। ਇਸ ਕਬਾਇਲੀ ਵਸੋਂ ਵਾਲੇ ਅਤੇ ਜੰਗਲੀ ਧੰਨ ਨਾਲ ਭਰਪੂਰ ਇਲਾਕੇ 'ਚ ਸੀ ਪੀ ਐਮ ਨੇ ਆਪਣੇ 32 ਸਾਲਾਂ ਦੇ ਰਾਜ 'ਚ ਵਿਕਾਸ ਪੱਖੋਂ ਡੱਕਾ ਤੋੜਕੇ ਵੀ ਦੂਹਰਾ ਨਹੀਂ ਕੀਤਾ। ਜਿਥੋਂ ਹਰ ਵਾਰ 35 ਐਮ ਐਲ ਏ ਚੁਣਕੇ ਜਾਂਦੇ ਹੋਣ ਤੇ ਪੰਜ ਮੈਂਬਰ ਪਾਰਲੀਮੈਂਟ, ਉਥੇ ਸੜਕਾਂ, ਸਕੂਲਾਂ ਜਾਂ ਹਸਪਤਾਲਾਂ ਦੀ ਕੋਈ ਖਾਸ ਸਹੂਲਤ ਨਹੀਂ। ਬਿਜਲੀ ਪਾਣੀ ਦਾ ਕੋਈ ਪ੍ਰਬੰਧ ਨਹੀਂ। ਲੋਕ ਮਿੱਟੀ ਦੇ ਘੁਰਨਿਆਂ ਵਰਗੇ ਘਰਾਂ 'ਚ ਰਹਿੰਦੇ ਹਨ ਅਤੇ ਕਈ ਪਰਿਵਾਰ ਅੱਜ ਵੀ ਇਕ ਵਕਤ ਦੀ ਰੋਟੀ ਨਾਲ ਹੀ ਗੁਜਾਰਾ ਕਰਦੇ ਹਨ। ਦੂਜੇ ਪਾਸੇ ਅਫਸਰਸ਼ਾਹੀ, ਪਾਰਟੀ ਕਾਰਕੁੰਨਾਂ ਅਤੇ ਜੰਗਲ ਦੇ ਠੇਕੇਦਾਰਾਂ ਨੂੰ ਜਨਤਾ ਨੂੰ ਲੁੱਟਣ ਤੇ ਕੁਟਣ ਦੀ ਖੁੱਲ੍ਹ ਹੈ। ਸੀ ਪੀ ਐਮ ਦੇ ਕਾਰਕੁੰਨਾਂ ਨੇ ਤਾਂ ਇਥੇ ਆਪਣੀਆਂ ਆਪਣੀਆਂ ਮਿੰਨੀ ਰਿਆਸਤਾਂ ਕਾਇਮ ਕਰ ਰੱਖੀਆਂ ਸਨ। ਕੇਂਦਰ ਵਲੋਂ ਇੰਦਰਾ ਵਿਕਾਸ ਯੋਜਨਾ ਅਧੀਨ ਇਲਾਕੇ ਦੇ ਵਿਕਾਸ ਲਈ ਆਉਂਦਾ ਧੰਨ ਸਿੱਧਾ ਉਨ੍ਹਾਂ ਦੀਆਂ ਜੇਬਾਂ 'ਚ ਜਾਂਦਾ ਸੀ। ਇਸ ਸਹੂਲਤਾਂ ਤੋਂ ਸੱਖਣੇ ਇਲਾਕੇ 'ਚ ਉਨ੍ਹਾਂ ਆਲੀਸ਼ਾਨ ਦਫਤਰ ਤੇ ਬੰਗਲੇ ਬਣਾ ਰੱਖੇ ਸਨ ਜੋ ਅਸੀਂ ਟੀ ਵੀ ਚੈਨਲਾਂ 'ਤੇ ਤਾਸ਼ ਦੇ ਪੱਤਿਆਂ ਵਾਂਗ ਢਹਿ ਢੇਰੀ ਹੁੰਦੇ ਦੇਖੇ ਹਨ। ਟਾਈਮਜ਼ ਆਫ ਇੰਡੀਆ ਨੇ ਸੀ ਪੀ ਐਮ ਦੇ ਜਬਰ ਨੂੰ ਬਿਆਨਦੀ ਇਕ 25 ਸਾਲਾ ਮਨੋਜ ਦੀ ਕਹਾਣੀ ਦੱਸੀ ਹੈ ਜਿਸਨੂੰ ਲੋਕਾਂ ਦੀ ਹੱਕੀ ਅਵਾਜ਼ ਬੁਲੰਦ ਕਰਨ ਬਦਲੇ ਮਾਓਵਾਦੀ ਗਰਦਾਨ ਕੇ ਅੰਨੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਤੇ ਹੁਣ ਉਹ ਸੱਚੀ ਮੁੱਚੀ ਦਾ ਮਾਓਇਸਟ ਕਾਰਕੁੰਨ ਹੈ। ਇਸੇ ਤਰ੍ਹਾਂ ਬੁੱਧਦੇਵ ਦੀ ਫੇਰੀ ਵੇਲੇ ਸਲਬੋਨੀ ਦੇ ਸਥਾਨ ਇਕ ਬੰਬ ਧਮਾਕਾ ਕੀ ਹੋਇਆ ਕਿ ਸਾਰੇ ਇਲਾਕੇ 'ਚ ਜ਼ਬਰ ਤੇ ਤਸ਼ੱਦਦ ਦੀ ਹਨੇਰੀ ਝੁਲਾ ਦਿੱਤੀ ਗਈ ਅਤੇ ਬਾਅਦ 'ਚ ਸੱਤ ਨਿਰਦੋਸ਼ ਲੋਕਾਂ ਤੇ ਕੇਸ ਪਾ ਕੇ ਅੰਦਰ ਕਰ ਦਿੱਤੇ ਗਏ ਜਿਨ੍ਹਾਂ 'ਚ ਤਿੰਨ ਸਕੂਲ ਦੇ ਵਿਦਿਆਰਥੀ ਸਨ।

ਸੋ ਅੰਦਰੋਂ ਗਰੀਬੀ ਅਤੇ ਲਾਚਾਰੀ ਅਤੇ ਬਾਹਰੋਂ ਸਰਕਾਰੀ ਤਸ਼ੱਦਦ ਦੀ ਦੁਹੱਥੜੀ ਮਾਰ ਤੋਂ ਬਚਣ ਲਈ ਲੋਕਾਂ ਨੇ ਪੂਰੀ ਸਰਗਰਮੀ ਨਾਲ ਅਤੇ ਮਾਓਇਸਟਾਂ ਦੀ ਰਹਿਨੁਮਾਈ ਹੇਠ ਪੀ ਸੀ ਪੀ ਏ ਨੂੰ ਭੇਜਿਆ ਅਤੇ ਇਸ ਕਮੇਟੀ ਨੇ 4-5 ਮਹੀਨਿਆਂ 'ਚ ਹੀ ਇਸ ਧੰਨ ਨਾਲ ਆਪਣੇ ਪੀਣ ਲਈ ਪਾਣੀ ਦੇ ਟੈਂਕ ਬਣਵਾਏ, ਸੜਕਾਂ ਠੀਕ ਕੀਤੀਆਂ ਤੇ ਰਸਤੇ ਬਣਵਾਏ, ਖੇਤੀ ਲਈ ਪਾਣੀ ਦਾ ਪ੍ਰਬੰਧ ਕੀਤਾ ਅਤੇ ਕਤਾਪਗੜ੍ਹੀ ਦੇ ਸਥਾਨ ਤੇ ਇਕ ਸਿਹਤ ਕੇਂਦਰ ਵੀ ਕਾਇਮ ਕੀਤਾ। ਸੀ ਪ ਐਮ ਦੀ ਲਾਲ ਸਰਕਾਰ ਜੋ ਕੁਝ 32 ਸਾਲਾਂ ਵਿਚ ਨਾ ਕਰ ਸਕੀ ਉਸ ਦੀ ਚੰਗੀ ਸ਼ੁਰੂਆਤ ਲੋਕਾਂ ਨੇ 4-5 ਮਹੀਨਿਆਂ 'ਚ ਹੀ ਕਰ ਦਿਖਾਈ। ਪੜਤਾਲੀਆ ਅਤੇ ਨਿਰਪੱਖ ਕਿਸਮ ਦੇ ਮੀਡੀਏ ਦੀਆਂ ਰਿਪੋਰਟਾਂ ਤੋਂ ਪਤਾ ਲਗਦਾ ਹੈ ਕਿ ਮੁਕਤੀ ਦੇ 6 ਮਹੀਨਿਆਂ 'ਚ ਲਾਲਗੜ੍ਹ ਦੇ ਲੋਕਾਂ ਨੂੰ ਪਹਿਲੀ ਵਾਰ ਬਿਨਾਂ ਕਿਸੇ ਭੈ ਤੋਂ ਜਿਉਣ ਦਾ ਅਹਿਸਾਸ ਹੋਇਆ ਹੈ।

ਸੀ ਪੀ ਐਮ ਅਤੇ ਮਾਓਵਾਦੀਆਂ ਨੂੰ ਪਤਾ ਸੀ ਕਿ ਲਾਲਗੜ੍ਹ 'ਚ ਉਨ੍ਹਾਂ ਦੀ ਵਕਤੀ ਤੇ ਅਸਾਨ ਕਾਮਯਾਬੀ ਦਾ ਮੁੱਖ ਕਾਰਨ ਰਾਜ-ਭਾਗ ਦੀਆਂ ਮਾਲਕ ਪਾਰਟੀਆਂ ਦੀ ਆਪਸੀ ਤਿੱਖੀ ਖਹਿਬਾਜ਼ੀ ਹੈ। ਉਹ ਇਹ ਵੀ ਜਾਣਦੇ ਸਨ ਕਿ ਲਾਲਗੜ੍ਹ ਵਰਗਾ ਮੁਕਤੀ ਘੋਲ ਜਦੋਂ ਸਿਰੋਂ ਲੰਘਣ ਲੱਗਣਾ ਹੈ ਤਾਂ ਇੰਨ੍ਹਾਂ ਇਸ ਘੋਲ ਨੂੰਕੁਚਲਣ ਲਈ ਇਕ ਜੁੱਟ ਹੋ ਜਾਣਾ ਹੈ ਅਤੇ ਇਹੋ ਹੋਇਆ। ਸੀ ਪੀ ਐਮ ਦੀ ਪੁਲਸ ਅਤੇ ਤਾਮਿਲ ਮਨੀਲਾ ਕਾਂਗਰਸ ਤੇ ਕਾਂਗਰਸ ਵਾਲੇ ਕੇਂਦਰ ਦੇ ਅਰਧ ਫੌਜੀ ਦਸਤਿਆਂ ਨੇ ਲਾਲਗੜ੍ਹ ਤੇ ਧਾਵਾ ਬੋਲ ਦਿੱਤਾ ਹੈ। ਉਨਾਂ ਦੇ ਹਥਿਆਰ ਤੇ ਪਹਿਰਾਵਾ ਯੁੱਧ ਖੇਤਰ ਵਾਲਾ ਹੈ। ਸੀ ਪੀ ਐਮ ਦੀਆਂ ਵਰਦੀਆਂ ਫੌਜੀਆਂ ਵਾਂਗ ਫਿੱਕੇ ਤੇ ਗੂੜੇ ਬਨਸਪਤੀ ਰੰਗ ਦੀਆਂ ਹਨ ਤੇ ਟੋਪੀਆਂ 'ਚ ਪੱਤੇ ਟੁੰਗੇ ਹੋਏ ਹਨ। ਉਨ੍ਹਾਂ ਦੇ ਹੱਥੀਂ ਸਵੈ-ਚਾਲਕ ਗੰਨਾਂ ਤੇ ਮਸ਼ੀਨ ਗੰਨਾਂ ਤੇ ਰਾਕਟ ਲਾਂਚਰ ਹਨ। ਦੂਜੇ ਪਾਸੇ ਪੀ ਸੀ ਪੀ ਏ ਦੇ ਕਾਰਕੁੰਨਾ ਕੋਲ ਉਨਾਂ ਦੇ ਰਵਾਇਤੀ ਹਥਿਆਰ ਟਕੂਏ, ਨੇਜ਼ੇ, ਕੁਹਾੜੇ, ਤੀਰ ਕਮਾਨ ਆਦਿ ਹਨ। ਸਰਕਾਰ ਇੰਨਾਂ ਨੂੰ ਮਾਓਵਾਦੀਆਂ ਦੀ ਮਨੁੱਖੀ ਢਾਲ ਦਸਦੀ ਹੈ ਪਰ ਇਹ ਉਹ ਹੀ ਲੋਕ ਹਨ ਤੇ ਉਹ ਹੀ ਹਥਿਆਰ ਹਨ ਜਿੰਨਾਂ ਨਾਲ ਇੰਨ੍ਹਾਂ ਨੇ 6 ਮਹੀਨੇ ਪਹਿਲਾਂ ਲਾਲਗੜ੍ਹ ਤੋਂ ਸਰਕਾਰ ਦਾ ਬਿਸਤਰਾ ਗੋਲ ਕੀਤਾ ਸੀ। ਮਾਓਵਾਦੀ ਉਦੋਂ ਵੀ ਇਨ੍ਹਾਂ ਦੇ ਪਿੱਛੇ ਸਨ ਤੇ ਹੁਣ ਵੀ ਇੰਨ੍ਹਾਂ ਦੇ ਪਿੱਛੇ ਹਨ। ਉਨਾਂ ਦੀਆਂ ਬਰੂਦੀ ਸੁਰੰਗਾਂ ਸਰਕਾਰੀ ਅਪਰੇਸ਼ਨ ਦੀ ਤੋਰ ਨੂੰ ਮੱਠਾ ਤਾਂ ਕਰ ਸਕਦੀਆਂ ਹਨ ਪਰ ਰੋਕ ਨਹੀਂ ਸਕਣਗੀਆਂ। ਸੋ ਜਲਦ ਹੀ ਇਹ ਇਲਾਕਾ ਫਿਰ ਸੀ ਪੀ ਐਮ ਦੀ ਸਰਕਾਰ ਦੇ ਕਬਜ਼ੇ 'ਚ ਆ ਜਾਣਾ ਹੈ। ਸ਼ਾਇਦ ਇਸ ਲੇਖ ਦੇ ਛਪਣ ਤੱਕ ਆ ਹੀ ਗਿਆ ਹੋਵੇ। ਹੁਣ ਦੇਖਣ ਵਾਲੀਆਂ ਦੋ ਗੱਲਾਂ ਹਨ। ਪਹਿਲੀ ਗੱਲ ਇਹ ਹੈ ਕਿ ਸੀ ਪੀ ਐਮ ਆਪਣੀ ਇਸ ਫੌਜੀ ਜਿੱਤ ਨੂੰ ਅਤੇ ਮਾਓਵਾਦੀਆਂ ਦੀ ਇਸ ਮੁੱਕਤੀ-ਯੁੱਧ 'ਚ ਹਾਰ ਨੂੰ ਪੱਕੇ ਪੈਰੀਂ ਕਰਨ ਲਈ ਇਲਾਕੇ 'ਚ ਤਸ਼ੱਦਦ ਦਾ ਦੌਰ ਚਲਾਉਂਦੀ ਹੈ (ਤਾਂ ਕਿ ਲੋਕ ਦਹਿਸ਼ਤ ਵੱਸ ਮਾਓਵਾਦੀਆਂ ਤੋਂ ਤੋੜ ਵਿਛੋੜਾ ਕਰ ਲੈਣ) ਜਾਂ ਇਸ ਬਗਾਵਤ ਦੇ ਕਾਰਨਾਂ ਨੂੰ ਸਮਝਦੀ ਹੋਈ ਆਪਣੇ ਪਾਰਟੀ ਕਾਰਕੁੰਨਾਂ ਅਤੇ ਇਲਾਕੇ ਵਿਚਲੀ ਪੁਲਿਸ ਤੇ ਹੋਰ ਅਫਸਰਸ਼ਾਹੀ ਨੂੰ ਨੱਥ ਪਾਉਂਦੀ ਹੈ ਤੇ ਇਲਾਕੇ ਦੇ ਵਿਕਾਸ ਕਰਨ ਬਾਰੇ ਸੋਚਦੀ ਹੈ ਤਾਂ ਕਿ ਲਾਲਗੜ੍ਹ ਦੇ ਲੋਕ ਬਿਨਾਂ ਸਰਕਾਰੀ ਭੈ ਦੇ ਖੁਸ਼ੀ ਨਾਲ ਜਿਉਂ ਸਕਣ। ਦੂਜੇ ਪਾਸੇ ਇਹ ਵੀ ਗੱਲ ਵੀ ਦੇਖਣ ਵਾਲੀ ਹੋਵੇਗੀ ਕਿ ਮਾਓਵਾਦੀ ਤੇ ਪੀ ਸੀ ਪੀ ਏ ਦੇ ਆਗੂ ਇਸ ਹਾਰ ਨੂੰ ਮਾਓ-ਜੇ-ਤੁੰਗ ਵਾਂਗ ਇਕ ਲੰਬੇ ਕੂਚ (ੋਨਗ ੰਅਰਚਹ) ਵਰਗੇ ਅਰਥ ਦੇ ਸਕਣਗੇ ਤਾਂ ਕਿ ਲਾਲਗੜ੍ਹ ਦੇ ਲੜਾਕਿਆਂ ਦੇ ਹੌਂਸਲੇ ਪਸਤ ਹੋਣ ਦੀ ਬਜਾਏ ਹੋਰ ਬੁਲੰਦ ਹੋ ਜਾਣ ਤੇ ਉਹ ਆਪਣੀ ਪੂਰਨ ਮੁਕਤੀ ਲਈ ਸੰਘਰਸ਼ ਕਰਨ ਲਈ ਪਹਿਲਾਂ ਨਾਲੋਂ ਵੀ ਵੱਧ ਉਤਸਕ ਤੇ ਕਾਹਲੇ ਪੈ ਜਾਣ।

ਲਾਲਗੜ੍ਹ ਦੇ ਮਸਲੇ ਨੂੰ ਜਾਨਣ ਲਈ ਇਸ ਬਗਾਵਤ ਤੋਂ ਪਹਿਲਾਂ ਤੇ ਪਿਛੋਂ ਇਕ ਪਾਸੇ ਸੂਬੇ ਦੀਆਂ ਤਿੰਨੋਂ ਮੁੱਖ ਪਾਰਟੀਆਂ ਸੀ ਪੀ ਐਮ ਤਿਰਨਮੂਲ, ਕਾਂਗਰਸ, ਅਤੇ ਕਾਂਗਰਸ ਦੂਜੇ ਪਾਸੇ ਮਾਓਵਾਦੀਆਂ ਦੀ ਪੁਜ਼ੀਸ਼ਨ ਸਮਝਣੀ ਜ਼ਰੂਰੀ ਹੈ। ਪੱਛਮੀ ਬੰਗਾਲ 'ਚ ਸੀ ਪੀ ਐਮ ਸੱਤਾ ਬਚਾਉਣ ਲਈ ਅਤੇ ਤਿਰਨਮੂਲ ਕਾਂਗਰਸ ਅਤੇ ਕਾਂਗਰਸ ਸੱਤਾ ਖੋਹਣ ਲਈ ਤਰਲੋ ਮੱਛੀ ਹੋ ਰਹੀਆਂ ਹਨ। ਮਮਤਾ ਬੈਨਰਜੀ ਨੂੰ ਹੋਰ ਕੁਝ ਦਿਸਦਾ ਹੀ ਨਹੀਂ। ਸੀ ਪੀ ਐਮ ਵਲੋਂ 32 ਸਾਲ ਆਪਹੁਦਰੇ ਢੰਗ ਨਾਲ ਰਾਜ ਕਰਨ ਕਾਰਣ ਖਰਾਬ ਹੋਈ ਸ਼ਾਖ, ਪ੍ਰਕਾਸ਼ ਕਾਰਤ ਵਲੋਂ ਆਪਣੀ ਜਿੱਦ ਕਾਰਨ ਪ੍ਰਮਾਣੂ-ਸੰਧੀ ਦੇ ਸਬੰਧ 'ਚ ਕਾਂਗਰਸ ਨਾਲ ਕਾਟੀ ਕਰ ਲੈਣ ਅਤੇ ਪਿਛਲੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਅਤੇ ਭਾਜਪਾ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਪ੍ਰਧਾਨ ਮੰਤਰੀ ਦੀ ਪੋਸਟ ਦੇ ਨਿਯੁਕਤੀ ਪੱਤਰ ਵੰਡਦੇ ਫਿਰਨ ਵਾਲੇ ਪ੍ਰਕਾਸ਼ ਕਾਰਤ ਦੀ ਆਪਣੀ ਪਾਰਟੀ ਦਾ ਹੀ ਚੋਣਾਂ 'ਚ ਚਿੱਤ ਹੋ ਜਾਣਾ ਕੁਝ ਅਜਿਹੇ ਤੱਥ ਹਨ ਜਿੰਨ੍ਹਾਂ ਨੇ ਸੀ ਪੀ ਐਮ ਨੂੰ ਬਚਾਅ ਵਾਲੇ ਪਾਲੇ ਤੇ ਲਿਆ ਖੜ੍ਹਾ ਕੀਤਾ ਹੈ। ਕਾਰਤ ਦੇ ਤੀਜੇ ਮੋਰਚੇ ਦੀ ਫੂਕ ਨਿਕਲਣ ਕਾਰਨ ਤੇ ਆਪਣੀ ਜਿੱਤ ਕਾਰਨ ਤਿਰਨਮੂਲ ਕਾਂਗਰਸ ਅਤੇ ਕਾਂਗਰਸ ਹਮਲਾਵਰ ਪੁਜ਼ੀਸ਼ਨਾਂ 'ਤੇ ਆ ਗਈਆਂ ਹਨ। ਸਿੰਗੂਰ ਤੇ ਨੰਦੀਗ੍ਰਾਮ ਦੇ ਮੋਰਚੇ ਇਸੇ ਲੜਾਈ ਦਾ ਹਿਸਾ ਸਨ ਜਿਥੇ ਮਮਤਾ ਵਰਗੀ ਬੜਬੋਲੀ ਨੇਤਾ ਨੇ ਸਿਧਾਂਤ ਅਤੇ ਦਲੀਲ ਨਾਲ ਗੱਲਕਰਨ ਵਾਲੇ ਕਾਮਰੇਡਾਂ ਨੂੰ ਬੁਰੀ ਤਰ੍ਹਾਂ ਮਾਤ ਦੇ ਦਿੱਤੀ। ਉਸਨੇ ਗਲਤੀ ਇਹ ਕਰ ਲਈ ਕਿ ਉਸਨੇ ਇੰਨਾ ਮੋਰਚਿਆਂ 'ਚ ਜਿੱਤ ਪ੍ਰਾਪਤ ਕਰਨ ਲਈ ਮਾਓਵਾਦੀਆਂ ਦੀ ਸਰਗਰਮ ਮਦਦ ਲਈ ਜਿਸਦੇ ਭੂਤ ਨੇ ਤਿਰਨਮੂਲ ਕਾਂਗਰਸ ਦਾ ਪਿੱਛਾ ਕਦੇ ਨਹੀਂ ਛੱਡਣਾ। ਜਿਉਂ ਜਿਉਂ ਮਮਤਾ ਨੂੰ ਸਿਆਸੀ ਸ਼ਕਤੀ ਮਿਲਦੀ ਜਾਣੀ ਹੈ ਤਿਉਂ ਤਿਉਂ ਇਸ ਭੂਤ ਨੇ ਭਿਆਨਕ ਹੁੰਦੇ ਜਾਣਾ ਹੈ। ਲਾਲਗੜ੍ਹ ਦੇ ਮਸਲੇ ਤੇ ਮਾਓਵਾਦੀ ਮਮਤਾ ਨੂੰ ਮਦਦ ਕਰਨ ਲਈ ਕਹਿ ਰਹੇ ਸਨ ਖਾਸ ਕਰਕੇ ਇਕ ਕੇਂਦਰੀ ਮੰਤਰੀ ਦੇ ਤੌਰ 'ਤੇ ਉਨਾਂ ਨੂੰ ਇਹ ਵੀ ਪਤਾ ਹੈ ਕਿ ਕਿਸੇ ਵੀ ਪਾਰਲੀਮੈਂਟਰੀ ਪਾਰਟੀ ਨੂੰ ਉਨਾਂ ਦੀ ਮਦਦ ਕਰਨਾ ਬਿਲਕੁਲ ਵੀ ਵਾਰਾ ਨਹੀਂ ਖਾਵੇਗਾ। ਲਾਲਗੜ੍ਹ ਮੋਰਚੇ ਦੇ ਮਾਓਵਾਦੀ ਨੇਤਾ ਕੋਤੇਸ਼ਵਰ ਰਾਓ ਉਰਫ਼ ਕਿਸ਼ਨ ਜੀ ਨੇ ਟੀਵੀ ਇੰਟਰਵਿਊ 'ਚ ਸਾਫ ਕਿਹਾ ਕਿ ਉਨਾਂ ਪੂਰਬੀ ਮਿਦਨਾਪੁਰ ਦੇ ਮੋਰਚਿਆਂ 'ਚ ਮਮਤਾ ਦੀ ਪੂਰੀ ਮਦਦ ਕੀਤੀ ਹੈ ਹੁਣ ਉਸਨੂੰ ਪੱਛਮੀ ਮਿਦਨਾਪੁਰ (ਲਾਲਗੜ੍ਹ) 'ਚ ਮਾਓਵਾਦੀਆਂ ਦੀ ਮਦਦ ਕਰਨੀ ਚਾਹੀਦੀ ਹੈ। ਘੱਟੋ ਘੱਟ ਇਕ ਕੇਂਦਰੀ ਮੰਤਰੀ ਦੇ ਤੌਰ ਤਾਂ ਕਰੇ ਜਦੋਂਕਿ ਕੇਂਦਰ ਸਰਕਾਰ ਨੇ ਮਾਓਵਾਦੀ ਪਾਰਟੀ ਨੂੰ ਅੱਤਵਾਦੀ ਘੋਸ਼ਤ ਕਰਕੇ ਇਸ 'ਤੇ ਪਾਬੰਦੀ ਲਾ ਦਿੱਤੀ ਹੈ। ਮਮਤਾ ਵਲੋਂ ਮਾਓਵਾਦੀਆਂ ਤੋਂ ਲਈ ਮਦਦ ਕਾਰਨ ਪਾਰਲੀਮੈਂਟ 'ਚ ਉਸਤੋਂ ਅਸਤੀਫੇ ਦੀ ਮੰਗ ਵੀ ਹੋ ਸਕਦੀ ਹੈ। ਮਾਓਵਾਦੀਆਂ ਨੂੰ ਇਹ ਵੀ ਪਤਾ ਹੈ ਕਿ ਲਾਲਗੜ੍ਹ 'ਚ ਉਨ੍ਹਾਂ ਦੇ ਪੈਰ ਲਗਣ ਦਾ ਕਾਰਨ ਲੋਕਾਂ ਦੀ ਹਾਲਤ ਬਦਤਰ ਹੋਣ ਦੇ ਨਾਲ-ਨਾਲ ਮਮਤਾ ਤੇ ਸੀ ਪੀ ਐਮ ਦੀ ਆਪਸੀ ਵਿਰੋਧਤਾ ਵੀ ਹੈ। ਉਹ ਚਾਹੁਣਗੇ ਕਿ ਇਹ ਵਿਰੋਧਤਾ ਹੋਰ ਤਿੱਖੀ ਹੋਵੇ ਅਤੇ ਸੂਬੇ ਦੀਆਂ ਆਉਣ ਵਾਲੀਆਂ ਅਸੈਂਬਲੀ ਚੋਣਾਂ ਤੱਕ ਇਹ ਛਲਮਿਅਣ ਤੇ ਪਹੁੰਚ ਜਾਣੀ ਹੈ ਜਿਸਦਾ ਮਾਓਵਾਦੀਆਂ ਨੇ ਲਾਗ ਲੈਣਾ ਹੀ ਲੈਣਾ ਹੈ।

ਇਸ ਸਾਰੀ ਖੇਡ 'ਚ ਕਾਂਗਰਸ ਨੇ ਬਹੁਤ ਸੇਫ ਗੇਮ ਖੇਡੀ ਹੈ। ਨੰਦੀਗ੍ਰਾਮ 'ਚ ਉਸਨੇ ਮਮਤਾ ਦੀ ਮਦਦ ਵੀ ਕੀਤੀ ਤੇ ਜੱਗ ਜਾਹਿਰ ਵੀ ਨਹੀਂ ਹੋਈ। ਚੋਣਾਂ 'ਚ ਉਸਨੇ ਮਮਤਾ ਨਾਲ ਹੱਥ ਮਿਲਾਇਆ ਤਾਂ ਆਪਣੇ ਵੀ ਵਧ ਐਮ.ਪੀ. ਜਿਤਾਏ ਤੇ ਉਸਨੂੰ ਮਮਤਾ ਦੇ ਵੀ 23 ਐਮ.ਪੀ. ਮਿਲ ਗਏ। ਲਾਲਗੜ੍ਹ ਦੇ ਮਸਲੇ ਤੇ ਕਾਂਗਰਸ ਮਾਓਵਾਦੀਆਂ ਦੀ ਸਿੱਧੀ ਟਕਰ ਸੂਬਾ ਸਰਕਾਰ ਨਾਲ ਕਰਵਾਉਣਾ ਚਾਹੁੰਦੀ ਸੀ। ਕਦੇ ਕਹਿੰਦੀ ਸੀ ਕਿ ਸੂਬਾ ਸਰਕਾਰ ਮਾਓਵਾਦੀਆਂ ਤੇ ਕਾਨੂੰਨੀ ਪਾਬੰਦੀ ਲਾਵੇ, ਕਦੇ ਕਹਿੰਦੀ ਸੀ ਕਿ ਇਸ ਮਸਲੇ ਦੇ ਇਥੋਂ ਤੱਕ ਪਹੁੰਚਣ ਲਈ ਸਿੱਧੀ ਸਿੱਧੀ ਸੂਬਾ ਸਰਕਾਰ ਜ਼ਿੰਮੇਵਾਰ ਹੈ ਇਸੇ ਲਈ ਕੇਂਦਰ ਨੇ ਅਰਧ ਸੈਨਿਕਾਂ ਦੀਆਂ ਟੁਕੜੀਆਂ ਨੂੰ ਕਈ ਦਿਨ ਪਿੱਛੇ ਹੀ ਰੋਕੀ ਰੱਖਿਆ। ਕਾਂਗਰਸ ਦੇ ਬੁਲਾਰੇ ਮੁਨੀਸ਼ ਤਿਵਾੜੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਜਾਂ ਸੀ ਪੀ ਐਮ ਸਰਕਾਰ ਮਾਓਵਾਦੀਆਂ ਨੂੰ ਕਾਬੂ ਕਰੇ ਤੇ ਜਾਂ ਰਾਜ ਭਾਗ ਤੋਂ ਲਾਂਭੇ ਹੋਵੇ। ਪਰ ਸੀ ਪੀ ਐਮ ਸਰਕਾਰ ਨੇ ਕਿਸੇ ਪਾਸਿਓਂ ਹੱਥ ਨਹੀਂ ਪੈਣ ਦਿੱਤਾ ਤੇ ਅੰਤ ਨੂੰ ਕੇਂਦਰ ਨੂੰ ਅਰਧ-ਸੈਨਕ ਲਾਲਗੜ੍ਹ 'ਚ ਦਾਖਲ ਕਰਨੇ ਹੀ ਪਏ। ਸੀ ਪੀ ਐਮ ਸਰਕਾਰ ਨੇ ਤਾਂ ਸਗੋਂ ਆਪਣੀ ਪੁਲੀਸ ਨੂੰ ਸਿਰਫ ਲਾਠੀ, ਰਬੜ ਦੀਆਂ ਗੋਲੀਆਂ ਅਤੇ ਧੂੰਏ ਵਾਲੇ ਬੰਬ ਵਰਤਣ ਦਾ ਹੁਕਮ ਦਿੱਤਾ ਹੈ। ਸੋ ਲਾਲਗੜ੍ਹ ਮਾਮਲੇ ਤੇ ਤਿਰਨਮੂਲ ਕਾਂਗਰਸ ਤੇ ਕਾਂਗਰਸ ਸੀ ਪੀ ਐਮ ਨੂੰ ਠਿੱਬੀ ਲਾਉਣ ਦੀ ਤਾਕ 'ਚ ਹਨ ਅਤੇ ਸੀ ਪੀ ਐਮ ਇੰਨਾਂ ਦੋਵਾਂ ਨੂੰ ਅਤੇ ਮਾਓਵਾਦੀ ਇੰਨਾਂ ਤਿੰਨਾਂ ਨੂੰ ਹੀ। ਮਾਓਵਾਦੀ ਇੰਨਾਂ ਦੇ ਆਪਸੀ ਵਿਰੋਧ ਤੇ ਖੁਦਗਰਜੀ ਨੂੰ ਵਰਤਕੇ ਤੇ ਲੋਕਾਂ ਨੂੰ ਇੰਨਾਂ ਤਿੰਨਾਂ ਦੇ ਖਿਲਾਫ਼ ਲਾਮਬੰਦ ਕਰਕੇ ਇਸ ਸੂਬੇ 'ਚ ਆਪਣਾ ਘੇਰਾ ਹੋਰ ਵਧਾਉਣ 'ਤੇ ਸਿਸ਼ਤ ਲਾਈ ਬੈਠੇ ਹਨ।

## ਮਾਓਵਾਦੀਆਂ ਲਈ ਵੱਡੀ ਜਿੱਤ ਹੈ ਸੇਲਵਾ ਜੁਡਮ ਦਾ ਹੇਠਾਂ ਡਿੱਗਣਾ

**ਬੀਜਾਪੁਰ (ਛਤੀਸਗੜ੍ਹ):** ਬਸਤਰ ਇਲਾਕੇ ਵਿਚ ਕਬਾਇਲੀਆਂ ਵਲੋਂ ਅਰੰਭੀ ਗਈ ਲਹਿਰ ਸੇਲਵਾ ਜੁਡਮ ਦੇ ਸਫਾਏ ਲਈ ਮਾਓਵਾਦੀਆਂ ਦੀ ਮੁਹਿੰਮ ਨੂੰ ਫਲ ਪੈਣ ਲੱਗਾ ਹੈ ਅਤੇ ਚਾਰ ਕੁ ਸਾਲ ਪਹਿਲਾਂ 'ਲਾਲ ਦਹਿਸ਼ਤ' ਖਿਲਾਫ ਖੜ੍ਹੀ ਹੋਈ ਲੋਕ ਲਹਿਰ ਲਗਭਗ ਮੁੱਕ ਹੀ ਗਈ ਹੈ।

ਇਹ ਮਾਓਵਾਦੀਆਂ ਲਈ ਵੱਡੀ ਜਿੱਤ ਹੈ। ਇਲਾਕੇ ਬਾਰੇ ਅਤੇ ਨਕਸਲਵਾਦ ਬਾਰੇ ਚੰਗਾ ਰਸੂਖ ਰੱਖਣ ਵਾਲੇ ਨਾਮਵਰ ਪੱਤਰਕਾਰ ਬਸੰਤ ਕੁਮਾਰ ਤਿਵਾੜੀ (76) ਜਿਨ੍ਹਾਂ ਦੀ ਪੁਸਤਕ 'ਬਸਾਰ : ਆਧੀ ਸਦੀ ਕਾ ਸਫਰ' ਵੀ ਹਾਲ ਹੀ ਵਿਚ ਛਪੀ ਹੈ, ਨੇ ਕਿਹਾ, "ਸੇਲਵਾ ਜੁਡਮ ਦੀ ਚੜ੍ਹਾਈ ਤੋਂ ਪਹਿਲਾਂ ਹੀ ਉਸਦਾ ਮੁੱਕ ਜਾਣਾ ਬਹੁਤ ਮੰਦਭਾਗਾ ਹੈ। ਇਹ ਤਾਂ ਲਾਲ ਦਹਿਸ਼ਤ ਦੀ ਜਿੱਤ ਹੈ।"

ਹਜ਼ਾਰਾਂ ਕਬਾਇਲੀ, ਜੋ ਜੂਨ 2005 ਵਿਚ ਮਾਓਵਾਦੀ ਹਿੰਸਾ ਤੋਂ ਡਰ ਕੇ ਜੰਗਲ ਛੱਡ ਪੁਲਿਸ ਥਾਣਿਆਂ ਅਤੇ ਸੂਬਾ ਸਰਕਾਰ ਦੇ ਸ਼ਰਨਾਰਥੀ ਕੈਂਪਾਂ ਵਿਚ ਜਾ ਬੈਠੇ ਸਨ, ਮਾਓਵਾਦੀਆਂ ਵਿਰੁਧ ਲੋਕ ਲਹਿਰ ਦਾ ਆਧਾਰ ਬਣੇ। ਹੁਣ ਤਕ ਇਨ੍ਹਾਂ ਕੈਂਪਾਂ ਦੇ ਵਾਸੀਆਂ ਦੀ ਗਿਣਤੀ ਕਾਫੀ ਘੱਟ ਚੁੱਕੀ ਹੈ ਅਤੇ ਸ਼ਰਨਾਰਥੀ ਕੈਂਪ ਵੀ ਭ੍ਰਿਸ਼ਟਾਚਾਰ ਦੇ ਅੱਡੇ ਅਤੇ ਸਿਆਸਤਦਾਨਾਂ ਦੇ ਕਮਾਊ ਪੁੱਤ ਹੋਣ ਤੋਂ ਇਲਾਵਾ ਪੁਲਿਸ, ਅਫਸਰਸ਼ਾਹੀ ਅਤੇ ਠੇਕੇਦਾਰਾਂ ਲਈ ਉਗਰਾਹੀ ਦੇ ਟਿਕਾਣੇ ਬਣ ਗਏ ਹਨ। ਸੇਲਵਾ ਜੁਡਮ ਦੇ ਛੋਟੇ ਆਗੂ ਉਠ ਖੜ੍ਹੇ ਹੋਏ ਹਨ, ਜੋ ਕਈ ਪੱਖੋਂ ਮਾਓਵਾਦੀਆਂ ਵਰਗੇ ਹੀ ਹਨ।

ਮਾਓਵਾਦੀਆਂ, ਕਬਾਇਲੀਆਂ ਦੇ ਆਪਣੀ ਪਕੜ ਦੇ ਇਲਾਕੇ 'ਚੋਂ ਬਾਹਰ ਰਹਿਣ ਨੂੰ ਮਾੜਾ ਮੰਨਦੇ ਹੋਏ ਉਨ੍ਹਾਂ ਨੂੰ ਮੰਨ-ਮਨੌਤ ਕਰ ਕੇ ਵਾਪਸ ਜੰਗਲਾਂ ਵਿਚ ਲੈ ਗਏ ਹਨ ਅਤੇ ਸੇਲਵਾ ਜੁਡਮ ਨੂੰ ਖਤਮ ਕਰਨ 'ਤੇ ਤੁਲ ਗਏ ਹਨ। ਬਸਤਰ ਦੀ ਫੇਰੀ 'ਤੇ ਆਉਣ ਵਾਲੀਆਂ ਕਈ ਮਨੁੱਖੀ ਅਧਿਕਾਰ ਜਥੇਬੰਦੀਆਂ ਵਲੋਂ ਸੇਲਵਾ ਜੁਡਮ ਦੀ ਹਿੰਸਾ 'ਤੇ ਜ਼ੁਲਮ ਦੀ ਤਿੱਖੀ ਨਿਖੇਧੀ ਤੋਂ ਉਤਸ਼ਾਹਤ ਹੋਏ ਮਾਓਵਾਦੀਆਂ ਨੇ ਨੌਜਵਾਨਾਂ ਨੂੰ ਸੇਲਵਾ ਜੁਡਮ ਵਿਰੁਧ ਲਾਮਬੰਦ ਕਰਨਾ ਆਰੰਭ ਦਿੱਤਾ। ਦਿੱਲੀ ਸਕੂਲ ਆਫ ਇਕਨਾਮਿਕਸ ਵਿਚ ਸਮਾਜ ਵਿਗਿਆਨ ਦੀ ਪ੍ਰੋਫੈਸਰ ਨੰਦਿਨੀ ਸੁੰਦਰ, ਨਾਮਵਰ ਇਤਿਹਾਸਕਾਰ ਰਾਮਚੰਦਰ ਗੂਹਾ ਅਤੇ ਭਾਰਤ ਸਰਕਾਰ ਦੇ ਸਾਬਕਾ ਸਕੱਤਰ ਈ.ਏ.ਐਸ. ਸ਼ਰਮਾ ਨੇ 2007 ਵਿਚ ਸੁਪਰੀਮ ਕੋਰਟ ਵਿਚ ਸ਼ਿਕਾਇਤ ਦਾਇਰ ਕਰਕੇ ਉਸਦੇ ਹਥਿਆਰਬੰਦ ਹੋਣ ਦੇ ਆਧਾਰ 'ਤੇ ਉਸ ਵਿਰੁਧ ਰੋਕ ਮੰਗੀ। ਅਦਾਲਤ ਨੇ ਅਪ੍ਰੈਲ 2008 ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਮਾਮਲੇ ਦੀ ਘੋਖ ਦੀ ਹਦਾਇਤ ਕੀਤੀ।

ਨੰਦਿਨੀ ਸੁੰਦਰ ਅਨੁਸਾਰ 17 ਪੁਲਿਸ ਅਧਿਕਾਰੀ ਬਖਤਰਬੰਦ ਗੱਡੀਆਂ ਰਾਹੀਂ ਇਲਾਕੇ ਵਿਚ ਗਏ ਅਤੇ ਉਨ੍ਹਾਂ 'ਸੇਲਵਾ ਜੁਡਮ' ਨੂੰ ਪਿੰਡਾਂ ਦੇ ਪਿੰਡ ਸਾੜਨ ਅਤੇ ਐਸ.ਪੀ.ਓਜ਼ ਰਾਹੀਂ ਕਤਲ ਕਰਵਾਏ ਜਾਣ ਆਦਿ ਵਰਗੇ ਹਿੰਸਕ ਕਾਰਜ ਲਈ ਜ਼ਿੰਮੇਵਾਰ ਦੱਸਦਿਆਂ ਮਾਮਲਿਆਂ ਦੀ ਡੂੰਘੇਰੀ ਜਾਂਚ, ਪੀੜਤਾਂ ਨੂੰ ਮੁਆਵਜ਼ਾ ਦਿੱਤੇ ਜਾਣ, ਸ਼ਰਨਾਰਥੀਆਂ ਦੀ ਵਾਪਸੀ, ਸਕੂਲਾਂ ਵਿਚੋਂ ਸੁਰੱਖਿਆ ਦਸਤਿਆਂ ਨੂੰ ਬਾਹਰ ਕਰਨ ਦੀ ਮੰਗ ਕੀਤੀ ਅਤੇ ਸੇਲਵਾ ਜੁਡਮ ਵਿਰੁਧ ਫੈਸਲਾ ਦਿੱਤਾ। ਮਾਮਲੇ ਦੀ ਅਗਲੀ ਸੁਣਵਾਈ 6 ਅਗਸਤ 'ਤੇ ਰੱਖੀ ਗਈ ਹੈ।

## ਗੁਰੂ ਰਵਿਦਾਸ ਸਭਾ ਦੀ ਹੰਗਾਮੀ ਮੀਟਿੰਗ ਹੋਈ

**ਨਿਊਵਾਰਕ, ਕੈਲੇਫੋਰਨੀਆ:** ਸ੍ਰੀ ਗੁਰੂ ਰਵਿਦਾਸ ਸਭਾ ਦੇ ਬੋਰਡ ਆਫ ਡਾਇਰੈਕਟਰਜ਼ ਦੀ ਇਕ ਮੀਟਿੰਗ ਵਾਈਸ ਚੇਅਰਮੈਨ ਸ੍ਰੀ ਰਾਕੇਸ਼ ਕੁਮਾਰ ਨੀਟਾ ਦੇ ਸੱਦੇ ਉਤੇ 26 ਜੂਨ ਨੂੰ ਆਪਣਾ ਪੰਜਾਬ ਰੈਸਟੋਰੈਂਟ ਵਿਚ ਹੋਈ ਜਿਸ ਵਿਚ ਸਭਾ ਦੇ ਦੋ ਤਿਹਾਈ ਮੈਂਬਰਾਂ ਨੇ ਹਿੱਸਾ ਲਿਆ।

ਸਭਾ ਦੇ ਪ੍ਰਧਾਨ ਸ੍ਰੀ ਚੰਦਰ ਮੋਹਨ ਅਤੇ ਸਕੱਤਰ ਸਰਬਜੀਤ ਲਾਲ ਗੁਰੂ ਵਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਮੀਟਿੰਗ ਵਿਚ ਬਾਹਰੀ ਤਾਕਤਾਂ ਵਲੋਂ ਸਭਾ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕੀਤੀ ਗਈ ਅਤੇ ਕਮੇਟੀ ਨੂੰ ਆ ਰਹੀਆਂ ਔਕੜਾਂ ਬਾਰੇ ਵਿਚਾਰ ਕੀਤਾ ਗਿਆ। ਮੀਟਿੰਗ ਵਿਚ ਕਮੇਟੀ ਨੂੰ ਦੋ ਸਾਲ ਤੱਕ ਚਲਾਉਣ ਦਾ ਪ੍ਰਣ ਲਿਆ ਗਿਆ ਅਤੇ ਇਹ ਫੈਸਲਾ ਵੀ ਲਿਆ ਗਿਆ ਕਿ ਕਿਸੇ ਵੀ ਤਰ੍ਹਾਂ ਦੇ ਸਿਆਸੀ ਭਾਸ਼ਣਾਂ ਲਈ ਸਮਾਂ ਬਿਲਕੁਲ ਨਾ ਦਿੱਤੇ ਜਾਏ ਅਤੇ ਵੱਧ ਤੋਂ ਵੱਧ ਸਮਾਂ ਕੀਰਤਨ ਲਈ ਦਿੱਤਾ ਜਾਵੇ। ਗੁਰੂ ਘਰ ਦਾ ਅਗਲਾ ਪ੍ਰੋਗਰਾਮ 19 ਜੁਲਾਈ ਨੂੰ ਨਿਊਵਾਰਕ ਪਾਵੇਲੀਅਨ ਵਿਚ ਰੱਖਿਆ ਗਿਆ ਹੈ। ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਸ੍ਰੀ ਚੰਦਰ ਮੋਹਨ ਨੇ ਸਭ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਵੱਧ ਤੋਂ ਵੱਧ ਦਾਨ ਗੁਰੂ ਘਰ ਲਈ ਦੇਣ ਤਾਂ ਜੋ ਗੁਰੂ ਘਰ ਜਲਦੀ ਬਣ ਸਕੇ। ਮੀਟਿੰਗ ਵਿਚ ਸ੍ਰੀ ਚੰਦਰ ਮੋਹਨ, ਸ੍ਰੀ ਨੀਟਾ ਅਤੇ ਸ੍ਰੀ ਲਾਲ ਤੋਂ ਇਲਾਵਾ ਸ੍ਰੀ ਸੁਰਿੰਦਰ ਸੋਨੀ, ਦੀਪ ਸਿੰਘ, ਕਮਲ ਦੇਵ, ਬਲਵਿੰਦਰ ਕੁਮਾਰ, ਸੁਰਿੰਦਰ ਬੱਗਾ, ਜਸਵੀਰ ਸ਼ੀਮਾਰ, ਰੂਪ ਲਾਲ ਚੌਹਾਨ, ਬਲਬੀਰ ਥਿੰਦ, ਅੰਮ੍ਰਿਤ ਸਿੰਘ ਲੱਡੀ, ਡਾ. ਹਰਮੇਸ਼ ਸਿੱਧੂ, ਧਰਮਪਾਲ ਮਾਹੀ ਅਤੇ ਮਾਸਟਰ ਹਰਦਿਆਲ ਸਰੋਏ ਹਾਜਰ ਸਨ।



# ਸੁਰੱਖਿਆ ਦਸਤਿਆਂ ਦੀ ਮਾਉਵਾਦੀਆਂ ਵਿਰੁਧ ਵਿਢੀ ਮੁਹਿੰਮ ਮੁਕੰਮਲ

## ਮਾਉਵਾਦੀਆਂ ਨੇ ਕਿਹਾ ਹਥਿਆਰਬੰਦ ਸੰਘਰਸ਼ ਜਾਰੀ ਰੱਖਾਂਗੇ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**


**ਲਾਲਗੜ੍ਹ :** ਪੱਛਮੀ ਬੰਗਾਲ ਦੇ ਮਿਦਨਾਪੁਰ ਜ਼ਿਲੇ 'ਚ ਮਾਓਵਾਦੀਆਂ ਦੇ ਪ੍ਰਭਾਵ ਵਾਲੇ ਇਲਾਕੇ ਨੂੰ ਮੁਕਤ ਕਰਾਉਣ ਲਈ ਸੁਰੱਖਿਆ ਦਸਤਿਆਂ ਤੇ ਸਥਾਨਕ ਪੁਲਿਸ ਵਲੋਂ ਸ਼ੁਰੂ ਕੀਤੀ ਮੁਹਿੰਮ 12 ਦਿਨ ਬਾਅਦ 29 ਜੂਨ ਨੂੰ ਖ਼ਤਮ ਹੋ ਗਈ। ਅਧਿਕਾਰੀਆਂ ਅਨੁਸਾਰ ਸੁਰੱਖਿਆ ਦਸਤਿਆਂ ਨੇ ਸਵੇਰੇ ਹੀ ਲਾਲਗੜ੍ਹ ਤੇ ਰਾਮਗੜ੍ਹ ਖੇਤਰ ਤੋਂ ਅੱਗੇ ਵਧਣਾ ਸ਼ੁਰੂ ਕੀਤਾ ਤੇ ਦੋਹਾਂ ਪਾਸਿਆਂ ਤੋਂ ਅੱਗੇ ਵਧਦਿਆਂ ਉਹ ਕਾਟਾਪਹਾੜੀ ਕੋਲ ਪਹੁੰਚ ਗਏ।

ਸੁਰੱਖਿਆ ਦਸਤੇ ਦੱਖਣ 'ਚ ਲਾਲਗੜ੍ਹ ਤੇ ਉਤਰ 'ਚ ਕਾੜਾਸੋਲ ਤੋਂ ਰਾਮਗੜ੍ਹ ਵਲ ਅੱਗੇ ਵਧੇ। ਜ਼ਿਕਰਯੋਗ ਹੈ ਕਿ ਲਾਲਗੜ੍ਹ ਤੋਂ ਰਾਮਗੜ੍ਹ ਕਾਟਾਪਹਾੜੀ ਤੋਂ 6-6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹਨ। ਸੁਰੱਖਿਆ ਦਸਤਿਆਂ ਮੁਤਾਬਕ 12 ਕਿਲੋਮੀਟਰ ਦੇ ਇਸ ਖੇਤਰ ਵਿਚ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਵੱਡੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ।

ਅਧਿਕਾਰੀਆਂ ਅਨੁਸਾਰ ਫੌਜ ਨੇ ਕਾਟਾਪਹਾੜੀ ਉਤੇ ਸੁਰੱਖਿਆ ਕੈਂਪ ਬਣਾ ਲਿਆ ਹੈ। ਜ਼ਿਕਰਯੋਗ ਹੈ ਕਿ ਇਸ 12 ਕਿਲੋਮੀਟਰ ਦੇ ਖੇਤਰ ਵਿਚ ਪਿਛਲੇ 8 ਮਹੀਨਿਆਂ ਤੋਂ ਕੋਈ ਪੁਲਿਸ ਮੁਲਾਜ਼ਮ ਜਾਂ ਪ੍ਰਸ਼ਾਸਨ ਦਾ ਅਧਿਕਾਰੀ ਪਹੁੰਚ ਨਹੀਂ ਸਕਿਆ ਸੀ। ਉਪਰੋਕਤ ਮੁਹਿੰਮ ਨੂੰ ਸਫਲ ਕਰਾਰ ਦਿੰਦਿਆਂ ਜ਼ਿਲ੍ਹੇ ਦੇ ਪੁਲਿਸ ਮੁਖੀ ਮਨੋਜ ਵਰਮਾ ਨੇ ਕਿਹਾ ਕਿ ਹੁਣ ਅਸੀਂ ਆਮ ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ।

ਉਨ੍ਹਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਵਲੋਂ ਇਸ ਮੁਹਿੰਮ ਦੌਰਾਨ ਪ੍ਰਭਾਵਤ ਹੋਏ ਵਿਅਕਤੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਦੂਜੇ ਪਾਸੇ ਮਾਓਵਾਦੀਆਂ ਦੇ ਬੁਲਾਰੇ ਆਜ਼ਾਦ ਨੇ ਇਕ ਬਿਆਨ 'ਚ ਕਿਹਾ ਹੈ ਕਿ ਅਸੀਂ ਸਰਕਾਰ ਨਾਲ ਆਪਣੀ ਲੜਾਈ ਜਾਰੀ ਰੱਖਾਂਗੇ। ਮਾਓਵਾਦੀਆਂ ਨੇ ਕਿਹਾ ਹੈ ਕਿ ਉਹ ਹਥਿਆਰਬੰਦ ਸੰਘਰਸ਼ ਜਾਰੀ ਰੱਖਣਗੇ। ਯਾਦ ਰਹੇ ਕੁਝ ਦਿਨ ਪਹਿਲਾਂ ਮਾਓਵਾਦੀਆਂ ਨੇ ਸਰਕਾਰ ਨਾਲ ਗੱਲਬਾਤ ਦਾ ਸੱਦਾ ਦਿੱਤਾ ਸੀ। ਉਨ੍ਹਾਂ ਵਲੋਂ ਕੇਂਦਰ ਤੇ ਪੱਛਮੀ ਬੰਗਾਲ ਸਰਕਾਰ ਨਾਲ ਗੱਲਬਾਤ ਕਰਨ ਲਈ ਦਿੱਤੇ ਬਿਆਨ ਤੋਂ ਬਾਅਦ ਪੱਛਮੀ ਬੰਗਾਲ ਦੇ ਮੁੱਖ ਸਕੱਤਰ ਅਸ਼ੋਕ ਮੋਹਨ ਚੱਕਰਵਤੀ ਨੇ ਸਪੱਸ਼ਟ ਕੀਤਾ ਸੀ ਕਿ ਜਦੋਂ ਤੱਕ ਲਾਲਗੜ੍ਹ 'ਚ ਅੰਦੋਲਨ ਚਲਾ ਰਹੀ ਪੀਪਲਜ਼ ਕਮੇਟੀ ਅਗੇਂਸਟ ਪੁਲਿਸ ਐਟਰੋਸਿਟੀ (ਪੀ.ਸੀ.ਪੀ.ਏ.) ਹਥਿਆਰ ਨਹੀਂ ਸੁੱਟਦੀ, ਉਦੋਂ ਤੱਕ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਸ ਦੌਰਾਨ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਨੇ ਪੱਛਮੀ ਬੰਗਾਲ ਦੇ ਲਾਲਗੜ੍ਹ ਅਤੇ ਇਸ ਨਾਲ ਜੁੜਵੇਂ ਖੇਤਰਾਂ 'ਚ ਆਦਿਵਾਸੀਆਂ ਦੀਆਂ ਅਸਲ ਸਮੱਸਿਆਵਾਂ, ਮੰਗਾਂ ਅਤੇ ਉਨ੍ਹਾਂ ਦੇ ਸੰਘਰਸ਼ ਨਾਲ ਜੁੜਵੇਂ ਅਨੇਕਾਂ ਪੱਖਾਂ ਬਾਰੇ ਇਕੱਤਰ ਤੱਥਾਂ ਦੀ ਰੌਸ਼ਨੀ 'ਚ ਤਿਆਰ ਕੀਤੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਸਰਕਾਰੀ ਪ੍ਰਚਾਰ ਨਿਰਾ ਝੂਠ ਹੈ ਅਤੇ ਇਹ 'ਬਹਾਨਾ ਹੋਰ ਅਤੇ ਨਿਸ਼ਾਨਾ ਹੋਰ' ਦੀ ਯੁੱਧਨੀਤੀ ਵਾਲੀ ਅੱਖ ਦਾ ਟੀਰ ਹੈ। ਮੁੱਢਲੀ ਰਿਪੋਰਟ ਜਾਰੀ ਕਰਦਿਆਂ ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਅਮੋਲਕ ਸਿੰਘ, ਪ੍ਰਧਾਨ ਐਨ.ਕੇ. ਜੀਤ ਐਡਵੋਕੇਟ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਅਤੇ ਪ੍ਰਧਾਨ ਨਾਰਾਇਣ ਦੱਤ ਨੇ ਦਾਅਵਾ ਕੀਤਾ ਹੈ ਕਿ ਇਕ ਪਾਸੇ ਸਦੀਆਂ ਦੇ ਦੱਬੇ-ਕੁਚਲੇ ਆਦਿਵਾਸੀਆਂ ਦੀ ਜ਼ਮੀਨ, ਜੰਗਲ, ਕੁਦਰਤੀ ਸਰੋਤ, ਜ਼ੁਬਾਨ, ਜ਼ਿੰਦਗੀ ਅਤੇ ਜਿਊਣ ਦੇ ਹੱਕ ਉੱਪਰ ਧਾਵਾ ਬੋਲਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਕੇਂਦਰੀ ਤੇ ਸੂਬਾਈ ਹਕੂਮਤਾਂ ਰਾਜਕੀ ਅਤੇ ਨਿੱਜੀ ਹਥਿਆਰਬੰਦ ਮਸ਼ੀਨਰੀ ਦਾ ਗੱਠਜੋੜ ਹੈ, ਜਿਹੜਾ ਆਦਿਵਾਸੀਆਂ ਦਾ ਸਾਹ-ਸੱਤ ਚੂਸਣਾ ਚਾਹੁੰਦਾ ਹੈ।



*ਲਾਲਗੜ੍ਹ ਪੁਲਿਸ ਸਟੇਸ਼ਨ ਖੇਤਰ ਵਿਚ ਸੁਰੱਖਿਆ ਦਸਤੇ ਲਾਲਗੜ੍ਹ ਤੋਂ ਕਟਾਪਹਾੜੀ ਇਲਾਕੇ ਵਲ ਵਧਦੇ ਹੋਏ।*

ਰਿਪੋਰਟ 'ਚ ਕਿਹਾ ਗਿਆ ਹੈ ਕਿ ਲਾਲਗੜ੍ਹ ਅਤੇ ਸਬੰਧਤ ਖੇਤਰਾਂ ਦਾ ਅਸਲ ਮਸਲਾ ਆਦਿਵਾਸੀ ਲੋਕਾਂ ਅਤੇ ਜੋਕਾਂ ਦਰਮਿਆਨ ਚਿਰਾਂ ਤੋਂ ਧੁਖ਼ਦੀ ਆਰਥਿਕ, ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਵਿਰੋਧਤਾਈ ਦਾ ਨਤੀਜਾ ਹੈ, ਜਿਸ ਉੱਪਰ ਜ਼ੁਲਮੀ ਝੱਖੜ ਝੁਲਾਉਣ ਲਈ ਇਸ ਨੂੰ ਨਕਸਲੀ ਜਾਂ ਮਾਓਵਾਦੀ ਆਖ ਕੇ ਉਨ੍ਹਾਂ ਉੱਪਰ ਪਾਬੰਦੀਆਂ ਮੜ੍ਹੀਆਂ ਜਾ ਰਹੀਆਂ ਹਨ। ਦੋਵੇਂ ਜਥੇਬੰਦੀਆਂ ਨੇ ਰਿਪੋਰਟ 'ਚ ਕਿਹਾ ਹੈ ਕਿ ਪੱਛਮੀ ਮਿਦਨਾਪੁਰ ਜ਼ਿਲੇ 'ਚ ਸਲਬੌਨੀ ਦੇ ਸਥਾਨ 'ਤੇ ਜ਼ਿੰਦਲ ਗਰੁੱਪ ਨੂੰ ਸਟੀਲ ਪਲਾਂਟ ਲਾਉਣ ਲਈ 5000 ਏਕੜ ਜ਼ਮੀਨ ਦਿੱਤੀ ਗਈ ਹੈ। ਇਸ ਵਿਚ 4500 ਏਕੜ ਉਹ ਜ਼ਮੀਨ ਸੀ, ਜਿਹੜੀ ਜ਼ਮੀਨੀ ਸੁਧਾਰਾਂ ਦੇ ਪ੍ਰੋਗਰਾਮ ਤਹਿਤ ਬੇਜ਼ਮੀਨੇ ਆਦਿਵਾਸੀਆਂ ਨੂੰ ਦੇਣ ਲਈ ਸਰਕਾਰ ਵਲੋਂ ਰਾਖਵੀਂ ਰੱਖੀ ਗਈ ਸੀ। ਬਾਕੀ 500 ਏਕੜ ਕਿਸਾਨਾਂ ਕੋਲੋਂ ਲਈ ਗਈ। ਥੋੜ੍ਹੇ ਅਰਸੇ ਮਗਰੋਂ ਹੀ ਇਸ ਜ਼ਮੀਨ ਅਤੇ ਨਾਲ ਲੱਗਦੇ ਹੋਰ ਖੇਤਰਾਂ ਤੱਕ 'ਵਿਸ਼ੇਸ਼ ਆਰਥਿਕ ਜ਼ੋਨ' ਬਣਾਉਣ ਦਾ ਕਦਮ ਆਰੰਭ ਦਿੱਤਾ, ਜਿਸ ਨੇ ਆਦਿਵਾਸੀਆਂ ਦੇ ਮਨਾਂ 'ਤੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਉਨ੍ਹਾਂ ਨੇ ਮਰਦਾਂ-ਔਰਤਾਂ ਦੀਆਂ ਸਾਂਝੀਆਂ ਪ੍ਰਤੀਰੋਧ ਕਮੇਟੀਆਂ ਬਣਾ ਕੇ ਜੰਗਲ, ਜ਼ਮੀਨ, ਜਾਨ, ਜ਼ੁਬਾਨ ਅਤੇ ਸਵੈਮਾਣ ਦੀ ਰਾਖੀ ਲਈ ਆਪਣੀ ਤਾਕਤ ਦਾ ਕਿਲਾ ਉਸਾਰਨ ਦਾ ਰਾਹ ਚੁਣਿਆ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਜਦੋਂ 8 ਮਈ 2009 ਨੂੰ ਬਿਰਲਾ ਗਰੁੱਪ ਦੀ ਹਿੰਦ ਮੋਟਰਜ਼ ਵਲੋਂ ਲੋਕਾਂ ਦੀ ਜ਼ਿੰਦ-ਜਾਨ ਨਾਲ ਜੁੜੇ ਛੱਪੜ ਭਰੇ ਜਾ ਰਹੇ ਸਨ ਤਾਂ ਆਦਿਵਾਸੀ ਲੋਕੀ ਵਿਰੋਧ 'ਚ ਨਿੱਤਰ ਪਏ। ਲੋਕਾਂ ਦੀਆਂ ਅੱਖਾਂ ਸਾਹਮਣੇ ਬਿਰਲਾ ਗਰੁੱਪ ਨੇ 744 ਏਕੜ ਜ਼ਮੀਨ ਹਿੰਦ ਮੋਟਰਜ਼ ਦੇ ਨਾਂ 'ਤੇ ਲਈ।

ਫੈਕਟਰੀ ਦੇ ਨਾਂ ਕਰਕੇ 314 ਏਕੜ ਜ਼ਮੀਨ ਬਿਰਲਾ ਗਰੁੱਪ ਨੂੰ ਸਾਢੇ ਦਸ ਕਰੋੜ ਰੁਪਏ 'ਚ ਦੇ ਦਿੱਤੀ ਗਈ। ਉਨ੍ਹਾਂ ਨੇ ਅੱਗੇ 'ਬੰਗਾਲ ਸ੍ਰੀਰਾਮ ਹਾਈਟੈਕ ਸਿਟੀ ਪ੍ਰਾਈਵੇਟ ਲਿਮਟਿਡ' ਨੂੰ ਰਾਤੋ-ਰਾਤ ਹੀ 295.5 ਕਰੋੜ 'ਚ ਵੇਚ ਕੇ 285 ਕਰੋੜ ਰੁਪਿਆ ਕਮਾ ਲਿਆ। ਜਿਨ੍ਹਾਂ ਆਦਿਵਾਸੀਆਂ ਨੂੰ ਰੋਜ਼ੀ-ਰੋਟੀ, ਕੱਪੜਾ, ਪਾਣੀ, ਸਿੱਖਿਆ, ਸਿਹਤ, ਮਕਾਨ ਅਤੇ ਜੀਵਨ ਦੀਆਂ ਹੋਰ ਮੁੱਢਲੀਆਂ ਲੋੜਾਂ ਬਾਰੇ ਸੀ.ਪੀ.ਐਮ. ਨੇ ਵਾਅਦੇ ਕੀਤੇ ਸਨ, ਉਨ੍ਹਾਂ ਦੇ ਹਿੱਤ ਬਿਲਕੁਲ ਵਿਸਾਰ ਦਿੱਤੇ ਗਏ। ਹੁਣ ਉਨ੍ਹਾਂ ਦੇ ਵਿਰੋਧ ਨੂੰ ਮਾਓਵਾਦੀ ਹਿੰਸਾ ਦਾ ਨਾਂ ਦੇ ਕੇ ਕੁਚਲਿਆ ਜਾ ਰਿਹਾ ਹੈ।

ਦੋਵੇਂ ਜਥੇਬੰਦੀਆਂ ਨੇ ਕਿਹਾ ਹੈ ਕਿ ਆਦਿਵਾਸੀ ਲੋਕਾਂ ਨੂੰ ਖੁੱਲ੍ਹੀ ਜੇਲ੍ਹ ਅਤੇ ਇੰਟੈਰੋਗੇਸ਼ਨ ਕੈਂਪਾਂ 'ਚ ਤਬਦੀਲ ਕਰਨ ਦੀ ਬਜਾਏ ਉਥੋਂ ਸਾਰੀਆਂ ਫੋਰਸਾਂ ਵਾਪਸ ਬੁਲਾਈਆਂ ਜਾਣ ਅਤੇ ਆਦਿਵਾਸੀਆਂ ਦੀਆਂ ਹੱਕੀ ਮੰਗਾਂ ਪ੍ਰਵਾਨ ਕੀਤੀਆਂ ਜਾਣ। ਦੋਵੇਂ ਜਥੇਬੰਦੀਆਂ ਨੇ ਸਮੂਹ ਲੋਕ-ਪੱਖੀ, ਇਨਕਲਾਬੀ ਤੇ ਜਮਹੂਰੀ ਸ਼ਕਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਦਿਵਾਸੀ ਲੋਕਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਾਉਣ ਅਤੇ ਜ਼ਬਰ-ਜ਼ੁਲਮ ਰੁਕਵਾਉਣ ਲਈ ਸਾਂਝੀ ਆਵਾਜ਼ ਬੁਲੰਦ ਕਰਨ।


Wanted Owner Operators
ਓਨਰ ਅਪਰੇਟਰਾਂ ਦੀ ਤੁਰੰਤ ਲੋੜ ਹੈ



√ ਅਮਰੀਕਾ ਵਿਚ ਹਰ ਸਟੇਟ ਤੋਂ ਹਰ ਸਟੇਟ ਲਈ ਰੀਫਰ ਅਤੇ ਡਰਾਈ ਲੋਡ ਉਪਲਬਧ।
√ ਅਸਲੀ ਡਿਲੀਵਰੀ ਪੇਪਰ ਮਿਲਣ ਤੋਂ ਬਾਅਦ ਬਿਨਾ ਦੇਰੀ ਪੈਸਿਆਂ ਦਾ ਭੁਗਤਾਨ।
√ ਟੀਮ ਨੂੰ ਤਰਜ਼ੀਹ।
√ ਡਿਸਪੈਚ 24 ਘੰਟੇ ਉਪਲਬਧ।

ਵਧੀਆ ਪੈਸੇ ਬਣਾਉਣ ਲਈ ਅੱਜ ਹੀ ਕਾਲ ਕਰੋ
ਸੁੱਖ ਸੰਧੂ ਸੈਲ:510-673-4537
ਹਰਜੋਗ ਪੂਨੀਆ ਸੈਲ:510-714-6039
sukhjinder82@hotmail.com

ਯੂਨੀਅਨ ਟਰੱਕਿੰਗ, ਇੰਕ
PO Box # 797
Union City, CA 94587
Ph:510-324-2700
Fax:510-324-1432
UNION TRUCKING, INC.

G.M. Lawrence Insurance Brokerage
License# 0D79587
ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ
ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?
*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ
LIABILITY
GENERAL
LIABILITY
PHYSICAL
DAMAGE
CARGO
BONDS
New Ventures Are Welcome
ਦਲਜੀਤ ਸਿੰਘ ਖਹਿਰਾ
Ph: 209-474-2771
Fax: 209-474-0215
7746 Lorraine Ave.#214
Stockton CA-95210
SPECIALIZES IN BOTH LOCAL & LONG HAUL
-Flexible down payments
-Excellent customer service
-Committed to each individual client's needs
-Experienced, knowledgeable & professional staff



ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ

ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ!
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
License plates
IFTA *Fuel tax return
DOT, ICC-MMC
Single state registration services
*New Mexico & Kentucky permit



Rajinder Singh
ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ
Now in Strockton, the Hub of the Trucking Industry
Financing Available For Buying Trucks



Cell: (510) 557-6988
Ph: 209-982-9996,
Fax:209-982-9997
13465 Basalt Ct, Lathrop CA 95330

# ਅਖੀਰ 'ਚ ਹੱਡੀਆਂ ਦੀ ਮੁੱਠ ਰਹਿ ਗਿਆ ਸੀ ਮਾਈਕਲ ਜੈਕਸਨ

**ਲੰਦਨ :** 'ਕਿੰਗ ਆਫ ਪਾਪ' ਮਾਈਕਲ ਜੈਕਸਨ ਦੀ ਲੀਕ ਪੋਸਟਮਾਰਟਮ ਰਿਪੋਰਟ ਤੋਂ ਪਤਾ ਲੱਗਿਆ ਹੈ ਕਿ ਉਹ ਪਿਛਲੇ ਕਈ ਦਿਨਾਂ ਤੋਂ ਬਹੁਤ ਘੱਟ ਖੁਰਾਕ ਲੈ ਰਿਹਾ ਸੀ, ਉਹ ਵੀ ਦਿਨ ਵਿਚ ਇਕ ਵਾਰ। ਉਸ ਦਾ ਸ਼ਰੀਰ ਹੱਡੀਆਂ ਦੀ ਮੁੱਠ ਬਣ ਚੁੱਕਿਆ ਸੀ। ਮੌਤ ਸਮੇਂ ਉਸ ਦੇ ਪੇਟ ਵਿਚ ਖਾਣੇ ਦਾ ਅੰਸ਼ ਨਹੀਂ, ਬਲਕਿ ਸਿਰਫ ਗੋਲੀਆਂ ਸਨ।

ਉਧਰ ਜੈਕਸਨ ਦੇ ਕਾਰਡੀਆਲੋਜਿਸਟ ਡਾ. ਕੋਨਰੈਡ ਮਰੇ ਨੂੰ ਜਾਂਚਕਰਤਾਵਾਂ ਨੇ ਸ਼ੱਕ ਦੇ ਘੇਰੇ ਤੋਂ ਬਾਹਰ ਕਰ ਦਿੱਤਾ ਹੈ। ਉਨ੍ਹਾਂ ਦਾ ਇਸਤੇਮਾਲ ਸਿਰਫ ਗਵਾਹ ਦੇ ਤੌਰ 'ਤੇ ਕੀਤਾ ਜਾਵੇਗਾ। ਜੈਕਸਨ ਦੀ ਅਚਾਨਕ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਵਿਚ ਜੁਟੇ ਮਾਹਿਰਾਂ ਨੂੰ ਲੰਘੇ ਵੀਰਵਾਰ ਨੂੰ ਇਹ ਤੱਥ ਪਤਾ ਲੱਗੇ ਸਨ। ਪੜਤਾਲ ਤੋਂ ਸਾਫ ਹੈ ਕਿ ਮਾਈਕਲ ਬੇਹਦ ਕਮਜ਼ੋਰ ਹੋ ਚੁੱਕਾ ਸੀ। ਮੌਤ ਸਮੇਂ ਉਸ ਦੇ ਪੇਟ ਵਿਚ ਸਿਰਫ ਘੁਲੀਆਂ ਹੋਈਆਂ ਗੋਲੀਆਂ ਸਨ, ਜੋ ਉਸ ਨੇ ਦਰਦਨਿਵਾਰਕ ਇੰਜੈਕਸ਼ਨ ਤੋਂ ਪਹਿਲਾਂ ਲਈਆਂ ਸਨ, ਜਿਨ੍ਹਾਂ ਦੇ ਚਲਦੇ ਦਿਲ ਦੀ ਧੜਕਣ ਰੁਕ ਗਈ ਸੀ। ਪੋਸਟਮਾਰਟਮ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਮਾਈਕਲ ਨੇ ਮੌਤ ਸਮੇਂ ਵਿਗ ਪਹਿਨੀ ਹੋਈ ਸੀ। ਖੱਬੇ ਕੰਨ ਦੇ ਉਪਰਲੇ ਹਿੱਸੇ ਤੋਂ ਉਹ ਇਕਦਮ ਗੰਜਾ ਹੋ ਗਿਆ ਸੀ। ਕਿਹਾ ਜਾਂਦਾ ਹੈ ਕਿ ਇਹ 1984 ਵਿਚ ਪੈਪਸੀ ਦੇ ਵਿਗਿਆਪਨ ਦੀ ਸ਼ੂਟਿੰਗ ਦੌਰਾਨ ਹੋਏ ਹਾਦਸੇ ਦਾ ਨਤੀਜਾ ਸੀ।

'ਦ ਸਨ' ਦੁਆਰਾ ਪ੍ਰਕਾਸ਼ਤ ਪੋਸਟਮਾਰਟਮ ਰਿਪੋਰਟ ਅਨੁਸਾਰ, ਜੈਕਸਨ ਗੰਜਾ ਹੋ ਚੁੱਕੇ ਸੀ ਤੇ ਉਸ ਦੀਆਂ ਪੱਸਲੀਆਂ ਟੁੱਟੀਆਂ ਹੋਈਆਂ ਸਨ। ਉਸ ਦੇ ਕੂਲ੍ਹੇ, ਪੱਟਾਂ ਤੇ ਮੋਢਿਆਂ 'ਤੇ ਸੂਈ ਲਗਣ ਦੇ ਜ਼ਖਮ ਸਨ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ



ਮਾਈਕਲ ਜੈਕਸਨ

ਸੂਈਆਂ ਦਾ ਇਸਤੇਮਾਲ ਦਰਦ ਨਿਵਾਰਕ ਦਵਾਈਆਂ ਨੂੰ ਸ਼ਰੀਰ ਵਿਚ ਇੰਜੈਕਟ ਕਰਨ ਲਈ ਕੀਤਾ ਗਿਆ ਹੋਵੇਗਾ। ਇਹ ਦਵਾਈ ਪਿਛਲੇ ਕਈ ਸਾਲਾਂ ਤੋਂ ਉਸ ਨੂੰ ਦਿਨ ਵਿਚ 3 ਵਾਰ ਦਿੱਤੀ ਜਾ ਰਹੀ ਸੀ।

ਦਿਲ ਦਾ ਦੌਰਾ ਪੈਣ ਤੋਂ ਬਾਅਦ ਜੈਕਸਨ ਦੀ ਛਾਤੀ ਨੂੰ ਪੰਪ ਕਰਨ ਕਾਰਨ ਉਸ ਦੀਆਂ ਪਸਲੀਆਂ ਟੁੱਟ ਗਈਆਂ ਸਨ। ਉਸ ਦੇ ਦਿਲ ਦੇ ਕੋਲ ਜਾਂ ਉੱਪਰਲੇ ਹਿੱਸੇ ਵਿਚ ਚਾਰ ਇੰਜੈਕਸ਼ਨ ਲਗਾਉਣ ਦੇ ਨਿਸ਼ਾਨ ਸਨ। ਇਸ ਤੋਂ ਪਤਾ ਲਗਦਾ ਹੈ ਕਿ ਉਸ ਨੂੰ ਬਚਾਉਣ ਲਈ ਐਡਰੇਨੇਲਿਨ ਨੂੰ ਉਸ ਦੇ ਦਿਲ ਤੱਕ ਪਹੁੰਚਾਉਣ ਦੇ ਯਤਨ ਕੀਤੇ ਗਏ ਸਨ। ਇਨ੍ਹਾਂ ਵਿਚੋਂ ਤਿੰਨ ਨੇ ਦਿਲ ਦੀ ਦੀਵਾਰ ਵਿਚ ਛੇਦ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ ਸੀ, ਜਦਕਿ ਚੌਥਾ ਉਸ ਦੀਆਂ ਪਸਲੀਆਂ ਨਾਲ ਟਕਰਾਇਆ ਸੀ। ਯਾਦ ਰਹੇ ਵਿਸ਼ਵ ਭਰ 'ਚ ਪੌਪ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਪ੍ਰਸਿੱਧ ਕਲਾਕਾਰ ਮਾਈਕਲ ਜੈਕਸਨ ਦਾ ਲੰਘੀ 26 ਜੂਨ ਨੂੰ ਲਾਸ ਏਂਜਲਸ ਸਥਿਤ ਆਪਣੇ ਘਰ 'ਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ ਸੀ। ਮਿਲੀ ਜਾਣਕਾਰੀ ਅਨੁਸਾਰ ਦੌਰਾ ਪੈਣ ਤੋਂ ਤੁਰੰਤ ਬਾਅਦ ਡਾਕਟਰਾਂ ਨੂੰ ਮਾਈਕਲ ਜੈਕਸਨ ਦੇ ਘਰ ਬੁਲਾਇਆ ਗਿਆ, ਪਰ ਜਦੋਂ ਤੱਕ ਡਾਕਟਰ ਉਥੇ ਪਹੁੰਚੇ ਉਦੋਂ ਤੱਕ ਮਾਈਕਲ ਦਾ ਸਾਹ ਰੁਕ ਚੁੱਕਾ ਸੀ। ਇਸ ਦੇ ਬਾਵਜੂਦ ਉਸ ਨੂੰ ਓਕਲਾ ਮੈਡੀਕਲ ਸੈਂਟਰ 'ਚ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਜੈਕਸਨ ਦੇ ਦੇਹਾਂਤ ਦੀ ਖ਼ਬਰ ਜਦੋਂ ਉਸ ਦੇ ਪ੍ਰਸ਼ੰਸਕਾਂ ਨੂੰ ਪਤਾ ਲੱਗੀ ਤਾਂ ਉਹ ਵੱਡੀ ਗਿਣਤੀ 'ਚ ਹਸਪਤਾਲ ਮੂਹਰੇ ਆ ਜੁਟੇ। ਸਥਿਤੀ ਵੇਖਦੇ ਪੁਲਿਸ ਵਲੋਂ ਐਮਰਜੈਂਸੀ ਵਾਰਡ ਨੂੰ ਘੇਰੇ 'ਚ ਲੈ ਲਿਆ ਗਿਆ ਸੀ।

ਮਾਈਕਲ ਜੈਕਸਨ ਦਾ ਪੂਰਾ ਨਾਂ ਮਾਈਕਲ ਜੋਸਫ ਜੈਕਸਨ ਸੀ ਤੇ ਇਸ ਵੇਲੇ ਉਸ ਦੀ ਉਮਰ 50 ਸਾਲ ਦੀ ਸੀ। ਮਾਈਕਲ ਦਾ ਜਨਮ 29 ਅਗਸਤ 1958 ਨੂੰ ਅਮਰੀਕਾ ਦੇ ਇੰਡੀਆਨ ਸੂਬੇ ਦੇ ਗੈਰੀ ਸ਼ਹਿਰ 'ਚ ਹੋਇਆ।

ਮਾਈਕਲ ਅਗਲੇ ਮਹੀਨੇ ਲੰਡਨ ਦੇ ਓ-2 ਏਰੀਨਾ ਸ਼ਹਿਰ 'ਚ 10 ਪ੍ਰੋਗਰਾਮਾਂ ਦੀ ਇਕ ਲੜੀ ਪੇਸ਼ ਕਰਨ ਜਾ ਰਿਹਾ ਸੀ, ਜੋ 13 ਜੁਲਾਈ ਤੋਂ ਸ਼ੁਰੂ ਹੋਣੀ ਸੀ। ਮਾਈਕਲ ਨੇ ਇਹ ਪ੍ਰੋਗਰਾਮ ਕਈ ਸਾਲਾਂ ਬਾਅਦ ਕਰਨਾ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਈਕਲ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਲੰਡਨ 'ਚ ਉਸ ਦਾ ਆਖਰੀ ਸ਼ੋਅ ਹੋਵੇਗਾ। ਮਾਈਕਲ ਜੈਕਸਨ ਕਈ ਵਰ੍ਹਿਆਂ ਤੋਂ ਵਿੱਤੀ ਅਤੇ ਕਾਨੂੰਨੀ ਸੰਕਟ 'ਚ ਸੀ ਤੇ 2001 ਤੋਂ ਬਾਅਦ ਉਸ ਨੇ ਕੋਈ ਲਾਈਵ ਸ਼ੋਅ ਨਹੀਂ ਕੀਤਾ ਸੀ। ਉਸ ਨੇ ਆਪਣਾ ਅੰਤਿਮ ਵਿਦੇਸ਼ੀ ਦੌਰਾ 12 ਸਾਲ ਪਹਿਲਾਂ 1996-97 'ਚ ਕੀਤਾ, ਜਦੋਂ ਉਸ ਨੇ ਦੁਨੀਆ ਦੇ 58 ਸ਼ਹਿਰਾਂ 'ਚ 82 ਲਾਈਵ ਸ਼ੋਅ ਕੀਤੇ।

ਇਸ ਤੋਂ ਬਾਅਦ ਉਹ ਆਪਣੀਆਂ ਨਿੱਜੀ ਕਹਾਣੀਆਂ ਲਈ ਚਰਚਾ 'ਚ ਰਿਹਾ। 4 ਮਹੀਨੇ ਤੱਕ ਚਲੀ ਅਦਾਲਤੀ ਕਾਰਵਾਈ ਤੋਂ ਬਾਅਦ ਉਸ ਨੂੰ 2005 'ਚ ਬੱਚਿਆਂ ਨਾਲ ਦੁਰਵਿਹਾਰ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ। ਇਨ੍ਹਾਂ ਦਿਨਾਂ ਦੌਰਾਨ ਉਹ ਆਪਣੀਆਂ ਹਜ਼ਾਰਾਂ ਨਿੱਜੀ ਵਸਤੂਆਂ ਦੀ ਨਿਲਾਮੀ ਰੋਕਣ ਦੀ ਕੋਸ਼ਿਸ਼ 'ਚ ਲੱਗਿਆ ਰਿਹਾ। ਮਾਈਕਲ ਦੇ ਬੇਹਤਰੀਨ ਗੀਤਾਂ ਵਿਚ 'ਆਈ ਵਾਂਟ ਯੂ ਬੈਕ, ਡੌਂਟ ਸਟੌਪ ਟਿੱਲ ਯੂ ਗੈਟ', 'ਐਨਫ', 'ਬਿਲੀ ਜੀਨ', 'ਬੈਡ', 'ਬਲੈਕ ਐਂਡ ਵਾਈਟ' ਆਦਿ ਸ਼ਾਮਲ ਹਨ।

7 ਭਰਾ ਅਤੇ ਭੈਣਾਂ 'ਚੋਂ ਸਭ ਤੋਂ ਛੋਟੇ ਮਾਈਕਲ ਨੇ 1966 'ਚ ਆਪਣੇ ਭਰਾ ਦੇ ਪੌਪ ਗਰੁੱਪ ਤੋਂ ਗਾਇਕੀ ਦੀ ਸ਼ੁਰੂਆਤ ਕੀਤੀ ਸੀ। ਮਾਈਕਲ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਵਿਸ਼ਵ ਭਰ 'ਚ ਉਨ੍ਹਾਂ ਦੇ ਪ੍ਰਸ਼ੰਸਕਾਂ 'ਚ ਸੋਗ ਦੀ ਲਹਿਰ ਫੈਲ ਗਈ।

ਮਾਈਕਲ ਜੈਕਸਨ ਦਾ ਗ੍ਰਹਿਸਤੀ ਜੀਵਨ ਬਹੁਤ ਹੀ ਘੱਟ ਉਮਰ ਦਾ ਰਿਹਾ। ਉਸ ਨੇ ਦੋ ਵਿਆਹ ਕਰਵਾਏ, ਪਰ ਦੋਵੇਂ ਪਤਨੀਆਂ ਨਾਲ ਉਸ ਦੀ ਨਹੀਂ ਬਣੀ। ਜੈਕਸਨ ਦੀ ਪਹਿਲੀ ਪਤਨੀ ਡੇਬੀ ਰੋਵ ਨੇ ਉਸ ਦੀ ਮੌਤ ਤੋਂ ਬਾਅਦ ਖੁਲਾਸਾ ਕੀਤਾ ਹੈ ਕਿ ਕਿਵੇਂ ਉਹ ਜੈਕਸਨ ਦੀ ਪਤਨੀ ਹੁੰਦੇ ਹੋਈ ਵੀ ਅਲਗ-ਥਲੱਗ ਰਹੀ। ਡੇਬੀ ਅਨੁਸਾਰ ਜੈਕਸਨ ਨੇ ਉਸ ਦੇ ਨਾਲ ਕਦੇ ਵੀ ਸ਼ਰੀਰਕ ਸਬੰਧ ਨਹੀਂ ਬਣਾਏ।

# ਇਕ ਗੁੰਝਲ ਵਾਂਗ ਜੀਵਿਆ ਤੇ ਮਿੱਥ ਬਣ ਗਿਆ ਪੌਪ ਦਾ ਬਾਦਸ਼ਾਹ

**ਦਲਜੀਤ ਅਮੀ**

ਮਾਈਕਲ ਜੈਕਸਨ ਦੀ ਅਚਨਚੇਤੀ ਮੌਤ ਭਾਵੇਂ ਸੰਗੀਤਰਸੀਆਂ ਲਈ ਵੱਡਾ ਸਦਮਾ ਹੈ ਪਰ ਉਸ ਦੇ ਕਿਰਦਾਰ ਨੂੰ ਢੁਕਦੀ ਹੈ। ਆਪਣੇ ਹੁਨਰ ਨਾਲ ਸਰੋਤਿਆਂ ਤੇ ਦਰਸ਼ਕਾਂ ਨੂੰ ਦੀਵਾਨਾ ਕਰ ਦੇਣ ਵਾਲਾ ਮਾਈਕਲ ਅਸਲ ਜ਼ਿੰਦਗੀ ਵਿਚ ਅਜਿਹਾ ਰਹੱਸ ਸੀ ਜੋ ਉਸ ਦੇ ਜਿਉਂਦੇ ਜੀਅ ਨਹੀਂ ਖੁੱਲ੍ਹਿਆ ਅਤੇ ਮਰਨ ਤੋਂ ਬਾਅਦ ਵੀ ਉਸ ਦੀ ਵਿਆਖਿਆ ਕਿਸੇ ਮਿੱਥ ਵਾਂਗ ਹੁੰਦੀ ਰਹੇਗੀ। ਪੌਪ ਸੰਗੀਤ ਦੀ ਸਨਅਤ ਵਿਚ ਉਹ ਪਹਿਲੀ ਆਲਮੀ ਸ਼ੈਅ ਬਣਿਆ। ਉਸ ਦਾ ਜਾਦੂ ਰੰਗ, ਨਸਲ, ਖਿੱਤੇ ਅਤੇ ਬੋਲੀ ਦੀਆਂ ਹੱਦਾਂ ਪਾਰ ਕਰਕੇ ਹਰ ਸੰਗੀਤਰਸੀਏ ਦੇ ਸਿਰ ਚੜ੍ਹ ਕੇ ਬੋਲਿਆ। ਸਿਆਹਫਾਮ ਮਾਪਿਆਂ ਦੇ ਨੌਂ ਬੱਚਿਆਂ ਵਿਚੋਂ ਪੰਜਵਾਂ ਮਾਈਕਲ 29 ਅਗਸਤ 1958 ਨੂੰ ਜੰਮਿਆ। ਐਮ.ਟੀ.ਵੀ. ਦਾ ਪਹਿਲਾ ਗ਼ੈਰ-ਗੋਰਾ ਕਲਾਕਾਰ ਅਤੇ ਟੈਲੀਵਿਜ਼ਨ ਦਾ ਪਹਿਲਾ ਪੌਪ ਨਾਇਕ ਬਣਨ ਤੋਂ ਬਾਅਦ ਮਾਈਕਲ ਨੇ ਪਲਾਸਟਿਕ ਸਰਜਰੀ ਰਾਹੀਂ ਆਪਣਾ ਰੰਗ ਗੋਰਾ ਕਰਵਾ ਲਿਆ। ਉਸ ਨੇ ਇਸਲਾਮ ਧਾਰਨ ਕੀਤਾ ਪਰ ਮੁਸਤਫ਼ਾ ਨਾਂ ਰੱਖਣ ਤੋਂ ਇਨਕਾਰ ਕਰ ਦਿੱਤਾ ਅਤੇ ਮਾਈਕਲ ਤੋਂ ਮੀਕਾਈਲ ਬਣ ਗਿਆ। ਵਿਆਹ, ਇਸ਼ਕ-ਪੇਚੇ, ਤਲਾਕ, ਮੁਕੱਦਮੇ ਅਤੇ ਵਿਵਾਦ ਉਸ ਦੀ ਜ਼ਿੰਦਗੀ ਨਾਲ ਇਕ-ਮਿੱਕ ਹੋ ਕੇ ਚਲਦੇ ਸਨ। ਮਾਈਕਲ ਜਦੋਂ ਮੰਚ ਉਤੇ ਨੱਚਣਾ-ਗਾਉਣਾ ਸ਼ੁਰੂ ਕਰਦਾ ਸੀ ਤਾਂ ਉਸ ਦੇ ਸਰੀਰ ਵਿਚੋਂ ਲਚਕ, ਫੁਰਤੀ ਅਤੇ ਤੇਜ਼ੀ ਦਾ ਪ੍ਰਵਾਹ ਵਹਿੰਦਾ ਸੀ। ਮੰਚ ਉਤੋਂ ਊਰਜਾ ਦਾ ਹੜ੍ਹ ਦਰਸ਼ਕਾਂ ਵਲ ਬੇਰੋਕ ਵਗਦਾ ਸੀ ਅਤੇ ਲੋਕਾਂ ਵਿਚ ਲੈਅ-ਤਾਲ ਦੀਆਂ ਲਹਿਰਾਂ ਉਠਦੀਆਂ ਸਨ। ਜੇ ਕਿਸੇ ਦੀ ਮਾਈਕਲ ਜੈਕਸਨ ਵਿਚ ਦਿਲਚਸਪੀ ਨਾ ਵੀ ਹੋਵੇ ਤਾਂ ਵੀ ਦਰਸ਼ਕਾਂ ਦੇ ਹੁੰਗਾਰੇ ਤੋਂ ਅੰਦਾਜ਼ਾ ਲਗਾ ਸਕਦਾ ਸੀ ਕਿ ਮੰਚ ਉਤੇ ਕੀ ਕੌਤਕ ਵਾਪਰ ਰਿਹਾ ਹੈ। ਉਸ ਦੀ ਜ਼ਿੰਦਗੀ ਵਿਚ ਸਭ ਤੋਂ ਸਹਿਜ ਥਾਂ ਮੰਚ ਸੀ ਅਤੇ ਸਹਿਜ ਸਰਗਰਮੀ ਨੱਚਣਾ, ਗਾਉਣਾ ਅਤੇ ਅਦਾਕਾਰੀ ਸੀ। ਮੰਚ ਉਤੇ ਹੋਵੇ ਜਾਂ ਕੈਮਰੇ ਅੱਗੇ ਉਸ ਦਾ ਹੁਨਰ ਚਮਤਕਾਰੀ ਜਲਵੇ ਬਿਖੇਰਦਾ ਸੀ। ਮੰਚ ਤੋਂ ਹੇਠਾਂ ਉਹ ਮਸ਼ੀਨੀ ਤੋਰ ਤੁਰਦਾ ਵੱਖਰਾ ਹੀ ਆਦਮੀ ਲੱਗਦਾ ਸੀ। ਆਮ ਤੌਰ ਉਤੇ ਕਾਲੀਆਂ ਐਨਕਾਂ ਪਿਛੇ ਉਹ ਕੁਝ ਲੁਕੋਣ ਦੇ ਤਰਦੱਦ ਵਿਚ ਰੁਝਿਆ ਜਾਪਦਾ ਸੀ। ਉਸ ਦੀ ਤੱਕਣੀ ਵਿਚੋਂ ਇਕੋ ਵੇਲੇ ਮਾਸੂਮੀਅਤ, ਉਦਾਸੀ, ਗ਼ਮ ਅਤੇ ਸਾਜ਼ਿਸ਼ ਦਾ ਝਉਲਾ ਪੈਂਦਾ ਸੀ। ਇਸੇ ਰਹੱਸ ਨੂੰ ਗੂੜ੍ਹਾ ਕਰਨ ਦਾ ਕੰਮ ਉਸ ਦੀਆਂ ਗੱਲ੍ਹਾਂ ਉਤੇ ਲਟਕਦੀਆਂ ਲਿਟਾਂ ਕਰਦੀਆਂ ਸਨ। ਬੁੱਲ੍ਹਾਂ ਉਤੇ ਲੱਗੀ ਸੁਰਖ਼ੀ ਉਸ ਅੰਦਰਲੀ ਜ਼ਨਾਨਾ ਨਜ਼ਾਕਤ ਨੂੰ ਉਘਾੜਦੀ ਸੀ। ਕੁਲ ਮਿਲਾ ਕੇ ਉਹ ਅਜਿਹੀ ਬੁਝਾਰਤ ਸੀ ਜੋ ਦਿਨੋ ਦਿਨ ਪੇਚੀਦਾ ਹੁੰਦੀ ਗਈ।

ਛੋਟੀ ਉਮਰੇ ਜਦੋਂ ਮਾਈਕਲ ਜੈਕਸਨ ਕਿਸੇ 'ਯੋਗਤਾ ਖੋਜ ਮੁਕਾਬਲੇ' ਵਿਚੋਂ ਅੱਵਲ ਰਿਹਾ ਤਾਂ ਇਹ ਤੈਅ ਹੋ ਗਿਆ ਸੀ ਕਿ ਉਸ ਨੇ ਇਸੇ ਖੇਤਰ ਵਿਚ ਅੱਗੇ ਵਧਣਾ ਹੈ। ਉਸ ਨੇ ਆਪਣੇ ਪੰਜਾਂ ਭਰਾਵਾਂ ਨਾਲ ਮਿਲ ਕੇ 'ਜੈਕਸਨ-5' ਨਾਂ ਦੀ ਗਾਇਕ ਮੰਡਲੀ ਬਣਾਈ। ਕੁਝ ਸਾਲਾਂ ਬਾਅਦ

***ਸ਼ੋਹਰਤ ਦੀਆਂ ਬੁਲੰਦੀਆਂ ਉਤੇ ਪਹੁੰਚਣ ਵਾਲੇ ਮਾਈਕਲ ਦੀ ਨਿੱਜੀ ਜ਼ਿੰਦਗੀ ਕਦੇ ਸਹਿਜ ਨਹੀਂ ਰਹੀ। ਇੰਡਿਪੈਂਡੈਂਟ ਅਖ਼ਬਾਰ ਦਾ ਕਲਾ ਮਾਹਰ ਡੈਵਿਡ ਇਹ ਸਿਧਾਂਤ ਪੇਸ਼ ਕਰਦਾ ਹੈ ਕਿ ਕੁਝ ਬੰਦੇ ਸ਼ੋਹਰਤ ਮਿਲਣ ਤੋਂ ਬਾਅਦ ਵੱਡੇ ਹੋਣ ਜਾਂ ਅੱਗੇ ਵਧਣ ਤੋਂ ਇਨਕਾਰੀ ਹੋ ਜਾਂਦੇ ਹਨ। ਸ਼ਾਇਦ ਇਸੇ ਲਈ ਮਾਈਕਲ ਨੂੰ ਪੌਪ ਸੰਗੀਤ ਦਾ ਪੀਟਰ ਪੈਨ ਆਖਦੇ ਹਨ। ਪੀਟਰ ਅਜਿਹਾ ਕਿਰਦਾਰ ਹੈ ਜੋ ਬਚਪਨ ਵਿਚ ਵੱਡਾ ਹੋਣ ਤੋਂ ਮੁਨਕਰ ਹੋ ਜਾਂਦਾ ਹੈ। ਕੁਝ ਮਨੋਵਿਗਿਆਨੀ ਮਾਈਕਲ ਦੀ ਜਬਰੀ ਮਾਸੂਮੀਅਤ ਨੂੰ ਉਸ ਦੇ ਬਚਪਨ ਨਾਲ ਜੋੜਦੇ ਹਨ। ਮਾਈਕਲ ਦੇ ਬਾਪ ਨੇ ਉਸ ਨਾਲ ਬਚਪਨ ਵਿਚ ਵਧੀਕੀਆਂ ਕੀਤੀਆਂ ਜਿਸ ਕਾਰਨ ਉਹ ਵੱਡਾ ਹੋ ਕੇ ਬਚਪਨ ਦਾ ਨੁਕਸਾਨ ਪੂਰਨ ਦਾ ਯਤਨ ਕਰਦਾ ਸੀ। ਇਸ ਮਸਲੇ ਦੀ ਘੁੰਡੀ ਉਸ ਵੇਲੇ ਹੋਰ ਪੇਚੀਦਾ ਹੋ ਗਈ ਜਦੋਂ ਮਾਈਕਲ ਉਤੇ ਬੱਚਿਆਂ ਨਾਲ ਬਦਫੈਲੀ ਦੇ ਇਲਜ਼ਾਮ ਲੱਗੇ ਅਤੇ ਉਸ ਨੇ ਵੱਡੀਆਂ ਰਕਮਾਂ ਦੇ ਕੇ ਅਦਾਲਤ ਤੋਂ ਬਾਹਰ ਸਮਝੌਤੇ ਕੀਤੇ।***

ਉਸ ਨੇ ਇਕੱਲੇ ਗਾਉਣਾ ਸ਼ੁਰੂ ਕੀਤਾ ਤਾਂ 'ਔਫ ਦੀ ਵਾਲ' ਅਤੇ 'ਥਰਿੱਲਰ' ਨਾਲ ਉਹ ਪੌਪ ਸਭਿਆਚਾਰ ਦਾ ਆਲਮੀ ਬਿੰਬ ਬਣ ਗਿਆ। ਉਸ ਦੀ ਪਹਿਲੀ ਐਲਬਮ ਦੀਆਂ 70 ਲੱਖ ਕਾਪੀਆਂ ਵਿਕੀਆਂ। ਉਹ ਪੌਪ ਗਾਇਕੀ ਦੇ ਨਾਲ ਨਾਲ ਸੰਗੀਤ ਦੀ ਮੰਡੀ ਦਾ ਵੀ ਬਾਦਸ਼ਾਹ ਬਣ ਗਿਆ ਸੀ। ਉਸ ਨੂੰ 13 ਵਾਰ ਗਰੈਮੀ ਪੁਰਸਕਾਰ ਨਾਲ ਸਨਮਾਨਿਆ ਗਿਆ। ਉਸ ਦੀਆਂ ਸਾਰੀਆਂ ਐਲਬਮਾਂ ਦੀਆਂ ਹੁਣ ਤਕ ਕਰੀਬ 80 ਕਰੋੜ ਕਾਪੀਆਂ ਵਿਕੀਆਂ ਹਨ।

ਸ਼ੋਹਰਤ ਦੀਆਂ ਬੁਲੰਦੀਆਂ ਉਤੇ ਪਹੁੰਚਣ ਵਾਲੇ ਮਾਈਕਲ ਦੀ ਨਿੱਜੀ ਜ਼ਿੰਦਗੀ ਕਦੇ ਸਹਿਜ ਨਹੀਂ ਰਹੀ। ਇੰਡਿਪੈਂਡੈਂਟ ਅਖ਼ਬਾਰ ਦਾ ਕਲਾ ਮਾਹਰ ਡੈਵਿਡ ਇਹ ਸਿਧਾਂਤ ਪੇਸ਼ ਕਰਦਾ ਹੈ ਕਿ ਕੁਝ ਬੰਦੇ ਸ਼ੋਹਰਤ ਮਿਲਣ ਤੋਂ ਬਾਅਦ ਵੱਡੇ ਹੋਣ ਜਾਂ ਅੱਗੇ ਵਧਣ ਤੋਂ ਇਨਕਾਰੀ ਹੋ ਜਾਂਦੇ ਹਨ। ਸ਼ਾਇਦ ਇਸੇ ਲਈ ਮਾਈਕਲ ਨੂੰ ਪੌਪ ਸੰਗੀਤ ਦਾ ਪੀਟਰ ਪੈਨ ਆਖਦੇ ਹਨ। ਪੀਟਰ ਅਜਿਹਾ ਕਿਰਦਾਰ ਹੈ ਜੋ ਬਚਪਨ ਵਿਚ ਵੱਡਾ ਹੋਣ ਤੋਂ ਮੁਨਕਰ ਹੋ ਜਾਂਦਾ ਹੈ। ਕੁਝ ਮਨੋਵਿਗਿਆਨੀ ਮਾਈਕਲ ਦੀ ਜਬਰੀ ਮਾਸੂਮੀਅਤ ਨੂੰ ਉਸ ਦੇ ਬਚਪਨ ਨਾਲ ਜੋੜਦੇ ਹਨ। ਮਾਈਕਲ ਦੇ ਬਾਪ ਨੇ ਉਸ ਨਾਲ ਬਚਪਨ ਵਿਚ ਵਧੀਕੀਆਂ ਕੀਤੀਆਂ ਜਿਸ ਕਾਰਨ ਉਹ ਵੱਡਾ ਹੋ ਕੇ ਬਚਪਨ ਦਾ ਨੁਕਸਾਨ ਪੂਰਨ ਦਾ ਯਤਨ ਕਰਦਾ ਸੀ। ਇਸ ਮਸਲੇ ਦੀ ਘੁੰਡੀ ਉਸ ਵੇਲੇ ਹੋਰ ਪੇਚੀਦਾ ਹੋ ਗਈ ਜਦੋਂ ਮਾਈਕਲ ਉਤੇ ਬੱਚਿਆਂ ਨਾਲ ਬਦਫੈਲੀ ਦੇ ਇਲਜ਼ਾਮ ਲੱਗੇ ਅਤੇ ਉਸ ਨੇ ਵੱਡੀਆਂ ਰਕਮਾਂ ਦੇ ਕੇ ਅਦਾਲਤ ਤੋਂ ਬਾਹਰ ਸਮਝੌਤੇ ਕੀਤੇ।

ਮਾਈਕਲ ਜੈਕਸਨ ਦੀ ਰਹੱਸਮਈ ਸ਼ਖ਼ਸੀਅਤ ਦਾ ਇਕ ਪੱਖ ਇਹ ਵੀ ਹੈ ਕਿ ਉਸ ਦੀ ਆਪਣੇ ਸਮਕਾਲੀ ਕਲਾਕਾਰਾਂ ਨਾਲ ਨਿੱਘੀ ਨੇੜਤਾ ਸੀ। ਉਸ ਦੇ ਘਰ ਮੈਰਲਿਨ ਮੁਨਰੋ ਦੀ ਮੂਰਤੀ ਰੱਖੀ ਹੋਈ ਸੀ। ਚਾਰਲੀ ਚੈਪਲਿਨ ਦੀ ਜਲਾਵਤਨੀ ਦਾ ਉਸ ਨੇ ਗੰਭੀਰ ਅਧਿਐਨ ਕੀਤਾ ਸੀ। ਉਸ ਦਾ ਪਹਿਲਾ ਵਿਆਹ ਲੀਜ਼ਾ ਮੈਰੀ ਪਰੀਸਲੇ ਨਾਲ ਹੋਇਆ ਸੀ। ਅਲਿਜ਼ਾਬੈਥ ਟੇਲਰ ਉਸ ਦੀ ਕਰੀਬੀ ਦੋਸਤ ਸੀ। ਮੈਡੋਨਾ ਉਸ ਦੀ ਮੌਤ ਉਤੇ ਭੁੱਬਾਂ ਮਾਰ ਕੇ ਰੋਂਦੀ ਹੈ। ਪੇਸ਼ਾਵਰ ਸ਼ਰੀਕੇ ਦੇ ਬਾਵਜੂਦ ਉਸ ਨੇ ਨਾ ਈਰਖਾ ਕੀਤੀ ਅਤੇ ਨਾ ਹੀ ਉਹ ਆਪਣੇ ਸਮਕਾਲੀਆਂ ਦੀ ਈਰਖਾ ਦਾ ਪਾਤਰ ਬਣਿਆ। ਉਸ ਨੇ ਆਪਣੇ ਸਮਕਾਲੀਆਂ ਦੀ ਇੱਜ਼ਤ ਕੀਤੀ ਅਤੇ ਵਾਪਸ ਉਸ ਨੂੰ ਬੇਇੰਤਹਾ ਇੱਜ਼ਤ ਮਿਲੀ। ਸਵਾਲ ਇਹ ਹੈ ਕਿ ਸ਼ੋਹਰਤ ਦੇ ਸਿਖ਼ਰ ਉਤੇ ਪੁੱਜਿਆ ਮਾਈਕਲ ਆਪਣੇ ਜਨਮ ਦਿਨ ਦੀ ਖੁਸ਼ੀ ਮੌਕੇ ਘਰ ਤੌਰਾਂ ਕੰਧਾਂ ਅੰਦਰ ਕਿਵੇਂ ਸਿਮਟ ਜਾਂਦਾ ਹੈ? ਉਸ ਦੇ ਆਪਣੇ ਬੱਚੇ ਹਨ। ਇਕ ਬੱਚਾ ਉਹ ਉਧਾਰ ਲਈ ਕੁੱਖ ਵਿਚ ਪੈਦਾ ਕਰਦਾ ਹੈ। ਹੁਣ ਉਹ ਕੋਈ ਬੱਚਾ ਗੋਦ ਲੈਣ ਦੀ ਯੋਜਨਾ ਬਣਾ ਰਿਹਾ ਸੀ। ਉਹ ਆਪਣੇ ਬੱਚਿਆਂ ਨੂੰ ਜ਼ਨਾਨੀਆਂ ਵਾਲੇ ਕੱਪੜੇ ਤੇ ਬੁਰਕਾ ਪਾ ਕੇ ਬਹਿਰੀਨ ਦੇ ਬਾਜ਼ਾਰ ਵਿਚੋਂ ਖਰੀਦਦਾਰੀ ਕਰਵਾਉਣ ਜਾਂਦਾ ਸੀ। ਮਰਦਾਵੇਂ ਬੂਟਾਂ ਤੋਂ ਪਛਾਣ ਆ ਜਾਣ ਕਾਰਨ ਉਹ ਚੁੱਪ-ਚਾਪ ਅੱਗੇ ਤੁਰ ਜਾਂਦਾ ਸੀ।

ਮਾਈਕਲ ਜੈਕਸਨ ਸਿਹਤ ਪੱਖੋਂ ਇਕ ਤੋਂ ਬਾਅਦ ਇਕ ਬੀਮਾਰੀਆਂ ਵਿਚ ਘਿਰਿਆ ਰਿਹਾ। ਚਮੜੀ ਦਾ ਕੈਂਸਰ ਅਤੇ ਗੁਰਦਿਆਂ ਦੀਆਂ ਬੀਮਾਰੀਆਂ ਕਾਰਨ ਉਸ ਨੇ ਕਈ ਸਾਲਾਂ ਤੋਂ ਕੋਈ ਨਵੀਂ ਐਲਬਮ ਨਹੀਂ ਕੱਢੀ ਅਤੇ ਨਾ ਹੀ ਮੰਚ ਉਤੇ ਗਾਇਆ। ਇਸ ਵੇਲੇ ਉਹ ਮੰਚ ਉਤੇ ਪੰਜਾਹ ਪੇਸ਼ਕਾਰੀਆਂ ਰਾਹੀਂ ਆਲਮੀ ਦੌਰੇ ਦੀਆਂ ਤਿਆਰੀਆਂ ਵਿਚ ਰੁਝਿਆ ਹੋਇਆ ਸੀ। ਇਸ ਦੌਰੇ ਦਾ ਨਾਂ 'ਦਿਸ ਇਜ਼ ਇਟ' (ਬਸ ਏਨਾ ਹੀ) ਰੱਖਿਆ ਗਿਆ ਸੀ। ਇਸ ਦੌਰੇ ਦੀਆਂ ਸਾਰੀਆਂ ਟਿਕਟਾਂ ਵਿਕ ਚੁੱਕੀਆਂ ਸਨ। ਤਮਾਮ ਵਿਵਾਦਾਂ ਦੇ ਬਾਵਜੂਦ ਸੰਗੀਤਰਸੀਏ ਉਸ ਨੂੰ ਦੇਖਣ ਲਈ ਕਾਹਲੇ ਸਨ। ਉਸ ਦੇ ਸਰੋਤਿਆਂ ਨੂੰ ਇਹ ਰਹੱਸ ਸਮਝ ਆ ਗਿਆ ਸੀ ਕਿ ਮਾਈਕਲ ਜਿਸ ਹੁਨਰ ਨਾਲ ਵਰੋਸਾਇਆ ਹੋਇਆ ਸੀ, ਉਹ ਕਮਾਲ ਸੀ। ਇਸ ਕਮਾਲ ਦੇ ਦਰਸ਼ਨ ਕਰਨ ਲਈ ਉਸ ਨੂੰ ਕੁਝ ਵੀ ਮੁਆਫ ਕੀਤਾ ਜਾ ਸਕਦਾ ਸੀ। ਜੁਲਾਈ ਵਿਚ ਸ਼ੁਰੂ ਹੋਣ ਵਾਲੇ ਇਸ ਦੌਰੇ ਤੋਂ ਬਾਅਦ ਮਾਈਕਲ ਜੈਕਸਨ ਨੇ ਸ਼ਾਇਦ ਮੰਚ ਅਤੇ ਗਾਇਕੀ ਨੂੰ ਅਲਵਿਦਾ ਆਖਣੀ ਸੀ। ਮੰਚ ਤੇ ਗਾਇਕੀ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਹੀ ਉਸ ਦੇ ਦਿਲ ਨੇ ਜਵਾਬ ਦਿੱਤਾ ਕਿ 'ਬਸ ਏਨਾ ਹੀ'।



ਮਾਈਕਲ ਜੈਕਸਨ

## ਅੰਮ੍ਰਿਤਸਰ ਦੀ ਨਿੱਕੀ ਲੜੇਗੀ ਅਮਰੀਕੀ ਗਵਰਨਰ ਦੀ ਚੋਣ

**ਵਾਸ਼ਿੰਗਟਨ :** ਬੌਬੀ ਜਿੰਦਲ ਤੋਂ ਬਾਅਦ ਹੁਣ ਅਮਰੀਕਾ ਵਿਚ ਇਕ ਹੋਰ ਭਾਰਤੀ ਦਾ ਨਾਮ ਗਵਰਨਰ ਬਣਨ ਦੀ ਦੌੜ ਵਿਚ ਸ਼ਾਮਲ ਹੋ ਗਿਆ ਹੈ। ਸਿੱਖ ਪਰਿਵਾਰ ਵਿਚ ਜਨਮੀ ਨਮਰਤਾ 'ਨਿੱਕੀ' ਰੰਧਾਵਾ ਹੈਲੀ ਨੂੰ ਰਿਪਬਲਿਕ ਪਾਰਟੀ ਵਲੋਂ ਸਾਊਥ ਕੈਰੋਲੀਨਾ ਦੇ ਗਵਰਨਰ ਅਹੁਦੇ ਦੀ ਚੋਣ ਵਿਚ ਉਮੀਦਵਾਰ ਐਲਾਨਿਆ ਗਿਆ ਹੈ।



ਇਹ ਚੋਣ ਅਗਲੇ ਸਾਲ ਹੋਵੇਗੀ। ਮੂਲ ਤੌਰ 'ਤੇ ਅੰਮ੍ਰਿਤਸਰ ਨਾਲ ਸਬੰਧ ਰੱਖਣ ਵਾਲੀ ਨਿੱਕੀ (37) ਫਿਲਹਾਲ ਸਾਊਥ ਕੈਰੋਲੀਨਾ ਹਾਊਸ ਆਫ ਰਿਪ੍ਰਜੈਂਟਿਵ ਮੈਂਬਰ ਹੈ। ਜੇਕਰ ਇਹ ਰਾਜ ਦੇ ਗਵਰਨਰ ਦੀ ਚੋਣ ਜਿੱਤ ਜਾਂਦੀ ਹੈ ਤਾਂ ਬੌਬੀ ਜਿੰਦਲ ਤੋਂ ਬਾਅਦ ਗਵਰਨਰ ਬਣਨ ਵਾਲੀ ਦੂਜੀ ਭਾਰਤੀ ਅਤੇ ਇਸ ਭਾਈਚਾਰੇ ਦੀ ਪਹਿਲੀ ਔਰਤ ਹੋਵੇਗੀ। ਬੌਬੀ ਜਿੰਦਲ ਲੁਸੀਆਨਾ ਰਾਜ ਦੇ ਗਵਰਨਰ ਹਨ। ਇਕ ਪ੍ਰੋਗਰਾਮ ਦੇ ਸਿਲਸਿਲੇ ਵਿਚ ਕੈਪੀਟਲ ਹਿਲ ਆਈ ਨਿੱਕੀ ਨੇ ਕਿਹਾ ਹੈ ਕਿ ਰਾਜ ਦੀ ਜਨਤਾ ਨੂੰ ਰੋਜ਼ਗਾਰ ਦਿਵਾਉਣਾ, ਸਿੱਖਿਆ ਵਿਚ ਸੁਧਾਰ ਦੀਆਂ ਕੋਸ਼ਿਸ਼ਾਂ, ਸਿਹਤ ਸੁਵਿਧਾਵਾਂ ਵਧਾਉਣਾ ਉਨ੍ਹਾਂ ਦੀ ਪਹਿਲ ਹੋਵੇਗੀ।

ਗੌਰਤਲਬ ਹੈ ਕਿ ਨਿੱਕੀ, ਅਮਰੀਕਾ ਦੀ ਪਹਿਲੀ ਭਾਰਤੀ ਰਿਪਬਲਿਕਨ ਹੈ, ਜਿਹੜੀ 2004 ਵਿਚ ਕੈਰੋਲੀਨਾ ਹਾਊਸ ਆਫ ਰਿਪ੍ਰਜੈਂਟਿਵ ਦੀ ਮੰਬਰ ਚੁਣੀ ਗਈ ਸੀ। ਨਿੱਕੀ ਨੂੰ ਕਾਰੋਬਾਰ ਹਿਤੈਸ਼ੀ ਨੇਤਾ ਦੇ ਰੂਪ ਵਿਚ ਜਾਣਿਆ ਜਾਂਦਾ ਹੈ।

## ਕੈਰੋਲੀਨਾ ਗਵਰਨਰ ਨੇ ਪਰਾਈ ਔਰਤ ਨਾਲ ਰਿਸ਼ਤੇ ਕਬੂਲੇ

**ਕੋਲੰਬੀਆ :**ਸਾਊਥ ਕੈਰੋਲੀਨਾ ਦੇ ਗਵਰਨਰ ਨੇ ਅੱਥਰੂ ਵਹਾਉਂਦੇ ਹੋਏ ਕਿਹਾ ਹੈ ਕਿ ਉਨ੍ਹਾਂ ਦੇ ਅਰਜਨਟੀਨਾ ਦੀ ਇਕ ਔਰਤ ਨਾਲ ਕਰੀਬੀ ਸਬੰਧ ਸਨ। 2012 ਦੀਆਂ ਰਾਸ਼ਟਰਪਤੀ ਚੋਣਾਂ ਲਈ ਦਾਅਵੇਦਾਰ ਸਮਝੇ ਜਾਣ ਵਾਲੇ ਮਾਰਕ ਸੈਨਫੋਰਡ ਦੀ ਇਸ ਸਵਿਕਾਰਤਾ ਤੋਂ ਪਹਿਲਾਂ ਹੀ ਸੰਕਟ ਤੋਂ ਗੁਜ਼ਰ ਰਹੀ ਰਿਪਬਲਿਕ ਪਾਰਟੀ ਨੂੰ ਇਕ ਹੋਰ ਧੱਕਾ ਲੱਗਾ ਹੈ। ਸੈਨਫੋਰਡ ਨੇ ਆਪਣੀ ਪਤਨੀ ਅਤੇ 4 ਪੁੱਤਰਾਂ ਤੋਂ ਮਾਫੀ ਮੰਗੀ ਹੈ।

ਰਿਪਬਲਿਕਨ ਗਵਰਨਰਜ਼ ਐਸੋਸੀਏਸ਼ਨ ਦੇ ਪ੍ਰਮੁੱਖ ਨੇ ਅਹੁਦੇ ਤੋਂ ਅਸਤੀਫੇ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ, "ਮੈਂ ਆਪਣੀ ਪਤਨੀ ਪ੍ਰਤੀ ਵਫਾਦਾਰ ਨਹੀਂ ਰਿਹਾ। ਮੈਂ ਅਰਜਨਟੀਨਾ ਵਿਚ ਪੰਜ ਦਿਨ ਪਰਾਈ ਔਰਤ ਨਾਲ ਰਿਹਾ।" ਦਿਲਚਸਪ ਗੱਲ ਹੈ ਕਿ ਜਦੋਂ ਲੇਵਿੰਸਕੀ ਨਾਲ ਸੈਕਸ ਦੇ ਮਾਮਲੇ ਵਿਚ ਡੈਮੋਕ੍ਰੇਟਿਕ ਰਾਸ਼ਟਰਪਤੀ ਬਿਲ ਕਲਿੰਟਨ ਖਿਲਾਫ ਕੇਸ ਚਲਾਇਆ ਗਿਆ ਸੀ, ਉਦੋਂ ਸੈਨਫੋਰਡ ਨੇ ਕਲਿੰਟਨ ਵਿਰੋਧੀ ਚਾਰ ਵਿਚੋਂ ਤਿੰਨ ਨੁਕਤਿਆਂ ਦੇ ਹੱਕ ਵਿਚ ਵੋਟ ਦਿੱਤੀ ਸੀ।

## ਕ੍ਰਿਕਟ ਬੋਰਡ ਦੇ ਸਾਬਕਾ ਸਕੱਤਰ 'ਤੇ ਯੌਨ ਸ਼ੋਸ਼ਣ ਦਾ ਦੋਸ਼

**ਵਿਜੈਵਾੜਾ :** ਆਂਧਰਾ ਪ੍ਰਦੇਸ਼ ਕ੍ਰਿਕਟ ਐਸੋਸੀਏਸ਼ਨ ਦੇ ਬਰਖਾਸਤ ਸਕੱਤਰ ਵੀ. ਚਾਮੁੰਡੇਸ਼ਵਰਨਾਥ ਲੰਘੀ 27 ਜੂਨ ਨੂੰ ਉਦੋਂ ਹੋਰ ਮੁਸ਼ਕਲ ਵਿਚ ਫਸਦੇ ਨਜ਼ਰ ਆਏ, ਜਦ ਰਾਜ ਮਹਿਲਾ ਕ੍ਰਿਕਟ ਟੀਮ ਦੀ ਸਾਬਕਾ ਕਪਤਾਨ ਸਵਿਤਾ ਕੁਮਾਰੀ ਨੇ ਉਨ੍ਹਾਂ 'ਤੇ ਯੌਨ ਸ਼ੋਸ਼ਣ ਦਾ ਦੋਸ਼ ਲਾਇਆ। ਟੀ-20 ਵਿਸ਼ਵ ਕੱਪ ਵਿਚ ਟੀਮ ਇੰਡੀਆ (ਮਰਦ) ਦੇ ਮੈਨੇਜਰ ਰਹੇ ਚਾਮੁੰਡੇਸ਼ਵਰਨਾਥ ਨੂੰ ਏ.ਸੀ.ਏ. ਨੇ ਪਿਛਲੇ ਦਿਨੀਂ ਵਿੱਤੀ ਗੜਬੜੀ ਅਤੇ ਮਾੜੇ ਵਤੀਰੇ ਦੇ ਦੋਸ਼ ਵਿਚ ਸਸਪੈਂਡ ਕਰ ਦਿੱਤਾ ਗਿਆ ਸੀ।

ਸਵਿਤਾ ਅਤੇ ਇਕ ਹੋਰ ਔਰਤ ਕ੍ਰਿਕਟਰ ਦੁਰਗਾ ਭਵਾਨੀ ਨੇ ਏ.ਸੀ.ਪੀ. ਸਾਹਮਣੇ ਇਸ ਸਬੰਧ ਵਿਚ ਚਾਮੁੰਡੇਸ਼ਵਰਨਾਥ ਖਿਲਾਫ ਅਰਜ਼ੀ ਦਰਜ ਕਰਾਈ ਹੈ। ਉਨ੍ਹਾਂ ਨੇ ਦੋਸ਼ੀ ਤੋਂ ਜਾਨ ਦਾ ਖਤਰਾ ਦੱਸ ਕੇ ਰਾਜ ਸਰਕਾਰ ਤੋਂ ਸੁਰੱਖਿਆ ਦੀ ਮੰਗ ਵੀ ਕੀਤੀ ਹੈ। ਸਵਿਤਾ ਕੁਮਾਰੀ ਨੇ ਇਥੇ ਕਿਹਾ ਕਿ ਚਾਮੁੰਡੀ ਨੇ ਨਾ ਸਿਰਫ ਉਸ ਦਾ ਯੌਨ ਸ਼ੋਸ਼ਣ ਕੀਤਾ, ਬਲਕਿ ਰਾਜ ਦੀ ਮਹਿਲਾ ਟੀਮ ਦੀ ਚੋਣ ਵਿਚ ਧਾਂਦਲੀ ਵੀ ਕੀਤੀ।

## ਸ਼ਰਾਬੀ ਪਿਓ ਨੇ 12 ਸਾਲਾ ਧੀ 60 ਸਾਲਾ ਬੁੱਢੇ ਨੂੰ ਵੇਚੀ

**ਬੁਲੰਦਸ਼ਹਿਰ :** ਬੁਲੰਦ ਸ਼ਹਿਰ ਦੇ ਪਿਆਲਾ ਪਿੰਡ ਵਿਚ ਸ਼ਰਾਬੀ ਪਿਓ ਨੇ ਪੈਸੇ ਦੇ ਲਾਲਚ ਵਿਚ ਆ ਕੇ ਆਪਣੀ 12 ਸਾਲਾ ਧੀ 60 ਸਾਲਾ ਬਜ਼ੁਰਗ ਨਾਲ ਤੋਰ ਦਿੱਤੀ। ਪੁਲਸ ਮੁਖੀ (ਸਿਟੀ) ਜੇ.ਕੇ. ਸ਼ਾਹੀ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਸ੍ਰੀ ਸ਼ਾਹੀ ਨੇ ਦੱਸਿਆ ਕਿ ਪਿੰਡ ਪਿਆਲਾ ਦੇ ਸ਼ੰਕਰ ਨਾਂ ਦੇ ਸ਼ਰਾਬੀ ਵਿਅਕਤੀ ਨੇ 40,000 ਰੁਪਏ ਵਿਚ ਆਪਣੀ 12 ਸਾਲਾ ਧੀ ਦਾ ਵਿਆਹ 60 ਸਾਲਾਂ ਵਿਅਕਤੀ ਨਾਲ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਸ਼ੰਕਰ ਕੋਲ ਪਹਿਲਾਂ 40 ਬਿਘੇ ਜ਼ਮੀਨ ਸੀ, ਪਰ ਸ਼ਰਾਬੀ ਹੋਣ ਕਾਰਨ ਉਸ ਨੇ ਇਹ ਜ਼ਮੀਨ ਵੀ ਵੇਚ ਦਿੱਤੀ ਸੀ। ਉਨ੍ਹਾਂ ਕਿਹਾ ਕਿ ਨਾਬਾਲਗ ਲੜਕੀ ਦੇ ਬਜ਼ੁਰਗ ਨਾਲ ਵਿਆਹ ਦੀ ਪੁਸ਼ਟੀ ਹੋ ਚੁੱਕੀ ਹੈ।

# ਤਿੰਨ ਕਾਨੂੰਨ ਘਾੜੇ ਸਿੱਖਾਂ ਦੀ ਹਮਾਇਤ 'ਤੇ ਆਏ

**ਵਾਸ਼ਿੰਗਟਨ :** ਅਮਰੀਕੀ ਕਾਂਗਰਸ ਦੇ ਤਿੰਨ ਵੱਡੇ ਮੈਂਬਰਾਂ ਨੇ ਅਮਰੀਕਾ ਦੇ ਰੱਖਿਆ ਸਕੱਤਰ ਰਾਬਰਟ ਗੇਟਜ਼ ਨੂੰ ਕਿਹਾ ਹੈ ਕਿ ਅਮਰੀਕਾ ਦੇ ਸਿੱਖ ਨੌਜਵਾਨਾਂ ਨੂੰ ਅਮਰੀਕੀ ਫੌਜ ਵਿਚ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਸਣੇ ਸੇਵਾ ਨਿਭਾਉਣ ਦੀ ਇਜਾਜ਼ਤ ਦਿੱਤੀ ਜਾਵੇ। ਤਿੰਨ ਕਾਨੂੰਨ ਘਾੜਿਆਂ ਕਾਰੋਲੀਨ ਮਾਲੋਨੇ, ਰੋਡਨੇ ਫਰੀਲਿੰਗੁਸਨ ਅਤੇ ਜੋਸਫ ਕਰੋਲੇ ਨੇ ਗੇਟਜ਼ ਨੂੰ ਲਿਖੇ ਇਕ ਪੱਤਰ ਵਿਚ ਕਿਹਾ, "ਅਸੀਂ ਉਨ੍ਹਾਂ ਦੋ ਸਿੱਖ ਨੌਜਵਾਨਾਂ ਦਾ ਸੰਪੂਰਨ ਸਮਰਥਨ ਕਰਦੇ ਹਾਂ, ਜਿਨ੍ਹਾਂ ਨੇ ਪੈਂਟਾਗਨ ਦੇ ਕਾਨੂੰਨ ਨੂੰ ਇਸ ਕਰਕੇ ਚੁਣੌਤੀ ਦਿੱਤੀ ਹੈ, ਕਿਉਂਕਿ ਉਨ੍ਹਾਂ ਨੂੰ ਦਸਤਾਰ ਅਤੇ ਹੋਰ ਧਾਰਮਿਕ ਚਿਨ੍ਹ ਸਜਾ ਕੇ ਡਿਊਟੀ 'ਤੇ ਹਾਜ਼ਰ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।" ਤਿੰਨਾਂ ਨੇ ਹੀ ਆਪਣੇ ਪੱਤਰ ਵਿਚ ਰੱਖਿਆ ਸਕੱਤਰ ਨੂੰ ਸਪੱਸ਼ਟ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਦੋਹਾਂ ਫੌਜੀਆਂ ਦੀ ਦਰਖ਼ਾਸਤ ਨੂੰ ਵਿਚਾਰ ਲਿਆ ਜਾਣਾ ਚਾਹੀਦਾ ਹੈ।"

ਅਪਣੇ ਪੱਤਰ ਵਿਚ ਕਾਨੂੰਨ ਘਾੜਿਆਂ ਨੇ ਅਮਰੀਕਾ ਦੇ ਹੋਰ ਸਿੱਖ ਨੌਜਵਾਨਾਂ ਨੂੰ ਵੀ ਫੌਜ ਵਿਚ ਸੇਵਾ ਨਿਭਾਉਣ ਦਾ ਸੱਦਾ ਦਿੱਤਾ। ਕਾਂਗਰਸੀਆਂ ਨੇ ਕਿਹਾ ਕਿ ਉਹ ਸਿੱਖਾਂ ਦੀ ਜ਼ੋਰਦਾਰ ਢੰਗ ਨਾਲ ਮਦਦ ਕਰਨਗੇ। ਪੱਤਰ ਵਿਚ ਦਲੀਲ ਦਿੱਤੀ ਗਈ ਹੈ ਕਿ ਅਮਰੀਕਾ ਇਕ ਅਜਿਹਾ ਦੇਸ਼ ਹੈ, ਜਿਥੇ ਧਰਮ ਜਾਂ ਪਿੱਠਭੂਮੀ ਨੂੰ ਨਜ਼ਰਅੰਦਾਜ਼ ਕਰਨ ਦਾ ਸਮਾਂ ਆ ਗਿਆ ਹੈ।

ਅਮਰੀਕੀ ਫੌਜ ਦਾ ਮਕਸਦ ਇਕ ਅਜਿਹਾ ਫੌਜੀ ਤਿਆਰ ਕਰਨ ਦਾ ਹੋਣਾ ਚਾਹੀਦਾ ਹੈ, ਜੋ ਸਮੁੱਚੇ ਦੇਸ਼ ਨੂੰ ਇਕਜੁਟ ਰੱਖ ਸਕਦਾ ਹੋਵੇ ਅਤੇ ਦੇਸ਼ ਨੂੰ ਮਜ਼ਬੂਤੀ ਵਲ ਲੈ ਕੇ ਜਾਵੇ। ਕਾਂਗਰਸਪਰਸਨ ਮਾਲੋਨੇ ਅਤੇ ਕਾਂਗਰਸਮੈਨ ਕਰੋਲੇ ਨੇ ਲੈਫਟੀਨੈਂਟ ਤੇਜਦੀਪ ਸਿੰਘ ਰਤਨ ਦੇ ਪੱਖ ਵਿਚ ਰੱਖਿਆ ਸਕੱਤਰ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਉਨ੍ਹਾਂ ਦੀ ਬਹਾਲੀ ਅਮਰੀਕੀ ਫੌਜ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਏ ਸਾਬਤ ਹੋਵੇਗੀ। ਕਾਂਗਰਸ ਮੈਨ ਫਰੀਲਿੰਗਸੇਨ ਨੇ ਕੈਪਟਨ ਕੰਵਲਜੀਤ ਸਿੰਘ ਕਲਸੀ ਦਾ ਮਾਮਲਾ ਚੁੱਕਦਿਆਂ ਲਿਖਿਆ ਹੈ, "ਮੈਂ ਅਪੀਲ ਕਰਦਾ ਹਾਂ ਕਿ ਨੌਜਵਾਨ ਅਮਰੀਕੀ ਸਿੱਖ ਨੂੰ ਉਨ੍ਹਾਂ ਦੇ ਧਾਰਮਿਕ ਚਿਨ੍ਹਾਂ ਨੂੰ ਪਹਿਨ ਕੇ ਹੀ ਡਿਊਟੀ ਨਿਭਾਉਣ ਦਿੱਤੀ ਜਾਵੇ ਅਤੇ ਉਸ ਨਾਲ ਹਮਦਰਦੀ ਭਰਿਆ ਵਤੀਰਾ ਕੀਤਾ ਜਾਵੇ।"

ਚੇਤੇ ਰਹੇ ਕਿ ਕਲਸੀ ਅਤੇ ਰਤਨ ਦੀ ਚੋਣ ਅਮਰੀਕੀ ਫੌਜ ਵਿਚ ਹੋ ਚੁਕੀ ਹੈ, ਪਰ ਡਿਊਟੀ ਉਤੇ ਹਾਜ਼ਰ ਕਰਾਉਣ ਵੇਲੇ ਉਨ੍ਹਾਂ 'ਤੇ ਦਸਤਾਰ ਅਤੇ ਕੇਸ ਨਾ ਰੱਖਣ ਦੀ ਸ਼ਰਤ ਥੋਪ ਦਿੱਤੀ ਗਈ, ਜਦਕਿ ਚਾਰ ਸਾਲ ਪਹਿਲਾਂ ਹੋਈ ਚੋਣ ਮੌਕੇ ਅਜਿਹੀ ਕੋਈ ਸ਼ਰਤ ਨਹੀਂ ਸੀ ਰੱਖੀ ਗਈ। ਇਸ ਮਾਮਲੇ ਨੂੰ ਅਦਾਲਤ ਵਿਚ ਚੁਣੌਤੀ ਵੀ ਦਿੱਤੀ ਜਾ ਚੁਕੀ ਹੈ। ਸਿੱਖ ਕੁਲੀਸ਼ਨ ਅਤੇ ਹੋਰ ਸਿੱਖ ਨੇਤਾਵਾਂ ਨੇ ਇਸ ਮਾਮਲੇ ਨੂੰ ਪਿਛਲੇ ਹਫਤੇ ਕਾਂਗਰਸ ਦੀ ਲਾਇਬਰੇਰੀ ਵਿਖੇ ਰਖੀ ਗਈ ਇਕ ਕਾਨਫਰੰਸ ਵਿਚ ਜ਼ੋਰ ਨਾਲ ਉਠਾਇਆ ਸੀ। ਕਾਨਫਰੰਸ ਵਿਚ ਕਾਂਗਰਸ ਦੇ ਕਾਨੂੰਨ ਘਾੜਿਆਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਇਸ ਮਾਮਲੇ ਵਿਚ ਸਿੱਖਾਂ ਦੀ ਬਾਂਹ ਫੜਨ।




# ...ਜਿਉਂ ਫਾਟਕ ਕੋਟਕਪੂਰੇ ਦਾ


ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958


ਦੀਦਾਰ ਸੰਧੂ ਦਾ ਕਦੀ ਇਹ ਗੀਤ ਬਹੁਤ ਵੱਜਿਆ ਸੀ, 'ਬੰਦ ਪਿਆ ਦਰਵਾਜ਼ਾ ਜਿਉਂ ਫਾਟਕ ਕੋਟਕਪੂਰੇ ਦਾ'। ਫਾਟਕ ਭਾਵੇਂ ਕੋਟਕਪੂਰੇ ਦਾ ਹੋਵੇ, ਮੋਰਿੰਡੇ ਦਾ, ਫਗਵਾੜੇ ਦਾ ਜਾਂ ਗੋਰਾਇਆ ਦਾ ਹੋਵੇ ਜਾਂ ਕਿਸੇ ਵੀ ਹੋਰ ਸ਼ਹਿਰ ਦਾ ਕਰਤੂਤ ਸਭ ਦੀ ਇਕੋ ਹੈ। ਮੈਨੂੰ ਜਾਪਦਾ ਹੈ ਕਿ ਕੁਦਰਤ ਦੇ ਕਾਦਰ ਤੇ ਮੁਲਕਾਂ ਦੀਆਂ ਹਕੂਮਤਾਂ ਨੇ ਮਿਲ ਕੇ ਮਤਾ ਪਕਾਇਆ ਕਿ ਦੁਨੀਆਂ ਦੇ ਚਲਦੇ ਕਾਰੋਬਾਰ ਰੁਕ ਜਾਣ ਪਰ 'ਚਲਤੀ ਕਾ ਨਾਮ ਗਾੜੀ' ਵਰਗੇ ਮਹਾ-ਕਥਨ ਦੀ ਸੱਚਾਈ ਨੂੰ ਝੁਠਿਆਂ ਨਹੀਂ ਪੈਣ ਦੇਣਾ। ਰੇਲਵੇ ਫਾਟਕ ਦੀ ਕਾਢ ਇਸ ਮਹਾ ਮਤੇ ਦਾ ਸਿੱਟਾ ਹੋਈ। ਗੱਡੀ ਨੂੰ ਚਲਦੀ ਰੱਖਣ ਦੇ ਇਸ ਮਤੇ ਨੂੰ ਲਾਗੂ ਕਰਨ ਲਈ ਸ਼ਹਿਰ ਬਣ ਰਹੇ ਪਿੰਡ ਗੋਰਾਇਆ ਦੇ ਐਨ ਵਿਚਕਾਰ ਇਹ ਜੁਗਾੜ ਫਿੱਟ ਕਰ ਦਿੱਤਾ ਗਿਆ। ਪਰ ਭਾਅ ਦੀ ਬਣੀ ਘੁੱਗ ਵਸਦੇ ਇਲਾਕਾ ਨਿਵਾਸੀਆਂ ਦੀ ਜਿਨ੍ਹਾਂ ਦੀ ਰਵਾਂ-ਰਵੀਂ ਜ਼ਿੰਦਗੀ ਵਿਚ ਇਹ ਰਾਹ-ਰੋਕੂ ਅਸਮਾਨੀ ਬਿੱਜ ਵਾਂਗ ਸਾਬਤ ਹੋਇਆ ਤੇ ਜਿਸ ਤੋਂ ਹੁਣ ਸੱਤਾਂ ਮਰਨਿਆਂ ਤਕ ਵੀ ਛੁਟਕਾਰਾ ਦਰਕਾਰ ਨਹੀਂ। ਕਈਆਂ ਦੇ ਜ਼ਿਹਨ ਵਿਚ ਇਹ ਫਾਟਕ ਇਸ ਕਦਰ ਠੁਕ ਗਿਆ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਰਾਹ ਹੀ ਬਦਲ ਲਏ। ਕਈ ਗਾਡੀਰਾਹ ਨੂੰ ਹੀ ਅਸਲੀ ਰਾਹ ਸਮਝਣ ਵਾਲਿਆਂ ਨੇ ਹੋਣੀ ਤੋਂ ਬੇਮੁਖ ਹੋਣਾ ਮੁਨਾਸਿਬ ਨਾ ਸਮਝਿਆ। ਕਿੰਨੇ ਅਣਭੋਲਾਂ ਦੇ ਘੜੇ ਘੜਾਏ ਮਨਸੂਬੇ ਇਸ ਜੁਗਾੜ ਦੀ ਲੋਹ ਵਿਚ ਟਕਰਾ ਕੇ ਚਕਨਾ ਚੂਰ ਹੋਣ ਲੱਗੇ। ਕਿਸੇ ਨੌਜਵਾਨ ਨੇ ਆਪਣੀ ਪਤਨੀ ਨਾਲ ਲੁਧਿਆਣਾ ਸ਼ਹਿਰ ਘੁੰਮਣ ਦਾ ਪ੍ਰੋਗਰਾਮ ਉਲੀਕਿਆ ਹੁੰਦਾ ਹੈ ਜਿਥੇ ਪਹੁੰਚਦਿਆਂ ਹੀ ਉਨ੍ਹਾਂ ਸਭ ਤੋਂ ਪਹਿਲਾਂ ਖ਼ੁਸ਼ੀ ਰਾਮ ਦੀ ਦੁਕਾਨ ਤੋਂ ਛੋਲੇ-ਭਠੂਰੇ, ਗੁਲਾਬ ਜਾਮਨ ਤੇ ਮਲਾਈ ਦੀ ਮੋਟੀ ਤਹਿ ਵਾਲੀ ਲੱਸੀ ਦੀ ਤਹਿ ਲਾਉਣੀ ਹੈ, ਫਿਰ ਚੌੜੇ ਬਾਜ਼ਾਰ ਦੀਆਂ ਭੀੜੀਆਂ ਗਲੀਆਂ ਕਛਣੀਆਂ ਹਨ ਤੇ ਅਖੀਰ ਵਿਚ ਨੌਲੱਖੇ ਦੀ ਫਿਲਮੀ ਦੁਨੀਆਂ ਵਿਚ ਗੜੂੰਦ ਹੋਣਾ ਹੈ। ਉਹ ਆਪਣੇ ਪ੍ਰੋਗਰਾਮ ਵਿਚ ਹੋਰ ਹੋਰ ਰੰਗ ਭਰ ਰਿਹਾ ਹੁੰਦਾ ਹੈ ਕਿ ਫਾੜ ਕਰਕੇ ਡਿਗਦਾ ਫਾਟਕ ਉਨ੍ਹਾਂ ਦੇ ਰਾਂਗਲੇ ਪ੍ਰੋਗਰਾਮ ਦੇ ਸਾਰ ਪਾਰ ਹੋ ਜਾਂਦਾ ਹੈ।

ਫਾਟਕ ਦੇ ਦੂਜੇ ਪਾਰ ਹੋਰ ਯੁਵਾ ਅਰਮਾਨਾਂ ਦਾ ਘਾਣ ਹੋਇਆ ਦਿਸਦਾ ਹੈ। ਵਲੈਤੋਂ ਮੇਮ ਨੂੰ ਵਿਆਹ ਕੇ ਲਿਆਇਆ ਨੌਜਵਾਨ ਦਿੱਲੀ ਏਅਰਪੋਰਟ ਤੋਂ ਟੈਕਸੀ ਵਿਚ ਆ ਰਿਹਾ ਹੈ। ਰਾਹ ਵਿਚ ਉਹ ਆਪਣੀ ਮੇਮ ਨੂੰ ਆਪਣੇ ਪਿੰਡ ਵਿਚ ਉਸਾਰੇ ਮਹਿਲ ਵਰਗੇ ਘਰ, ਉਸ ਵਿਚ ਹਾਸਿਲ ਅਧੁਨਿਕਤਮ ਸਹੂਲਤਾਂ ਤੇ ਪਿੰਡ ਵਿਚ ਆਪਣੀ ਬੰਬੀ ਜ਼ਮੀਨ ਜਾਇਦਾਦ ਦੇ ਲੁਭਾਵਣੇ ਦ੍ਰਿਸ਼ ਪੇਸ਼ ਕਰ ਰਿਹਾ ਹੁੰਦਾ ਹੈ ਕਿ ਇਹ ਫਾਟਕ ਪਰਸੂ ਰਾਮ ਦੇ ਕੁਹਾੜੇ ਵਾਂਗ ਠਾਹ ਵੱਜਦਾ ਹੈ।

'ਐਸ ਨਜ਼ਰਵੱਟੂ ਬਾਰੇ ਤਾਂ ਦਸਿਆ ਹੀ ਨਹੀਂ ਸੀ' ਪਰਸੇਉ ਪਰਸੇਉ ਹੋਈ ਮੇਮ ਚੰਡੀ ਦਾ ਰੂਪ ਬਣੀ ਪਈ ਹੈ ਤੇ ਮੇਮਨਾ ਬਣਿਆ ਨੌਜਵਾਨ ਬੰਦ ਫਾਟਕ ਵੱਲ ਬਿਟਰ ਬਿਟਰ ਝਾਕਣ ਲਗਦਾ ਹੈ।

ਬੱਸਾਂ, ਟੈਂਪੂਆਂ, ਟਾਂਗਿਆਂ, ਗੱਡਿਆਂ, ਰੇੜ੍ਹਿਆਂ, ਮਾਰੂਤੀਆਂ ਤੇ ਮਾਰੂਤਿਆਂ ਵਿਚ ਬੈਠੀਆਂ ਊਂਘ ਰਹੀਆਂ ਸਵਾਰੀਆਂ ਯਕਾਯਕ ਅਣਮਿਥੇ ਸਮੇਂ ਲਈ ਫਾਟਕ ਦੇਵਤੇ ਦੇ ਡੰਡਿਆਂ 'ਤੇ ਟੰਗੀਆਂ ਗਈਆਂ ਹਨ। ਹਵਾ ਦਾ ਹੁੱਟ ਤੇ ਗਰਮੀ ਦਾ ਵੱਟ ਉਨ੍ਹਾਂ ਦੇ ਵੱਟ ਕੱਢ ਰਿਹਾ ਹੈ। ਜਿਉਂ ਹੀ ਡਰਾਈਵਰ ਬੱਸ ਤੇ ਲੱਤ ਮਾਰ ਕੇ ਔਹ ਗਿਆ ਔਹ ਗਿਆ ਹੁੰਦਾ ਹੈ, ਸਵਾਰੀਆਂ ਦੇ ਕਲੇਜੇ ਛੁਰੀਆਂ ਚੱਲਣ ਲਗਦੀਆਂ ਹਨ। ਲੱਗ ਗਈ ਅੱਜ ਦੀ ਯਾਤਰਾ ਫਾਟਕ ਦੇ ਲੇਖੇ। ਬਹੁਤੀਆਂ ਸਬਰ ਦਾ ਘੁਟ ਭਰ ਕੇ ਕੋਈ ਅਖਬਾਰ ਦਾ ਟੁਕੜਾ, ਚੁੰਨੀ ਦਾ ਪੱਲਾ ਜਾਂ ਪੱਗ ਦੇ ਲੜ ਨਾਲ ਹਵਾ ਝੱਲਣ ਲਗਦੀਆਂ ਹਨ। ਕਈ ਜਾਣੀ ਜਾਣ ਤੇ ਹੁਸ਼ਿਆਰ ਛਾਲ ਮਾਰਦਿਆਂ ਦੇਰ ਨਹੀਂ ਲਾਉਂਦੇ-ਫਟਾਫਟ ਫਾਟਕ ਦੇ ਆਰ ਪਾਰ ਦੁਕਾਨਾਂ ਰੇੜੀਆਂ ਤੋਂ ਮੂੰਗਫਲੀ, ਗਨੇਰੀਆਂ, ਪਰਾਂਦੀਆਂ, ਰਬੜ ਬੈਂਡਾਂ ਜਿਹੇ ਮਾਤਾ ਦੇ ਮਾਲ ਨਾਲ ਲਫਾਫੇ ਭਰਾ ਲੈਂਦੇ ਹਨ। ਕਈ ਲਾਹਾ-ਚੁੱਕ ਖੁੰਜੇ ਬੈਠੇ ਭਾਈ ਤੋਂ ਚਾਕੂ ਤਿਖੇ ਕਰਾਉਣ ਜਾਂ ਡੁਪਲੀਕੇਟ ਚਾਬੀਆਂ ਬਣਵਾਉਣ ਦਾ ਮੌਕਾ ਲਭ ਲੈਂਦੇ ਹਨ। ਪਰ ਨਹੀਂ ਰੀਸਾਂ ਉਨ੍ਹਾਂ ਜ਼ਿੰਦਾਦਿਲ ਗਭਰੂਆਂ ਦੀਆਂ ਜੋ ਐਨ ਟਿਕਾਣੇ ਤੇ ਸਥਿਤ ਹਰਭਜਨ ਸਟੂਡੀਓ ਤੋਂ ਫੋਟੋ ਖਿਚਵਾਉਣ ਲਈ ਭਜ ਤੁਰਦੇ ਹਨ, ਵਾਪਸੀ ਬੰਦ-ਫਾਟਕ ਦੌਰਾਨ ਉਹ ਬੜੇ ਅਰਾਮ ਨਾਲ ਤਿਆਰ ਫੋਟੋਆਂ ਚੁੱਕ ਸਕਣਗੇ।

ਗੋਰਾਇਆ ਹੀ ਰੁਕਣ ਵਾਲੇ ਕਈ ਸਾਈਕਲ ਸਵਾਰ ਜਾਂ ਸਕੂਟਰਾਂ ਵਾਲੇ ਫਾਟਕ ਦੇ ਪਾਸੇ ਦੀ ਰੇਲ-ਪਟੜੀਆਂ ਨਾਲ ਘਸੇੜਦੇ ਆਪਣੇ ਵਾਹਣ ਰੋਹੜ ਲਿਜਾਂਦੇ ਹਨ; ਕਈ ਕਰਤਬ ਦਿਖਾਉਂਦੇ ਸਾਈਕਲ ਗਲ ਵਿਚ ਲਟਕਾਈ ਫਾਟਕ ਦੇ ਉਪਰ ਦੀ ਅਛੋਪਲੀ ਲੰਘ ਜਾਂਦੇ ਹਨ। ਚੰਦ ਸੂਰਬੀਰ ਤੇ ਕੁਝ ਸੂਰ ਦੇ ਬੱਚੇ ਐਨ ਕੋਲ ਆਈ ਗੱਡੀ ਦੀ ਵੀ ਪਰਵਾਹ ਨਾ ਕਰਦੇ ਹੋਏ ਜਾਨ ਤਲੀ ਤੇ ਧਰ ਕੇ ਆਪਣਾ ਝੋਲਾ, ਗਠੜੀ, 'ਟੈਚੀ ਤੇ ਪੀਪੇ ਸਮੇਤ ਹੇਠ-ਉਤਾ ਕਰਦੇ ਚੁਪੱਟ ਸਾਰੀਆਂ ਦੁਸ਼ਵਾਰੀਆਂ ਪਾਰ ਕਰ ਲੈਂਦੇ ਹਨ ।

ਜਲੰਧਰ ਦੀ ਗੱਡੀ ਲੰਘ ਗਈ, ਫਾਟਕ ਨਹੀਂ ਖੁਲ੍ਹਾ, ਦੂਜੇ ਪਾਸਿਉਂ ਦਿੱਲੀ ਦੀ ਗੱਡੀ ਸੀਟੀ ਮਾਰਦੀ ਭੱਜ ਗਈ, ਫਾਟਕ ਬੰਦ ਦਾ ਬੰਦ, ਜਲੰਧਰੋਂ ਗਈ ਗੱਡੀ ਮੁੜ ਆਈ, ਫਾਟਕ ਦੇਵਤਾ ਜੀ ਅਜੇ ਵੀ ਲੰਮੀਆਂ ਤਾਣ ਕੇ ਪਏ ਹਨ ਕਿਉਂਕਿ ਫਾਟਕ ਦਾ ਖੁਲ੍ਹਣਾ ਸਿਗਨਲਮੈਨ ਦੀ ਮੌਜ, ਮਰਜ਼ੀ ਤੇ ਵਿਹਲ 'ਤੇ ਨਿਰਭਰ ਕਰਦਾ ਹੈ। ਉਹ ਸ਼ਾਇਦ ਘਰ ਰੋਟੀ ਖਾਣ ਗਿਆ ਹੈ, ਸ਼ਾਇਦ ਲੜਕੀ ਲਈ ਵਰ ਲਭਦਾ ਫਿਰਦਾ ਹੈ, ਜਾਂ ਬਸ ਡਰਾਈਵਰ ਨਾਲ ਗਲਾਸੀ ਮਾਰਨ ਲੱਗ ਪਿਆ ਹੈ। ਲੋਕਾਂ ਨੇ ਜੰਡਿਆਲੇ ਦੇ ਬਾਬੇ ਭੋਮੀਏ, ਬੰਡਾਲੇ ਦਿਆਂ ਨਾਥਾਂ, ਰੁੜਕੇ ਦੇ ਬਾਬੇ ਚਿੰਤੇ, ਢੇਸੀਆਂ ਦੇ ਸਤਿਗੁਰ- ਮੁਕਦੀ ਗੱਲ ਹਰ ਮੰਨਣ ਜਾਂ ਨਾ ਮੰਨਣ ਵਾਲੀ ਜਗਹ ਅਗੇ ਮੱਥੇ ਘਸਾਏ, ਸਰਕਾਰੇ ਦਰਬਾਰੇ ਮੰਗ-ਪੱਤਰ ਪੇਸ਼ ਕੀਤੇ ਪਰ ਉਹ ਇਸ ਫਾਟਕ ਦੇ ਡੰਡੇ ਡੋਰੇ ਨੂੰ ਚੁਕਵਾਉਣ ਵਿਚ ਕਾਮਯਾਬ ਨਾ ਹੋਏ।

ਇਕ ਵਾਰੀ ਗੋਰਾਇਆ ਦੀ ਪੰਚਾਇਤ ਚੋਣ ਵਿਚ ਇਕ ਸਰਪੰਚੀ ਦੇ ਉਮੀਦਵਾਰ ਨੇ ਇਹ ਫਾਟਕ ਚੁਕਾਉਣਾ ਆਪਣਾ ਮੁਖ ਮਨੋਰਥ ਘੋਸ਼ਿਤ ਕਰ ਦਿੱਤਾ, ਪਰ ਉਹ ਭਲਾ ਪੁਰਸ਼ ਆਪਣੀ ਜ਼ਮਾਨਤ ਜ਼ਬਤ ਕਰਾ ਬੈਠਾ। ਕਿਉਂ? ਸਾਰੇ ਦੁਕਾਨਦਾਰ ਉਸਦੇ ਵਿਰੁਧ ਹੋ ਗਏ ਕਿਉਂਕਿ ਬੰਦ-ਫਾਟਕ ਕਾਰਨ ਘਿਰੀਆਂ ਸਵਾਰੀਆਂ ਦੀ ਜੇਬ ਵਿਚ ਉਨ੍ਹਾਂ ਦੀ ਰੋਜ਼ੀ ਸੀ। ਨਿਰਸੰਦੇਹ ਗੋਰਾਇਆ ਨਗਰ ਦੀ ਆਰਥਕਤਾ ਇਸ ਫਾਟਕ ਦੇ ਡੰਡਿਆਂ 'ਤੇ ਖੜੀ ਹੈ।

ਭਾਰਤ ਵਰਸ਼ ਰਹਿੰਦਿਆਂ ਮੈਂ ਨਿੱਜੀ ਤੌਰ ਤੇ ਇਸ ਆਫਤ ਤੋਂ ਨਿਜਾਤ ਪਾਉਣ ਦੇ ਢੰਗ ਤਰੀਕੇ ਲਭਦਾ ਰਹਿੰਦਾ। ਮੈਂ ਸੋਚਦਾ ਦੁਨੀਆਂ ਭਰ ਦੇ ਦੇਸ਼ਾਂ ਨੇ ਓਵਰ ਬਰਿੱਜ, ਅੰਡਰ ਪਾਸ, ਸੁਰੰਗਾਂ ਆਦਿ ਬਣਾਕੇ ਫਾਟਕ ਨਾਮ ਦੀ ਜ਼ਹਿਮਤ ਤੋਂ ਛੁਟਕਾਰਾ ਪਾ ਲਿਆ ਹੈ। ਤਰੱਕੀ ਦੀ ਸਿਖਰ 'ਤੇ ਪੁੱਜੇ ਕਈ ਦੇਸਾਂ ਨੇ ਤਾਂ ਰੇਲ ਗੱਡੀਆਂ ਹੀ ਚਲਾਉਣੀਆਂ ਬੰਦ ਕਰ ਦਿਤੀਆਂ ਹਨ, ਨਾ ਰਹੇਗਾ ਬਾਂਸ-ਨਾ ਰਹੇਗੀ ਬਾਂਸਰੀ। ਪਰ ਇਹ ਦਕੀਆਨੂਸ ਦੇਸ ਅਜੇ ਫਾਟਕੀ ਯੁੱਗ ਵਿਚ ਹੀ ਵਿਚਰ ਰਿਹਾ ਹੈ।




ਮੈਨੂੰ ਅਮਰੀਕਾ ਜਾ ਵਸਣ ਦਾ ਅਵਸਰ ਪ੍ਰਾਪਤ ਹੋਇਆ ਤਾਂ ਦੇਸ਼ ਛਡਣ ਲਗਿਆਂ ਜਿਨ੍ਹਾਂ ਦਸ ਸਭ ਤੋਂ ਦੁਖਦਾਈ ਚੀਜ਼ਾਂ ਤੋਂ ਮੈਨੂੰ ਰਾਹਤ ਮਹਿਸੂਸ ਹੋਈ ਸੀ ਉਨ੍ਹਾਂ ਵਿਚੋਂ ਇਕ ਸੀ ਇਹ ਗੋਰਾਇਆ ਦਾ ਫਾਟਕ। ਸੋਚਿਆ ਹੁਣ ਤਾਂ ਰਹਿਣਾ ਵੀ ਅਮਰੀਕਾ ਦੀ ਉਸ ਸਟੇਟ ਯਾਨਿ ਮਿਸ਼ੀਗਨ ਵਿਚ ਹੈ ਜੋ ਦੁਨੀਆਂ ਦੀ ਆਟੋ ਇੰਡਸਟਰੀ ਦਾ ਮਰਕਜ਼ ਹੈ, ਜਿਥੇ ਕਾਰਾਂ 'ਤੇ ਕਾਰਾਂ ਚੜ੍ਹੀਆਂ ਹੋਣਗੀਆਂ ਤੇ ਜਿੱਥੇ ਰੇਲ ਗੱਡੀ ਨਾਮ ਦੀ ਚੀਜ਼ ਤੋਂ ਤਾਂ ਲੋਕੀ ਹੱਸ ਛਡਦੇ ਹੋਣਗੇ।

ਫਸੇ ਰਹਿਣ ਬੰਟੀ ਸੰਟੀ, ਮਹਿੰਦਰ ਸ਼ਿੰਦਰ, ਭਜਨੋ ਕਰਤਾਰੋ ਫਾਟਕਾਂ ਦੇ ਚੱਕਰ ਵਿਚ, ਆਪਾਂ ਤਾਂ ਉਡਾਰੀ ਮਾਰ ਲਈ ਫਾਟਕਹੀਣ ਵਤਨਾਂ ਕੰਨੀਂ!

ਅਮਰੀਕਾ ਪਧਾਰੇ ਤਾਂ ਜੀ.ਐਮ., ਫੋਰਡ ਤੇ ਕਰਾਈਸਲਰ ਦੇ ਗੜ੍ਹ ਡਿਟਰਾਇਟ ਮੈਟਰੋ ਵਿਚ ਪਲਿਮਥ ਸ਼ਹਿਰ ਵਿਖੇ ਸਾਡਾ ਟਿਕਾਣਾ ਹੋਇਆ। ਪਹਿਲੀ ਹੀ ਰਾਤ ਪਹਿਰ ਦੇ ਤੜਕੇ ਕਿਸੇ ਆਵਾਜ਼ ਨੇ ਮੈਨੂੰ ਅਭੜਵਾਹੇ ਜਗਾ ਦਿੱਤਾ। ਝਟ ਪਿੱਛੋਂ ਇਕ ਕੰਨ-ਪਾੜਵੀਂ ਚੀਕ ਸੁਣਾਈ ਦਿੱਤੀ: ਹੈਂ ਇਹ ਤਾਂ ਰੇਲ ਗੱਡੀ ਦੀ ਸੀਟੀ ਹੈ; ਮੇਰੀ ਪਛਾਣ-ਸ਼ਕਤੀ ਅਜੇ ਕਾਇਮ ਸੀ। ਮੈਂ ਆਪਣੀ ਪਤਨੀ ਨੂੰ ਜਗਾਇਆ, "ਆਹ ਗੱਡੀ ਦੀ ਵਿਸਲ, ਉਠ ਜ਼ਰਾ, ਛੇਤੀ ਉਠ, ਕੀ ਆਪਾਂ ਗੋਰਾਇਆ ਵਿਚ ਸੁੱਤੇ ਪਏ ਹਾਂ?"

"ਏਥੇ ਅਮਰੀਕਾ 'ਚ ਵੀ ਗੱਡੀਆਂ ਹੁੰਦੀਆਂ ਹਨ, ਆਰਾਮ ਨਾਲ ਪਿਆ ਰਹੁ।" ਉਸ ਨੇ ਆਪਣੇ ਸਹਿਜ ਗਿਆਨ ਨਾਲ ਮੈਨੂੰ ਠਿਠ ਕਰ ਦਿੱਤਾ।

ਬਾਕੀ ਦੀ ਰਾਤ ਮੈਂ ਗੱਡੀਆਂ ਦੀ ਖਾੜ ਖਾੜ, ਇਨ੍ਹਾਂ ਦੀਆਂ ਚੀਕਾਂ-ਕੂਕਾਂ ਤੇ ਰੇਲ ਫਾਟਕਾਂ ਦੇ ਪੜ-ਯਥਾਰਥ ਵਿਚ ਉਲਝਦਿਆਂ ਬਿਤਾਈ।

ਦੂਜੇ ਦਿਨ ਸ਼ਹਿਰ ਦਾ ਡਰਾਈਵ ਰਾਉਂਡ ਕਰਦਿਆਂ ਚਾਣਚਕ ਦੂਰੋਂ ਪਲਿਮਥ ਸ਼ਹਿਰ ਦੀ ਅੱਧ-ਵੰਡ ਕਰਦੀ ਰੇਲਵੇ ਲਾਈਨ ਮੇਰੀਆਂ ਅੱਖਾਂ ਚੀਰ ਗਈ। ਭਮੱਤਰਿਆ ਜਿਹਾ ਅਜੇ ਮੈਂ ਸੰਭਲਣ ਹੀ ਲੱਗਾ ਸੀ ਕਿ ਬਲਦੀ ਚ ਤੇਲ ਪੈ ਗਿਆ: ਮੇਰੀ ਕਾਰ ਰੇਲ ਫਾਟਕ ਦੇ ਐਨ ਵਿਚ ਦੀ ਗੁਜ਼ਰ ਰਹੀ ਸੀ!

ਪਹਿਲਾਂ ਜੀ ਕੀਤਾ ਫਾਟਕ ਦੇ ਹੇਠੋਂ ਹੁਣੇ ਧਰਤੀ ਵਿਹਲ ਦੇਵੇ, ਮੈਂ ਗਰਕ ਜਾਵਾਂ। ਘਟੋ ਘਟ ਕਾਰ ਮੋੜ ਕੇ ਕਿਤੇ ਦੂਰ ਨਿਕਲ ਜਾਵਾਂ, ਫਾਟਕਾਂ ਦੀ ਦੁਨੀਆਂ ਤੋਂ ਪਰਾਂਹ। ਪਰ ਕੀ ਕਰਦਾ ਉਖਲੀ ਵਿਚ ਸਿਰ ਦਿਤਾ ਹੋਇਆ ਸੀ, ਹੁਣ ਪਿਛਾਂਹ ਨੂੰ ਪਰਤ ਆਉਣਾ ਮੁਸ਼ਕਿਲ ਸੀ।

ਹੋਸ਼ ਆਈ ਤਾਂ ਮੇਰੀਆਂ ਅੱਖਾਂ ਅਗੇ ਇਕ ਵਾਰੀ ਫਿਰ ਗੋਰਾਇਆ ਘੁੰਮ ਗਿਆ। ਮੈਨੂੰ ਦੋਨੋਂ ਸ਼ਹਿਰਾਂ ਦਾ ਸਾਰ ਇਕੋ ਹੀ ਲੱਗਾ, ਪਸਾਰ ਭਾਵੇਂ ਅਮਰੀਕੀ ਪਲਿਮਥ ਦਾ ਵੱਡਾ ਸੀ। ਜਦ ਦੋਨਾਂ ਵਿਚ ਹੀ ਫਾਟਕ ਮੌਜੂਦ ਸੀ ਤਾਂ ਹੋਰ ਫਰਕ ਵਾਲੀ ਗੱਲ ਕੀ ਰਹਿ ਜਾਂਦੀ ਹੈ। ਹਾਂ, ਪਲਿਮਥ ਦੇ ਬਾਜ਼ਾਰ ਨੂੰ ਇਹ ਡਾਊਨ ਟਾਊਨ ਕਹਿੰਦੇ ਹਨ ਤੇ ਗੋਰਾਇਆ ਦੇ ਡਾਊਨ ਟਾਊਨ ਨੂੰ ਆਪਾਂ ਬਾਜ਼ਾਰ ਸਦਦੇ ਹਾਂ; ਗੋਰਾਇਆ ਦਾ ਫਾਟਕ ਰੇਲ ਲਾਈਨ ਦੇ ਦੋਨੋਂ ਪਾਸੇ ਸੜਕ ਨੂੰ ਪੂਰੀ ਤਰਾਂ ਡੱਕ ਦਿੰਦਾ ਹੈ, ਪਲਿਮਥ ਦਾ ਫਾਟਕ ਅਧ-ਖੁਲ੍ਹਾ ਰਹਿਣ ਦਿੰਦਾ ਹੈ। ਖੱਬੇ ਪਾਸਿਓਂ ਫਾਟਕ ਖੁੱਲ੍ਹਾ ਰਹਿਣ ਦਾ ਕਾਰਨ ਪਹਿਲਾਂ ਮੈਂ ਇਹ ਸਮਝਿਆ ਕਿ ਮਹਾਂ ਸਿਆਣੀ ਅਮਰੀਕਾ ਦੀ ਸਰਕਾਰ ਨੇ ਪਹਿਲਾਂ ਹੀ ਲੋਕਾਂ ਦੀ ਕਾਹਲੇਪਨ ਦੀ ਸਮੱਸਿਆ ਸਮਝਦਿਆਂ ਇਹ ਪਾਸਾ ਖੁਲ੍ਹਾ ਰਹਿਣ ਦਿੱਤਾ ਤਾਂ ਕਿ ਬੇਸਬਰੇ ਲੋਕ ਜੇ ਚਾਹੁਣ ਤਾਂ ਏਧਰ ਦੀ ਲੰਘ ਜਾਣ। ਪਰ ਫਿਰ ਪਤਾ ਲੱਗਾ ਕਿ ਭਾਰਤੀ ਟਰੈਫਿਕ-ਪ੍ਰਥਾ ਤੋਂ ਕੋਰੇ ਏਥੇ ਦੇ ਲਕੀਰ ਦੇ ਫਕੀਰ ਲੋਕ ਦ੍ਰਿੜਤਾ ਨਾਲ ਆਪਣੀ ਸੱਜੀ ਲੇਨ ਵਿਚ ਹੀ ਰਹਿਣ ਦਾ ਪਾਲਣ ਕਰਦੇ ਹਨ ਤੇ ਉਸ ਲੇਨ ਦਾ ਗੇਟ ਬੰਦ ਹੋਣ ਕਾਰਨ ਉਹ ਖੁਲ੍ਹੇ ਪਾਸਿਓਂ ਧੁੱਸ ਦੇ ਕੇ ਪਾਰ ਨਹੀਂ ਜਾਂਦੇ।

ਖੈਰ ਫਾਟਕ ਤਾਂ ਫਾਟਕ ਹੀ ਹੈ ਚਾਹੇ ਗੋਰਾਇਆ ਦਾ ਚਾਹੇ ਪਲਿਮਥ ਦਾ, ਇਸਨੇ ਸੜਕ-ਵਾਹਕਾਂ ਦੇ ਸਮੇਂ ਤੇ ਚੱਕ ਮਾਰਨਾ ਹੀ ਮਾਰਨਾ ਹੈ, ਉਨ੍ਹਾਂ ਦੀ ਸਹਿਜ ਜ਼ਿੰਦਗੀ ਵਿਚ ਖਲਲ ਪਾਉਣਾ ਹੀ ਹੈ ਤੇ ਨੌਜਵਾਨ ਸੱਧਰਾਂ ਦਾ ਕਤਲ ਕਰਨਾ ਹੀ ਹੈ। ਭਾਵੇਂ ਪਲਿਮਥ ਦਾ ਇਹ ਫਾਟਕ ਗੱਡੀ ਆਉਣ ਤੋਂ 20 ਕੁ ਸਕਿੰਟ ਪਹਿਲਾਂ ਹੀ ਬੰਦ ਹੁੰਦਾ ਹੈ ਤੇ ਗੱਡੀ ਲੰਘਦਿਆਂ ਹੀ ਖੁਲ੍ਹ ਜਾਂਦਾ ਹੈ ਪਰ ਏਥੋਂ ਦੀ ਗੱਡੀ ਹੀ ਏਨੀ ਲੰਮੀ ਹੁੰਦੀ ਹੈ ਕਿ ਲਗਦਾ ਹੈ ਵਕਤ ਖਲੋ ਗਿਆ ਹੈ। ਬੋਰ ਹੋਏ ਨੇ ਇਕ ਵਾਰੀ ਮੈਂ ਡੱਬੇ ਗਿਣਨੇ ਸ਼ੁਰੂ ਕੀਤੇ, ਪੂਰੇ 110 ਨਿਕਲੇ, ਫਿਰ ਜੇ ਏਨੀਆਂ ਲੰਮੀਆਂ ਦੋ ਜਾਂ ਇਸ ਤੋਂ ਵੀ ਵਧ ਗੱਡੀਆਂ ਅਗੜ ਪਿੱਛੜ ਲੰਘਾਉਣੀਆਂ ਹੋਣ ਤਾਂ ਸੋਚੋ ਗੱਲ ਕਿਥੇ ਜਾਂਦੀ ਹੈ? ਨਾਲੇ ਏਥੇ ਮਨ ਏਨਾ ਕਾਹਲਾ ਰਹਿੰਦਾ ਹੈ ਕਿ ਸਪਾਟ ਦੇ ਸਪਾਟ ਲੋਹੇ ਦੇ ਇਹ ਅਸੰਖ ਡੱਬੇ ਅੱਖਾਂ ਅੱਗੋਂ ਲੰਘਾਉਣੇ ਲੋਹੇ ਦੇ ਚਣੇ ਚਬਾਉਣ ਤੋਂ ਘਟ ਨਹੀਂ।

ਗੋਰਾਇਆ ਵਿਚ ਗੱਡੀ ਦੀਆਂ ਖਿੜਕੀਆਂ ਵਿਚੋਂ ਬਾਹਰ ਝਾਕਦੀਆਂ ਭਾਂਤ-ਭਾਂਤ ਦੀਆਂ ਸਵਾਰੀਆਂ ਨੂੰ ਤੱਕਣਾ ਹੀ ਇਕ ਹੁਸੀਨ ਮਨ-ਪਰਚਾਵਾ ਹੁੰਦਾ ਹੈ। ਪਰ ਏਥੇ ਖਿੜਕੀਆਂ ਬੰਦ, ਲਗਦਾ ਹੈ ਧਾਤ ਦੇ ਡੱਬੇ ਹੀ ਸਫਰ ਕਰ ਰਹੇ ਹਨ। ਜੇ ਮਾਲ ਗੱਡੀ ਹੈ ਤਾਂ ਉਸ 'ਚ ਲੱਦੇ ਕੋਲੇ ਦਾ ਢੇਲਾ ਨਹੀਂ ਦਿਸਣਾ, ਜੇ ਮੁਸਾਫਰ ਗੱਡੀ ਹੈ ਤਾਂ ਬੰਦੇ ਦੀ ਚੀਚੀ ਤੱਕ ਨਜ਼ਰ ਨਹੀਂ ਆਉਣੀ। ਫਾਟਕ ਦੇ ਆਰ-ਪਾਰ ਮੀਲਾਂ ਲੰਮੀ ਕਾਰਾਂ ਦੀ ਕਤਾਰ ਕਾਹਦੇ ਆਸਰੇ ਵਕਤ ਟਪਾਵੇ?

ਏਥੇ ਸੁੰਨੀਆਂ ਇਮਾਰਤਾਂ, ਖਾਮੋਸ਼ ਦਰਖ਼ਤ ਹਨ, ਗੋਰਾਇਆ ਵਰਗੀ ਰੌਣਕ ਕਿੱਥੇ? ਏਨਾ ਸਤਿਕਾਰ ਦਿੱਤਾ ਹੈ ਰੇਲਾਂ ਤੇ ਮੋਲ੍ਹਦੀ ਭੂਤਨੀ ਨੂੰ ਸਮੇਂ ਦੀਆਂ ਸਰਕਾਰਾਂ ਨੇ।

ਇਸ ਫਾਟਕ ਨੇ ਮੈਨੂੰ ਆਪਣੇ ਜਲਵੇ ਦਿਖਾਏ ਹਨ। ਮੈਂ ਪਹਿਲੇ ਦਿਨ ਕੰਮ 'ਤੇ ਜਾ ਰਿਹਾ ਸੀ। ਬਹੁਤਾ ਅਮਰੀਕੀ ਬਣਿਆ ਮੈਂ ਕੰਮ ਦੇ ਟਾਈਮ ਤੋਂ ਦਸ ਕੁ ਮਿੰਟ ਹੀ ਪਹਿਲਾਂ ਘਰੋਂ ਚਲਿਆ। ਰੇਲ ਲਾਈਨ ਕੋਲ ਪਹੁੰਚਾ ਤਾਂ ਫਾਟਕ ਜੀ ਮਹਾਰਾਜ ਲੱਤਾਂ ਪਸਾਰ ਕੇ ਪਏ ਸਨ। ਬਹੁਤੀ ਚੁਸਤੀ ਕਰਦਿਆਂ ਮੈਂ ਕਾਰ ਮੋੜਕੇ ਦੂਰ ਪਰੇ ਇਕ ਹੋਰ ਫਾਟਕ 'ਤੇ ਜਾ ਕੇ ਲੰਘਣ ਦੀ ਕੋਸ਼ਿਸ਼ ਕੀਤੀ ਪਰ ਭੌਂਦੂ ਸਾਬਤ ਹੋਇਆ। ਘੰਟੀਆਂ ਵੱਜ ਰਹੀਆਂ ਸਨ, ਲਾਲ ਬੱਤੀਆਂ ਜਗ ਬੁਝ ਕਰ ਰਹੀਆਂ ਸਨ ਤੇ ਇਸ ਫਾਟਕ ਦੇ ਡੰਡੇ ਵੀ ਮੇਰੇ ਪਹੁੰਚਦਿਆਂ ਹੀ ਡਿਗ ਪਏ। ਉਹੀ ਗੱਡੀ ਇਸ ਫਾਟਕ ਤੇ ਪਹੁੰਚ ਗਈ ਸੀ। ਮੈਂ ਪਹਿਲੇ ਹੀ ਦਿਨ ਕੰਮ 'ਤੇ ਵੀਹ ਮਿੰਟ ਲੇਟ ਹੋ ਗਿਆ। ਪਹਿਲੇ ਹੀ ਦਿਨ ਮੈਨੂੰ ਟਾਰਡੀ ਮਿਲ ਗਈ ਤੇ ਇਲਮ ਹੋਇਆ ਇਕ ਕਿ ਜੇ ਅਜਿਹੀਆਂ ਤਿੰਨ ਟਾਰਡੀਆਂ ਮਿਲ ਗਈਆਂ ਤਾਂ ਰੋਜ਼ਗਾਰਹੀਣਤਾ ਦੇ ਐਨ ਨੇੜੇ ਪਹੁੰਚ ਜਾਵਾਂਗਾ।

ਜੀ.ਐਮ, ਫੋਰਡ, ਕਰਾਈਸਲਰ ਦੇ ਦੀਵੇ ਗੁੱਲ ਹੋ ਰਹੇ ਹਨ, ਡਿਟਰਾਇਟ ਵੀਰਾਨ ਹੋ ਰਿਹਾ ਹੈ, ਲਗਦਾ ਹੈ ਰੇਲ ਗੱਡੀਆਂ ਦਾ ਬੋਲ ਬਾਲਾ ਹੋਣ ਵਾਲਾ ਹੈ ਤੇ ਅਜਿਹੇ ਸਮਿਆਂ ਵਿਚ ਫਾਟਕ-ਬਾਦਸ਼ਾਹ ਹੋਰ ਚੌੜੇ ਹੋ ਕੇ ਡੰਡੇ ਵਜਾਉਣਗੇ!

## ਕਾਵਿ-ਮੰਚ

### ਪ੍ਰਬਲ ਸੱਧਰਾਂ

**ਬਾਬਲ:** ਜੱਗ ਜਣਨੀ ਦਾ ਰੂਪ ਧਾਰ ਕੇ,
ਸਾਡੇ ਆਂਗਣ ਆਈ।
ਪਹਿਲੀ ਵਾਰ ਪਲਕ ਜਦ ਖੋਲ੍ਹੀ,
ਦੇਖ ਕੇ ਕਿਉਂ ਘਬਰਾਈ।
ਜਦੋਂ ਚੱਕ ਅਸਾਂ ਗਲ ਲਾਇਆ,
ਕੂੰਜ ਵਾਂਗ ਕੁਰਲਾਈ।
ਸਾਡੇ ਵਿਹੜੇ ਰੌਣਕ ਹੋਈ,
ਰੱਖਦੀ ਮਨ ਪ੍ਰਚਾਈ।
ਛੋਟੇ ਛੋਟੇ ਹੱਥਾਂ ਨਾਲ ਤੂੰ,
ਆਪਣਾ ਘਰ ਬਣਾਇਆ।
ਗੁੱਡੀਆਂ ਅਤੇ ਪਟੋਲੇ ਰੱਖ ਕੇ,
ਰੀਝਾਂ ਨਾਲ ਸਜਾਇਆ।
ਸਮਾਂ ਬੀਤਿਆ ਆਈ ਜਵਾਨੀ,
ਸੋਚਾਂ ਘੇਰਾ ਪਾਇਆ।
ਮਨ ਸਾਡੇ ਨੂੰ ਚੈਨ ਨਾ ਆਵੇ,
ਕਿਉਂ ਤੇਰਾ ਮਨ ਕੁਮਲਾਇਆ।
ਕੀ ਤੇਰੇ ਬਾਬਲ ਦਾ ਵਿਹੜਾ,
ਤੈਨੂੰ ਰਾਸ ਨਾ ਆਉਂਦਾ?
ਜਾਂ ਤੈਨੂੰ ਕਿਸੇ ਪਿਆਰ ਨੀ ਦਿੱਤਾ,
ਜੋ ਨਾ ਤੈਨੂੰ ਭਾਉਂਦਾ?
ਗੰਢ ਪਿਆਰ ਦੀ ਪੱਕੀ ਹੋਈ,
ਮਨ ਕਿਉਂ ਤੇਰਾ ਡੋਲੇ।
ਹੱਥੀਂ ਦਿੱਤੀਆਂ ਪਿਆਰ ਦੀਆਂ ਗੰਢਾਂ,
ਕੌਣ ਇਨ੍ਹਾਂ ਨੂੰ ਖੋਲ੍ਹੇ।
ਜੋ ਨੇਹੁ ਲਾਇਆ ਨਾਲ ਅਸਾਡੇ,
ਸਾਨੂੰ ਉਹ ਤੜਫਾਵੇ।
ਪਿਆਰ ਦੀਆਂ ਜੋ ਸਾਂਝਾਂ ਪਾਈਆਂ,
ਕਿਹੜਾ ਤੋੜ ਨਿਭਾਵੇ।

**ਧੀ:** ਰਾਜਿਆ ਬਾਬਲਾ! ਛੱਡ ਉਦਾਸੀ,
ਹਰ ਗੱਲ ਤੇਰੀ ਪਿਆਰੀ।
ਮਨ ਮੇਰੇ ਵਿਚ ਸੋਚਾਂ ਆਈਆਂ,
ਦੇਖ ਤੇਰੀ ਫੁਲਵਾੜੀ।
ਕਿਉਂ ਨਾ ਬਾਬਲ ਮੈਂ ਭੀ ਆਪਣਾ,
ਰੰਗਲਾ ਸੰਸਾਰ ਵਸਾਵਾਂ।
ਤੈਥੋਂ ਲੈ ਅਸੀਸ ਐ ਬਾਬਲ,
ਮਹਿਲ ਤੇਰੇ ਤੋਂ ਜਾਵਾਂ।
ਮੌਕਾ ਬਣਿਆ ਮਿਲਦੇ ਰਹਿਣਾ,
ਦਿਲ ਨੂੰ ਰੱਖ ਟਿਕਾਣੇ।
ਬੰਨ੍ਹ ਦੇ ਚੀਣਾਂ ਪਿਆਰਾਂ ਵਾਲਾ,
ਧੀਆਂ ਤੋਰਨ ਰਾਜੇ-ਰਾਣੇ।
ਪਾਂਧੀ ਮਿਲਦੇ ਸਮਾਂ ਬਿਤਾਉਂਦੇ,
ਕਰਦੇ ਫੇਰ ਤਿਆਰੀ।
ਬਾਬਲ! ਜੱਗ ਦੀ ਰੀਤ ਨਿਰਾਲੀ,
ਲਗੇ ਬਹੁਤ ਪਿਆਰੀ।
ਮੇਰੀਆਂ ਯਾਦਾਂ ਦੀ ਸਾਂਭ ਪਟਾਰੀ,
ਬਾਬਲ ਰੱਖ ਲੈ ਆਪਣੇ ਕੋਲ।
ਯਾਦ ਮੇਰੀ ਜਦੋਂ ਤੈਨੂੰ ਆਵੇ,
ਲਈਂ ਪਿਆਰ ਪਟਾਰੀ ਖੋਲ।

**ਬਾਬਲ:** ਮਨ ਵਿਚ ਆਇਆ
ਖੋਲ੍ਹ ਕੇ ਦੇਖਾਂ ਤੇਰੀ ਪਿਆਰ ਸੁਗਾਤ।
ਗੁੱਡੀਆਂ ਅਤੇ ਪਟੋਲੇ ਨਿਕਲੇ,
ਲੱਗੀ ਹੰਝੂਆਂ ਦੀ ਬਰਸਾਤ।

**ਸੋਚ:** ਗਿਲਾ ਮਨ ਨੂੰ ਰੱਖ ਟਿਕਾਣੇ,
ਦਿਲ ਨੂੰ ਦੇ ਧਰਵਾਸਾ।
ਧੀਆਂ, ਪਾਂਧੀ ਅਤੇ ਪੰਖੇਰੂ,
ਲੱਭਣ ਆਪਣਾ ਵਾਸਾ।
ਬੇੜੀ ਦੇ ਪੂਰ ਤ੍ਰਿੰਝਣ ਦੀਆਂ ਕੁੜੀਆਂ,
ਫੇਰ ਨਾ ਬਹਿੰਦੀਆਂ ਰਲਕੇ।
ਪਾਣੀ ਜੋ ਅੱਜ ਲੰਘਿਆ ਪੁਲ ਤੋਂ,
ਮੁੜ ਨਾ ਆਉਂਦਾ ਭਲਕੇ।

-ਗੁਰਚਰਨ ਸਿੰਘ ਗਿੱਲ

### ਭਾਂਬੜ

ਮੇਰੇ ਦੇਸ਼ ਹਵਾਵਾਂ ਤੱਤੀਆਂ ਨੇ,
ਨਹੀਂ ਚੱਲਦੀ ਪੌਣ ਬਹਾਰਾਂ ਦੀ।
ਦਿਲੀਂ ਡੂੰਘੇ ਦਰਦ ਸਮੁੰਦਰਾਂ ਤੋਂ,
ਨਹੀਂ ਵਗਦੀ ਨਦੀ ਪਿਆਰਾਂ ਦੀ।
ਤਨ ਬੇ-ਪਰਦ, ਢਿੱਡ ਭੁੱਖੇ ਨੇ,
ਕਿਸੇ ਲੋੜ ਨ ਇਨ੍ਹਾਂ ਵਿਚਾਰਾਂ ਦੀ।
ਕਾਲੀ ਬੋਲੀ ਰਾਤ ਅੰਧੇਰੀ ਏ,
ਨਹੀਂ ਚਾਨਣੀ ਚੰਦ ਪਿਆਰਾਂ ਦੀ।
ਅੱਜ ਦੁਸ਼ਮਣ ਆਪਣੇ ਬਣ ਬੈਠੇ,
ਕੋਈ ਲੋੜ ਰਹੀ ਨਾ ਯਾਰਾਂ ਦੀ।
'ਬੇਦੀ' ਭਾਂਬੜ ਲਾਟਾਂ ਬਣ ਉੱਠੇ,
ਨਾ ਲੋੜ ਰਹੀ ਅੰਗਿਆਰਾਂ ਦੀ।

-ਬਲਦੇਵ ਸਿੰਘ 'ਬੇਦੀ'

# ਮੌਤ-ਮੌਤ ਨਾ ਕਰਿਆ ਕਰ ਨੀਂ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

***ਬਾਦਸ਼ਾਹ ਸਿਕੰਦਰ ਇਕ ਵਾਰ ਇਸ ਕਰਕੇ ਉਦਾਸ ਹੋ ਗਿਆ ਸੀ ਕਿ ਉਹਦੇ ਕੋਲ ਜਿੱਤਣ ਲਈ ਸਿਰਫ ਇਕ ਹੀ ਦੁਨੀਆਂ ਹੈ। ਸਿਕੰਦਰ ਨੂੰ ਇਸ ਕਰਕੇ ਚੇਤੇ ਰੱਖਿਆ ਜਾਂਦਾ ਹੈ ਕਿ ਉਹਦੀ ਇੱਛਾ ਉਹਦੇ ਤੋਂ ਵੱਡੀ ਸੀ, ਕੁਝ ਸਮੇਂ ਲਈ ਉਹਨੂੰ ਚੇਤਾ ਭੁੱਲ ਗਿਆ ਸੀ ਕਿ ਮੌਤ ਦਾ ਕਾਲ ਉਹਦੇ ਪਿੱਛੇ ਪਿੱਛੇ ਤੁਰਿਆ ਆਉਂਦਾ ਹੈ। ਕੁੱਟ ਖਾ ਕੇ ਜਿਹੜੇ ਚੁੱਪ-ਚੁਪੀਤੇ ਟੁਰ ਜਾਣ, ਜਦੋਂ ਵਾਪਸ ਆਉਣਗੇ ਤਾਂ ਵੱਡਾ ਹਮਲਾ ਕਰਨਗੇ। ਕਈ ਘਰ ਕੁਰਕਸ਼ੇਤਰ ਵਰਗੇ ਬਣ ਜਾਂਦੇ ਹਨ, ਪਰ ਬਚੇ ਇਸ ਕਰਕੇ ਰਹਿੰਦੇ ਹਨ ਕਿ ਉਥੇ ਕੋਈ ਅਰਜੁਨ ਤੇ ਕ੍ਰਿਸ਼ਨ ਵੀ ਹੁੰਦਾ ਹੈ। ਮਾਂ ਬਣਨ ਦੇ ਚਾਅ ਵਿਚ ਔਰਤ ਸੁੰਦਰਤਾ ਗਵਾ ਲੈਂਦੀ ਹੈ ਤੇ ਧਰਮ, ਮਜ਼ਬ, ਕੌਮ ਤੇ ਦੇਸ਼ ਬਚਾਉਣ ਲਈ ਜੁਆਨ ਮੌਤ ਦੀ ਬੁੱਕਲ ਵਿਚ ਵੜ ਕੇ ਸ਼ਹੀਦ ਬਣਦੇ ਹਨ। ਸ਼ਹੀਦ ਮਾਂ ਦੀ ਕੁੱਖ 'ਚੋਂ ਨਹੀਂ ਕੌਮ ਦੀ ਕੁੱਖ 'ਚੋਂ ਜਨਮ ਲੈਂਦੇ ਹਨ। ਮਾਂ ਉਦੋਂ ਮੌਤ ਨੂੰ ਪਿਆਰ ਹੀ ਕਰ ਰਹੀ ਹੁੰਦੀ ਹੈ, ਜਦੋਂ ਉਹ ਮੱਥਾ ਚੁੰਮ ਕੇ ਪੁੱਤਰ ਨੂੰ ਜੰਗ ਵਲ ਤੋਰੇ। ਜਿਨ੍ਹਾਂ ਜੰਗਾਂ ਲਈ ਮਾਵਾਂ ਅਜਿਹਾ ਕਰਨ ਲੱਗ ਪੈਣ ਉਹ ਕਦੇ ਹਾਰੀਆਂ ਹੀ ਨਹੀਂ ਗਈਆਂ। ਜਿਹੜੇ ਮੱਥਾ ਘਰ ਰੱਖ ਕੇ ਜਾਂਦੇ ਹਨ, ਉਨ੍ਹਾਂ ਨੂੰ ਗੁਰਦੁਆਰੇ ਜਾਣਾ ਹੀ ਨਹੀਂ ਚਾਹੀਦਾ। ਜਿਹੜੇ ਹਰ ਵੇਲੇ ਹਾਏ ਮਰ ਗਏ-ਹਾਏ ਮਰ ਗਏ ਕਰੀ ਜਾਂਦੇ ਹਨ ਅਸਲ ਵਿਚ ਉਹ ਪਹਿਲਾਂ ਹੀ ਮਰ ਚੁੱਕੇ ਹੁੰਦੇ ਹਨ। ਨਾਂ ਦੀ ਲੱਜ ਪਾਲੋ, ਕਈ ਵਾਰ ਨਾਂ ਤਾਂ ਧਰਮ ਚੰਦ ਜਾਂ ਧਰਮ ਸਿਹੁੰ ਹੁੰਦਾ ਹੈ ਪਰ ਇਲਜ਼ਾਮ ਬਲਾਤਕਾਰ ਦਾ ਲੁਆ ਲੈਂਦੇ ਹਨ। ਇਵੇਂ ਕਈ ਹੁੰਦੇ ਤਾਂ ਆਜ਼ਾਦ ਸਿੰਘ ਨੇ ਪਰ ਲੱਗੇ ਸਾਰੀ ਉਮਰ ਸੀਰੀ ਹੀ ਰਹਿੰਦੇ ਨੇ। ਜਿਹੜੇ ਜਦੋਂ ਵੀ ਪਿਛਾਂਹ ਮੁੜ ਕੇ ਵੇਖਦੇ ਹਨ, ਇਹੋ ਕਹਿੰਦੇ ਨੇ ਮੌਤ ਤੇ ਹੋਣੀ ਉਨ੍ਹਾਂ ਦੇ ਨਾਲ ਹਨ ਤਾਂ ਅਗਲਾ ਕਦਮ ਸੋਚ ਕੇ ਪੁੱਟਦੇ ਨੇ। 'ਗੀਤਾ' ਇਹ ਨਹੀਂ ਕਹਿੰਦੀ ਕਿ ਕਰਮ ਦਾ ਫਲ ਨਹੀਂ ਮਿਲੇਗਾ, ਕਹਿੰਦੀ ਇਹ ਹੈ 'ਕੰਮ ਕਰੋ ਪਰ ਫਲ ਦੀ ਇੱਛਾ ਨਾ ਕਰੋ।' ਇਵੇਂ ਮੌਤ ਤੋਂ ਡਰੋ ਫਿਰ ਰੱਬ ਦਾ ਖੌਫ਼ ਤੇ ਭੈਅ ਬਣਿਆ ਰਹੇਗਾ। ਕਈ ਲਿੱਬੜੇ ਪੈਰਾਂ ਨਾਲ ਵੀ ਨੱਚ ਲੈਂਦੇ ਨੇ ਤੇ ਕਈ ਮੌਤ ਨੂੰ ਵੀ ਚਕਮਾ ਦੇ ਜਾਂਦੇ। ਫਿਲਾਸਫੀ ਇਹ ਵੀ ਹੈ ਕਿ ਮੌਤ ਜੀਵਨ ਦਾ ਨਹੀਂ ਜਨਮ ਦਾ ਅੰਤ ਹੈ। ਮੌਤ ਤੋਂ ਪਹਿਲਾਂ ਏਨੇ ਚੰਗੇ ਬਣ ਜਾਵੋ ਕਿ ਤੁਹਾਨੂੰ ਦੇਖ ਕੇ ਕਿਸੇ ਦੀਆਂ ਅੱਖਾਂ ਨਾ ਦੁਖਣ।***

ਜਿਹੜੇ ਲੋਕ ਆਏ ਮਹੀਨੇ ਤਲਾਕ ਲੈਣ ਦੇ ਚੱਕਰ ਵਿਚ ਅਦਾਲਤ 'ਚ ਤਰੀਕਾਂ ਭੁਗਤਦੇ ਹਨ, ਉਨ੍ਹਾਂ ਤੋਂ ਸਰਬੱਤ ਦੇ ਭਲੇ ਦੀ ਆਸ ਕਰਨੀ ਹੀ ਨਹੀਂ ਚਾਹੀਦੀ। ਇਵੇਂ ਜਿਹੜੇ ਲੋਕ ਧਰਤੀ 'ਤੇ ਆਏ, ਪਰ ਰੋਜ਼ ਘੜੀ ਅੰਨ ਖਾਣ ਤੋਂ ਵਧ ਕੀਤਾ ਕੁਝ ਨਹੀਂ, ਉਹ ਬੋਝ ਹੀ ਬਣੇ ਤੇ ਉਨ੍ਹਾਂ ਦੇ ਜਿਉਂਦਿਆਂ ਜਾਂ ਮੋਇਆਂ ਵਿਚ ਬਹੁਤਾ ਫਰਕ ਨਹੀਂ। ਮੌਤ ਜ਼ਿੰਦਗੀ ਦਾ ਸਦੀਵੀ ਸੱਚ ਹੈ। ਮੌਤ ਦੇਰ-ਸਵੇਰ ਬੂਹਾ ਖੜਕਾਵੇਗੀ ਹੀ। ਅਸੀਂ ਸਾਰੇ ਮੌਤ ਦੀਆਂ ਬੁਰਕੀਆਂ ਹਾਂ। ਕਿਹੜੀ ਬੁਰਕੀ ਕਦੋਂ ਹੋਣੀ ਦੀ ਸੰਘੀ ਹੇਠਾਂ ਉਤਰ ਜਾਵੇ ਕੋਈ ਪਤਾ ਨਹੀਂ।

ਜੇ ਮੌਤ ਦਾ ਡਰ ਨਾ ਹੁੰਦਾ ਜਾਂ ਜੇ ਮੌਤ ਨਾ ਆਉਣੀ ਹੁੰਦੀ ਧਰਮ ਦਾ ਏਨਾ ਪਸਾਰਾ ਹੋਣਾ ਹੀ ਨਹੀਂ ਸੀ। ਕੀਹਨੇ ਪੁੱਛਣਾ ਸੀ ਕਿ ਮੁੱਲ੍ਹਾਂ, ਭਾਈ ਤੇ ਬ੍ਰਾਹਮਣ ਕੌਣ ਹੁੰਦੇ ਹਨ। ਜੋਤਿਸ਼ ਦੀਆਂ ਕਿਤਾਬਾਂ ਰੱਦੀ ਤੋਂ ਵਧ ਨਹੀਂ ਸਨ ਹੋਣੀਆਂ। ਰਜ਼ਾ 'ਚ ਰਹਿਣ ਵਾਲੇ ਮੌਤ ਨੂੰ ਭਾਣਾ ਮੰਨ ਲੈਣ ਦਾ ਰੂਪ ਮੰਨਦੇ ਹਨ। ਜੁਆਨ ਦੀ ਮੌਤ ਵਧੇਰੇ ਦੁਖਦਾਈ ਇਸ ਕਰਕੇ ਹੁੰਦੀ ਹੈ ਕਿ ਇਕ ਤਾਂ ਜਦੋਂ ਆਸਾਂ ਤੇ ਭਾਵਨਾਵਾਂ ਨੇ ਮੁਨਾਫਾ ਦੇਣਾ ਹੁੰਦਾ ਹੈ, ਉਦੋਂ ਹੋਣੀ ਹੱਲਾ ਬੋਲ ਦਿੰਦੀ ਹੈ ਤੇ ਇਕ ਜ਼ਿੰਦਗੀ ਦੀ ਰੀੜ੍ਹ ਦੀ ਹੱਡੀ ਵਿਚਕਾਰੋਂ ਦੂਹਰੀ ਹੋ ਜਾਂਦੀ ਹੈ। ਸਿੱਖ ਵਿਦਵਾਨ ਡਾ. ਜੋਧ ਸਿੰਘ ਨੇ ਆਪਣੇ ਇਕਲੌਤੇ ਪੁੱਤਰ ਦੀ ਜਵਾਨੀ ਵੇਲੇ ਹੋਈ ਮੌਤ 'ਤੇ ਉਹਦੀ ਅੰਤਿਮ ਅਰਦਾਸ ਆਪ ਕੀਤੀ ਸੀ ਤੇ ਨਾਲ ਹੀ ਉਸ ਨੇ ਕਿਹਾ ਸੀ ਕਿ ਮੇਰੇ ਮਰਨ ਉਪਰੰਤ ਮੇਰੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਨਾ ਕੀਤੀ ਜਾਵੇ, ਕਿਉਂਕਿ ਮੈਂ ਜਿਉਂਦੇ ਜੀਅ ਹੀ ਆਤਮਿਕ ਤੌਰ 'ਤੇ ਸ਼ਾਂਤ ਹੋ ਗਿਆ ਹਾਂ। ਗਾਇਕ ਇਸ਼ਮੀਤ ਸਿੰਘ ਦੀ ਮੌਤ ਉਪਰੰਤ ਭਾਵੇਂ ਸੋਗ ਦਾ ਪੱਥਰ ਕਦੋਂ ਦਾ ਚੁੱਕਿਆ ਗਿਆ ਹੈ ਪਰ ਮਾਂ-ਬਾਪ ਜਿਉਂਦੇ ਵੀ ਮੋਏ ਹਨ, ਉਨ੍ਹਾਂ ਦੀਆਂ ਆਂਦਰਾਂ ਸੋਗ ਵਿਚ ਹਾਲੇ ਵੀ ਵਿਲਕਦੀਆਂ ਹਨ। ਕਹਿੰਦੇ ਨੇ ਜੇ ਧਰਤੀ 'ਤੇ ਸਭ ਤੋਂ ਵੱਡਾ ਅਨਰਥ ਵੇਖਣਾ ਹੋਵੇ, ਜਦੋਂ ਸਮਾਂ ਰੁਕ ਜਾਵੇ ਤੇ ਕੰਧਾਂ ਵੀ ਕੰਬਣ ਲੱਗ ਪੈਣ, ਉਹ ਉਦੋਂ ਹੁੰਦਾ ਹੈ, ਜਦੋਂ ਜੁਆਨ ਪੁੱਤ ਦੀ ਅਰਥੀ ਪਿਉ ਦੇ ਮੋਢਿਆਂ 'ਤੇ ਸਿਵਿਆਂ ਵਲ ਜਾ ਰਹੀ ਹੋਵੇ।

ਜੇ ਦੁਨੀਆਂ ਦੇ ਬਹੁ-ਗਿਣਤੀ ਲੋਕਾਂ ਨੂੰ ਇਹ ਪੁੱਛਿਆ ਜਾਵੇ ਕਿ ਉਹ ਮਰਨਾ ਕਿਵੇਂ ਪਸੰਦ ਕਰਨਗੇ? ਤਾਂ ਬਹੁਤਿਆਂ ਦੀ ਇਹੋ ਧਾਰਨਾ ਹੋਵੇਗੀ ਕਿ ਸੁੱਤਿਆ ਪਿਆਂ ਦੀ ਜਾਨ ਨਿਕਲ ਜਾਵੇ। ਬਹੁਤੇ ਲੋਕ ਮੌਤ ਤੋਂ ਨਹੀਂ ਮਰਨ ਤੋਂ ਡਰਦੇ ਹਨ। ਮੌਤ ਤਾਂ ਹਰ ਇਕ ਦੀ ਜ਼ਿੰਦਗੀ ਵਿਚ ਆਖਰੀ ਨਿਸ਼ਾਨੀ ਹੁੰਦੀ ਹੈ। ਇਤਿਹਾਸ ਵੇਖੋ ਤਾਂ ਲਗਦਾ ਨਹੀਂ ਕਿ ਹਾਲੇ ਤੀਕਰ ਕਿਸੇ ਸੰਤ, ਫਕੀਰ, ਗੁਰੂ ਤੇ ਰੱਬ ਦੇ ਬੰਦੇ ਦੀ ਮੌਤ ਰੀਂਗਦਿਆਂ ਨਹੀਂ ਹੋਈ। ਧਰਤੀ 'ਤੇ ਹੀ ਉਹੋ ਨਰਕ ਹੁੰਦਾ ਹੈ, ਜਦੋਂ ਬੰਦਾ ਮਰਨ ਲਈ ਹਾੜ੍ਹੇ ਕੱਢ ਰਿਹਾ ਹੋਵੇ, ਪਰ ਗੀਤਾ ਸੁਣਾ ਕੇ ਵੀ ਉਹਦੀ ਜਾਨ ਨਾ ਨਿਕਲੇ। ਮੌਤ 'ਤੇ ਕਦੇ ਜਸ਼ਨ ਨਹੀਂ ਮਨਾਏ ਜਾਂਦੇ, ਮੌਤ ਸੋਗ ਲੈ ਕੇ ਆਉਂਦੀ ਹੈ। ਪਰ ਨਿਹੰਗ ਅਜੀਤ ਸਿੰਘ ਪੂਹਲੇ ਦੀ ਮੌਤ ਨੂੰ ਚੇਤੇ ਕਰਕੇ ਵੇਖੋ, ਲਗਦਾ ਨਹੀਂ ਕਿ ਇਕ ਹਰਨਾਕਸ਼ ਹੋਰ ਮਰ ਗਿਆ ਹੈ ਤੇ ਕਵੀਸ਼ਰ ਜੋਗਾ ਸਿੰਘ ਜੋਗੀ ਸਣੇ ਪਤਾ ਨਹੀਂ ਕਿੰਨਿਆਂ ਕੁ ਦੇ ਕਾਲਜੇ 'ਤੇ ਬਰਫ ਦਾ ਟੁਕੜਾ ਰੱਖਿਆ ਗਿਆ ਹੈ। ਅਸਲ ਵਿਚ ਕਈ ਵਾਰ ਅਣਵਿਆਹੀਆਂ ਔਰਤਾਂ ਵੀ ਕੁਝ ਨਾਂ ਸਾਂਭ ਕੇ ਦਿਲ 'ਚ ਰੱਖ ਲੈਂਦੀਆਂ ਹਨ ਕਿ ਉਹ ਆਪਣੇ ਬੱਚੇ ਨੂੰ ਇਹ ਨਾਂ ਦੇਣਗੀਆਂ, ਪਰ ਦੁਨੀਆਂ 'ਤੇ ਚਾਰ ਨਾਂ ਦੁਬਾਰਾ ਨਹੀਂ ਰੱਖੇ ਗਏ ਰਾਵਣ, ਕੰਸ, ਹਿਟਲਰ ਤੇ ਹਰਨਾਕਸ਼। ਇਨਸਾਫ ਤੇ ਸ਼ਾਂਤੀ ਪਸੰਦ ਲੋਕਾਂ ਖਾਸ ਕਰਕੇ ਸਿੱਖ ਕੌਮ ਨੇ ਔਰੰਗਜੇਬ ਦੇ ਨਾਂ 'ਤੇ ਥੂ-ਥੂ ਹੀ ਕੀਤੀ ਹੈ। ਮਹਾਂਰਾਸ਼ਟਰ ਵਿਚ ਔਰੰਗਾਬਾਦ ਹੈ ਇਸ ਜ਼ਾਲਮ ਦੀ ਜਨਮ ਭੂਮੀ। ਇਕ ਵਾਰ ਮੈਂ ਆਪਣੇ ਤਿੰਨ ਸਿੰਘ ਮਿੱਤਰਾਂ ਨਾਲ ਉਹਦੀ ਕੋਠੇ ਕੁ ਜਿੱਡੀ ਮਜ਼ਾਰ 'ਤੇ ਗਿਆ। ਉਹਦੀ ਕਬਰ 'ਤੇ ਬੈਠ ਮੌਲਵੀ ਦੀਵਾ ਜਗਾਉਣ ਲਈ ਵੀ ਲੋਕਾਂ ਤੋਂ ਤੇਲ ਮੰਗਦਾ ਹੈ। ਮੇਰੇ ਮਿੱਤਰਾਂ ਨੇ ਜਦੋਂ ਉਹਨੂੰ ਦੋ ਹਜ਼ਾਰ ਰੁਪਿਆ ਕੱਢ ਕੇ ਫੜਾਇਆ ਤਾਂ ਹੈਰਾਨ ਸਾਂ ਕਿ ਸਿੱਖੀ ਦੇ ਜ਼ਾਲਮ ਦੀ ਕਬਰ 'ਤੇ ਦੀਵਾ ਜਗਾਉਣ ਲਈ ਲੋਕ ਤਾਂ ਰੁਪਈਆ, ਦੋ ਰੁਪਏ ਦਿੰਦੇ ਹਨ ਤੇ ਇਨ੍ਹਾਂ ਨੇ ਦੋ ਹਜ਼ਾਰ ਕੱਢ ਕੇ ਫੜ੍ਹਾ 'ਤਾ। ਉਨ੍ਹਾਂ 'ਚੋਂ ਇਕ ਸਿੰਘ ਮੌਲਵੀ ਨੂੰ ਕਹਿਣ ਲੱਗਾ ਜੇ ਤੇਰੇ ਸੁਪਨੇ 'ਚ ਕਦੇ ਔਰੰਗਜੇਬ ਆਇਆ ਤਾਂ ਉਹਨੂੰ ਆਖੀਂ ਕਿ ਸਿੰਘ ਆਏ ਸਨ ਪਾਪੀਆ, ਜਿਸ ਕੌਮ ਨੂੰ ਤੂੰ ਖਤਮ ਕਰਨਾ ਚਾਹੁੰਦਾ ਸੀ, ਉਸ ਕੌਮ ਦੇ ਦੁਨੀਆਂ ਵਿਚ ਨਿਸ਼ਾਨ ਝੂਲਦੇ ਹਨ ਤੇ ਤੇਰੀ ਕਬਰ 'ਤੇ ਦੀਵਾ ਜਗਾਉਣ ਲਈ ਵੀ ਧੇਲਾ-ਧੇਲਾ ਮੰਗਣਾ ਪੈਂਦਾ। ਆਹ ਲੈ ਦੋ ਹਜ਼ਾਰ ਪੀਪਾ ਈ ਲੈ ਆਵੀਂ ਤੇਲ ਦਾ। ਕਹਿੰਦੇ ਨੇ ਕੌਣ ਲੋਕਾਂ ਵਿਚ ਕਿੰਨਾ ਹਰਮਨ ਪਿਆਰਾ ਸੀ, ਇਸ ਗੱਲ ਦਾ ਅੰਦਾਜ਼ਾ ਲਗਾਉਣਾ ਹੋਵੇ ਤਾਂ ਉਹਦੀ ਅਰਥੀ ਮਗਰ ਜਾਣ ਵਾਲਿਆਂ ਦੀ ਗਿਣਤੀ ਦੇਖਿਓ। ਇਸ਼ਮੀਤ ਦੀ ਮੌਤ ਵੇਲੇ ਲੁਧਿਆਣਾ ਹੀ ਜਾਮ ਹੋ ਗਿਆ ਸੀ। ਦੋ ਸਤਰਾਂ:

ਯੇਹ ਮਤ ਪੂਛੋ
ਕਿ ਕੌਨ ਸਾ ਯੇਹ ਸਖਸ਼ ਮਰ ਗਯਾ।
ਯੇਹ ਪੂਛੋ
ਕਿ ਕੈਸੀ ਜ਼ਿੰਦਗੀ ਕਰ ਵਸਰ ਗਯਾ।

ਮੌਤ ਬਾਰੇ ਇਤਿਹਾਸ ਦੀ ਪੜਚੋਲ ਵਿਚ ਚਲਦੇ ਹਾਂ। ਸਿੱਖ ਇਤਿਹਾਸ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਇਸ ਪ੍ਰਸੰਗ ਵਿਚ ਇਕ ਸ਼ਾਇਰ ਦਾ ਖਿਆਲ ਦੇਖੋ;

ਇਕ ਮਰਨਾ ਹੈ ਗੁਰੂ ਅਰਜਨ ਦਾ
ਇਕ ਮਰਨਾ ਹੈ ਚੰਦੂ ਦਾ
ਇਕ ਮਰਨਾ ਹੈ ਜੋਰਾਵਰ ਦਾ
ਇਕ ਮਰਨਾ ਹੈ ਗੰਗੂ ਦਾ।
ਜਾਂ
ਇਕ ਮਰਨਾ ਹੈ ਫੁੱਲਾਂ ਵਰਗਾ
ਪੌਣਾਂ ਨੂੰ ਮਹਿਕਾ ਜਾਂਦਾ ਏ
ਇਕ ਮਰਨਾ ਏ ਕੰਡਿਆਂ ਵਰਗਾ
ਸੱਲ੍ਹ ਕਲੇਜੇ ਲਾ ਜਾਂਦਾ ਏ
ਇਕ ਮਰਨਾ ਏ ਪੁੰਨਿਆ ਵਰਗਾ
ਹਰ ਥਾਂ ਰੌਸ਼ਨ ਕਰ ਜਾਂਦਾ ਏ-
ਇਕ ਮਰਨਾ ਏ ਮੱਸਿਆ ਵਰਗਾ,
ਘੁੱਪ ਹਨੇਰਾ ਛਾ ਜਾਂਦਾ ਏ...

ਕਹਿੰਦੇ ਨੇ ਜਿਸ ਉਮਰ ਵਿਚ ਕੋਈ ਮਰਦਾ ਹੈ, ਉਸੇ ਉਮਰ ਦੀ ਤਸਵੀਰ ਸਾਡੇ ਦਿਲ-ਦਿਮਾਗ 'ਤੇ ਰਹਿੰਦੀ ਹੈ। ਛੋਟੇ ਸਾਹਿਬਜ਼ਾਦਿਆਂ ਦੀਆਂ ਮਾਸੂਮ ਜਿੰਦਾਂ, ਕੋਮਲ ਚਿਹਰੇ ਹੀ ਸਾਡੀਆਂ ਅੱਖਾਂ ਸਾਹਮਣਿਓਂ ਗੁਜ਼ਰਦੇ ਹਨ। ਉਨ੍ਹਾਂ ਦੇ ਬੁੱਢੇ ਹੋਣ ਬਾਰੇ ਅਸੀਂ ਸੋਚ ਵੀ ਨਹੀਂ ਸਕਦੇ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਦੀ ਫਾਂਸੀ ਦਿੱਤੇ ਜਾਣ ਵਾਲੀ ਉਮਰ ਹੀ ਸਾਡੇ ਚੇਤੇ ਵਿਚ ਵਸੀ ਹੋਈ ਹੈ।

ਜਦੋਂ ਸ਼ਹੀਦਾਂ ਤੇ ਬਾਣੀ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਤੱਤੀ ਲੋਹ 'ਤੇ ਬੈਠ ਕੇ ਤੱਤੀ ਰੇਤ ਪੁਆ ਰਹੇ ਸਨ ਤਾਂ ਹਜ਼ਰਤ ਮੀਆਂ ਮੀਰ ਜੀ ਆਏ ਤੇ ਕਹਿਣ ਲੱਗੇ 'ਪਾਤਸ਼ਾਹ ਇਹ ਤੱਤੀ ਤਵੀ ਤੇ ਕਿਵੇਂ ਬੈਠੇ ਹੋ, ਕਿਵੇਂ ਤੱਤੀ ਰੇਤ ਦਾ ਸੇਕ ਝੱਲ ਰਹੇ ਹੋ' ਤਾਂ-

ਹੱਸ ਕਿਹਾ ਗੁਰੂ ਅਰਜਨ ਨੇ,
ਤੂੰ ਫੱਕਰਾਂ ਰਮਜ਼ ਪਛਾਣੀ ਨ੍ਹੀਂ।
ਮੈਂ ਤੇਰੇ ਦਿਲ ਦੀ ਜਾਣ ਗਿਆ,
ਤੂੰ ਮੇਰੇ ਦਿਲ ਦੀ ਜਾਣੀ ਨ੍ਹੀਂ...।
ਤੂੰ ਕੀ ਕਹਿੰਦਾ ਏਂ ਅੱਗ ਅੰਦਰ
ਮੈਂ ਬੈਠਾ ਦੁਖੜੇ ਜਰਦਾ ਹਾਂ
ਨਹੀਂ! ਮੈਂ ਇਕ ਨੀਂਹ ਮੰਦਰ ਦੀ ਧਰਦਾ ਹਾਂ
ਇਕ ਮੰਦਿਰ ਅੰਦਰ ਸ਼ਰਧਾ ਦਾ
ਇਕ ਚੂਨਾ ਗਾਰਾ ਲਗਦਾ ਏ
ਇਹ ਮੰਦਿਰ ਬਣਦਾ ਤਾਂ ਫੱਕਰਾ
ਜਦ ਖੂਨ ਬੇਦੋਸ਼ਾ ਵਗਦਾ ਏ
ਰੱਤ ਦੀ ਪਿਆ ਸੁਰਖੀ ਲਾਂਦਾ ਹਾਂ
ਹੱਡੀਆਂ ਦਾ ਚੂਰਾ ਪਾਂਦਾ ਹਾਂ
ਹੱਕ ਲਈ ਜਿਨ੍ਹਾਂ ਨੇ ਮਰਨਾ ਏ
ਉਨ੍ਹਾਂ ਲਈ ਥਾਂ ਬਣਾਂਦਾ ਹਾਂ...

ਤੇ ਗੁਰੂ ਸਾਹਿਬ ਨੇ ਤੱਤੀ ਲੋਹ 'ਤੇ ਬੈਠ ਕੇ ਕਿਹਾ ਸੀ 'ਤੇਰਾ ਕੀਆ ਮੀਠਾ ਲਾਗੇ..।'

ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ ਚਾਂਦਨੀ ਚੌਂਕ ਵਿਚ ਆਏ ਤਾਂ ਜਲਾਦ ਸੀ ਧਮਾਣਾ ਮੰਡੀ ਦਾ ਜਲਾਲੋਦੀਨ। ਉਹ ਗੁਰੂ ਜੀ ਨੂੰ ਪੁੱਛਣ ਲੱਗਾ, 'ਬਾਬਾ ਦਿੱਲੀ ਕੀ ਕਰਨ ਆਇਆਂ ਏ' ਤਾਂ ਗੁਰੂ ਸਾਹਿਬ ਨੇ ਕਿਹਾ, ਜਲਾਲੋਦੀਨ-

ਤੂੰ ਕਤਲ ਕਰ ਕਤਲ ਦਾ ਹੁਕਮ ਹੈ
ਕਤਲਗਾਹ ਕਿਉਂ ਠੰਡੜੀ ਪਾਈ ਹੋਈ ਏ
ਕਿਹੜੇ ਪਾਸੇ ਤੂੰ ਸੋਚ ਦੁੜਾਈ ਹੋਈ ਏ...
ਜੇ ਪੁੱਛਣਾ ਚਾਹੁੰਨਾ ਏਂ ਕਿ ਮੈਂ ਦਿੱਲੀ ਕਿਉਂ
ਆਇਆ ਤਾਂ ਕੰਨ ਖੋਲ੍ਹ ਕੇ ਸੁਣ-
ਕੱਟਦਾ ਨਹੀਂ ਗਰੀਬਾਂ ਦਾ ਵਕਤ
ਤਾਂ ਮੈਂ ਦਿੱਲੀ
ਸੀਸ ਕਟਾਉਣ ਲਈ ਆ ਗਿਆ ਹਾਂ
ਆਉਂਦਾ ਕਿਸੇ ਨੂੰ ਚੈਨ ਆਰਾਮ ਨਹੀਂ ਸੀ
ਆਪਣੀ ਆਈ 'ਤੇ
ਆਉਣ ਲਈ ਆ ਗਿਆ ਹਾਂ
ਫੁੱਲਾਂ ਜਿਹੇ ਗੋਬਿੰਦ ਦੀ ਬਾਤ ਉੱਤੇ
ਓ ਮੈਂ ਫੁੱਲ੍ਹ ਚੜ੍ਹਾਉਣ ਲਈ ਆ ਗਿਆ ਹਾਂ
ਮੇਰਾ ਬਚੇ ਨਾ ਬਚੇ ਬੇਸ਼ੱਕ ਕੁਝ ਵੀ
ਰੁੜ੍ਹਦੀ ਹਿੰਦ ਬਚਾਉਣ ਲਈ
ਆ ਗਿਆ ਹਾਂ...।

ਉਧਰ ਔਰੰਗਾ, ਔਰੰਗਜ਼ੇਬ ਆਣ ਢੁੱਕਿਆ। ਕਹਿਣ ਲੱਗਾ 'ਬਾਬਾ ਇਸਲਾਮ ਕਬੂਲ ਕਰ ਲੈ ਨਹੀਂ ਤਾਂ ਜਾਨ ਨਹੀਂ ਬਚੇਗੀ।' ਤਾਂ ਗੁਰੂ ਜੀ ਦਾ ਜੁਆਬ ਇਕ ਸ਼ਾਇਰ ਨੇ ਇਵੇਂ ਕਲਮਬੰਦ ਕੀਤਾ ਹੈ-

ਤੂੰ ਭਾਂਵੇਂ ਜਾਨ ਵੀ ਲੈ ਲੈ
ਪਰ ਤੈਥੋਂ ਜੀਅ ਨਹੀਂ ਹੋਣਾ
ਪਹਿਲਾਂ ਕੀ ਨਹੀਂ ਹੋਇਆ
ਤੇ ਅੱਗੋਂ ਕੀ ਨਹੀਂ ਹੋਣਾ
ਤੂੰ ਹਾਕਮ ਵਕਤ ਦਾ ਏਂ
ਤੂੰ ਖੂਨ ਦੀ ਮੰਗ ਕੀਤੀ ਏ
ਪਰ! ਮੈਂ ਏਨਾ ਖੂਨ ਦੇਵਾਂਗਾ
ਕਿ ਤੈਥੋਂ ਪੀ ਨਹੀਂ ਹੋਣਾ...

ਤੇ ਮਰਹੂਮ ਸ਼ਾਇਰ ਚਰਨ ਸਿੰਘ ਸਫਰੀ ਨੇ ਇਸ ਘਟਨਾਕ੍ਰਮ ਨੂੰ ਆਪਣੇ ਸ਼ਬਦਾਂ ਵਿਚ ਕਿੰਨਾ ਖੂਬ ਚਿਤਰਿਆ-

ਗੁਰਾਂ ਆਖਿਆ ਤੂੰ ਗੱਲਾਂ ਦੇ ਨਾਲ ਕਰਦੈਂ,
ਮੇਰੇ ਦਿਲ ਦੀ ਰਬਾਬ ਦੀ ਤਾਰ ਟੁਕੜੇ।
ਦਰ ਨਾਨਕ ਦਰਵੇਸ਼ ਦੇ ਬਾਦਸ਼ਾਹ ਵੀ,
ਵੇਖੇ ਮੰਗਦੇ ਕਈ ਹਜ਼ਾਰ ਟੁਕੜੇ।
ਮੇਰੇ ਜਿਗਰ ਦਾ ਹੋਏਗਾ ਇਕ ਟੁਕੜਾ,
ਉਹਦੇ ਜਿਗਰ ਦੇ ਹੋਣਗੇ ਚਾਰ ਟੁਕੜੇ।
ਦੋ ਹੋਣਗੇ ਵਿਚ ਚਮਕੌਰ ਟੁਕੜੇ,
ਦੋ ਹੋਣਗੇ ਵਿਚ ਦੀਵਾਰ ਟੁਕੜੇ।
ਓ ਮੁਗਲਾ ਤੇਗ ਬਹਾਦਰ ਹੈ ਨਾਮ ਮੇਰਾ
ਗੱਲਾਂ ਨਾਲ ਨਹੀਂ ਹੁੰਦਾ ਪਿਆਰ ਟੁਕੜੇ।
ਤੇਰੀ ਤੇਗ ਧਰ ਕੇ ਸੀਸ 'ਤੇ ਮੈਂ
ਤੇਰੀ ਤੇਗ ਦੇ ਕਰੂੰ ਹਜ਼ਾਰ ਟੁਕੜੇ।

ਗੁਰੂ ਜੀ ਨੇ ਔਰੰਗਜ਼ੇਬ ਨੂੰ ਕਿਹਾ ਪਾਪੀਆ ਜਬਰੀ ਕਸ਼ਮੀਰੀਆਂ ਨੂੰ ਦੀਨ ਕਬੂਲ ਕਰਾ ਰਿਹੈਂ। ਤੇਰੀ ਕੁਰਾਨ 'ਚ ਇਹ ਕਿਥੇ ਲਿਖਿਆ ਹੋਇਐ? ਉਹ ਵੀ ਇਨਸਾਨ ਨੇ ਤੇ ਤੂੰ ਵੀ ਇਨਸਾਨ। ਤੂੰ ਮਜ਼ਹਬੀ ਜਨੂੰਨ 'ਚ ਫਰਕ ਤੇ ਭੁਲੇਖੇ 'ਚ ਫਸ ਗਿਐਂ। ਮੇਰੀ ਗੱਲ ਕੰਨ ਖੋਲ੍ਹ ਕੇ ਸੁਣ-

ਜੇ ਉਹ ਰਾਮ ਆਖਣ ਤੇ ਤੂੰ ਰਹੀਮ ਆਖੇਂ,
ਇਸ ਤਰਜ਼-ਏ-ਬਿਆਨੀ 'ਚ
ਫਰਕ ਕੀ ਏ?
ਉਧਰ ਮਾਲਾ ਤੇ ਤੇਰੀ ਤਸਵੀਰ ਤਸਵੀ
ਏਸ ਮਜ਼ਹਬੀ ਨਿਸ਼ਾਨੀ 'ਚ ਫਰਕ ਕੀ ਏ?
ਜੇ ਉਹ ਹਿੰਦੂ ਨੇ ਤਾਂ ਫਰਕ ਕੀ ਏ?
ਤੇਰੀ ਮੁਸਲਿਮ ਇਮਾਨੀ 'ਚ
ਫਰਕ ਕੀ ਏ?
ਬੀਬੀ ਫਾਤਿਮਾ ਬੇਟੀ ਰਸੂਲ ਦੀ ਏ
ਤੇ ਇਧਰ ਦੁਰਗਾ ਭਵਾਨੀ 'ਚ
ਫਰਕ ਕੀ ਏ?

ਔਰੰਗਜ਼ੇਬ ਤੈਨੂੰ ਹਕੂਮਤ ਦਾ ਨਸ਼ਾ ਏ, ਪਰ ਜਦੋਂ ਇਹ ਨਸ਼ਾ ਉਤਰਦਾ ਤਾਂ ਬਚਦਾ ਕੁਝ ਨ੍ਹੀਂ। ਤੇ ਗੁਰਾਂ ਆਖਿਆ ਮੇਰੀ ਆਖਰੀ ਗੱਲ ਵੀ ਧਿਆਨ ਦੇ ਕੇ ਸੁਣੀਂ-

ਓ ਅਸੀਂ ਬਚੀਏ ਨਾ ਬਚੀਏ ਬੇਸ਼ੱਕ ਜ਼ਾਲਮ
ਪਰ ਜ਼ੁਲਮ ਸਿਤਮ ਦਾ
ਭੋਰਾ ਨੀ ਰਹਿਣ ਦੇਣਾ।
ਆਪ ਲਾਹਵੇ ਤੇ ਲਾਹਵੇ ਬੇਸ਼ੱਕ ਕੋਈ
ਪਰ ਜ਼ਬਰਦਸਤੀ ਜਨੇਊ ਨ੍ਹੀਂ
ਲਹਿਣ ਦੇਣਾ।

ਜ਼ਿੰਦਗੀ ਮੁੱਕਦੀ ਜਾਂਦੀ ਏ ਇਹ ਕਹਿਣ ਵਾਂਗ ਕਿ 'ਅੱਗਾ ਨੇੜੇ ਆ ਗਿਆ ਪਿੱਛਾ ਰਹਿ ਗਿਆ ਦੂਰ।' ਡਾਕਟਰ ਬਿਮਾਰੀਆਂ ਦਾ ਇਲਾਜ ਕਰਦੇ ਨੇ ਮੌਤ ਦਾ ਨਹੀਂ ਤੇ ਨਾ ਹੀ ਇਸ 'ਤੇ ਖੋਜ ਹੋ ਸਕਦੀ ਹੈ। ਚੰਗੇ ਬਣਨ ਤੇ ਚੰਗਾ ਕਰਨ ਲਈ ਮੌਤ ਦਾ ਭੈਅ ਮੰਨਣਾ ਚਾਹੀਦੈ। ਕਿਉਂਕਿ -

ਇਹ ਦੁਨੀਆ ਵਾਂਗ ਸਰਾਂ ਜਾਪੇ
ਕੋਈ ਟੁਰ ਜਾਂਦਾ ਕੋਈ ਆ ਜਾਂਦਾ
ਕੋਈ ਫੁੱਲ੍ਹਾਂ ਨਾਲ ਵੀ ਹੱਸਦਾ ਨਹੀਂ
ਕੋਈ ਕੰਡਿਆ ਨਾਲ ਨਿਭਾ ਜਾਂਦਾ....
ਜਾਂ
ਕਿਹੜੀ ਗੱਲ ਦਾ ਤੂੰ ਫੇਰ
ਮਾਣ ਕਰੇ ਹਾਣੀਆਂ
ਸੁਕ ਜਾਵੇ ਪੱਤਾ ਫੇਰ ਛੱਡ ਜਾਣ ਟਾਹਣੀਆਂ
ਮਾਲਕ ਹੀ ਜੜ੍ਹੋਂ ਜਦੋਂ ਪੁੱਟ ਸੁੱਟੇ ਵੇਲ ਵੇ
ਦੀਵੇ ਦੀ ਲੋਅ ਵਾਂਗੂ ਜ਼ਿੰਦਗੀ ਦਾ ਖੇਲ੍ਹ ਏ
ਬੁਝ ਜਾਣਾ ਦੀਵਾ
ਜਦੋਂ ਮੁੱਕ ਜਾਣਾ ਤੇਲ ਏ...।

***

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸ਼ੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant/Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਆਲੋਚਕ ਅਤੇ ਵਿਦਵਾਨ ਗੁਰਬਚਨ ਦਾ ਜਸਵੰਤ ਸਿੰਘ ਕੰਵਲ ਦੀ ਕਿਤਾਬ "ਪੰਜਾਬੀਓ ਜੀਣਾ ਹੈ ਕਿ ਮਰਨਾ" ਸਬੰਧੀ ਲਿਖਿਆ ਇਕ ਲੰਮਾ ਲੇਖ ਛਪਿਆ ਸੀ। ਇਸ ਲੇਖ ਵਿਚ ਉਨ੍ਹਾਂ ਨੇ ਜਸਵੰਤ ਕੰਵਲ ਦੀ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਕੌਮੀਅਤ ਸਬੰਧੀ ਧਾਰਨਾ ਅਤੇ ਪੰਜਾਬ ਮਸਲੇ ਪ੍ਰਤੀ ਉਨ੍ਹਾਂ ਦੀ ਪਹੁੰਚ ਵਿਚ ਕਈ ਸਾਰੇ ਨੁਕਸ ਗਿਣਾਏ ਸਨ। ਉਂਞ ਵੀ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਹੋਂਦ ਅਤੇ ਹਸਤੀ ਨੂੰ ਬਰਕਰਾਰ ਰੱਖਣ ਦੇ ਮਸਲੇ ਨੇ ਅੱਜ-ਕੱਲ੍ਹ ਕਾਫੀ ਗੰਭੀਰਤਾ ਅਖਤਿਆਰ ਕੀਤੀ ਹੋਈ ਹੈ ਅਤੇ ਇਸ ਉਪਰ ਕੁਝ ਪੰਜਾਬੀ ਚਿੰਤਕ ਅਤੇ ਬੁੱਧੀਜੀਵੀ ਫਿਕਰਮੰਦ ਵਿਖਾਈ ਦਿੰਦੇ ਹਨ। ਪਿੱਛੇ ਜਿਹੇ ਉਘੇ ਪੰਜਾਬੀ ਕਵੀ ਸੁਰਜੀਤ ਪਾਤਰ ਨੇ ਵੀ ਪੰਜਾਬੀ ਵਿਦਵਾਨਾਂ ਨੂੰ ਪੰਜਾਬੀ ਭਾਸ਼ਾ ਦੇ ਬਚਾਅ ਲਈ ਨਿੱਤਰਨ ਦਾ ਸੱਦਾ ਦਿੱਤਾ ਹੈ। ਗੁਰਬਚਨ ਦੇ ਲੇਖ ਦੇ ਵਿਰੋਧ ਵਿਚ ਇਥੇ ਰਾਜਿੰਦਰ ਰਾਹੀ ਦਾ ਇਹ ਲੇਖ ਸਾਨੂੰ ਪ੍ਰਾਪਤ ਹੋਇਆ ਹੈ। ਇਸ ਲੇਖ ਵਿਚ ਰਾਹੀ ਨੇ ਜਸਵੰਤ ਕੰਵਲ ਨੂੰ ਦਰੁਸਤ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਪੱਖ ਵਿਚ ਦਲੀਲਾਂ ਵੀ ਦਿੱਤੀਆਂ ਹਨ ਕਿ ਜਸਵੰਤ ਕੰਵਲ ਦਾ ਸਿੱਖਾਂ ਨੂੰ ਪੰਜਾਬੀ ਕੌਮੀਅਤ ਦੇ ਬਦਲ ਵਜੋਂ ਪੇਸ਼ ਕਰਨਾ ਦਰੁਸਤ ਹੈ। ਇਸ ਮੁੱਦੇ ਨੂੰ ਲੈ ਕੇ ਆਉਣ ਵਾਲੇ ਵਿਚਾਰਾਂ ਨੂੰ ਅਸੀਂ ਅਗਾਂਹ ਵੀ ਜੀ ਆਇਆਂ ਕਹਾਂਗੇ। ਇਥੇ ਪਾਠਕਾਂ ਦੀ ਦਿਲਚਸਪੀ ਲਈ ਅਸੀਂ ਰਾਹੀ ਦਾ ਇਹ ਲੇਖ ਛਾਪ ਰਹੇ ਹਾਂ। -ਸੰਪਾਦਕ***

# ਪੰਜਾਬ ਮਸਲੇ ਦੀ ਜੜ੍ਹ ਭਾਸ਼ਾ ਅਤੇ ਸਭਿਆਚਾਰ ਤੱਕ ਸੀਮਤ ਨਹੀਂ

**-ਰਾਜਿੰਦਰ ਰਾਹੀ**

ਗੁਰਬਚਨ ਨੇ ਜਸਵੰਤ ਸਿੰਘ ਕੰਵਲ ਦੀ ਨਵੀਂ ਛਪੀ ਪੁਸਤਕ 'ਪੰਜਾਬੀਓ-ਜੀਣਾ ਹੈ ਕਿ ਮਰਨਾ' ਦਾ ਬੜਾ ਗਹਿਰ-ਗੰਭੀਰ ਨੋਟਿਸ ਲਿਆ ਹੈ। ਇਸੇ ਪੁਸਤਕ 'ਤੇ 'ਮਾਰਕਸੀ ਨਜ਼ਰੀਏ' ਤੋਂ ਤਸਕੀਨ ਦਾ ਲੇਖ ਵੀ ਆਪਣੇ ਰਸਾਲੇ ਫਿਲਹਾਲ ਵਿਚ ਛਾਪਿਆ ਸੀ। ਖੱਬੇ-ਪੱਖੀਆਂ ਨੇ ਕੰਵਲ ਦੀਆਂ ਲਿਖਤਾਂ ਦਾ ਨੋਟਿਸ ਲੈਣਾ ਬੰਦ ਕੀਤਾ ਹੋਇਆ ਹੈ ਕਿਉਂਕਿ ਕੰਵਲ ਪੰਜਾਬ ਦੇ ਵਰਤਮਾਨ ਤੇ ਭਵਿੱਖ ਬਾਰੇ ਸੱਜੇ-ਖੱਬੇ ਕਮਿਊਨਿਸਟਾਂ ਦੇ ਨਾਲ ਹੀ ਨਕਸਲੀ ਗਰੁੱਪਾਂ ਤੋਂ ਆਸ ਲਾਹ ਚੁੱਕਿਆ ਹੈ। ਉਸ ਕੋਲ ਇਤਿਹਾਸਕ ਸੱਚ ਵੀ ਹੈ ਤੇ ਆਪਣਾ ਤਰਕ ਵੀ। ਕੰਵਲ ਸਥਾਪਤੀ ਦਾ ਹਮੇਸ਼ਾ ਵਿਰੋਧੀ ਰਿਹਾ ਹੈ। ਉਹ ਭਾਵੇਂ ਸਟੇਟ ਦੀ ਸਥਾਪਨਾ ਹੋਵੇ ਭਾਵੇਂ ਕਮਿਊਨਿਸਟਾਂ ਦੀ। ਉਸਨੇ ਆਪਣੀ ਖੁਦਦਾਰੀ 'ਤੇ ਪਹਿਰਾ ਦਿੰਦਿਆਂ ਹਮੇਸ਼ਾ ਸੱਚੀ ਗੱਲ ਮੂੰਹ 'ਤੇ ਕਹਿਣ ਦੀ ਦਲੇਰੀ ਕੀਤੀ ਹੈ। ਉਸ ਕੋਲ ਪੰਜਾਬ ਦੀਆਂ ਰਾਜਸੀ ਘਟਨਾਵਾਂ ਦੇ ਉਤਰਾਵਾਂ-ਚੜ੍ਹਾਵਾਂ ਦਾ ਅਨੁਭਵੀ ਗਿਆਨ ਹੈ। ਪੰਜਾਬੀ ਬੋਲੀ ਤੇ ਪੰਜਾਬ ਦੇ ਹਿਤਾਂ ਲਈ ਉਹ ਹਰ ਤਰ੍ਹਾਂ ਦੀ ਤਾਕਤ ਨਾਲ ਨੰਗੇ ਧੜ ਟੱਕਰ ਲੈਂਦਾ ਰਿਹਾ ਹੈ।

ਗੁਰਬਚਨ, ਕੰਵਲ ਦੇ ਕਥਾ ਪ੍ਰਵਚਨ ਨਾਲ ਇਸ ਗੱਲੋਂ ਸਹਿਮਤ ਹੈ ਕਿ ਪੰਜਾਬ ਭਾਸ਼ਾ ਤੇ ਸਭਿਆਚਾਰ ਪੱਖੋਂ ਉਜੜ ਰਿਹਾ ਹੈ, ਬਰਬਾਦ ਹੋ ਰਿਹਾ ਹੈ ਤੇ ਮਰਨ ਕੰਢੇ ਪਿਆ ਹੈ ਪਰ ਨਾਲ ਹੀ ਉਹ ਕਹਿੰਦਾ ਹੈ ਕਿ ਕੰਵਲ ਦਾ ਪ੍ਰਵਚਨ ਇਕ-ਪਾਸੜ ਤੇ ਆਕ੍ਰਮਣੀ ਹੈ, ਇਸ ਨਾਲ ਪੰਜਾਬ ਪਹਿਲਾਂ ਹੀ ਨੁਕਸਾਨ ਉਠਾ ਚੁੱਕਿਆ ਹੈ। ਉਹਦਾ ਵਿਚਾਰ ਹੈ ਕਿ ਕੰਵਲ


**ਵਿਚਾਰ ਚਰਚਾ**

ਦਾ ਕਥਾ ਪ੍ਰਵਚਨ ਵਰਗਲਾਣ ਵਾਲਾ ਤੇ ਡਿਸਟ੍ਰਬ ਕਰਨ ਵਾਲਾ ਹੈ ਕਿ ਕੰਵਲ ਪੰਜਾਬੀ ਕੌਮੀਅਤ ਦੀ ਨਹੀਂ ਸਿੱਖ ਕੌਮ ਦੀ ਗੱਲ ਕਰਦਾ ਹੈ, ਜੀਹਦਾ ਤਰਕ ਮਜ਼ਬੀ ਬੁਨਿਆਦ-ਪਸੰਦੀ ਤੱਕ ਪੁੱਜ ਜਾਂਦਾ ਹੈ। ਗੁਰਬਚਨ ਆਕ੍ਰਮਣੀ ਜਾਂ ਖਾੜਕੂ ਮਜ਼ਬ-ਪ੍ਰਸਤੀ ਨੂੰ ਪੰਜਾਬ 'ਚ ਸਾਰੇ ਪੁਆੜੇ ਦੀ ਜੜ੍ਹ ਸਮਝਦਾ ਹੈ। ਇਸੇ ਕਰਕੇ ਉਹ ਕਹਿੰਦਾ ਹੈ- "ਕੁਲ ਮਿਲਾ ਕੇ, ਪੰਜਾਬ ਦੇ ਪ੍ਰਸੰਗ ਵਿਚ ਸੰਕਟ ਦੀ ਜੜ੍ਹ ਆਕ੍ਰਮਣੀ ਜਾਂ ਖਾੜਕੂ ਮਜ਼ਬ-ਪ੍ਰਸਤੀ ਹੈ, ਤੇ ਕੰਵਲ ਇਹਨੂੰ ਹੀ ਉਤਸ਼ਾਹਿਤ ਕਰ ਰਿਹਾ ਹੈ। ਨੇਕ ਇਰਾਦੇ ਨਾਲ ਉਹ ਮੰਦੇ ਅਸਰ ਵਾਲੀ ਨੀਤੀ ਪਰੋਸ ਕੇ ਦੇ ਰਿਹਾ ਹੈ।" ਪੰਜਾਬ ਬਾਰੇ ਕੁੱਲ ਫਿਕਰਾਂ ਤੇ ਸੁਹਿਰਦਤਾ ਦੇ ਬਾਵਜੂਦ ਗੁਰਬਚਨ ਜੋ ਦ੍ਰਿਸ਼ਟੀ ਅਤੇ ਵਿਸ਼ਲੇਸ਼ਣੀ ਵਿਧੀ ਅਪਣਾਉਂਦਾ ਹੈ ਇਹ ਉਹੀ ਹੈ ਜੋ ਖੱਬੇਪੱਖੀ ਬੁੱਧੀਜੀਵੀ ਅਪਣਾਉਂਦੇ ਆਏ ਹਨ। ਇਹ ਸਿੱਖਾਂ ਨੂੰ ਦੋਸ਼ੀਆਂ ਦੇ ਕਟਹਿਰੇ ਵਿਚ ਖੜ੍ਹਾ ਕਰਦੇ ਹਨ ਜਿਨ੍ਹਾਂ ਨੇ ਆਕ੍ਰਮਣੀ ਮਜ਼ਬ-ਪ੍ਰਸਤੀ ਨਾਲ ਪੰਜਾਬ ਦੇ ਹਿੰਦੂਆਂ ਦੇ ਮਨਾਂ ਵਿਚ ਹਮੇਸ਼ਾ ਭੈਅ ਪੈਦਾ ਕੀਤੀ ਰਖਿਆ ਹੈ। ਜਦਕਿ ਹਕੀਕਤ ਇਸ ਦੇ ਉਲਟ ਹੈ।

ਗੱਲ ਸ਼ੁਰੂ ਤੋਂ ਕਰਦੇ ਹਾਂ।

ਆਰੀਆ ਸਮਾਜ ਦੀ ਨੀਂਹ ਸੁਆਮੀ ਦਯਾਨੰਦ ਨੇ 1875 ਵਿਚ ਰੱਖੀ ਸੀ। ਇਹਦਾ ਉਦੇਸ਼ ਹਿੰਦੂਵਾਦ ਨੂੰ ਮਾਂਜ-ਸੰਵਾਰੇ ਰੂਪ ਵਿਚ ਮੁੜ ਸੁਰਜੀਤ ਕਰਨਾ ਸੀ। ਉਸਦਾ ਮਤ ਸੀ ਕਿ ਵੇਦ ਹੀ ਹਿੰਦੂ ਧਰਮ ਦਾ ਮੂਲ ਤੇ ਪ੍ਰਮਾਣਿਕ ਆਧਾਰ ਹਨ। ਉਸ ਨੇ ਵੇਦਾਂ ਤੋਂ ਬਾਅਦ ਰਚੇ ਸਾਰੇ ਗ੍ਰੰਥਾਂ ਨੂੰ ਝੂਠੀਆਂ ਪੋਥੀਆਂ ਕਹਿ ਕੇ ਰੱਦ ਕਰ ਦਿੱਤਾ। ਉਹਦਾ ਇਹ ਰਵੱਈਆ ਉਸ ਦੇ ਪੈਰੋਕਾਰਾਂ ਨੂੰ ਗੈਰ-ਹਿੰਦੂ ਧਰਮਾਂ, ਗੈਰ ਵੈਦਿਕ ਗ੍ਰੰਥਾਂ, ਗੈਰ ਹਿੰਦੂ ਰਹਿਬਰਾਂ ਤੇ ਗੈਰ ਹਿੰਦੂ ਭਾਸ਼ਾਵਾਂ ਪ੍ਰਤੀ ਤ੍ਰਿਸਕਾਰ ਭਰੇ ਰਵੱਈਏ ਵਲ ਤੋਰਦਾ ਸੀ। ਇਹ ਨਜ਼ਰੀਆ ਹੀ ਬਾਅਦ ਵਿਚ ਜਾ ਕੇ ਪੰਜਾਬ ਦੇ ਸਿੱਖਾਂ ਤੇ ਹਿੰਦੂਆਂ ਵਿਚਕਾਰ ਨਫਰਤ ਤੇ ਦੁਸ਼ਮਣੀ ਦੀਆਂ ਲਕੀਰਾਂ ਵਾਹੁਣ ਦਾ ਕਾਰਣ ਬਣਿਆ।

ਪੰਜਾਬ ਅੰਦਰ ਦਯਾਨੰਦ ਦੇ ਮੱਤ ਨੂੰ ਆਸ ਨਾਲੋਂ ਵੱਧ ਕਬੂਲਵਾਂ ਹੁੰਗਾਰਾ ਮਿਲਿਆ। ਇਹ ਹੁੰਗਾਰਾ ਸ਼ਹਿਰੀ ਹਿੰਦੂ ਵਰਗ ਵਲੋਂ ਮਿਲਿਆ ਜੋ ਪੱਛਮ ਦੀ ਨਿਵੇਕਲੀ ਸਥਿਤੀ ਤੇ ਚੇਤਨਾ ਸਦਕਾ ਕਿਸੇ ਅਜਿਹੀ ਨਵੀਂ ਤੇ ਆਧੁਨਿਕ ਧਾਰਮਿਕ ਵਿਚਾਰਧਾਰਾ ਦੀ ਤਲਾਸ਼ ਵਿਚ ਸੀ ਜੋ ਆਧੁਨਿਕ ਜ਼ਮਾਨੇ ਅੰਦਰ ਵਧੇਰੇ ਮਾਣ ਸਤਿਕਾਰ ਤੇ ਪ੍ਰਵਾਨਗੀ ਹਾਸਲ ਕਰਨ ਦੇ ਸਮਰਥ ਹੋਵੇ। ਆਰੀਆ ਸਮਾਜੀ ਵਿਚਾਰਧਾਰਾ ਵਿਚ ਹਿੰਦੂ ਵਰਗ ਨੂੰ ਅਜਿਹੀ ਖੂਬੀ ਤੇ ਸਮਰਥਾ ਨਜ਼ਰ ਆਈ। ਇਸਨੇ ਉਸਨੂੰ ਇਕ ਅਜਿਹਾ ਮੰਚ ਮੁਹੱਈਆ ਕਰ ਦਿੱਤਾ ਜਿੱਥੇ ਉਹ ਪੱਛਮ ਦੇ ਨਵੇਂ ਵਿਚਾਰਾਂ ਦੇ ਸਨਮੁਖ ਆਪਣੀ ਸਨਾਤਨੀ ਹਿੰਦੂ ਧਾਰਮਿਕ ਪਰੰਪਰਾ ਨੂੰ ਕਮਜ਼ੋਰ ਤੇ ਨਿਤਾਣੀ ਸਮਝਣ ਦੀ ਹੀਣ ਭਾਵਨਾ ਤੋਂ ਮੁਕਤ ਹੋ ਕੇ ਪੂਰੇ ਭਰੋਸੇ ਨਾਲ ਹਿੰਦੂ ਹੋਣ ਦਾ ਗੌਰਵ ਮਹਿਸੂਸ ਕਰ ਸਕਦਾ ਹੋਵੇ। ਆਰੀਆ ਸਮਾਜੀ ਵਿਚਾਰਧਾਰਾ ਨਾਲ ਜੁੜ ਕੇ ਪੰਜਾਬੀ ਹਿੰਦੂ ਵਰਗ ਆਪਣੇ ਆਪ ਨੂੰ ਹੋਰ ਉਤਮ ਸਮਝਣ ਲੱਗ ਪਿਆ। ਉਸ ਅੰਦਰ, ਪੰਜਾਬ ਦੇ ਪ੍ਰਸੰਗ 'ਚ, ਪਹਿਲਾਂ ਹੀ ਮੌਜੂਦ ਸਵੈ-ਅਭਿਮਾਨੀ ਬਿਰਤੀ, ਖਰ੍ਹਵੇ ਹੰਕਾਰ ਵਿਚ ਵਟ ਗਈ ਜਿਸ ਕਾਰਨ ਉਸ ਨੇ ਗੈਰ ਹਿੰਦੂ ਧਰਮਾਂ, ਗ੍ਰੰਥਾਂ ਤੇ ਭਾਸ਼ਾਵਾਂ ਨੂੰ ਹਿਕਾਰਤ ਦੀ ਨਜ਼ਰ ਨਾਲ ਦੇਖਣਾ ਸ਼ੁਰੂ ਕੀਤਾ ਤੇ ਆਪਣੀ ਕਾਟਵੀਂ ਮੁਹਿੰਮ ਦਾ ਨਿਸ਼ਾਨਾ ਬਣਾਇਆ। ਆਰੀਆ ਸਮਾਜ ਨੇ ਸ਼ਹਿਰੀ ਹਿੰਦੂ ਵਰਗ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਇਸ ਨੇ ਸ਼ਹਿਰੀ ਪੜ੍ਹਵੇਂ ਸਿੱਖਾਂ 'ਤੇ ਵੀ ਆਪਣਾ ਪ੍ਰਭਾਵ ਪਾਇਆ। ਸ਼ਹੀਦ ਭਗਤ ਸਿੰਘ ਦੇ ਦਾਦੇ ਅਰਜਣ ਸਿੰਘ ਸਮੇਤ ਬਹੁਤ ਸਾਰੇ ਸਿੱਖ ਆਰੀਆ ਸਮਾਜੀ ਬਣ ਗਏ ਕਿਉਂਕਿ ਉਸ ਵਕਤ ਤੱਕ ਸਿੱਖ ਧਰਮ ਹਿੰਦੂਵਾਦ ਦੀ ਇੰਨੀ ਮਾਰੂ ਗ੍ਰਿਫਤ ਵਿਚ ਆ ਚੁੱਕਿਆ ਸੀ ਕਿ ਸਿੱਖ ਧਾਰਮਿਕ ਪੱਖ ਤੋਂ ਮਰਨ ਕੰਢੇ ਪਏ ਸਨ। ਇਸ ਕਾਰਨ ਹੀ ਜਰਮਨ ਵਿਦਵਾਨ ਡਾ. ਅਰਨੈਸਟ ਟਰੰਪ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਤਰਜਮੇ ਦੀ ਲੰਬੀ ਭੂਮਿਕਾ ਵਿਚ ਲਿਖਿਆ ਸੀ, "ਸਿੱਖ ਧਰਮ ਇਕ ਖਾਤਮੇ ਵਲ ਵਧ ਰਿਹਾ ਮੱਤ ਹੈ ਜੋ ਜਲਦੀ ਹੀ ਇਤਿਹਾਸ ਦੀ ਬੁੱਕਲ ਵਿਚ ਸਮੋਅ ਜਾਵੇਗਾ।"



ਕੀ ਕਹਿੰਦਾ ਹੈ ਜਸਵੰਤ ਸਿੰਘ ਕੰਵਲ?

ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਏ ਜਾਣ ਤੋਂ ਬਾਅਦ ਨਵੇਂ ਪ੍ਰਬੰਧਕੀ ਢਾਂਚੇ ਤੇ ਸਮਾਜੀ ਸਭਿਆਚਾਰਕ ਵਾਤਾਵਰਣ ਅੰਦਰ ਪੰਜਾਬ ਦੇ ਸ਼ਹਿਰੀ ਹਿੰਦੂ ਵਰਗ ਦੇ ਰੁਤਬੇ ਤੇ ਪੋਜ਼ੀਸ਼ਨ ਅੰਦਰ ਵੱਡੀ ਤਬਦੀਲੀ ਆਈ। ਇਹ ਵਰਗ ਅੰਗਰੇਜ਼ੀ ਵਿਦਿਆ ਹਾਸਲ ਕਰਨ ਵਿਚ ਪੰਜਾਬ ਵਿਚ ਸਭ ਤੋਂ ਮੋਹਰੀ ਸੀ। ਇਸ ਨਾਲ ਇਕ ਤਾਂ ਇਸ ਵਰਗ ਨੂੰ ਸਰਕਾਰੀ ਨੌਕਰੀਆਂ ਤੇ ਹੋਰਨਾਂ ਬਾਵਕਾਰ ਕਿੱਤਿਆਂ, ਜਿਵੇਂ ਵਕਾਲਤ, ਡਾਕਟਰੀ, ਇੰਜਨੀਅਰਿੰਗ ਆਦਿ, ਵਿਚ ਵਸੋਂ ਦੇ ਅਨੁਪਾਤ ਨਾਲੋਂ ਕਿਤੇ ਵਧਵਾਂ ਦਰਜਾ ਨਸੀਬ ਹੋ ਗਿਆ। ਦੂਜਾ ਉਸਦਾ ਪੰਜਾਬੀ ਸਮਾਜ ਅੰਦਰ ਰੁਤਬਾ ਉੱਚਾ ਹੋ ਗਿਆ। ਉਹ ਆਪਣੇ ਆਪ ਨੂੰ ਨਵੇਂ ਸੰਸਾਰ ਦਾ ਆਗੂ ਸਮਝਣ ਲੱਗ ਪਿਆ ਤੇ ਹੋਰ ਅਨਪੜ੍ਹ ਜਾਂ ਘਟ ਪੜ੍ਹੇ ਵਰਗਾਂ ਨੂੰ ਜਾਹਲ ਤੇ ਗੰਵਾਰ ਪਰਖਣ ਲੱਗ ਪਿਆ, ਖਾਸ ਕਰਕੇ ਪੇਂਡੂਆਂ ਨੂੰ ਜੱਟ-ਬੂਟ। ਸ਼ਹਿਰੀ ਹਿੰਦੂ ਦੁਕਾਨਦਾਰ ਜਾਹਲ ਤੇ ਗੰਵਾਰ ਪੇਂਡੂ ਜੱਟ ਬੂਟਾਂ ਦੀ ਛਿੱਲ ਲਾਹੁਣ ਨੂੰ ਆਪਣਾ ਜਨਮ ਸਿੱਧ ਅਧਿਕਾਰ ਸਮਝਣ ਲੱਗ ਪਿਆ। ਅਸਲ ਵਿਚ ਇਹ ਵਪਾਰੀ-ਕਾਰੋਬਾਰੀ ਵਰਗ ਵੱਧ ਪੜ੍ਹ ਲਿਖ ਕੇ ਆਪਣੇ ਆਪ ਨੂੰ ਹੋਰਨਾਂ ਨਾਲੋਂ ਉੱਤਮ ਨਸਲ ਦਾ ਜੀਵ ਤਸੱਵਰ ਕਰਨ ਲੱਗ ਪਿਆ।

ਦੂਜੇ ਪਾਸੇ ਸਿੰਘ ਸਭਾ ਲਹਿਰ ਨੇ ਸਿੱਖ ਕੌਮ ਦੇ ਬੌਧਿਕ ਤੱਤਾਂ ਨੂੰ ਇਸ ਕਦਰ ਸਰਗਰਮ ਕਰ ਦਿੱਤਾ ਕਿ ਉਨ੍ਹਾਂ ਨੇ ਆਪਣੀ ਧਾਰਮਿਕ ਤੇ ਕੌਮੀ ਹਸਤੀ ਦੀ ਵੱਖਰੀ ਪਛਾਣ ਸਥਾਪਤ ਕਰਨ ਲਈ ਜਾਗਰਤੀ ਲਿਆਉਣ ਲਈ ਦਿਨ ਰਾਤ ਇਕ ਕਰ ਦਿੱਤਾ। ਇਸ ਮਕਸਦ ਲਈ ਗੁਰਬਾਣੀ, ਸਿੱਖ ਇਤਿਹਾਸ, ਗੁਰੂਆਂ ਤੇ ਸ਼ਹੀਦਾਂ ਦੇ ਜੀਵਨ ਬਾਰੇ ਲਿਖਤਾਂ ਤੇ ਵਿਆਖਿਆਵਾਂ ਛਪਣ ਛਪਾਉਣ ਦਾ ਵਿਆਪਕ ਸਿਲਸਿਲਾ ਸ਼ੁਰੂ ਹੋ ਗਿਆ। ਪ੍ਰੋ. ਗੁਰਮੁਖ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਸਾਰੇ ਪੰਜਾਬ ਵਿਚ ਫਿਰ-ਫਿਰ ਕੇ ਛਪਿਆ ਅਣਛਪਿਆ ਤੇ ਅਣਗੌਲਿਆ ਸਿੱਖ ਸਾਹਿਤ ਲੱਭਿਆ ਤੇ ਇਸਨੂੰ ਵੱਡੀ ਪੱਧਰ 'ਤੇ ਛਾਪਣ ਤੇ ਵੰਡਣ ਦਾ ਕਾਰਜ ਆਰੰਭਿਆ। ਵਿਸ਼ਾਲ ਪੈਮਾਨੇ ਤੇ ਟਰੈਕਟਾਂ, ਪੈਫਲਿਟਾਂ ਦੀ ਛਪਾਈ ਤੇ ਵੰਡ-ਵੰਡਾਈ ਦਾ ਕੰਮ ਸ਼ੁਰੂ ਹੋ ਗਿਆ। ਗਿਆਨੀ ਗਿਆਨ ਸਿੰਘ, ਭਾਈ ਦਿੱਤ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਇਸ ਬੌਧਿਕ ਲਹਿਰ ਦੇ ਅਗਵਾਨੂੰ ਬਣ ਕੇ ਉਤਰੇ। ਬਾਅਦ ਵਿਚ ਭਾਈ ਮੋਹਨ ਸਿੰਘ ਵੈਦ ਤੇ ਭਾਈ ਵੀਰ ਸਿੰਘ ਇਸ ਬੌਧਿਕ ਪਰੰਪਰਾ ਦੇ ਹੋਣਹਾਰ ਵਾਰਸ ਬਣ ਕੇ ਅੱਗੇ ਆਏ। ਇਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਸੀ ਕਿ 1892 ਵਿਚ ਅੰਮ੍ਰਿਤਸਰ ਦਾ ਖਾਲਸਾ ਕਾਲਜ ਹੋਂਦ ਵਿਚ ਆਇਆ ਤੇ ਸਿੰਘ ਸਭਾ ਦੀ ਬਦੌਲਤ ਹੀ ਸਿੱਖ ਪੰਥ ਨੂੰ ਐਮ.ਏ. ਮੈਕਾਲਫ ਵਰਗਾ ਹੀਰਾ ਨਸੀਬ ਹੋਇਆ। ਇਹ ਸਿੰਘ ਸਭਾ ਲਹਿਰ ਹੀ ਸੀ ਜਿਸਨੇ 'ਇਤਿਹਾਸ ਵਿਚ ਸਮੋਣ' ਜਾ ਰਹੀ ਸਿੱਖ ਕੌਮ ਦੀ ਸੁਤੰਤਰ ਹਸਤੀ ਨੂੰ ਸਥਾਪਿਤ ਤੇ ਪ੍ਰਭਾਸ਼ਿਤ ਕੀਤਾ। ਇਸ ਲਹਿਰ ਦੀ ਬਦੌਲਤ ਹੀ ਸਿੱਖਾਂ ਵਿਚ ਰਾਜਸੀ ਸੋਝੀ ਦਾ ਪਾਸਾਰ ਹੋਇਆ ਜੋ ਬਾਅਦ ਵਿਚ ਗੁਰਦੁਆਰੇ ਆਜ਼ਾਦ ਕਰਵਾਉਣ ਦਾ ਆਧਾਰ ਬਣੀ। ਜਿੱਥੋਂ ਤੱਕ ਗੁਰਦੁਆਰਾ ਸੁਧਾਰ ਲਹਿਰ ਦਾ ਸੁਆਲ ਹੈ ਉਸ ਬਾਰੇ ਬਹੁਤਾ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ। ਇਹ ਗੱਲ ਜੱਗ-ਜ਼ਾਹਿਰ ਹੈ ਕਿ ਸਮੇਤ ਹਰਿਮੰਦਰ ਸਾਹਿਬ ਦੇ ਗੁਰਦੁਆਰਿਆ 'ਤੇ ਐਯਾਸ਼ ਤੇ ਕੁਰਪਟ ਮਹੰਤਾਂ ਦਾ ਕਬਜ਼ਾ ਸੀ। ਜਿਨ੍ਹਾਂ ਨੇ ਗੁਰਧਾਮਾਂ ਨੂੰ ਆਯਾਸ਼ੀ ਦੇ ਨਾਲ ਹੀ ਮੂਰਤੀ ਪੂਜਾ ਤੇ ਹਰ ਤਰ੍ਹਾਂ ਦੀ ਬਦਮਾਸ਼ੀ ਦੇ ਅੱਡੇ ਬਣਾ ਧਰਿਆ ਸੀ। ਜਦ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਮੂਰਤੀਆਂ ਚੁੱਕਣ ਦਾ ਮਾਮਲਾ ਆਇਆ ਤਾਂ ਸਰ ਗੋਕਲ ਚੰਦ ਨਾਰੰਗ, ਜੋ ਉਸ ਵਕਤ ਵਿਧਾਨਕ ਅਸੈਂਬਲੀ ਦਾ ਮੈਂਬਰ ਸੀ, ਸਮੇਤ ਹਿੰਦੂ ਆਗੂ ਦੁਖੀ ਹੋਏ ਕਿ ਇਹ ਉਨ੍ਹਾਂ ਦੇ ਪੂਜਾ-ਪਾਠ ਕਰਨ ਦੇ ਧਾਰਮਿਕ ਤੇ ਜਮਹੂਰੀ ਹੱਕਾਂ 'ਤੇ ਡਾਕਾ ਹੈ। ਉਹ ਮਾਮਲਾ ਵਿਧਾਨਕ ਅਸੈਂਬਲੀ ਤੱਕ ਲੈ ਕੇ ਗਏ ਸਨ। ਜਦ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ ਤਾਂ ਕਾਂਗਰਸੀ ਆਗੂ ਤੇ ਆਰੀਆ ਸਮਾਜ ਦੇ ਲੀਡਰ ਲਾਲਾ ਲਾਜਪਤ ਰਾਏ (ਜਿਸਨੂੰ ਅਮਰਜੀਤ ਚੰਦਨ ਪੰਜਾਬ ਦੀ ਬੇੜੀ ਨੂੰ ਪਾਰ ਲੰਘਾਉਣ ਵਾਲਾ ਕੌਮੀ ਆਗੂ ਆਖਦਾ ਹੈ) ਨੇ ਆਪਣੇ ਅਖਬਾਰ 'ਬੰਦੇ ਮਾਤਰਮ' ਵਿਚ ਮਹੰਤ ਨਰੈਣ ਦਾਸ ਦੀ ਡਟਵੀਂ ਹਮਾਇਤ ਕੀਤੀ ਸੀ ਤੇ ਉਸਨੂੰ ਬਚਾਉਣ ਲਈ ਹਜ਼ਾਰਾਂ ਰੁਪਏ ਤੇ ਤੱਕੜੀ ਨਾਲ ਤੋਲ ਕੇ ਸੋਨਾ ਲਿਆ ਸੀ। ਉਸਨੇ ਸਿੱਖਾਂ ਨੂੰ ਦੋਸ਼ੀ ਠਹਿਰਾਉਣ ਦਾ ਕੋਈ ਮੌਕਾ ਨਹੀਂ ਖੁੰਝਾਇਆ ਸੀ। (ਇਹ ਇਤਿਹਾਸ ਦੀ ਵਿਡੰਬਨਾ ਹੈ ਕਿ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਭਗਤ ਸਿੰਘ ਹੋਰਾਂ ਨੇ ਸਾਂਡਰਸ ਦਾ ਕਤਲ ਕੀਤਾ ਤੇ ਫਾਂਸੀ ਦਾ ਰੱਸਾ ਚੁੰਮਿਆ।)

ਪਤਾ ਨਹੀਂ ਗੁਰਬਚਨ ਵਰਗਾ ਸੂਝਵਾਨ ਬੰਦਾ ਇਨ੍ਹਾਂ ਇਤਿਹਾਸਕ ਹਕੀਕਤਾਂ ਦੇ ਬਾਵਜੂਦ ਵੀ ਕਿਵੇਂ ਕਹੀ ਜਾਂਦਾ ਹੈ ਕਿ ਅਕਾਲੀਆਂ ਨੂੰ ਗੁਰਦੁਆਰਾ ਸੁਧਾਰ ਲਹਿਰ ਦਾ ਏਜੰਡਾ 'ਭਾਸ਼ਾ' 'ਤੇ ਆਧਾਰਿਤ ਸਭਿਆਚਾਰਕ ਵਿਸਥਾਰ' ਵਲ ਸੇਧਤ ਕਰਨਾ ਚਾਹੀਦਾ ਸੀ। ਜੇ ਮਸਲੇ ਦੀ ਜੜ੍ਹ ਭਾਸ਼ਾ ਤੇ ਸਭਿਆਚਾਰ ਤੱਕ ਹੀ ਸੀਮਤ ਹੁੰਦੀ ਤਾਂ ਆਜ਼ਾਦੀ ਦੀ ਲੜਾਈ ਵਿਚ ਸਿੱਖਾਂ ਦੀ ਸ਼ਮੂਲੀਅਤ ਤੇ ਕੁਰਬਾਨੀਆਂ ਹਿੰਦੂ ਵਰਗ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਸ਼ਥਾਰਾਂ ਵਲ ਪ੍ਰੇਰਤ ਕਰ ਸਕਦੀਆਂ ਸਨ। ਪੰਜਾਬ ਦੇ ਇਸ ਵਰਗ ਨੇ ਫਿਰ ਵੀ ਪੰਜਾਬੀ ਵਲ ਬੇਮੁੱਖਤਾ ਕਿਉਂ ਦਿਖਾਈ? ਸਿੱਖ ਲੀਡਰਾਂ ਨੇ ਦੇਸ਼ ਆਜ਼ਾਦ ਹੋਣ ਮੌਕੇ ਬਹੁਗਿਣਤੀ ਦੀਆਂ ਇੱਛਾਵਾਂ ਮੁਤਾਬਿਕ ਚੱਲਣ ਦੀ ਕੁਰਬਾਨੀ ਵੀ ਦਿੱਤੀ ਸੀ। ਫਿਰ ਵੀ ਉਨ੍ਹਾਂ ਜ਼ਬਰਦਸਤੀ ਪੰਜਾਬੀ ਭਾਸ਼ਾ ਨੂੰ ਸਿੱਖਾਂ ਨਾਲ ਜੋੜ ਕੇ ਇਸਨੂੰ ਹੀਣੀ ਸਮਝ ਕੇ ਇਸ ਵਲ ਹਿਕਾਰਤ ਵਾਲਾ ਨਜ਼ਰੀਆ ਕਿਉਂ ਅਖ਼ਤਿਆਰ ਕਰੀ ਰੱਖਿਆ? ਕੁੱਲ ਮਸਲਾ ਫਿਰ ਪੰਜਾਬੀ ਭਾਸ਼ਾ ਤੇ ਇਹਦੇ ਸਭਿਆਚਾਰਕ ਵਿਸਥਾਰਾਂ ਤੱਕ ਸੀਮਤ ਕਿਵੇਂ ਸਮਝਿਆ ਜਾ ਸਕਦਾ ਹੈ? ਸੰਕਟ ਦੀ ਜੜ੍ਹ ਕਿਤੇ ਹੋਰ ਹੈ, ਜਿਸ ਬਾਰੇ ਸਮੇਤ ਗੁਰਬਚਨ ਦੇ ਖੱਬੇਪੱਖੀ ਬੁੱਧੀਜੀਵੀ ਘੇਸਲੀ ਵੱਟੀ ਦਿਖਾਈ ਦਿੰਦੇ ਹਨ। ਜੇ ਮਾਮਲਾ ਭਾਸ਼ਾ ਤੱਕ ਹੀ ਸੀਮਤ ਹੁੰਦਾ ਤੇ ਇਸ ਪਿੱਛੇ ਕੋਈ ਹੋਰ ਗਹਿਰੀ ਸਾਜ਼ਿਸ਼ ਨਾ ਹੁੰਦੀ ਤਾਂ ਪੰਜਾਬੀ ਸੂਬਾ ਬਣਾਉਣ ਵਿਚ ਰੁਕਾਵਟਾਂ ਕਿਉਂ ਪਾਈਆਂ ਗਈਆਂ? ਪੰਜਾਬੀ ਭਾਸ਼ਾ 'ਤੇ ਆਧਾਰਤ ਸੂਬੇ ਦੀ ਮੰਗ ਸਿਰਫ ਸਿੱਖਾਂ ਨੂੰ ਹੀ ਕਿਉਂ ਕਰਨੀ ਪਈ? ਦੇਸ਼ ਆਜ਼ਾਦ ਹੋਣ ਬਾਅਦ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਪੰਜਾਬੀ ਭਾਸ਼ਾ ਵਾਲਾ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ ਤਾਂ ਇਸ ਮੰਗ ਨੂੰ ਫਿਰਕੂ ਰੰਗ ਦਿੱਤਾ ਗਿਆ। ਫਿਰਕੂ ਨਜ਼ਰੀਆ ਹੱਕੀ ਮੰਗ ਕਰਨ ਵਾਲਿਆਂ ਦਾ ਨਹੀਂ ਸੀ, ਫਿਰਕੂ ਉਹ ਸਨ ਜੋ ਇਸ ਮੰਗ ਨੂੰ ਨਕਾਰ ਕੇ ਇਹਨੂੰ ਸਿਰਫ ਸਿੱਖਾਂ ਨਾਲ ਜੋੜ ਰਹੇ ਸਨ। ਪੰਜਾਬੀ ਸੂਬੇ ਦੀ ਖਾਤਰ ਜੋ ਤਸੀਹੇ ਸਿੱਖਾਂ ਨੇ ਸਹੇ, ਉਹਦਾ ਇਤਿਹਾਸ ਗੁਵਾਹ ਹੈ, ਜਦਕਿ ਮਾਸਟਰ ਤਾਰਾ ਸਿੰਘ ਇਹ ਸਫਾਈਆਂ ਦਿੰਦਾ ਰਿਹਾ ਸੀ ਕਿ ਉਹ ਸਿਰਫ ਤੇ ਸਿਰਫ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਸਥਾਪਨਾ ਦੀ ਮੰਗ ਕਰ ਰਿਹਾ ਹੈ ਅਤੇ ਇਸ ਵਿਚ ਕਿਸੇ ਧਾਰਮਿਕ ਫਿਰਕੇ ਦੀ ਘੱਟ ਗਿਣਤੀ ਜਾਂ ਬਹੁਗਿਣਤੀ ਦਾ ਕੋਈ ਮਸਲਾ ਨਹੀਂ ਹੈ।

ਪੰਜਾਬੀ ਸੂਬੇ ਲਈ ਘੋਲ ਦੌਰਾਨ ਜਵਾਹਰਲਾਲ ਨਹਿਰੂ ਤੋਂ ਲੈ ਕੇ ਮੁਰਾਰਜੀ ਦੇਸਾਈ, ਗੁਲਜ਼ਾਰੀ ਲਾਲ ਨੰਦਾ, ਚੌਧਰੀ ਚਰਨ ਸਿੰਘ, ਮਹਾਂਵੀਰ ਤਿਆਗੀ, ਅਟਲ ਬਿਹਾਰੀ ਵਾਜਪਾਈ ਤੇ ਲਾਲ ਬਹਾਦਰ ਸ਼ਾਸਤਰੀ ਤੱਕ ਪੰਜਾਬੀ ਸੂਬੇ ਦੇ ਜਨੂੰਨ ਦੀ ਹੱਦ ਤੱਕ ਵਿਰੋਧੀ ਸਨ। ਇਹ ਸਿਰਫ ਹੰਕਾਰੀ ਮਾਨਸਿਕਤਾ ਦਾ ਹੀ ਸਿੱਟਾ ਸੀ ਜੋ ਪੰਜਾਬੀ ਭਾਸ਼ਾ ਨਾਲ ਭਾਵੁਕ ਤੌਰ 'ਤੇ ਜੁੜੇ ਹੋਏ ਲੋਕਾਂ ਨੂੰ ਹੀਣਾ ਸਿੱਧ ਕਰਨ 'ਤੇ ਤੁਲੀ ਹੋਈ ਸੀ।

ਦੇਸ ਆਜ਼ਾਦ ਹੋਣ ਬਾਅਦ ਹੰਕਾਰ ਤੇ ਅਭਿਮਾਨ ਦਾ ਇਹ ਇਜ਼ਹਾਰ ਹੀ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਨੂੰ ਇੱਕੋ ਭਾਸ਼ਾ ਤੇ ਰਾਸ਼ਟਰੀ ਸਭਿਆਚਾਰ ਵਿਚ ਵਿਲੀਨ ਕਰਨ ਦੀ ਇੱਛਾ ਰੱਖਦਾ ਸੀ ਤੇ ਇਧਰ ਗੁਰਬਚਨ ਜਸਵੰਤ ਸਿੰਘ ਕੰਵਲ ਨੂੰ ਕਹਿੰਦਾ ਹੈ, ਕੀ ਪੰਜਾਬ 'ਚ ਸਿਰਫ ਸਿੱਖ ਹੀ ਰਹਿੰਦੇ ਹਨ? ਨਾਲ ਹੀ ਲੇਖ ਦੇ ਅਖੀਰ ਵਿਚ ਕਹਿੰਦਾ ਹੈ ਕਿ ਪੰਜਾਬ ਦੇ ਸਾਰੇ ਵਾਸੀ ਪੰਜਾਬ, ਪੰਜਾਬੀ ਭਾਸ਼ਾ, ਇਹਦੇ ਸਭਿਆਚਾਰ, ਵਰਤਮਾਨ ਤੇ ਭਵਿੱਖ, ਬਾਰੇ ਬਾਈ ਕੰਵਲ ਵਾਂਗ ਫ਼ਿਕਰਮੰਦ ਕਿਉਂ ਨਹੀਂ? ਇਸ ਸੁਆਲ ਵਿਚ ਮਾਮਲਾ ਸਾਫ ਹੁੰਦਾ ਦਿਖਾਈ ਦਿੰਦਾ ਹੈ। ਇਸ ਅਸਲੀਅਤ ਦੇ ਮੱਦੇਨਜ਼ਰ ਗੁਰਬਚਨ ਫਿਕਰਮੰਦ ਹੈ ਕਿ ਪੰਜਾਬ ਦੀ ਸਥਾਨਕਤਾ ਕਮਜ਼ੋਰ ਹੈ। ਪਰ ਇਹ ਸਥਾਨਕਤਾ ਕਮਜ਼ੋਰ ਕਿਸ ਨੇ ਕੀਤੀ ਹੈ? ਇਸ ਨੂੰ ਕਮਜ਼ੋਰ ਕਿਹੜੀਆਂ ਧਿਰਾਂ ਕਰ ਰਹੀਆਂ ਹਨ? ਉਸਨੂੰ ਗਿਲ੍ਹਾ ਹੈ ਕਿ "ਕੰਵਲ ਸਮਝਦਾ ਹੈ ਕਿ ਇਸ ਸਥਾਨਕਤਾ ਨੂੰ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਦਾ ਅਨੁਸਾਰੀ ਬਣਾ ਕੇ ਤਕੜਾ ਕੀਤਾ ਜਾ ਸਕਦਾ ਹੈ।" ਪਰ ਕੰਵਲ ਕੋਲ ਲੰਬੇ ਇਤਿਹਾਸ ਦਾ ਤਜ਼ਰਬਾ ਹੈ ਕਿ ਪੰਜਾਬ ਨੂੰ ਜਦ ਵੀ ਮਜ਼ਬੂਤ ਕੀਤਾ ਗਿਆ ਸਿਰਫ ਸਿੱਖ ਅਸੂਲਾਂ ਅਨੁਸਾਰ ਹੀ ਕੀਤਾ ਗਿਆ ਹੈ। ਉਪਰ ਦਿੱਤੇ ਇਤਿਹਾਸਕ ਤੱਥ ਵੀ ਇਹਦਾ ਸਬੂਤ ਹਨ। ਵਰਤਮਾਨ ਵੀ ਇਸ ਦਾ ਗਵਾਹ ਹੈ ਕਿ ਪੰਜਾਬ ਬਾਰੇ ਜੇ ਕੋਈ ਫਿਕਰਮੰਦ ਹੈ ਉਹ ਸਿੱਖ ਹੀ ਹਨ।

ਗੁਰਬਚਨ ਨੂੰ ਤੀਜਾ ਗਿਲ੍ਹਾ ਹੈ ਕਿ "ਕੰਵਲ ਸਥਾਨਕਤਾ ਨੂੰ ਭਾਸ਼ਾ ਸਭਿਆਚਾਰ ਤੋਂ ਡੀਲਿੰਕ ਕਰਕੇ ਦੇਖਦਾ ਹੈ।" ਪਤਾ ਨਹੀਂ ਇਹ ਟਪਲਾ ਗੁਰਬਚਨ ਨੂੰ ਕਿਵੇਂ ਲੱਗ ਗਿਆ। ਕੰਵਲ ਤਾਂ ਕੂਕਦਾ ਹੀ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਬਚਾਉਣ ਲਈ ਹੈ। ਉਲਟਾ ਹਕੀਕਤ ਇਹ ਹੈ ਕਿ ਪੰਜਾਬ ਦਾ ਇਕ ਵੱਡਾ ਵਰਗ ਪੰਜਾਬ ਦੀ ਸਥਾਨਕਤਾ ਨੂੰ ਪੰਜਾਬੀ ਭਾਸ਼ਾ ਤੇ ਸਭਿਆਚਾਰ ਤੋਂ ਪੂਰੀ ਇਕ ਸਦੀ ਤੋਂ ਤੋੜ ਕੇ ਦੇਖਦਾ ਆ ਰਿਹਾ ਹੈ ਤੇ ਇਹਨੂੰ ਮੁਨਾਫੇ ਤੇ ਬਿਜ਼ਨਸ ਦਾ ਅੱਡਾ ਸਮਝਦਾ ਆ ਰਿਹਾ ਹੈ। ਪੰਜਾਬ 'ਚ ਕਿਸੇ ਵੀ ਤਰ੍ਹਾਂ ਦਾ ਵਿਕਾਸ ਇਹਨੂੰ ਜ਼ਿਹਨੀ ਤੌਰ 'ਤੇ ਬੇਚੈਨ ਕਰ ਦਿੰਦਾ ਹੈ। ਜੇ ਇਹ ਵਰਗ ਚਾਹੁੰਦਾ ਤਾਂ ਕਿਸੇ ਵੀ ਸੂਰਤ 'ਚ ਚੰਡੀਗੜ੍ਹ ਪੰਜਾਬ ਤੋਂ ਬਾਹਰ ਨਾ ਰਹਿੰਦਾ। ਗੁਰਬਚਨ ਨੂੰ ਚੌਥਾ ਗਿਲ੍ਹਾ ਹੈ ਕਿ ਕੰਵਲ 'ਪੰਜਾਬੀ ਕੌਮੀਅਤ ਦੀ ਨਹੀਂ, ਸਿੱਖ ਕੌਮ ਦੀ ਗੱਲ ਕਰਦਾ ਹੈ।' ਅਸੀਂ ਪੁੱਛਦੇ ਹਾਂ ਕਿ ਪੰਜਾਬੀ ਕੌਮੀਅਤ ਦਾ ਸੰਕਲਪ ਕੀ ਹੋ ਸਕਦਾ ਹੈ, ਜਦਕਿ ਪੰਜਾਬ ਵਿਚ ਪੰਜਾਬੀ ਬੋਲਦਾ ਇਕ ਵਰਗ ਹਮੇਸ਼ਾ ਫਿਰਕੂ ਨਜ਼ਰੀਏ ਤੋਂ ਪੰਜਾਬੀ ਭਾਸ਼ਾ ਦੇ ਨਾਲ ਹਿੰਦੀ ਭਾਸ਼ਾ ਦੀ ਚੜ੍ਹਤ ਲਈ ਅੱਡੀ-ਚੋਟੀ ਦਾ ਜ਼ੋਰ ਲਗਾਂਦਾ ਆ ਰਿਹਾ ਹੈ? ਕੀ ਇਸੇ ਨਿਖਰਵੇਂ ਰੂਪ ਵਿਚ ਕੋਈ ਸਿੱਕੇਬੰਦ ਪੰਜਾਬੀ ਕੌਮ ਹੈ? ਜੇ ਹੈ ਤਾਂ ਉਸਨੂੰ ਪੰਜਾਬ ਦੀ ਸਥਾਨਕਤਾ, ਭਾਸ਼ਾ, ਸਭਿਆਚਾਰ, ਦਰਿਆਈ ਪਾਣੀਆਂ ਨਾਲ ਮੋਹ ਕਿਉਂ ਨਹੀਂ? ਉਹ ਪੰਜਾਬ ਦੀ ਆਰਥਿਕ, ਰਾਜਸੀ ਤੇ ਸਮਾਜੀ ਸਥਿਤੀ ਬਾਰੇ ਫਿਕਰਮੰਦ ਕਿਉਂ ਨਹੀਂ?

ਸਫ਼ਰ ਜ਼ਿੰਦਗੀ ਦਾ

# ਹਾਦਸਿਆਂ ਨੂੰ ਚਿੱਤਰਾਂ 'ਚ ਢਾਲਿਆ ਫਰੀਦਾ ਕੱਹਲੋਂ ਨੇ

ਸੰਸਾਰ ਭਰ ਦੀ ਸਭ ਤੋਂ ਲਾਸਾਨੀ ਔਰਤ-ਚਿੱਤਰਕਾਰ ਫਰੀਦਾ ਕੱਹਲੋਂ (1907-1954) ਨੂੰ ਮੰਨਿਆ ਜਾਂਦਾ ਹੈ The Shape of a Pocket (ਖੀਸੇ ਦੀ ਸ਼ਕਲ 2002) ਵਿਚ ਜਾਨ ਬਰਜਰ ਦੇ ਕਹਿਣ ਅਨੁਸਾਰ, ''ਪਹਿਲਾਂ ਵੀ ਉਹ ਕ੍ਰਿਸ਼ਮਾ ਸੀ ਆਪਣੇ ਦੇਸ਼ ਮੈਕਸੀਕੋ ਅਤੇ ਪੈਰਿਸ ਦੇ ਮੁੱਠੀ ਭਰ ਕਲਾਕਾਰਾਂ ਦੀ ਨਜ਼ਰ ਵਿਚ, ਹੁਣ ਸੰਸਾਰ ਦੀ ਨਜ਼ਰ ਵਿਚ ਵੀ ਉਹ ਕ੍ਰਿਸ਼ਮਾ ਬਣ ਚੁੱਕੀ ਹੈ।'' ਕੀ ਅੰਮ੍ਰਿਤਾ ਸ਼ੇਰਗਿੱਲ ਦੀ ਥਾਂ ਉਹ ਇਸੇ ਕੋਟੀ ਵਿਚ ਰਾਖਵੀਂ ਨਹੀਂ, ਇਹ ਮੁੱਦਾ ਹੈ ਜੋ ਏਥੇ ਵਿਚਾਰਨਾ ਉਚਿੱਤ ਲੱਗਦਾ ਹੈ। ਇਸ ਦੇ ਕਈ ਕਾਰਨ ਹਨ। ਪਹਿਲਾਂ ਤਾਂ ਇਹ ਕਿ ਮਰਦ-ਚਿੱਤਰਕਾਰਾਂ ਦੀ ਗਿਣਤੀ ਵਿਚ ਔਰਤ-ਚਿੱਤਰਕਾਰ ਬਹੁਤ ਘੱਟ ਹੋਈਆਂ ਸਨ। ਇਸ ਤੱਥ ਦੀ ਪ੍ਰੋੜਤਾ ਵਿਚ ਅੰਮ੍ਰਿਤਾ ਨੇ ਖ਼ੁਦ ਤਸਲੀਮ ਕੀਤਾ ਸੀ, ਕਿ ''ਬਹੁਤ ਘੱਟ ਔਰਤਾਂ ਚਿੱਤਰਕਾਰੀ ਕਰ ਸਕਦੀਆਂ ਹਨ।'' ਉਸਦੀ ਸੋਚ ਵਿਚ ਕਾਰਨ ਇਸਦਾ ਇਹ ਸੀ ਕਿ ਆਮ ਤੌਰ 'ਤੇ ਵੇਗਮੱਤੀਆਂ ਰੂਹਾਂ ਹੋਣ ਦੀ ਥਾਂ ਉਹ ਰੋਣ ਧੋਣ ਜੋਗੀਆਂ ਤ੍ਰੀਮਤਾਂ ਹੀ ਹੁੰਦੀਆਂ ਹਨ। ਅੰਮ੍ਰਿਤਾ ਅਤੇ ਫਰੀਦਾ ਤਾਂ ਪਰ ਦੋਨੋਂ ਵੇਗਮੱਤੀਆਂ ਰੂਹਾਂ ਸਨ : ਜੇ ਅੰਮ੍ਰਿਤਾ ਵਿਚ ਵਾਸ਼ਨਾ ਸਿਰ ਚੜ੍ਹ ਬੋਲਦੀ ਸੀ ਤਾਂ ਫਰੀਦਾ ਦੇਹ ਨੂੰ ਹੀ ਸਭ ਕੁਝ ਸਮਝਦੀ ਸੀ।

ਦੇਹ ਅਤੇ ਵਾਸ਼ਨਾ ਦਾ ਉਹਨਾਂ ਲਈ ਕਿਉਂ ਅੰਤਿਮ ਮਹੱਤਵ ਹੋ ਨਿਬੜਿਆ? ਇਸ ਨੂੰ ਜਾਨਣ ਲਈ ਜਿਵੇਂ ਦੋਨੋਂ ਪਰਵਾਨ ਚੜ੍ਹੀਆਂ ਉਸਦਾ ਵਿਚਾਰੇ ਜਾਣਾ ਬਹੁਤ ਜ਼ਰੂਰੀ ਹੈ। ਫਰੀਦਾ ਲਾਤੀਨੀ ਅਮਰੀਕਾ ਦੇ ਮੈਕਸੀਕੋ ਨਾਮੀ ਦੇਸ਼ ਦੀ ਜੰਮਪਲ ਸੀ। ਹੰਗਰੀ ਦੇਸ਼ ਦਾ ਖ਼ੂਨ ਵੀ ਪਰ ਉਸ ਦੀਆਂ ਰਗਾਂ ਵਿਚ ਦੌੜਦਾ ਸੀ। ਉਸ ਦਾ ਬਾਪ ਵਿਲਹੈਮ ਕੱਹਲੋਂ ਹੰਗਰੀ ਮੂਲ ਦਾ ਯਹੂਦੀ ਸੀ, ਜਨਮ ਭਾਵੇਂ ਉਸਦਾ ਜਰਮਨੀ ਵਿਚ ਹੋਇਆ ਸੀ। ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਉਹ ਮੈਕਸੀਕੋ ਪਹੁੰਚ ਗਿਆ ਸੀ, ਜਿਥੇ ਦੇਸ਼ ਦੇ ਪ੍ਰਧਾਨ ਦਾ ਸਰਕਾਰੀ ਫੋਟੋਗ੍ਰਾਫਰ ਬਣ ਕੇ ਉਸ ਨੇ ਕਾਫੀ ਧਨ ਕਮਾਇਆ। ਦੂਜੇ ਪਾਸੇ ਅੰਮ੍ਰਿਤਾ ਦੀ ਮਾਂ ਹੰਗਰੀ ਦੀ ਜੰਮਪਲ ਸੀ, ਉਸ ਦਾ ਪਰਿਵਾਰ ਵੀ ਪੂਰਾ ਨਹੀਂ ਤਾਂ ਅੱਧਾ ਯਹੂਦੀ ਜ਼ਰੂਰ ਸੀ।

ਉਹ ਭਾਰਤ ਆ ਗਈ, ਜਿਥੇ ਪੰਜਾਬ ਵਿਚ ਪ੍ਰਥਮ ਸਮਝੇ ਜਾਂਦੇ ਪਰਿਵਾਰ ਦੇ ਅੱਧਖੜ ਉਮਰ ਵਿਚ ਦਾਖ਼ਲ ਹੋ ਚੁੱਕੇ ਮਰਦ ਨਾਲ ਉਸ ਨੇ ਪ੍ਰੇਮ-ਵਿਆਹ ਕਰ ਲਿਆ। ਉਸ ਨੂੰ ਲੱਗਿਆ ਤਾਂ ਇਹ ਸੀ ਕਿ ਉਸ ਦਾ ਖਾਵੰਦ ਬੇਅੰਤ ਜ਼ਮੀਨ ਜਾਇਦਾਦ ਦਾ ਮਾਲਕ ਹੈ, ਪਰ ਰੱਜਦਾ ਪੁੱਜਦਾ ਹੋਣ ਦੇ ਬਾਵਜੂਦ ਉਹ ਇਸ ਆਸ਼ੇ 'ਤੇ ਪੂਰਾ ਨਹੀਂ ਸੀ ਉੱਤਰਦਾ। ਫਰੀਦਾ ਦੀ ਮਾਂ ਦਾ ਪਰਿਵਾਰ ਪਿਛਾਂਹ ਜਾ ਕੇ ਤਾਂ ਸਪੇਨੀ ਫੌਜਾਂ ਦੇ ਜਰਨੈਲ ਨਾਲ ਜੁੜ ਜਾਂਦਾ ਸੀ, ਪਰ ਹੁਣ ਇਹ ਆਮ ਜਿਹਾ ਹੋ ਕੇ ਰਹਿ ਗਿਆ ਸੀ। ਵਿਦੇਸ਼ ਤੋਂ ਆਏ ਜਾਂਬਾਜ਼ ਨੇ ਕੁਝ ਸਾਲਾਂ ਵਿਚ ਜੋ ਧਨ ਕਮਾ ਲਿਆ, ਉਹ ਉਸ ਦੀ ਬੀਵੀ ਨੂੰ ਚਕ੍ਰਿਤ ਕਰ ਦੇਣ ਵਾਲਾ ਸੀ। ਇਹ ਵੱਖਰੀ ਗੱਲ ਹੈ ਕਿ ਕੁਝ ਸਾਲਾਂ ਵਿਚ ਉਸ ਦੀ ਕਮਾਈ ਖੁਰਦ ਬੁਰਦ ਹੋ ਗਈ ਅਤੇ ਗੁਜ਼ਾਰੇ ਲਈ ਉਸ ਨੂੰ ਆਪਣੇ ਜਵਾਈ ਫਰੀਦਾ ਦੇ ਖਾਵੰਦ ਡੀਗੋ ਰਾਵੇਰਾ ਦਾ ਹੀ ਸਹਾਰਾ ਢੂੰਡਣਾ ਪਿਆ।

1912 ਵਿਚ ਜਨਮੀ ਅੰਮ੍ਰਿਤਾ ਦਾ ਜੋ ਨਾਤਾ ਹੰਗਰੀ ਦੀ ਬਨਸਪਤੀ ਉਸ ਦੇ ਬਿਰਛਾਂ, ਫੁੱਲਾਂ, ਫਲਾਂ, ਨਦੀਆਂ, ਨਾਲਿਆਂ ਨਾਲ ਜੁੜਿਆ, ਉਸ ਦਾ ਇਤਿਹਾਸਕ ਕਾਰਨ ਸੀ। ਪਹਿਲਾ ਸੰਸਾਰ ਯੁੱਧ ਆਰੰਭ ਹੋਣ ਵਾਲਾ ਸੀ, ਜਿਸ ਕਰਕੇ ਭਾਰਤ ਮੁੜਨਾ ਨਾਮੁਮਕਿਨ ਸੀ। ਨਤੀਜੇ ਵਜੋਂ ਉਸ ਦਾ ਸਾਰਾ ਬਚਪਨ ਹੰਗਰੀ ਵਿਚ ਹੀ ਬਤੀਤ ਹੋ ਗਿਆ।

ਇਸ ਸੰਸਾਰ ਯੁੱਧ ਦੇ ਆਰੰਭ ਹੋਣ, ਇਸ ਦੇ ਕਈ ਵਰ੍ਹੇ ਚੱਲਣ 'ਤੇ ਉਸ ਦੇ ਨਾਨਕੇ ਜਾਂ ਦਾਦਕੇ ਪਰਿਵਾਰ ਦਾ ਕੋਈ ਵਸ ਨਹੀਂ ਸੀ। ਇਸਦੇ ਵਸ ਵਿਚ ਹੋ ਕੇ ਪਰਿਵਾਰ ਨੂੰ ਜੋ ਨਤੀਜੇ ਭੁਗਤਣੇ ਪਏ ਉਸ ਦਾ ਪਰਿਣਾਮ ਅੰਮ੍ਰਿਤਾ ਲਈ ਬੜਾ ਹੀ ਖ਼ੁਸ਼ਗਵਾਰ ਸਿੱਧ ਹੋਇਆ। ਰੰਗਾਂ ਨਾਲ ਦੀਵਾਨਗੀ

ਤੇਜਵੰਤ ਗਿੱਲ

ਦੀ ਹੱਦ ਤੱਕ ਉਸ ਨੂੰ ਪਿਆਰ ਹੋ ਗਿਆ। ਚਿੱਤਰਕਾਰੀ ਦੀ ਕਸਬ ਵਜੋਂ ਚੋਣ ਨੂੰ ਇਸ ਨੇ ਅਟੱਲ ਬਣਾ ਦਿੱਤਾ। ਸੰਗੀਤ ਅਤੇ ਸਾਹਿਤ ਨਾਲ ਉਸ ਦਾ ਲਗਾਅ ਇਸ ਇੰਤਹਾਅ ਨੂੰ ਪਹੁੰਚਣ ਤੋਂ ਅਸਮਰੱਥ ਰਹਿ ਗਿਆ, ਭਾਵੇਂ ਇਹ ਵੀ ਸਰਲ ਭਾਵ ਦਾ ਨਹੀਂ ਸੀ।

ਦੀਵਾਨਗੀ ਦੀ ਹੱਦ ਤੱਕ ਚਿੱਤਰਕਾਰੀ ਨਾਲ ਜੁੜਣ ਦੀ ਖਾਤਰ ਫਰੀਦਾ ਨੂੰ ਇਤਿਹਾਸਕ ਘਟਨਾਵਾਂ ਵਿਚ ਮਨ-ਇੱਛਤ ਤਬਦੀਲੀ ਨੂੰ ਸੱਚ ਕਰਕੇ ਜਾਣਨਾ ਪਿਆ। ਮਿਸਾਲ ਦੇ ਤੌਰ 'ਤੇ ਜਨਮ ਤਾਂ ਉਸ ਦਾ 1907 ਵਿਚ ਹੋਇਆ, ਪਰ ਉਸਦੇ ਹਿਰਦੇ ਦੇ ਧੁਰ ਅੰਦਰੋਂ ਆਵਾਜ਼ ਉੱਠਦੀ ਸੀ ਕਿ ਉਹ 1910 ਵਿਚ ਜਨਮੀ ਸੀ। ਇਹ ਉਹ ਸਾਲ ਸੀ, ਜਿਸ ਦੌਰਾਨ ਵਾਪਰੇ ਇਨਕਲਾਬ ਦੀ ਬਦੌਲਤ ਡਿਆਜ ਨਾਮੀ ਡਿਕਟੇਟਰ ਦੀ ਤਾਨਾਸ਼ਾਹ ਹਕੂਮਤ ਦਾ ਖਾਤਮਾ ਹੋ ਗਿਆ ਅਤੇ ਮੈਕਸੀਕੋ ਲਈ ਨਵੇਂ ਦੌਰ ਵਿਚ ਪ੍ਰਵੇਸ਼ ਕਰਨਾ ਸੰਭਵ ਬਣ ਗਿਆ। ਇਸ ਕਰਕੇ ਉਹ ਆਪਣੇ ਜਨਮ ਸਾਲ ਨੂੰ ਸ਼ੁਭ ਕਰਕੇ ਜਾਣਨ ਦੀ ਕਾਮਨਾ ਕਰਦੀ ਸੀ। ਉਸ ਸਾਲ ਵਜੋਂ ਜਦ ਉਸ ਦਾ ਦੇਸ਼ ਇਨਕਲਾਬੀ ਤਬਦੀਲੀਆਂ ਦੇ ਰਾਹ 'ਤੇ ਚੱਲ ਪਿਆ। ਤਸੱਵਰ ਵਿਚ ਆਪਣੇ ਆਪ ਨੂੰ ਦੇਸ਼ ਅਤੇ ਵਾਪਰੇ ਇਨਕਲਾਬ ਨਾਲ ਅਭੇਦ ਕਰਨਾ ਉਸਦਾ ਮਨਭਾਉਂਦਾ ਸ਼ੌਕ ਬਣ ਗਿਆ। ਜਿਸ ਤਨਦੇਹੀ ਨਾਲ ਉਸ ਨੇ ਇਸ ਸ਼ੌਕ 'ਤੇ ਪਹਿਰਾ ਦਿੱਤਾ, ਉਸਨੇ ਤੱਥ ਵਿਚ ਕਲਪੀ ਤਬਦੀਲੀ ਅਨੁਸਾਰ ਹੀ ਉਹਦੇ ਜੀਵਨ ਨੂੰ ਸੱਚ ਵਿਚ ਢਾਲ ਦਿੱਤਾ। ਨਾ ਉਸਨੂੰ ਇਹ ਪ੍ਰਤੀਤ ਹੋਇਆ ਕਿ ਆਪਣਾ ਜਨਮ ਤਿੰਨ ਸਾਲ ਅਗਾਂਹ ਪਾ ਕੇ ਉਸਨੇ ਇਤਿਹਾਸ ਨਾਲ ਖਿਲਵਾੜ ਕੀਤਾ ਅਤੇ ਨਾ ਹੀ ਲੋਕਾਂ ਨੂੰ ਉਸਦੇ ਤਸੱਵਰ ਦਾ ਥਹੁ ਲੱਗ ਸਕਿਆ, ਇਹ ਸੱਚ ਹੀ ਮਾੜਾ ਅਨੁਭਵ ਹੋਇਆ। ਦੋਨਾਂ ਵਲੋਂ ਇਸ ਨੂੰ ਇਕ ਰਹੱਸ ਕਰਕੇ ਪ੍ਰਵਾਨ ਕਰ ਲਿਆ ਗਿਆ।

ਯੂਰਪ ਵਿਚ ਯੁੱਧ ਦੇ ਮੁਹਾਜ਼ 'ਤੇ ਵੱਡੀ ਗਿਣਤੀ ਵਿਚ ਮੌਤਾਂ ਹੋ ਰਹੀਆਂ ਸਨ। ਜ਼ਖ਼ਮੀਆਂ ਦੀ ਗਿਣਤੀ ਇਸ ਤੋਂ ਵੀ ਕਿਤੇ ਜ਼ਿਆਦਾ ਸੀ। ਬੰਬਾਰੀ ਅਤੇ ਜ਼ਹਿਰੀਲੀ ਗੈਸ ਨੇ ਫੌਜੀਆਂ ਨੂੰ ਯੁੱਧ ਦੇ ਦੈਂਤ ਸਾਹਮਣੇ ਅਬਲਾ ਬੱਚਿਆਂ ਵਾਂਗ ਬੇਬਸ ਕਰਕੇ ਰੱਖ ਦਿੱਤਾ ਸੀ। ਪਰ ਇਸ ਦਾ ਅੰਮ੍ਰਿਤਾ ਦੇ ਬਚਪਨ 'ਤੇ ਕੋਈ ਅਸਰ ਨਹੀਂ ਸੀ। ਭਾਰਤ ਤੋਂ ਜੋ ਮਾਇਕ ਸਹਾਇਤਾ ਆਉਂਦੀ ਸੀ, ਉਸ ਵਿਚ ਵਿਘਨ ਪੈ ਜਾਣ ਕਾਰਨ ਉਸਦੇ ਮਾਪਿਆਂ ਦੇ ਸਬੰਧ ਵਿਚ ਜ਼ਰੂਰ ਤਬਦੀਲੀ ਆ ਗਈ ਸੀ। ਜਿੰਨਾ ਚਿਰ ਬੁਡਾਪੈਸਟ ਵਿਚ ਸੁੱਖਾਂ ਲੈਂਦਾ ਜੀਵਨ ਬਤੀਤ ਕੀਤਾ, ਉਹਨਾਂ ਨੂੰ ਪ੍ਰਸਪਰ ਪ੍ਰੇਮ ਨੇ ਮੁਗਧ ਕਰੀ ਰੱਖਿਆ। ਫੇਰ ਜਦ ਥੁੜ੍ਹ ਕਾਰਨ ਸੰਕੋਚ ਨਾਲ ਪਿੰਡ ਵਿਚ ਰਹਿਣਾ ਪਿਆ ਤਾਂ ਉਹਨਾਂ ਵਿਚਕਾਰ ਤਣਾਅ ਬਣਨ ਲੱਗ ਪਿਆ। ਇਸਦਾ ਬੱਚੀਆਂ ਦੀ ਪਾਲਣਾ ਪੋਸਣਾ 'ਤੇ ਕੋਈ ਅਸਰ ਪਿਆ ਹੋਵੇ, ਯਕੀਨ ਨਾਲ ਨਹੀਂ ਕਿਹਾ ਜਾ ਸਕਦਾ। ਪਹਿਲਾਂ ਵਾਲਾ ਲਾਡ ਪਿਆਰ ਹੀ ਉਹਨਾਂ 'ਤੇ ਨਿਛਾਵਰ ਹੁੰਦਾ ਰਿਹਾ। ਸਿਹਤ ਪੱਖੋਂ ਵੀ ਉਹ ਰਿਸ਼ਟ ਪੁਸ਼ਟ ਰਹੀਆਂ, ਭਾਵੇਂ ਅੰਮ੍ਰਿਤਾ ਦੀ ਇਕ ਅੱਖ ਦਾ ਨਿੱਕਾ ਜਿਹਾ ਆਪ੍ਰੇਸ਼ਨ ਜ਼ਰੂਰ ਕਰਵਾਉਣਾ ਪਿਆ।

ਇਸ ਦੇ ਉਲਟ ਫਰੀਦਾ ਨੂੰ ਬਚਪਨ ਤੋਂ ਹੀ ਦੁਸ਼ਵਾਰੀਆਂ ਨੇ ਘੇਰ ਰੱਖਿਆ ਸੀ। ਉਹ ਅਜੇ ਛੇ ਸਾਲ ਦੀ ਵੀ ਨਹੀਂ ਸੀ ਹੋਈ ਕਿ ਪੋਲੀਓ ਵਰਗੀ ਬਿਮਾਰੀ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਉਸਦੀ ਸੱਜੀ ਲੱਤ ਪਤਲੀ ਪੈ ਗਈ ਅਤੇ ਪੈਰ ਦਾ ਵਧਣਾ ਰੁੱਕ ਗਿਆ। ਕੁੱਲ ਯਤਨ ਦੇ ਬਾਵਜੂਦ ਇਹ ਨੁਕਸ ਜ਼ਿੰਦਗੀ ਭਰ ਕਾਇਮ ਰਿਹਾ। ਬਚਪਨ ਵਿਚ ਤਾਂ ਇਹ ਉਸਦਾ ਪਛਾਣ-ਚਿੰਨ੍ਹ ਹੀ ਬਣ ਗਿਆ, ਜਿਸ ਦੇ ਅਹਿਸਾਸ ਨੇ ਉਸਦੇ ਮਨ ਨੂੰ ਬੜਾ ਪੀੜਤ ਕਰੀ ਰੱਖਿਆ। ਜਵਾਨੀ ਵਿਚ ਪੈਰ ਧਰਦਿਆਂ ਹੀ ਉਸਨੇ ਮੈਕਸੀਕਨ ਢੰਗ ਦੇ ਰੰਗ ਬਰੰਗੇ ਬਸਤਰ ਪਹਿਨਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਉਹ ਸਰੀਰਕ ਨੁਕਸ ਤਾਂ ਲੋਪ ਨਾ ਹੋਇਆ ਜਿਸ ਦੀ ਮਾਰੀ ਉਹ ਇਸ ਤਰ੍ਹਾਂ ਦੇ ਬਸਤਰ ਪਾਉਂਦੀ ਸੀ, ਪਰ ਇਹਨਾਂ ਬਸਤਰਾਂ ਦੀ ਬਦੌਲਤ ਉਸਦੀ ਸਭ ਨਾਲੋਂ ਭਿੰਨ ਪ੍ਰਕਾਰ ਦੀ ਪਛਾਣ ਬਣ ਗਈ। ਉਸਦੀ ਸ਼ਨਾਖ਼ਤ ਵਿਚ ਨਿਖਾਰ ਆ ਗਿਆ, ਜੋ ਪਹਿਲਾਂ ਘਟੀਆ ਹੋਣ ਦਾ ਅਹਿਸਾਸ ਸੀ, ਉਹ ਲੋਪ ਹੋ ਗਿਆ। ਉਸ ਦੀ ਥਾਂ ਲੈਣ ਲਈ ਵਧੀਆ ਹੋਣ ਦੇ ਅਹਿਸਾਸ ਨੇ, ਜੋ ਬਾਅਦ ਵਿਚ ਉਸਦੇ ਕਮਾਲ ਅਤੇ ਜਮਾਲ ਦਾ ਕਾਰਨ ਬਣ ਗਿਆ।

ਭਾਰਤ ਵਿਚ ਵਸਣ ਦਾ ਨਿਰਣਾ ਲੈਣ ਤੋਂ ਮਗਰੋਂ ਜਦ ਅੰਮ੍ਰਿਤਾ ਇਥੇ ਆ ਪਹੁੰਚੀ ਤਾਂ ਉਸ ਨੇ ਪੱਛਮੀ ਪਹਿਰਾਵਾ ਬਿਲਕੁਲ ਤਿਆਗ ਦਿੱਤਾ। ਦੇਸ਼-ਵਾਸੀਆਂ ਨਾਲ ਅਭੇਦ ਮਹਿਸੂਸ ਕਰਨ ਦਾ ਇਹ ਉਸਦਾ ਮਨੋਹਰ ਉੱਦਮ ਸੀ। ਉਸ ਨੇ ਸਾੜ੍ਹੀ ਪਹਿਨਣੀ ਸ਼ੁਰੂ ਕਰ ਦਿੱਤੀ ਅਤੇ ਇਹ ਅਹਿਸਾਸ ਪ੍ਰਸਤੁੱਤ ਕਰਨ ਦਾ ਸਿਰਤੋੜ ਯਤਨ ਕੀਤਾ ਕਿ ਆਰਥਿਕ ਪੱਖੋਂ ਹੀ ਨਹੀਂ, ਸਗੋਂ ਸਿਰਜਣਾਤਮਿਕ ਪੱਖੋਂ ਵੀ ਇਹ ਪੱਛਮੀ ਲਿਬਾਸ ਨਾਲੋਂ ਕਿਤੇ ਬਿਹਤਰ ਸੀ, ਸਸਤੀ ਹੀ ਨਹੀਂ ਦਿਲਕਸ਼ ਵੀ ਵਧੇਰੇ ਸੀ। ਇਹ ਵੱਖਰੀ ਗੱਲ ਹੈ ਕਿ ਭਾਰਤੀ ਔਰਤਾਂ ਦੀ ਨਜ਼ਰ ਵਿਚ ਇਸ ਦੀ ਖਾਸ ਕਦਰ ਨਹੀਂ ਸੀ। ਪੱਛਮ ਦੇ ਸਸਤੇ ਤੋਂ ਸਸਤੇ ਲਿਬਾਸ ਤੋਂ ਉਹ ਮਹਿੰਗੀ ਤੋਂ ਮਹਿੰਗੀ ਸਾੜ੍ਹੀ ਕੁਰਬਾਨ ਕਰਨ ਦੀ ਰੁਚੀ ਰੱਖਦੀਆਂ ਸਨ। ਇਹ ਗੱਲ ਵੀ ਇਥੇ ਚਿਤਾਰਣ ਵਾਲੀ ਹੈ ਕਿ ਅੰਮ੍ਰਿਤਾ ਦਾ ਸਾੜ੍ਹੀ ਬੰਨਣ ਦਾ ਢੰਗ ਰਵਾਇਤੀ ਤਰ੍ਹਾਂ ਦਾ ਭਾਰਤੀ ਨਹੀਂ ਸੀ। ਉਸਦੀਆਂ ਸਾੜ੍ਹੀਆਂ ਵੀ ਨਿਗੂਣੀ ਜਹੀ ਕੀਮਤ ਦੀਆਂ ਨਹੀਂ ਸਨ ਹੁੰਦੀਆਂ। ਇਸ ਦੇ ਬਾਵਜੂਦ ਭਾਰਤ ਨਾਲ ਰਲਣ ਦਾ ਉਸ ਦਾ ਯਤਨ ਬੜੀ ਸ਼ਲਾਘਾ ਦਾ ਅਧਿਕਾਰੀ ਸੀ।

ਅੰਮ੍ਰਿਤ ਦੇ ਉਲਟ ਫਰੀਦਾ ਨੂੰ ਸਕੂਲੀ ਵਿੱਦਿਆ ਦਾ ਭਰਪੂਰ ਅਨੁਭਵ ਨਸੀਬ ਹੋਇਆ। ਸਾਥੀ ਵਿਦਿਆਰਥੀਆਂ ਦੇ ਸੰਪਰਕ ਵਿਚ ਆਉਣ, ਤਰ੍ਹਾਂ ਤਰ੍ਹਾਂ ਦੇ ਮੁੱਦਿਆ 'ਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਉਸ ਨੂੰ ਖ਼ੂਬ ਅਵਸਰ ਮਿਲਿਆ। ਉਹ ਵੀ ਵਧੀਆ ਜਰਮਨ ਸਕੂਲ ਵਿਚ ਜਿਥੇ ਕੁੱਲ ਔਖ ਝੱਲ ਕੇ ਉਸਦੇ ਬਾਪ ਨੇ ਉਸਨੂੰ ਦਾਖਲਾ ਦਿਵਾਇਆ ਹੋਇਆ ਸੀ। ਇਸ ਦੌਰਾਨ ਉਸਨੇ ਸਾਥੀ-ਵਿਦਿਆਰਥੀਆਂ ਦੇ ਚਿੱਤਰ ਬਣਾਏ ਜਿਨ੍ਹਾਂ ਵਿਚੋਂ ਉਹਨਾਂ ਦੀਆਂ ਲਾਲਸਾਵਾਂ ਦੀ ਥਾਹ ਆਉਣ ਦੀ ਅਭਿਲਾਸ਼ਾ ਤਾਂ ਉਭਰਦੀ ਹੈ, ਪਰ ਇਸ ਖਾਤਰ ਇਸ ਤਰ੍ਹਾਂ ਦੀ ਵਿਧਾ ਵਿਧੀ ਦੀ ਲੋੜ ਸੀ, ਇਸ ਦਾ ਅਹਿਸਾਸ ਨਹੀਂ ਝਲਕਦਾ। ਕਾਰਨ ਇਸਦਾ ਇਹ ਸੀ ਕਿ ਉਦੋਂ ਚਿੱਤਰਕਾਰੀ ਨੂੰ ਕਸਬ ਵਜੋਂ ਅਪਨਾਉਣ ਦਾ ਉਸਨੂੰ ਕਦੇ ਫੁਰਨਾ ਹੀ ਨਹੀਂ ਸੀ ਫੁਰਿਆ।

ਸ਼ੌਕ ਪੂਰਾ ਕਰਨ ਦਾ ਇਹ ਯਤਨ ਸੀ, ਜਿਸ ਦਾ ਉਹ ਪੱਖ ਪੂਰਦੀ ਸੀ। ਇਹ ਤਾਂ ਜਦ ਉਸ ਨਾਲ ਬਹੁਤ ਹੀ ਖ਼ਤਰਨਾਕ ਦੁਰਘਟਨਾ ਵਾਪਰ ਗਈ ਅਤੇ ਉਸ ਨੂੰ ਲਗਾਤਾਰ ਤਿੰਨ ਮਹੀਨੇ ਬਿਸਤਰ ਵਿਚ ਪੈਣਾ ਪਿਆ ਕਿ ਫਰੀਦਾ ਲਈ ਚਿੱਤਰਕਾਰੀ ਕਰਨਾ ਇਲਾਜ ਦੇ ਸਮਾਨ ਹੀ ਹੋ ਗੁਜ਼ਰਿਆ। ਹੋਇਆ ਇੰਝ ਕਿ ਆਪਣੇ ਪ੍ਰੇਮੀ ਨਾਲ ਉਹ ਬਸ ਵਿਚ ਸਫਰ ਕਰ ਰਹੀ ਸੀ ਕਿ ਟਰੈਮ ਨਾਲ ਇਸਦੀ ਜ਼ਬਰਦਸਤ ਟੱਕਰ ਹੋ ਗਈ। ਬੱਸ ਲੱਕੜ ਦੀ ਬਣੀ ਹੋਈ ਸੀ, ਜਿਸ ਕਾਰਨ ਇਸ ਦੇ ਟੁਕੜੇ ਟੁਕੜੇ ਹੋ ਗਏ। ਉਸ ਦਾ ਪ੍ਰੇਮੀ ਤਾਂ ਵਾਲ ਵਾਲ ਬਚ ਗਿਆ, ਪਰ ਫਰੀਦਾ ਭਿਆਨਕ ਰੂਪ ਵਿਚ ਜ਼ਖ਼ਮੀ ਹੋ ਗਈ। ਉਸ ਦੀ ਸੱਜੀ ਲੱਤ ਗਿਆਰਾਂ ਥਾਵਾਂ ਤੋਂ ਟੁੱਟ ਗਈ। ਸੱਜਾ ਪੈਰ ਪੂਰੀ ਤਰ੍ਹਾਂ ਮਿੱਧਿਆ ਗਿਆ, ਖੱਬਾ ਮੋਢਾ ਉੱਤਰ ਗਿਆ, ਰੀੜ੍ਹ ਦੀ ਹੱਡੀ ਅਤੇ ਪੇਡੂ ਵੀ ਜ਼ਖ਼ਮੀ ਹੋ ਗਏ, ਦੋ



ਫਰੀਦਾ ਕੱਹਲੋਂ

ਅੰਤੜੀਆਂ ਸਮੇਤ ਉਸ ਦੀ ਹਸਲੀ ਅਤੇ ਪੇਡੂ ਦੀ ਹੱਡੀ ਨੂੰ ਵੀ ਆਂਚ ਆ ਗਈ, ਹੱਡੀ ਉਸਦੀ ਯੋਨੀ ਵਿਚੋਂ ਲੰਘ ਗਈ।

ਇਸ ਦੁਰਘਟਨਾ ਕਾਰਨ ਉਸਦੀ ਜ਼ਿੰਦਗੀ ਵਿਚ ਮੁੱਢੋਂ ਸੁੱਢੋਂ ਹੀ ਤਬਦੀਲੀ ਆ ਗਈ। ਦੁਬਾਰਾ ਸਕੂਲ ਵਿਚ ਦਾਖਲਾ ਲੈਣ ਦਾ ਖਿਆਲ ਹੀ ਜਾਂਦਾ ਰਿਹਾ। ਘਰ ਦੂਰ-ਦੁਰਾਡੇ ਹੋਣ ਕਾਰਨ ਸਾਥੀ ਵਿਦਿਆਰਥੀਆਂ ਵਿਚੋਂ ਕੋਈ ਉਸਦੀ ਖ਼ਬਰ ਲਈ ਨਾ ਆਇਆ। ਮਾਪਿਆਂ ਦੇ ਦਬਾ ਹੇਠ ਆ ਜਾਣ ਕਾਰਨ ਉਸਦਾ ਪ੍ਰੇਮੀ ਵੀ ਉਸਦੀ ਖ਼ਬਰ ਲੈਣ ਨਾ ਪਹੁੰਚਿਆ। ਉਸਨੂੰ ਭੁੱਲ ਭੁਲਾ ਕੇ ਉਹ ਯੂਰਪ ਚਲਾ ਗਿਆ। ਇਸ ਤੱਥ ਤੋਂ ਅਣਜਾਣ ਫਰੀਦਾ ਉਸਨੂੰ ਖ਼ਤ 'ਤੇ ਖ਼ਤ ਲਿਖਦੀ ਰਹੀ, ਪਰ ਕੋਈ ਜਵਾਬ ਨਸੀਬ ਨਾ ਹੋਇਆ। ਨਤੀਜਾ ਇਹ ਹੋਇਆ ਕਿ ਬੋਲੀ ਅਤੇ ਲਿਖਤ ਤੋਂ ਉਸਦਾ ਭਰੋਸਾ ਹੀ ਉੱਠ ਗਿਆ।

ਇਕੱਲਤਾ ਉਸ ਨੂੰ ਵੱਢ ਵੱਢ ਕੇ ਖਾਣ ਲੱਗ ਪਈ। ਇਸ ਨਾਜ਼ੁਕ ਪੜਾਅ 'ਤੇ ਫਰੀਦਾ ਦੀ ਮਾਂ ਨੇ ਉਸਨੂੰ ਚਿੱਤਰਕਾਰੀ ਕਰਨ ਦਾ ਸਾਮਾਨ ਲਿਆ ਦਿੱਤਾ। ਚਿੱਤਰਕਾਰੀ ਕਰਨ ਦੇ ਨਾਲ ਉਸ ਨੇ ਇਸ ਬਾਰੇ ਪੜ੍ਹਨਾ ਵੀ ਆਰੰਭ ਕਰ ਦਿੱਤਾ। ਮੰਜੇ 'ਤੇ ਪਈ ਫਰੀਦਾ ਨੇ ਦਰਜਨ ਦੇ ਕਰੀਬ ਚਿੱਤਰ ਬਣਾਏ, ਜਿਨ੍ਹਾਂ ਵਿਚ ਮੱਧਕਾਲ ਦੀ ਅਤਾਲਵੀ ਕਲਾ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਮਜ਼ੇ ਦੀ ਗੱਲ ਇਹ ਹੈ ਕਿ ਦੁਰਘਟਨਾ ਦਾ ਉਸ ਨੇ ਇਕ ਵੀ ਚਿੱਤਰ ਨਾ ਬਣਾਇਆ। ਇਸ ਪ੍ਰਕਾਰ ਇਕੱਲ ਅਤੇ ਵਿਗੋਚੇ ਤੋਂ ਪੈਦਾ ਹੋਏ ਖਲਾਅ ਨੂੰ ਭਰਨ ਲਈ ਚਿੱਤਰਕਾਰੀ ਉਸਦੀ ਇਕੋ ਇਕ ਢੋਈ ਬਣ ਗਈ। ਪਰੋਖ ਅਤੇ ਅਪਰੋਖ ਰੂਪ ਵਿਚ ਉਸਦੀ ਦੇਹ ਇਸ ਲਈ ਕੈਨਵਸ ਹੋ ਨਿਬੜੀ, ਇਸ ਦੀਆਂ ਪਰਤਾਂ ਤਾਂ ਬਦਲਦੀਆਂ ਰਹੀਆਂ, ਪਰ ਇਸ ਦੇ ਮੂਲ ਵਿਚ ਕੋਈ ਅੰਤਰ ਨਾ ਆਇਆ।

ਅੰਮ੍ਰਿਤਾ ਲਈ ਚਿੱਤਰਕਾਰੀ ਦਾ ਢੋਈ ਬਣਨਾ ਹੋਰ ਤਰ੍ਹਾਂ ਦੇ ਕਾਰਨਾ ਕਰਕੇ ਸੀ। ਉਹ ਨੌਂ ਕੁ ਸਾਲ ਦੀ ਸੀ, ਜਦੋਂ ਪੜ੍ਹਨ ਲਈ ਉਸਨੂੰ ਇਕ ਈਸਾਈ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਇਸ ਤਰ੍ਹਾਂ ਹੋਣਾ ਸੁਭਾਵਕ ਹੀ ਸੀ, ਕਿਉਂਕਿ ਅੰਗਰੇਜ਼ੀ ਰਾਜ ਦੇ ਆਉਣ ਨਾਲ ਤਾਲੀਮ ਦਾ ਜੋ ਨਵਾਂ ਪ੍ਰਬੰਧ ਚਾਲੂ ਹੋਇਆ, ਉਸ ਵਿਚ ਈਸਾਈ ਸਕੂਲ ਸਭ ਤੋਂ ਕੁਸ਼ਲ ਸਨ। ਵੈਸੇ ਹੰਗਰੀ ਵਿਚ ਮਾਂ ਨੇ ਪਿਤਾ ਦੀ ਮੂਕ ਸਹਿਮਤੀ ਨਾਲ ਦੋਨਾਂ ਬੇਟੀਆਂ ਨੂੰ ਈਸਾਈ ਮਤ ਦਾ ਅੰਗ ਬਣਾ ਲਿਆ ਸੀ ਅਤੇ ਅੰਮ੍ਰਿਤਾ ਦਾ ਨਵਾਂ ਨਾ ਦਾਲਮਾ ਰੱਖ ਦਿੱਤਾ ਗਿਆ ਸੀ। ਪਰ ਇਸ ਸਕੂਲ ਦਾ ਵਾਤਾਵਰਣ ਉਸਨੂੰ ਬਿਲਕੁਲ ਰਾਸ ਨਾ ਆਇਆ, ਪ੍ਰੇਅਰ-ਮੀਟਿੰਗ ਤੋਂ ਉਸਨੂੰ ਖਾਸ ਤੌਰ 'ਤੇ ਅਲਕਤ ਸੀ। ਇਹ ਸਭ ਕੁਝ ਉਸਨੇ ਇਕ ਖ਼ਤ ਵਿਚ ਬਿਆਨ ਕਰ ਦਿੱਤਾ, ਜੋ ਸਕੂਲ ਦੀ ਮੁਖੀ ਦੇ ਹੱਥ ਲੱਗ ਗਿਆ ਅਤੇ ਉਸ ਨੂੰ ਸਕੂਲ ਵਿਚੋਂ ਖਾਰਿਜ ਕਰ ਦਿੱਤਾ ਗਿਆ।

ਇਸ ਉਪਰੰਤ ਘਰ ਵਿਚ ਹੀ ਉਸਦੀ ਤਾਲੀਮ ਦਾ ਪ੍ਰਬੰਧ ਹੋ ਗਿਆ, ਜਿਸ ਵਿਚ ਚਿੱਤਰਕਾਰੀ ਅਤੇ ਸੰਗੀਤ ਵਿਚ ਸਿੱਖਿਆ ਨੂੰ ਮੁੱਖ ਸਥਾਨ ਪ੍ਰਾਪਤ ਸੀ। ਸੰਗੀਤ ਵਿਚ ਖਾਸ ਤੌਰ 'ਤੇ ਬੀਥੋਵਨ ਦੀਆਂ ਧੁਨਾਂ ਵਜਾਉਣਾ, ਉਸਨੂੰ ਬਹੁਤ ਪਸੰਦ ਸੀ। ਪਰ ਉਸਦੇ ਖ਼ੂਨ ਵਿਚ ਸੱਚ ਦਾ ਖਲਲ ਰੰਗਾਂ ਅਤੇ ਲਕੀਰਾਂ ਨੇ ਹੀ ਪੈਦਾ ਕੀਤਾ। ਉਸ ਦੀ ਇਸ ਦੀਵਾਨਗੀ ਨੂੰ ਭਾਂਪ ਕੇ ਅੰਮ੍ਰਿਤਾ ਨੂੰ ਪੈਰਿਸ ਵਿਚ ਚਿੱਤਰਕਾਰੀ ਦੀ ਸਿੱਖਿਆ ਖਾਤਰ ਦਾਖਲਾ ਦਿਵਾ ਦਿੱਤਾ ਗਿਆ, ਜਿਥੋਂ ਪੰਜ ਸਾਲ ਮਗਰੋਂ ਮੌਲਿਕ ਚਿੱਤਰਕਾਰ ਬਣ ਜਾਣ ਦਾ ਸੁਪਨਾ ਲੈ ਕੇ ਉਹ ਭਾਰਤ ਵਾਪਸ ਆ ਗਈ। ਇਸ ਪ੍ਰਕਾਰ ਚਿੱਤਰਕਾਰੀ ਉਸ ਲਈ ਇਕੱਲ ਜਾਂ ਵਿਗੋਚੇ ਤੋਂ ਪੈਦਾ ਹੋਏ ਖਲਾਅ ਨੂੰ ਭਰਨ ਦੀ ਢੋਈ ਨਹੀਂ ਸੀ। ਇਹ ਸੀ ਭਾਰਤ ਵਿਚ ਨਵੀਨ ਕਲਾ ਨੂੰ ਸਾਕਾਰ ਕਰਨ ਦੇ ਇਕਰਾਰ ਦੀ ਪੂਰਤੀ, ਜਿਸ ਖਾਤਰ ਲੋਕਾਂ ਦੇ ਜੀਵਨ ਚਿੱਤਰਣ ਨੂੰ ਉਹ ਵਿਸ਼ੇਸ਼ ਤੌਰ 'ਤੇ ਅਰਪਿਤ ਹੋ ਗਈ।

ਇਸਦਾ ਕੈਨਵਸ ਬਣ ਗਿਆ ਲੋਕਾਂ ਦਾ ਪਥਰਾਇਆ ਜੀਵਨ, ਇਸ ਵਿਚੋਂ ਪੁੰਗਰਦੇ ਸਰੋਕਾਰ, ਉਹਨਾਂ ਅੱਗੇ ਦਰਪੇਸ਼ ਦੁਸ਼ਵਾਰੀਆਂ ਅਤੇ ਉਹਨਾਂ ਤੋਂ ਪਾਰ ਜਾਣ ਦਾ ਸੁਪਨਾ, ਜਿਨ੍ਹਾਂ ਦੇ ਚਿੱਤਰਣ ਖਾਤਰ ਉਹ ਭਿੰਨ੍ਹ ਸ਼ਬਿਤੀਆਂ, ਸਬੰਧਾਂ, ਅਨੁਭਵਾਂ ਅਤੇ ਭਾਵਾਂ ਮਨੋਭਾਵਾਂ ਨੂੰ ਕੈਨਵਸ 'ਤੇ ਢਾਲਦੀ ਚਲੀ ਗਈ। ਇਸ ਤਰ੍ਹਾਂ ਦੀ ਚਿੱਤਰਕਾਰੀ ਦੇ ਨਾਲ ਸੰਵਾਦ ਰਚਾਉਂਦੇ, ਉਸ ਦੇ ਸਵੈ-ਚਿੱਤਰ ਅਤੇ ਨਗਨ-ਚਿੱਤਰ ਹਨ, ਜਿਨ੍ਹਾਂ ਵਿਚ ਵਿਅਕਤੀਆਂ ਤੋਂ ਲੈ ਕੇ ਸੱਭਿਅਤਾਵਾਂ ਤੱਕ ਦੇ ਅੰਤਰਾਂ, ਟਕਰਾਵਾਂ, ਮੇਲਾਂ ਸੁਮੇਲਾਂ ਨੂੰ ਸਮਝਣ ਸਮਝਾਉਣ ਦਾ ਭਰਪੂਰ ਪ੍ਰਯਾਸ ਸ਼ਾਮਲ ਸੀ।

ਫਰੀਦਾ ਦੀ ਚਿੱਤਰਕਾਰੀ ਲਈ ਦੇਹ ਨੂੰ ਕੈਨਵਸ ਵਿਚ ਤਬਦੀਲ ਕਰਨ ਦਾ ਕਰਤੱਵ ਉਸਦੀ ਸ਼ਾਦੀ ਨੇ ਨਿਭਾਇਆ। ਉਸਦੀ ਸ਼ਾਦੀ ਡੀਗੋ ਰਾਵੇਰਾ ਨਾਲ ਹੋਈ, ਜਿਸ ਦੀ ਕੰਧ-ਚਿੱਤਰਕਾਰ ਵਜੋਂ ਬੜੀ ਮਾਨਤਾ ਬਣੀ ਹੋਈ ਸੀ। ਜਿਵੇਂ ਵੱਡ-ਆਕਾਰੀ ਚਿੱਤਰ ਬਣਾਉਣ ਵਿਚ ਉਸਨੂੰ ਕਮਾਲ ਹਾਸਲ ਸੀ, ਉਸੇ ਤਰ੍ਹਾਂ ਦਾ ਉਸਦਾ ਹਾਥੀ ਵਰਗਾ ਸਰੀਰ ਸੀ, ਜਿਸ ਵਲ ਕਾਮਮੱਤੀਆਂ ਔਰਤਾਂ ਸੁਤੇ ਸਿੱਧ ਹੀ ਖਿੱਚੀਆਂ ਜਾਂਦੀਆਂ ਸਨ।

ਜਦੋਂ ਦੁਬਲੀ, ਪਤਲੀ, ਪੋਲੀਓ ਮਾਰੀ ਲੱਤ ਵਾਲੀ ਅਤੇ ਕਈ ਪੱਖਾਂ ਤੋਂ ਅਪਾਹਜ ਪਰ ਮਨ ਦੀ ਬਹੁਤ ਸਪੱਸ਼ਟ, ਸਾਫ ਦਿਲ ਅਤੇ ਸੰਵੇਦਨਸ਼ੀਲ ਫਰੀਦਾ ਦੀ ਉਸ ਨਾਲ ਸ਼ਾਦੀ ਹੋਈ ਤਾਂ ਲੱਗਾ ਜਿਵੇਂ ਘੁੱਗੀ ਦਾ ਹਾਥੀ ਨਾਲ ਸੰਜੋਗ ਜੁੜ ਗਿਆ ਹੋਵੇ। ਜਿਨ੍ਹਾਂ ਔਰਤਾਂ ਨਾਲ ਰਵੇਰਾ ਦਾ ਪਹਿਲਾਂ ਤੋਂ ਸਬੰਧ ਚੱਲਿਆ ਆ ਰਿਹਾ ਸੀ, ਉਹਨਾਂ ਫਰੀਦਾ ਦੀ ਹੇਠੀ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਰਵੇਰਾ ਨੇ ਉਹਨਾਂ ਨਾਲ ਪਹਿਲਾਂ ਦੀ ਤਰ੍ਹਾਂ ਕਾਮ-ਸਬੰਧ ਬਣਾਈ ਰੱਖੇ। ਹੋਰਾਂ ਨਾਲ-ਕਾਮ-ਸਬੰਧ ਬਣਾਉਣ ਵਿਚ ਵੀ ਉਸਨੇ ਕੋਈ ਢਿੱਲ ਨਾ ਦਿਖਾਈ। ਇਹਨਾਂ ਵਿਚ ਫਰੀਦਾ ਦੀ ਆਪਣੀ ਛੋਟੀ ਭੈਣ ਵੀ ਸ਼ਾਮਲ ਸੀ, ਜਿਸ ਬਾਰੇ ਜਾਣ ਕੇ ਉਹ ਇਕ ਵਾਰ ਤਾਂ ਬੁਖਲਾ ਉੱਠੀ।

ਫਰੀਦਾ ਦੀ ਕਿਸੇ ਰੁਸਵਾਈ ਦਾ ਰਵੇਰਾ ਲਈ ਕੋਈ ਅਰਥ ਨਹੀਂ ਸੀ। ਰੁਸਵਾਈ ਵੀ ਇਕ ਤਰ੍ਹਾਂ ਦੀ ਨਹੀਂ ਸੀ। ਪਹਿਲੀ ਗੱਲ ਤਾਂ ਇਹ ਸੀ ਕਿ ਰਵੇਰਾ ਕੋਲ ਉਸ ਖਾਤਰ ਕੋਈ ਵਿਹਲਾ ਵਕਤ ਹੀ ਨਹੀਂ ਸੀ। ਜਦੋਂ ਅਮਰੀਕਾ ਵਿਚ ਉਸਨੂੰ ਚਿੱਤਰਕਾਰੀ ਕਰਨ ਦੇ ਵੱਡੇ ਵੱਡੇ ਠੇਕੇ ਮਿਲੇ ਤਾਂ ਫਰੀਦਾ ਵੀ ਉਸਦੇ ਨਾਲ ਗਈ, ਪਰ ਉਸ ਡਾਲਰਾਂ ਦੇ ਦੇਸ਼ ਵਿਚ ਉਸਨੂੰ ਵਕਤ ਗੁਜ਼ਾਰਨਾ ਬੜਾ ਮੁਹਾਲ ਲੱਗਾ। ਦੂਜੇ ਉਹ ਗਰਭਵਤੀ ਸੀ ਅਤੇ ਬੱਚਾ ਪੈਦਾ ਕਰਨ ਦੀ ਬਹੁਤ ਇਛੁੱਕ ਸੀ। ਪਰ ਸਰੀਰਕ ਦਸ਼ਾ ਉਸਦੀ ਐਨੀ ਖਰਾਬ ਸੀ ਕਿ ਗਰਭਪਾਤ ਜ਼ਰੂਰੀ ਹੋ ਗਿਆ। ਇਸ ਤਰ੍ਹਾਂ ਦਾ ਗਰਭਪਾਤ ਫਰੀਦਾ ਨੂੰ ਤਿੰਨ ਚਾਰ ਵਾਰ ਕਰਵਾਉਣਾ ਪਿਆ।

(ਬਾਕੀ ਅਗਲੇ ਅੰਕ 'ਚ)



ਫਰੀਦਾ ਕੱਹਲੋਂ ਵਲੋਂ ਬਣਾਇਆ ਗਿਆ ਇਕ ਚਿੱਤਰ

# ਕਹਾਣੀ

# ਗਾਈਡ

ਸਾਂਵਲ ਧਾਮੀ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

'ਇਸ ਪੱਥਰਾਂ ਦੇ ਸ਼ਹਿਰ 'ਚ ਵੀ ਕੁਝ ਦਰਿਆ-ਦਿਲ ਲੋਕ ਵੱਸਦੇ ਨੇ।'

ਇਹ ਸੋਚਦਿਆਂ ਮੇਰਾ ਦਿਲ ਆਪਣੇ ਗਾਈਡ ਲਈ ਸਤਿਕਾਰ ਤੇ ਸ਼ਰਧਾ ਨਾਲ ਭਰ ਜਾਂਦਾ। ਅਜਿਹੇ ਪਲਾਂ 'ਚ ਮੈਂ ਉਸ ਕੁੜੀ ਦੇ ਬਾਰੇ ਜ਼ਰੂਰ ਸੋਚਦਾ, ਜੋ ਮੈਨੂੰ ਆਪਣਾ 'ਗਾਈਡ' ਆਖਦੀ ਤੇ ਸਮਝਦੀ ਸੀ।

'ਮੈਂ 'ਗਾਈਡ' ਅਖਵਾਉਣ ਦੇ ਕਾਬਲ ਨਹੀਂ। ਗਾਈਡ ਤਾਂ ਸੱਚਾ-ਸੁੱਚਾ, ਇਨਟੈਲੀਜੈਂਟ ਤੇ ਸਹੀ ਰਾਹ ਪਾਉਣ ਵਾਲਾ ਹੋਣਾ ਚਾਹੀਦਾ। ਬਿਲਕੁਲ ਮੇਰੇ ਗਾਈਡ ਵਰਗਾ। ਪਰ ਮੈਂ ਤਾਂ ਓਸ ਕੁੜੀ ਨੂੰ ਭੋਗਣ ਬਾਰੇ ਸੋਚਦਾ ਰਿਹਾ ਹਾਂ।'

ਪ੍ਰੋਫੈਸਰ ਦੀ ਸ਼ਖ਼ਸੀਅਤ ਨੇ ਮੇਰੀ ਸੋਚ ਬਦਲਣੀ ਸ਼ੁਰੂ ਕਰ ਦਿੱਤੀ ਸੀ। ਹੁਣ ਜਦੋਂ ਚੀਨਾ ਦਾ ਫੋਨ ਆਉਂਦਾ ਤਾਂ ਉਸ ਨਾਲ ਹਰ ਗੱਲ ਆਪਣੀਆਂ ਖ਼ਾਹਸ਼ਾਂ ਨੂੰ ਕਾਬੂ 'ਚ ਰੱਖ ਕੇ ਕਰਦਾ ਸਾਂ। ਇਕ ਦਿਨ ਉਹ ਆਪਣੇ ਨਵੇਂ ਇਸ਼ਕ ਦੀ ਕਹਾਣੀ ਪਾ ਬੈਠੀ ਸੀ।

''ਸਰ ਜੀ, ਤੁਸੀਂ ਵੀ ਸੋਚਦੇ ਤਾਂ ਹੋਣੇ ਆਂ ਕਿ ਪਤਾ ਨਹੀਂ ਮੈਂ ਗੰਦੀ ਕੁੜੀ ਆਂ। ਕੋਈ ਨਾ ਕੋਈ ਪੰਗਾ ਈ ਪਾਈ ਰੱਖਦੀ ਆਂ।''

''ਨਹੀਂ-ਨਹੀਂ, ਮੈਂ ਇਸ ਤਰ੍ਹਾਂ ਕਦੇ ਨਹੀਂ ਸੋਚਿਆ।'' ਮੈਂ ਠਰੰਮੇ ਨਾਲ ਜਵਾਬ ਦਿੱਤਾ ਸੀ।

''ਸਰ ਜੀ ਐਤਕੀਂ ਮੈਂ ਸੋਚ-ਸਮਝ ਕੇ ਪਿਆਰ ਕੀਤਾ। ਕੋਈ ਜਾਤ ਦਾ ਪੰਗਾ ਵੀ ਨਹੀਂ ਪੈਣਾ। ਉਹ ਆਪਣੀ ਬਰਾਦਰੀ ਦਾ ਏ। ਪਰ!'' ਉਹ ਅਚਾਨਕ ਸਿਸਕੀਆਂ ਭਰਨ ਲੱਗ ਪਈ ਸੀ।

''ਆਪਣੀ ਬਰਾਦਰੀ!'' ਮੈਂ ਓਸ ਪਲ ਪ੍ਰੋ. ਚਾਹਲ ਬਾਰੇ ਸੋਚਿਆ ਸੀ।

''ਸਰ ਜੀ ਉਦ੍ਹੇ ਵਲੋਂ ਕੋਈ ਰਿਸਪੌਂਸ ਨਹੀਂ ਮਿਲਿਆ।''

ਗੱਲ ਇਉਂ ਵਾਪਰੀ ਸੀ ਕਿ ਰੋਪੜ ਦੇ ਕਿਸੇ ਪਿੰਡ ਤੋਂ ਇਨ੍ਹਾਂ ਦਾ ਕੋਈ ਦੂਰ ਦਾ ਰਿਸ਼ਤੇਦਾਰ ਮੁੰਡਾ ਜਲੰਧਰ ਕਿਸੇ ਡਾਕਟਰ ਕੋਲੋਂ ਮੈਡੀਕਲ ਚੈਕ-ਅੱਪ ਕਰਵਾਉਣ ਆਇਆ ਸੀ। ਰਿਪੋਰਟਾਂ ਦੀ ਉਡੀਕ 'ਚ ਉਹ ਇਕ ਰਾਤ ਇਨ੍ਹਾਂ ਦੇ ਘਰ ਠਹਿਰ ਗਿਆ। ਰਾਤ ਨੂੰ ਉਹ ਬੁਖਾਰ 'ਚ ਹੂੰਗਣ ਲੱਗਾ। ਚੀਨਾ ਦਾ ਬਾਪ ਤੇ ਇਕੋ-ਇਕ ਵੱਡਾ ਭਰਾ ਡੁੱਬਈ ਗਏ ਹੋਏ ਸਨ। ਇਹ ਕੁੜੀ ਤੇ ਇਸ ਦੀ ਮਾਂ ਸਾਰੀ ਰਾਤ ਮੁੰਡੇ ਦੇ ਸਿਰ 'ਤੇ ਠੰਡੀਆਂ ਪੱਟੀਆਂ ਕਰਦੀਆਂ ਰਹੀਆਂ। ਮੁੰਡੇ ਦਾ ਬੁਖਾਰ ਉਤਰਨ ਤੱਕ ਚੀਨਾ ਨੂੰ ਉਸ ਨਾਲ ਪਿਆਰ ਹੋ ਚੁੱਕਾ ਸੀ। ਸਵੇਰ ਨੂੰ ਜਦੋਂ ਉਹ ਬਰੇਕ-ਫਾਸਟ ਕਰਕੇ ਤੁਰਨ ਲੱਗਾ ਤਾਂ ਚੀਨਾ ਨੇ ਰੋਂਦਿਆਂ ਕਿਹਾ, ''ਆਪਣੀ ਸਿਹਤ ਦਾ ਖ਼ਿਆਲ ਰੱਖਿਓ। ਔਂਦੇ-ਜਾਂਦੇ ਰਹਿਣਾ। ਮੈਨੂੰ ਤੁਸੀਂ ਬਹੁਤ ਚੰਗੇ ਲੱਗੇ।''

ਉਸ ਦਿਨ ਚੀਨਾ ਉਸ ਮੁੰਡੇ ਨੂੰ ਵਾਰ-ਵਾਰ ਫੋਨ ਕਰਦੀ ਰਹੀ ਸੀ। ਪੂਰੇ ਫਿਕਰ ਨਾਲ ਰਿਪੋਰਟਾਂ ਬਾਰੇ ਪੁੱਛਦੀ ਰਹੀ ਸੀ। ਬਿਮਾਰ ਮੁੰਡੇ ਨੇ ਅੱਕ ਕੇ ਫੋਨ ਬੰਦ ਕਰ ਦਿੱਤਾ ਸੀ।

''ਸਰ ਜੀ ਤੁਸੀਂ ਮੇਰੇ ਗਾਈਡ ਹੋ। ਕੋਈ ਢੰਗ ਦੱਸੋ। ਇਦ੍ਹੋਂ ਚੰਗਾ ਮੁੰਡਾ ਨਹੀਂ ਮਿਲਣਾ, ਮੈਨੂੰ ਉਮਰ ਭਰ। ਸ਼ਰੀਫ ਵੀ ਆ ਤੇ ਸੋਹਣਾ ਵੀ। ਮੈਂ ਸਾਰੀ ਉਮਰ ਰੱਜ ਕੇ ਸੇਵਾ ਕਰੂੰਗੀ। ਤੁਹਾਡੇ 'ਤੇ ਈ ਆਸਾਂ ਨੇ ਹੁਣ, ਤੁਸੀਂ ਚਾਹੋ ਤਾਂ ਸਭ ਕੁਸ਼ ਹੋ ਸਕਦਾ। ਬੱਸ ਮੈਂ ਤੜਫਦੀ ਪਈ ਆਂ ਉਹਦੇ ਲਈ। ਬਹੁਤ ਚਾਹੁੰਦੀ ਆਂ ਮੈਂ ਉਹਨੂੰ।'' ਉਹ ਹਮੇਸ਼ਾ ਦੀ ਤਰ੍ਹਾਂ ਤਰਲੇ ਜਿਹੇ ਲੈਂਦੀ ਲਗਾਤਾਰ ਬੋਲੀ ਗਈ ਸੀ।

''ਤੇਰੇ ਚਾਹੁਣ ਨਾਲ ਈ ਥੋੜੋ ਸਭ ਕੁਸ਼ ਹੋਈ ਜਾਣਾ। ਹੋ ਸਕਦਾ ਉਹਦੀ ਪਹਿਲਾਂ ਈ ਕੋਈ ਗਰਲ-ਫਰੈਂਡ ਹੋਵੇ।'' ਇਹ ਸੁਣ ਕੇ ਉਹ ਕੁਝ ਦੇਰ ਚੁੱਪ ਰਹੀ। ਫਿਰ ਉਦਾਸ ਆਵਾਜ਼ 'ਚ ਬੋਲੀ, ''ਆਹੋ ਸਰ ਜੀ ਇਹ ਤਾਂ ਮੈਂ ਸੋਚਿਆ ਈ ਨਹੀਂ।''

ਫੋਨ 'ਚੋਂ ਉਹਦੇ ਸਿਸਕਣ ਦੀ ਆਵਾਜ਼ ਫਿਰ ਤੋਂ ਆਉਣ ਲੱਗ ਪਈ ਸੀ। ਮੈਂ ਕਈ ਦੇਰ ਉਸਦੇ ਬੋਲਾਂ ਦੀ ਉਡੀਕ ਕਰਦਾ ਰਿਹਾ।

''ਇਹ ਵੀ ਤਾਂ ਹੋ ਸਕਦੈ ਉਹ ਚੁੜੇਲ ਇਹਨੂੰ ਛੱਡ ਦਏ। ਮੈਂ ਸਾਰੀ ਉਮਰ ਇੰਤਜ਼ਾਰ ਕਰੂੰਗੀ ਸਰ ਜੀ। ਪਹਿਲੀ ਵਾਰ ਮੈਨੂੰ ਧੁਰ ਦਿਲੋਂ ਪਿਆਰ ਹੋਇਆ। ਮੈਂ ਮੌਤ ਤੱਕ ਉਹਦੀ ਉਡੀਕ ਕਰਦੀ ਰਹੂੰਗੀ।''...ਤੇ ਉਹ ਭੁੱਬਾਂ ਮਾਰ ਕੇ ਰੋਣ ਲੱਗ ਪਈ ਸੀ।

''ਬਹੁਤ ਕੁਝ ਸਾਨੂੰ ਵਕਤ 'ਤੇ ਛੱਡ ਦੇਣਾ ਚਾਹੀਦਾ ਚੀਨਾ। ਉਹ ਮੁੰਡਾ ਸ਼ਾਇਦ ਤੈਨੂੰ ਹਮੇਸ਼ਾ ਲਈ ਮਿਲ ਜਾਏ, ਸ਼ਾਇਦ ਉਹ ਤੈਨੂੰ ਮੁੜ ਇਕ ਵਾਰ ਵਿਖਾਈ ਵੀ ਨਾ ਦੇਵੇ।'' ਮੈਂ ਉਸ ਨੂੰ ਕਈ ਦੇਰ ਸਮਝਾਉਂਦਾ ਰਿਹਾ ਸਾਂ।

---

ਇਨ੍ਹਾਂ ਹੀ ਦਿਨਾਂ 'ਚ ਮਣੀ ਦਾ ਬੀ.ਏ. ਫਾਈਨਲ ਦਾ ਰਿਜ਼ਲਟ ਆ ਗਿਆ ਸੀ। ਉਹ ਯੂਨੀਵਰਸਿਟੀ ਪੜ੍ਹਨਾ ਚਾਹੁੰਦੀ ਸੀ। ਦਰਅਸਲ ਉਸਨੂੰ ਖਿੱਚ ਤਾਂ ਮੇਰੀ ਸੀ। ਇਹ ਫੈਸਲਾ ਤਾਂ ਉਸਨੇ ਪਿਛਲੇ ਸਾਲ ਮੈਥੋਂ ਵਿਛੜਨ ਲੱਗਿਆਂ ਹੀ ਲੈ ਲਿਆ ਸੀ।

''ਮੈਂ ਵੀ ਤੁਹਾਡੇ ਕੋਲ ਪਹੁੰਚੀ ਸਮਝੋ। ਤੁਸੀਂ ਮੇਰੇ ਸੁਪਨਿਆਂ ਵਾਲੇ ਸ਼ਖ਼ਸ ਹੋ। ਉਥੇ ਅਸੀਂ ਰੱਜ ਕੇ ਮਿਲਿਆ ਕਰਾਂਗੇ। ਪੂਰਾ ਇੰਜੁਆਏ ਕਰਾਂਗੇ।''

ਮੈਂ ਉਸਨੂੰ ਐਡਮਿਸ਼ਨ ਫਾਰਮ ਭੇਜ ਦਿੱਤਾ ਸੀ। ਉਸਨੂੰ ਪੰਜਾਬੀ ਦੀ ਐਮ.ਏ. ਲਈ ਸੌਖਿਆਂ ਦਾਖਲਾ ਮਿਲ ਗਿਆ। ਅਸੀਂ ਦਿਨ 'ਚ ਕਈ-ਕਈ ਵਾਰ ਮਿਲਦੇ। ਉਹ ਬਹੁਤ ਖੁਸ਼ ਸੀ ਕਿ ਉਸਨੂੰ ਮੇਰੇ ਕੋਲ ਰੱਜ ਕੇ ਬੈਠਣ ਤੇ ਗੱਲਾਂ ਕਰਨ ਦਾ ਮੌਕਾ ਮਿਲ ਗਿਆ ਏ। ਗੱਲਾਂ-ਗੱਲਾਂ 'ਚ ਚੀਨਾ ਦਾ ਜ਼ਿਕਰ ਵੀ ਆ ਜਾਂਦਾ ਸੀ। ਮਣੀ ਫਿਕਰਮੰਦ ਹੋ ਕੇ ਆਖਦੀ, ''ਬੜੀ ਨਟਖਟ ਏ ਉਹ। ਕੋਈ ਹੱਸ ਕੇ ਬੁਲਾ ਲਏ ਬਸ ਉਦ੍ਹੇ 'ਤੇ ਮਰ ਮਿਟਦੀ ਏ।''

ਫਿਰ ਉਹ ਗੱਲ ਦਾ ਰੁੱਖ ਬਦਲਦੀ ਹੋਈ ਸ਼ਰਧਾ ਜਿਹੀ 'ਚ ਸਿਰ ਮਾਰਦੀ ਕਹਿੰਦੀ, ''ਪਿਆਰ ਤਾਂ ਸਾਧਨਾ ਏ। ਬੰਦਾ ਬੱਸ ਇਕ 'ਤੇ ਟਿਕਿਆ ਰਹੇ। ਉਹ ਮਿਲੇ ਜਾਂ ਨਾ ਮਿਲੇ।''

ਮੈਨੂੰ ਬਹੁਤ ਕੁੜੀਆਂ ਨੇ ਚਾਹਿਆ ਸੀ। ਮੇਰੇ ਪਿੱਛੇ ਝੱਲੀਆਂ ਹੋਈਆਂ ਕੁੜੀਆਂ ਦਾ ਇਕ ਲੰਬਾ ਕਾਫਲਾ ਸੀ। ਮੇਰੇ ਵਲੋਂ ਹੁੰਗਾਰਾ ਨਾ ਮਿਲਣ 'ਤੇ ਸਭ ਆਪੋ-ਆਪਣੀਆਂ ਜ਼ਿੰਦਗਾਨੀਆਂ 'ਚ ਰੁੱਝ ਗਈਆਂ ਸਨ, ਪਰ ਇਕ ਕੁੜੀ ਮੇਰੇ ਪਿੱਛੇ-ਪਿੱਛੇ ਤੁਰਦੀ ਰਹੀ ਸੀ, ਆਪਣੀ ਧੁੰਨ 'ਚ ਚੁੱਪ-ਚਾਪ, ਮੈਨੂੰ ਹਮੇਸ਼ਾ ਲਈ ਪਾਉਣ ਦਾ ਸੁਪਨਾ ਅੱਖਾਂ 'ਚ ਵਸਾਈ। ਕਿਸੇ ਹੱਦ ਤੱਕ ਉਸਨੇ ਮੈਨੂੰ ਪਾ ਵੀ ਲਿਆ ਸੀ ਤੇ ਮੇਰੀ ਪੈੜ ਨੱਪਦੀ ਉਹ ਚੰਡੀਗੜ੍ਹ ਤੱਕ ਪਹੁੰਚ ਗਈ ਸੀ।

ਚੰਡੀਗੜ੍ਹ ਆ ਕੇ ਦੋ ਕੁ ਮਹੀਨਿਆਂ 'ਚ ਹੀ ਮਣੀ ਦੀ ਡਰੈੱਸ, ਬੋਲ-ਚਾਲ ਤੇ ਹਾਵ-ਭਾਵ ਬਦਲ ਗਏ। ਉਹ ਜੀਨਸ ਟੀ-ਸ਼ਰਟ ਪਹਿਨਣ ਲੱਗ ਪਈ ਸੀ। ਹੁਣ ਉਸਦੀ ਚੁੱਪ ਰਹਿਣ ਦੀ ਆਦਤ ਨਹੀਂ ਸੀ ਰਹੀ। ਉਸਦੀਆਂ ਗੱਲਾਂ 'ਚ ਇਕ ਵਿਸ਼ਵਾਸ ਤੇ ਵਰਤਾਓ 'ਚ ਇਕ ਮੜ੍ਹਕ ਜਿਹੀ ਆ ਗਈ ਸੀ। ਉਹ ਹੋਰ ਖੂਬਸੂਰਤ ਤੇ ਨਖਰੇਲੋ ਜਿਹੀ ਲੱਗਣ ਲੱਗ ਪਈ ਸੀ। ਅੰਦਰੋਂ-ਅੰਦਰੀਂ ਮੈਨੂੰ ਇਕ ਧੁੜਕੂ ਜਿਹਾ ਲੱਗਾ ਰਹਿੰਦਾ ਸੀ ਕਿ ਕਿਧਰੇ ਕੋਈ ਮੁੰਡਾ ਉਸਨੂੰ ਭਰਮਾ ਨਾ ਲਏ। ਇਸੀ ਡਰ ਕਾਰਨ ਮੈਂ ਉਸ ਨੂੰ ਹਫਤੇ 'ਚ ਇਕ ਵਾਰ ਕਿਧਰੇ ਘੁੰਮਾਉਣ ਲੈ ਜਾਂਦਾ ਸਾਂ।

ਮਣੀ ਤੇ ਲਾਇਬ੍ਰੇਰੀ, ਦੋਹਾਂ ਤੋਂ ਮੁਕਤ ਹੋ ਕੇ ਮੈਂ ਕਦੇ-ਕਦੇ ਗਾਈਡ ਦੇ ਘਰ ਚਲਾ ਜਾਂਦਾ ਸਾਂ। ਇਕ ਦਿਨ ਪ੍ਰੋਫੈਸਰ ਚਾਹਲ ਮੇਰੇ ਪਿਛੋਕੜ ਤੇ ਘਰ-ਬਾਰ ਬਾਰੇ ਪੁੱਛਣ ਲੱਗ ਪਿਆ ਸੀ, ''ਜ਼ਮੀਨ ਕਿੰਨੀ ਕੁ ਏ। ਨਾਲੇ ਕਿੰਨੇ ਭਾਈ ਆ ਤੁਸੀਂ?''

''ਪੰਜਾਹ ਕੁ ਕਿੱਲੇ ਆ ਜੀ। ਮੇਰਾ ਇੱਕੋ ਭਰਾ ਆ ਜੀ



ਤੇ ਉਹ ਕੈਨੇਡਾ ਸੈਟਲਡ ਆ।''

ਪ੍ਰੋਫੈਸਰ ਖੁਸ਼ ਹੋ ਗਿਆ ਤੇ ਮੈਨੂੰ ਅਪਣੱਤ ਨਾਲ ਘੂਰਦਿਆਂ ਬੋਲਿਆ, ''ਤੇਰਾ ਰਿਸ਼ਤਾ ਤੇ ਨਹੀਂ ਨਾ ਹੋਇਆ ਹਾਲੇ?''

''ਨਹੀਂ ਜੀ।''

''ਚੱਕਰ ਤੇ ਨਈਂ ਕੋਈ ਕਿਤੇ?''

''ਨਈਂ ਜੀ।''

''ਵਿਆਹ ਫੌਰਨ 'ਚ ਕਰਵੌਣਾ ਕਿ ਇਥੇ?''

''ਹਾਲੇ ਤਾਂ ਪੜ੍ਹਨ ਬਾਰੇ ਸੋਚਿਆ। ਜੇ ਚੰਗੀ ਨੌਕਰੀ ਮਿਲ ਗਈ ਤਾਂ ਇੰਡੀਆ ਵੀ ਠੀਕ ਆ।'' ਮੈਂ ਠਰੰਮੇ ਨਾਲ ਉੱਤਰ ਦਿੱਤਾ।

''ਚੰਗੀ ਨੌਕਰੀ ਤੂੰ ਕਿਹਨੂੰ ਸਮਝਦੈਂ?''

''ਕੋਈ ਟੀਚਿੰਗ ਜਾਬ। ਕਾਲਜ ਲੈਕਚਰਾਰ ਦੀ, ਸਰ ਜੀ।''

ਮੇਰੀ ਏਸ ਗੱਲ 'ਤੇ ਪ੍ਰੋਫੈਸਰ ਸਾਹਿਬ ਖਿੜਖਿੜਾ ਕੇ ਹੱਸ ਪਏ ਸੀ।

''ਬੱਸ! ਤੂੰ ਫਿਕਰ ਕੀ ਕਰਦੈਂ? ਰਿਸਰਚ ਮੁਕਾ ਲੈ ਹੰਭਲਾ ਮਾਰ ਕੇ। ਪਰ ਇਕ ਸ਼ਰਤ ਏ ਕਿ ਰਿਸ਼ਤਾ ਤੇਰਾ ਮੈਂ ਕਰਵੌਣਾ। ਮੈਨੂੰ ਪੁੱਛੇ ਬਗੈਰ ਹਾਂ ਨਾ ਕਰ ਦਈਂ। ਆਫਟਰ ਆਲ ਮੈਂ ਤੇਰਾ ਗਾਈਡ ਆਂ, ਤੇਰੀ ਜ਼ਿੰਦਗੀ 'ਤੇ ਮੇਰਾ ਵੀ ਕੁਝ ਹੱਕ ਬਣਦੈ। ਨਹੀਂ...?''

ਇਹ ਆਖ ਉਹ ਮੈਨੂੰ ਪਿਆਰ ਭਰੀ ਟੇਢੀ ਨਜ਼ਰ ਨਾਲ ਘੂਰਨ ਲੱਗ ਪਿਆ ਸੀ।

''ਬਿਲਕੁਲ ਸਰ ਜੀ।'' ਮੈਂ ਸ਼ਰਧਾ ਭਾਵ ਨਾਲ ਹੁੰਗਾਰਾ ਭਰਿਆ ਸੀ।

ਇਕ ਦਿਨ ਮਣੀ ਨੇ ਮੈਨੂੰ ਦੱਸਿਆ, ''ਚੀਨਾ ਦੀ ਬੜੇ ਚੰਗੇ ਘਰ ਰਿਸ਼ਤੇ ਦੀ ਗੱਲ ਚੱਲ ਰਹੀ ਏ। ਮੁੰਡੇ ਤੇ ਉਸ ਦੇ ਪਿਓ ਦਾ ਡੁੱਬਈ 'ਚ ਕਾਰੋਬਾਰ ਏ। ਇਕ ਛੋਟਾ ਭਰਾ ਕਾਲਜ 'ਚ ਪੜ੍ਹਦਾ ਏ। ਮੁੰਡਾ ਬੜਾ ਸਾਊ ਤੇ ਸੋਹਣਾ ਏ, ਪਰ ਇਹ ਸੁਦੈਣ ਮੰਨਦੀ ਹੀ ਨਹੀਂ। ਤੁਹਾਡੇ ਸਮਝਾਇਆਂ ਸ਼ੈਦ ਸਮਝ ਹੀ ਜਾਏ।''

ਚੀਨਾ ਦਾ ਫੋਨ ਆਇਆ ਤਾਂ ਉਹ ਬਹੁਤ ਉਲਝੀ ਹੋਈ ਸੀ- ''ਸਰ ਜੀ, ਇਕ ਅਨਜਾਣ ਆਦਮੀ ਨਾਲ ਮੈਂ ਕਿੱਦਾਂ ਵਿਆਹ ਕਰਵਾ ਲਵਾਂ। ਜ੍ਹਿਦੇ ਨਾਲ ਮੈਨੂੰ ਪਿਆਰ ਈ ਨਹੀਂ, ਜ੍ਹਿਦੀਆਂ ਆਦਤਾਂ ਦਾ ਮੈਨੂੰ ਪਤਾ ਨਹੀਂ, ਮੈਂ ਉਹਦੇ ਨਾਲ ਜ਼ਿੰਦਗੀ ਕਿਵੇਂ ਗੁਜ਼ਾਰ ਸਕਦੀ ਹਾਂ?''

''ਜਿਨ੍ਹਾਂ ਨਾਲ ਤੂੰ ਪਿਆਰ ਕੀਤਾ, ਕੀ ਉਨ੍ਹਾਂ ਬਾਰੇ ਕੁਝ ਜਾਣ ਲਿਆ ਸੀ?'' ਮੇਰੇ ਸਵਾਲ ਨੇ ਉਸਨੂੰ ਨਿਰ-ਉਤਰ ਕਰ ਦਿੱਤਾ ਸੀ।

''ਦੇਖ, ਅਸੀਂ ਕਦੇ ਵੀ ਕਿਸੇ ਬਾਰੇ ਸਭ ਕੁਝ ਨਈਂ ਜਾਣ ਸਕਦੇ। ਪਲ-ਪਲ ਬਦਲਦੀ ਜ਼ਿੰਦਗੀ ਤੇ ਦੁਨੀਆਂ 'ਚ ਇਹ ਕਿਸੇ ਨੂੰ ਪੂਰੀ ਤਰ੍ਹਾਂ 'ਸਮਝਣ' ਵਾਲੀ ਗੱਲ ਤਾਂ ਇਕ ਭਰਮ ਏ, ਇਕ ਖ਼ੂਬਸੂਰਤ ਭਰਮ।'' ਉਹ ਮੇਰੀਆਂ ਗੱਲਾਂ ਚੁੱਪ-ਚਾਪ ਸੁਣਦੀ ਰਹੀ ਸੀ।

''ਸਰ ਜੀ ਸਿਰਫ ਤੁਹਾਡੇ ਕਹੇ ਮੈਂ ਮੰਨ ਜਾਂਦੀ ਆਂ, ਪਰ ਜੇ ਉਹ ਮੇਰੇ ਪਸੰਦ ਨਾ ਆਇਆ?'' ਉਸਨੇ ਠਰੰਮੇ ਨਾਲ ਪੁੱਛਿਆ ਸੀ।

''ਫਿਰ ਤੂੰ ਨਾਂਹ ਕਰ ਦਈਂ। ਨਾਂਹ ਤੇਰਾ ਹੱਕ ਏ।''

''ਸਰ ਜੀ ਤੁਸੀਂ ਤਾਂ ਮੈਨੂੰ ਹਰ ਵਾਰ ਮਨਾ ਲੈਂਦੇ ਹੋ।'' ਇਹ ਆਖ ਉਹ ਹੱਸ ਪਈ ਸੀ।

---

ਜਿਸ ਦਿਨ ਮੁੰਡਾ ਤੇ ਉਸ ਦਾ ਪਰਿਵਾਰ ਉਸਨੂੰ ਵੇਖਣ ਆਏ, ਚੀਨਾ ਨੇ ਉਸੇ ਸ਼ਾਮ ਮੈਨੂੰ ਫੋਨ ਕੀਤਾ ਸੀ। ਖੁਸ਼ੀ ਉਸ ਤੋਂ ਸੰਭਾਲੀ ਨਹੀਂ ਸੀ ਜਾ ਰਹੀ- ''ਸਰ ਜੀ ਥੈਂਕਸ, ਉਹ ਏਡੇ ਚੰਗੇ! ਹਾਏ ਏਡੇ ਸੋਹਣੇ!! ਮੈਂ ਤਾਂ ਕੁਸ਼ ਵੀ ਨਈਂ ਉਨ੍ਹਾਂ ਦੇ ਸਾਹਮਣੇ। ਕਿਤੇ ਏਨਾ ਹੌਲੀ ਬੋਲਦੇ। ਮੈਥੋਂ ਕੁਸ਼ ਨਈਂ ਪੁੱਛਿਆ। ਮੈਂ ਤਾਂ ਬ੍ਹੌਤ ਡਰਦੀ ਸੀ ਸਰ ਜੀ। ਨਾਲ ਇਕ ਗੱਲ ਹੋਰ ਸਰ ਜੀ ਮੇਰੀ ਸੱਸ ਨਈਂ ਹੈਗੀ। ਕਿਤੇ ਸਹੁਰੇ ਦੀ ਪਰਸਨੈਲਿਟੀ! ਉਨ੍ਹਾਂ ਦੇ ਵੱਡੇ ਭਰਾ ਈ ਲੱਗਦੇ ਆ। ਸਰ ਜੀ ਉਹ ਨੈਕਸਟ ਸੰਡੇ ਦਾ ਵਿਆਹ ਮੰਗਦੇ ਨੇ। ਸਰ ਜੀ ਮੈਨੂੰ ਮੇਰੀ ਮੰਜ਼ਿਲ ਮਿਲ ਗਈ ਆ ਬੱਸ। ਇਹ ਸਭ ਕੁਝ ਤੁਹਾਡੇ ਕਰਕੇ ਹੋਇਆ, ਤੁਸੀਂ ਨਾ ਗਾਈਡ ਕਰਦੇ ਤਾਂ ਮੈਂ ਓਸ ਬਿਮਾਰੀਆਂ ਦੇ ਖਾਧੇ ਬਾਂਦਰ ਜਿਹੇ ਦੇ ਪੱਲੇ ਪੈ ਜਾਣਾ ਸੀ। ਤੁਸੀਂ ਤਾਂ ਮੇਰੇ ਰੱਬ ਹੋ ਸਰ ਜੀ।''

ਬਾਅਦ 'ਚ ਮਣੀ ਨੇ ਦੱਸਿਆ ਸੀ ਕਿ ਉਹ ਲਾਵਾਂ ਤੋਂ ਪਹਿਲਾਂ ਬਹੁਤ ਡਿਸਟਰਬ ਹੋ ਗਈ ਸੀ।...ਤੇ ਵਾਰ-ਵਾਰ ਮਣੀ ਨੂੰ ਕਹਿ ਰਹੀ ਸੀ 'ਸਰ ਜੀ ਨੂੰ ਫੋਨ ਕਰਕੇ ਪੁੱਛ ਕਿਤੇ ਮੈਂ ਕੁਸ਼ ਗਲਤ ਤੇ ਨਈਂ ਕਰ ਰਹੀ।' ਪਰ ਲਾਵਾਂ ਤੋਂ ਬਾਅਦ ਉਹ ਬਹੁਤ ਖੁਸ਼ ਸੀ।

ਚੀਨਾ ਦੇ ਵਿਆਹ ਦੇ ਦਿਨ ਤੱਕ ਮੈਨੂੰ ਇਸ ਗੱਲ ਦਾ ਮਾਣ ਤੇ ਖੁਸ਼ੀ ਸੀ ਕਿ ਮੇਰੀ ਗਾਈਡੈਂਸ ਨਾਲ ਕਿਸੇ ਦੀ ਧੀ ਦਾ ਘਰ ਵੱਸਣ ਜਾ ਰਿਹਾ ਸੀ। ਪਰ ਵਿਆਹ ਦੇ ਬਾਅਦ ਮੈਂ ਨਿਰਾਸ਼ਾ ਨਾਲ ਭਰ ਗਿਆ ਸਾਂ। ਇਕ ਖੂਬਸੂਰਤ ਜਿਸਮ ਨੂੰ ਮਾਨਣ ਦਾ ਸੁਨਹਿਰੀ ਮੌਕਾ ਮੈਂ ਗੁਆ ਚੁੱਕਾ ਹਾਂ।' ਇਹ ਖ਼ਿਆਲ ਕਰਦਿਆਂ ਦਿਲ ਨੂੰ ਹੌਲ ਪੈਂਦੇ ਸਨ।

ਹੁਣ ਮੈਂ ਤੇ ਮਣੀ ਅਕਸਰ ਚੀਨਾ ਦੀਆਂ ਗੱਲਾਂ ਕਰਦੇ ਰਹਿੰਦੇ ਸਾਂ। ਮਣੀ ਦੱਸਦੀ ਕਿ ਉਹ ਆਪਣੇ ਘਰ ਬੜੀ ਖੁਸ਼ ਏ। ਪਤੀ ਨੇ ਮਹੀਨੇ ਕੁ ਬਾਅਦ ਡੁੱਬਈ ਚਲਾ ਜਾਣਾ ਏ। ਫਿਰ ਪਤਾ ਲੱਗਿਆ ਕਿ ਉਹ ਪਰੈਗਨੈਂਟ ਏ ਤੇ ਉਸ ਦਾ ਪਤੀ ਤੇ ਸਹੁਰਾ ਡੁੱਬਈ ਮੁੜ ਗਏ ਨੇ।

ਮਣੀ ਇਕ ਦਿਨ ਕਹਿਣ ਲੱਗੀ, ''ਅਸੀਂ ਐਤਵਾਰ ਲਾਇਬ੍ਰੇਰੀ ਨਹੀਂ ਆਇਆ ਕਰਨਾ।''

''ਕਿਉਂ?''

''ਬਸ ਘੁੰਮਿਆ ਕਰਨਾਂ। ਕਿਸੇ ਚੰਗੇ ਜਿਹੇ ਰੈਸਟੋਰੈਂਟ 'ਚ ਡਿਨਰ ਕਰਕੇ ਹੀ ਹੋਸਟਲ ਮੁੜਿਆ ਕਰਨਾ। ਬੋਲੋ ਮਨਜ਼ੂਰ?'' ਉਸਨੇ ਤਿੱਖੀ ਨਜ਼ਰ ਮੇਰੀਆਂ ਅੱਖਾਂ 'ਚ ਗੱਡ ਦਿੱਤੀ ਸੀ।

''ਸਾਲ ਹੋ ਚੱਲਿਆ ਮੈਨੂੰ ਇਥੇ ਆਇਆਂ, ਪਰ ਹਾਲੇ ਤੱਕ ਸਨੈਪਸਿਸ ਨਈਂ ਤਿਆਰ ਹੋਏ। ਜੇ ਘੁੰਮਣ ਦੇ ਚੱਕਰਾਂ 'ਚ ਪੈ ਗਏ ਤਾਂ ਗਏ।'' ਮੈਂ ਇਹ ਸੋਚ ਕੇ ਹੌਲੀ ਜਿਹੀ ਬੋਲਿਆ ਸਾਂ, ''ਚੱਲ ਸੰਡੇ ਆਇਆ ਤਾਂ ਦੇਖ ਲਾਂਗੇ।'' ਮੇਰਾ ਜਵਾਬ ਸੁਣ ਕੇ ਉਹ ਥੋੜਾ ਉਦਾਸ ਹੋ ਗਈ ਸੀ।

ਦਰਅਸਲ ਮਣੀ ਦੀ ਚਾਲ-ਢਾਲ 'ਚ ਇਕ ਤਬਦੀਲੀ ਸਾਫ਼ ਨਜ਼ਰ ਆਉਣ ਲੱਗ ਪਈ ਸੀ। ਐਮ. ਫਿਲ ਕਰ ਰਹੇ ਇਕ ਮਾਡਲ-ਨੁਮਾ ਮੁੰਡੇ ਨਾਲ ਮੈਂ ਉਸ ਨੂੰ ਅਕਸਰ ਗੱਲਾਂ 'ਚ ਰੁੱਝੀ ਵੇਖਦਾ ਸਾਂ।

''ਬਹੁਤ ਡੂੰਘੀ ਸੋਚ ਏ ਜੋਤ ਦੀ। ਕਵਿਤਾ ਵੀ ਕਮਾਲ ਦੀ ਲਿਖਦੈ। ਨਾਈਸ ਵੀ ਬਹੁਤ ਆ।'' ਉਹ ਹੁਣ ਮੇਰੇ ਮੂਹਰੇ ਵੀ ਉਸਦੀਆਂ ਤਾਰੀਫਾਂ ਕਰਨ ਲੱਗ ਪਈ ਸੀ।

ਦਰਅਸਲ ਛੋਟੇ ਜਿਹੇ ਸ਼ਹਿਰ ਦਾ ਉਹ ਨਿੱਕਾ ਜਿਹਾ ਦਾਇਰਾ, ਜਿਸ ਵਿਚ ਮੈਂ ਮਣੀ ਲਈ ਇਕ ਆਦਰਸ਼ਕ ਤੇ ਸੰਪੂਰਨ ਇਨਸਾਨ ਸਾਂ, ਉਹ ਉਲੰਘ ਆਈ ਸੀ। ਨਵੀਂ ਥਾਂ ਸਾਰੇ ਈ ਪਹੁੰਚੇ ਹੋਏ 'ਪੀਰ' ਸਨ। ਮੇਰੇ ਨਾਲੋਂ ਵੀ ਡੂੰਘੀਆਂ ਤੇ ਦਾਰਸ਼ਨਿਕ ਗੱਲਾਂ ਕਰਨ ਵਾਲੇ। ਮੈਂ ਮਣੀ ਦੀਆਂ ਨਜ਼ਰਾਂ ਵਿਚ ਛੋਟਾ ਹੋ ਗਿਆ ਸਾਂ ਤੇ ਨਿਰੰਤਰ ਹੋਰ ਛੋਟਾ ਹੁੰਦਾ ਜਾ ਰਿਹਾ ਸਾਂ। ਮੁਹੱਬਤ ਦੇ ਖੁੱਸ ਜਾਣ ਨਾਲੋਂ ਮੈਨੂੰ ਹੋਂਦ ਦੇ ਖੁਰ ਜਾਣ ਦਾ ਫਿਕਰ ਵਧੇਰੇ ਸੀ।

ਕਦੇ-ਕਦੇ ਤਾਂ ਮਣੀ ਨੂੰ ਯੂਨੀਵਰਸਿਟੀ ਸੱਦਣਾ ਮੈਨੂੰ ਆਪਣੀ ਬੇਵਕੂਫੀ ਵੀ ਲੱਗਦੀ ਸੀ। ਉਹ ਘੜਾ ਮੈਂ ਆਪ ਤੋੜਿਆ ਸੀ, ਜਿਸ ਘੜੇ 'ਚ ਮੇਰੀ ਮਛਲੀ ਕੈਦ ਸੀ। ਇਹ ਪਛਤਾਵਾ ਪ੍ਰਛਾਵੇਂ ਵਾਂਗ ਮੇਰੇ ਨਾਲ-ਨਾਲ ਤੁਰਨ ਲੱਗ ਪਿਆ ਸੀ।

ਆਪਣੇ-ਆਪ ਨੂੰ ਪੂਰੀ ਤਰ੍ਹਾਂ ਰਿਸਰਚ 'ਚ ਡੁਬੋ ਕੇ ਹੀ ਸ਼ਾਇਦ ਇਸ ਦਿਲ-ਵਿੰਨ੍ਹਵੇਂ ਪਛਤਾਵੇ ਤੋਂ ਬਚਿਆ ਜਾ ਸਕਦਾ ਸੀ। ਪਰ ਕੀ ਕਰਦਾ? ਗਾਈਡ ਜੀ ਦਿਨ-ਬ-ਦਿਨ ਰਿਸਰਚ ਦੇ ਮੁਕਾਬਲੇ ਮੇਰੀ ਨਿੱਜੀ ਜ਼ਿੰਦਗੀ 'ਚ ਜ਼ਿਆਦਾ ਦਿਲਚਸਪੀ ਲੈਣ ਲੱਗ ਪਿਆ ਸੀ। ਇਕ ਦਿਨ ਕਹਿਣ ਲੱਗੇ, ''ਤੂੰ ਕਦੇ ਆਪਣੇ ਫਾਦਰ ਸਾਹਬ ਨਾਲ ਤਾਂ ਮਿਲਾਈਂ। ਬਥੇਰਾ ਵੱਡਾ ਘਰ ਆ ਆਪਣਾ। ਸੱਦ ਲੈ। ਨਾਲੇ ਚੰਡੀਗੜ੍ਹ ਵੇਖ ਲੈਣਗੇ। ਜਿੰਨੇ ਦਿਨ ਚਾਹੁਣ ਇੱਥੇ ਰਹਿਣ।''

ਇਕ ਸ਼ਾਮ ਮੈਨੂੰ ਘਰ ਆਪਣੀ ਧੀ ਕੋਲ ਛੱਡ ਕੇ ਬਾਜ਼ਾਰ ਚਲੇ ਗਏ।

''ਸਵੀ ਨਾਲ ਗੱਲਾਂ-ਗੁੱਲਾਂ ਕਰ ਅਸੀਂ ਦੋ ਕੁ ਘੰਟਿਆਂ 'ਚ ਆਏ।''

ਸਵੀ ਐਨੀ ਧੀਮੀ ਆਵਾਜ਼ 'ਚ ਬੋਲਦੀ ਸੀ ਕਿ ਸੁਣਨਾ ਮੁਸ਼ਕਲ ਹੋ ਜਾਂਦਾ।

ਮੈਂ ਉਸਦੀ ਪੜ੍ਹਾਈ ਬਾਰੇ ਪੁੱਛਿਆ ਤਾਂ ਉਸਦਾ ਬੱਗਾ ਚਿਹਰਾ ਹੋਰ ਉਦਾਸ ਹੋ ਗਿਆ ਸੀ। ਕੌੜਾ ਜਿਹਾ ਘੁੱਟ ਭਰਦਿਆਂ ਉਹ ਮਸਾਂ ਸੁਣੀਂਦੀ ਆਵਾਜ਼ 'ਚ ਬੋਲੀ ਸੀ, ''ਕੈਸੀ ਪੜ੍ਹਾਈ?''

ਮੈਨੂੰ ਇਉਂ ਮਹਿਸੂਸ ਹੋਇਆ ਸੀ ਜਿਉਂ ਮੈਂ ਕੋਈ ਗਲਤ ਸਵਾਲ ਕਰ ਬੈਠਾ ਹੋਵਾਂ।

''ਮੇਰੀ ਮੌਮ ਮੈਥੋਂ ਬਾਅਦ ਕਿਸੇ ਬੱਚੇ ਨੂੰ ਜਨਮ ਨਹੀਂ ਦੇ ਸਕੇ। ਪਾਪਾ ਨੂੰ ਇਸ ਗੱਲ ਦਾ ਹਮੇਸ਼ਾ ਦੁੱਖ ਰਿਹਾ। ਉਹ ਜ਼ਮੀਨ ਦਾ ਵਾਰਿਸ ਚਾਹੁੰਦੇ ਸੀ। ਮੌਮ ਤਕੜੇ ਸਰਦਾਰਾਂ ਦੀ ਧੀ ਏ। ਉਹ ਤਲਾਕ ਲਈ ਨਹੀਂ ਮੰਨੇ। ਅੱਜ ਤੱਕ ਪਾਪਾ ਮੌਮ ਨੂੰ ਮਿਹਣੇ ਮਾਰਦੇ ਨੇ। ਰੋਜ਼ ਕਲੇਸ਼ ਹੁੰਦਾ।'' ਇਹ ਆਖ ਉਹ ਨੀਵੀਂ ਪਾ ਕੇ ਕੁਝ ਦੇਰ ਚੁੱਪ ਰਹੀ। ਮੈਂ ਵੀ ਖਾਮੋਸ਼ ਰਹਿਣਾ ਹੀ ਮੁਨਾਸਿਬ ਸਮਝਿਆ ਸੀ।

''ਮੈਂ ਪਾਪਾ ਦਾ ਪਿਆਰ ਨਹੀਂ ਪਾ ਸਕੀ ਤੇ ਸਕੂਲ ਦੇ ਟਾਈਮ ਤੋਂ ਨਸ਼ੇ ਲੈਣ ਲੱਗ ਪਈ ਸਾਂ। ਪਿਛਲੇ ਸਾਲ ਮੈਨੂੰ ਪੰਜ ਮਹੀਨੇ ਹਾਸਪਿਟਲ ਰਹਿਣਾ ਪਿਆ। ਇਹ ਸਭ ਕੁਸ਼ ਮੈਂ ਇਸ ਕਰਕੇ ਦੱਸ ਰਹੀ ਹਾਂ ਕਿ ਪਾਪਾ ਬਾਰੇ ਤੁਸੀਂ ਕਿਸੇ ਭਰਮ 'ਚ ਨਾ ਰਹੋ। ਮੈਂ...ਮੈਂ ਇਸ ਬੰਦੇ ਨਾਲ ਹੇਟ ਕਰਦੀ ਆਂ...ਜੋ...।'' ਤੇ ਚਾਣਚੱਕ ਉਸਦੀਆਂ ਮੁਰਝਾਈਆਂ ਅੱਖਾਂ 'ਚ ਅੱਥਰੂ ਚਮਕ ਆਏ ਸਨ।

''...ਜੋ ਆਪਣੀ ਔਲਾਦ ਨਾ ਸੰਭਾਲ ਸਕੇ, ਉਹ ਕਿਸੇ ਦਾ ਕੀ ਗਾਈਡ ਬਣ ਸਕਦੈ?'' ਇਹ ਸੁਣ ਕੇ ਮੈਂ ਧੁਰ ਅੰਦਰ ਇਕ ਕੰਬਾਹਟ ਮਹਿਸੂਸ ਕੀਤੀ ਸੀ।

''ਮੈਨੂੰ ਪਤਾ ਕੀ ਕਹਿ ਕੇ ਗਏ ਆ....?'' ਪਲ ਕੁ ਚੁੱਪ ਰਹਿਣ ਪਿੱਛੋਂ ਉਹ ਬੋਲੀ ਸੀ, ''...ਮੁੰਡਾ ਚੰਗਾ ਏ। ਫੈਮਿਲੀ ਬੈਕਗਰਾਊਂਡ ਵੀ ਠੀਕ ਆ। ਅਸੀਂ ਸ਼ਾਪਿੰਗ ਦੇ ਬਹਾਨੇ ਜਾਵਾਂਗੇ, ਤੂੰ ਟੋਹ ਕੇ ਵੇਖੀਂ। ਕਮੀਨਾ ਬੰਦਾ ਏ ਮੇਰਾ ਬਾਪ। ਮੈਨੂੰ ਤਾਂ ਕਈ ਸਾਲ ਹੋ ਗਏ ਇਨ੍ਹਾਂ ਵੱਲ ਵੇਖਦੀ ਨੂੰ। ਕੋਸ਼ਿਸ਼ ਕਰਨਗੇ ਕਿ ਜੱਟਾਂ ਦੇ ਮੁੰਡੇ ਹੀ ਇਨ੍ਹਾਂ ਦੇ ਅੰਡਰ ਰਿਸਰਚ ਕਰਨ। ਉਨ੍ਹਾਂ ਨੂੰ ਪਰਖਣਗੇ, ਘਰ ਬੁਲਾਉਣਗੇ, ਆਨੇ-ਬਹਾਨੇ ਮੇਰੇ ਕੋਲ ਛੱਡ ਕੇ ਜਾਣਗੇ। ਜਦੋਂ ਕੋਈ ਚੁੰਗਲ 'ਚ ਨਹੀਂ ਫਸੇਗਾ ਤਾਂ ਉਸਦਾ ਥੀਸਸ ਤੱਕ ਰੱਦ ਕਰਵਾ ਦੇਣਗੇ।

ਉਸ ਦੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਤੇ ਦੁਖੀ ਹੋਈ ਗਿਆ ਸਾਂ।

''ਜੱਟ ਮਾਨਸਿਕਤਾ ਦੇ ਗੁਲਾਮ ਨੇ ਤੁਹਾਡੇ 'ਗਾਈਡ'। ਹਿਮਾਚਲ ਤੋਂ ਇਕ ਹਿੰਦੂ ਮੁੰਡਾ ਸੀ। ਇਹ ਨਈਂ ਮੰਨੇ। ਜੱਟ!

ਜੱਟ!! ਜੱਟ!!! ਬੱਸ ਇਸੀ ਚੱਕਰ 'ਚ ਮੇਰਾ ਦਿਲ ਤੋੜ ਦਿੱਤਾ।'' ਗੱਲ ਰੋਕ ਕੇ ਸਵੀ ਨੇ ਇਕ ਠੰਢਾ ਹਉਕਾ ਭਰਿਆ ਸੀ।

''ਮੈਂ ਵੀ ਸੋਚ ਰੱਖਿਆ ਕਿ ਵਿਆਹ ਨਈ ਕਰਵੌਣਾ। ਜੇ ਕਰਵਾਇਆ ਵੀ ਤਾਂ ਜੱਟ ਨਾਲ ਨਈਂ ਕਰਵੌਣਾ। ਇਹ ਜਿਹੜਾ ਵੀ ਸ਼ਿਕਾਰ ਕੱਢਦੇ ਨੇ ਮੈਂ ਸਭ ਕੁਝ ਸੱਚ-ਸੱਚ ਦੱਸ ਦਿੰਦੀ ਹਾਂ।'' ਇੱਥੇ ਆ ਕੇ ਉਸਦੀ ਆਵਾਜ਼ ਥੋੜਾ ਉੱਚੀ ਹੋ ਗਈ ਤੇ ਉਹ ਹਲਕਾ ਜਿਹਾ ਮੁਸਕਾਈ ਵੀ ਸੀ।

ਜਿਸਨੂੰ ਮੈਂ ਸੂਕਦਾ ਦਰਿਆ ਸਮਝਦਾ ਰਿਹਾ ਸਾਂ, ਉਹ ਚਮਕਦੀ ਰੇਤ ਤੋਂ ਵਧ ਕੁਝ ਨਹੀਂ ਨਿਕਲਿਆ। ਮੈਂ ਦੁਖੀ ਮਨ ਨਾਲ ਉੱਠ ਖੜ੍ਹਾ ਹੋਇਆ ਸਾਂ।

''ਬੀ ਕਿਅਰਫੁੱਲ!'' ਉਸਨੇ ਆਪਣਾ ਸੁੱਕਾ ਜਿਹਾ ਹੱਥ ਮੇਰੇ ਮੂਹਰੇ ਕਰ ਦਿੱਤਾ ਸੀ। ਹੱਥ ਮਿਲਾ ਮੈਂ ਤੁਰ ਪਿਆ ਸਾਂ। ਉਸਨੇ ਹੱਥ ਦੇ ਇਸ਼ਾਰੇ ਨਾਲ ਮੈਨੂੰ ਰੋਕਿਆ ਤੇ ਹੌਲੀ ਜਿਹੀ ਬੋਲੀ ਸੀ, ''ਤੁਹਾਡੇ ਗਾਈਡ ਨੂੰ ਨਾ ਪਤਾ ਲੱਗੇ ਕਿ ਮੈਂ ਤੁਹਾਨੂੰ...। ਨਹੀਂ ਤਾਂ ਰਿਸਰਚ ਕੀ ਤੁਹਾਡੇ ਸਾਈ ਸਨਾਪਸਿਸ ਵੀ ਫਾਈਨਲਾਈਸ ਨਈਂ ਕਰਨੇ ਓਸ ਸਟੂਪਿਡ ਜੱਟ ਨੇ।''

ਮੈਂ ਥੱਕੇ-ਟੁੱਟੇ ਕਦਮਾਂ ਨਾਲ ਪ੍ਰੋਫੈਸਰ ਦੀ ਮਹਿਲਨੁਮਾ ਕੋਠੀ 'ਚੋਂ ਨਿਕਲ ਕੇ ਮਣੀ ਨੂੰ ਫੋਨ ਕੀਤਾ ਸੀ।

''ਤਿਆਰ ਹੋ ਕੇ ਗੇਟ ਮੂਹਰੇ ਆ ਜਾ।''

''ਕਿਉਂ ਕੀ ਹੋਇਆ?''

''ਸੁਖਨਾ ਝੀਲ 'ਤੇ ਚਲਦੇ ਆਂ।'' ਮੇਰੀ ਇਹ ਗੱਲ ਸੁਣ ਕੇ ਉਹ ਖੁਸ਼ੀ 'ਚ ਚੀਕ ਪਈ ਸੀ।

ਉਸ ਦਿਨ ਤੋਂ ਬਾਅਦ ਮੈਂ ਤੇ ਮਣੀ ਜਦੋਂ ਵੀ ਪੜ੍ਹਾਈ ਤੋਂ ਅੱਕਦੇ, ਘੁੰਮਣ ਤੁਰ ਜਾਂਦੇ ਸਾਂ। ਕਦੇ ਰੋਜ਼ ਗਾਰਡਨ, ਕਦੇ ਰੌਕ ਗਾਰਡਨ, ਕਦੇ ਸੁਖਨਾ ਝੀਲ, ਤੇ ਕਦੇ ਕਿਸੇ ਮਿਊਜ਼ੀਅਮ 'ਚ। ਕਦੇ-ਕਦੇ ਅਸੀਂ ਕਲਾ ਭਵਨ ਕੋਈ ਨਾ ਕੋਈ ਪ੍ਰੋਗਰਾਮ ਵੇਖ ਆਉਂਦੇ। ਕਦੇ ਫਿਲਮ ਵੇਖ ਲੈਂਦੇ। ਮੈਂ ਸ਼ਾਇਦ ਮਨ ਹੀ ਮਨ ਇਹ ਫੈਸਲਾ ਕਰ ਲਿਆ ਸੀ ਕਿ ਮਣੀ ਨੂੰ ਕਿਸੇ ਵੀ ਤਰ੍ਹਾਂ ਆਪਣੇ ਪ੍ਰਭਾਵ ਖੇਤਰ ਤੋਂ ਬਾਹਰ ਨਹੀਂ ਨਿਕਲਣ ਦੇਣਾ। ਇਹ ਮਹਿਸੂਸ ਕਰਕੇ ਮੈਂ ਖੁਸ਼ ਹੋ ਜਾਂਦਾ ਸਾਂ ਕਿ ਮੈਂ ਮਣੀ ਨੂੰ ਫਿਰ ਤੋਂ ਆਪਣੇ ਵਿਚਾਰਾਂ ਦੇ ਦਾਇਰੇ ਵਿਚ ਕੀਲਦਾ ਜਾ ਰਿਹਾ ਹਾਂ।

ਗਾਈਡ ਨੂੰ ਮੈਂ ਡਿਪਾਰਟਮੈਂਟ 'ਚ ਹੀ ਮਿਲਦਾ, ਪਰ ਉਹ ਮੈਨੂੰ ਘਰ ਬੁਲਾਉਂਦਾ ਰਹਿੰਦਾ ਸੀ।

''ਸਵੀ ਯਾਦ ਕਰਦੀ ਸੀ। ਅੱਜ ਤੂੰ ਘਰ ਗੇੜਾ ਮਾਰੀਂ।''

ਮੈਂ ਕੋਈ ਨਾ ਕੋਈ ਬਹਾਨਾ ਲਗਾ ਕੇ ਟਾਲ ਦਿੰਦਾ ਸਾਂ।

ਕਦੇ-ਕਦੇ ਚੀਨਾ ਦਾ ਫੋਨ ਆ ਜਾਂਦਾ।

''ਸਰ ਜੀ ਮੈਂ ਉਨ੍ਹਾਂ ਦੀਆਂ ਮਿੰਨਤਾਂ ਕਰਦੀ ਆਂ ਕਿ ਪੰਦਰਾਂ ਕੁ ਦਿਨਾਂ ਲਈ ਹੀ ਆ ਜਾਓ। ਬੱਸ ਕੰਮ, ਕੰਮ, ਕੰਮ। ਮੇਰੇ ਲਈ ਜ਼ਿੰਦਗੀ ਮੌਤ ਦਾ ਸਵਾਲ ਆ। ਉਨ੍ਹਾਂ ਦੇ ਕੰਨ 'ਤੇ ਜੂੰ ਨਈਂ ਸਰਕਦੀ।''

ਇਸ ਤਰ੍ਹਾਂ ਦੀ ਗੱਲ ਕਰਕੇ ਉਹ ਰੋਣ ਲੱਗ ਪੈਂਦੀ। ਇਕ ਦਿਨ ਕਹਿਣ ਲੱਗੀ, ''ਸਰ ਜੀ ਮੇਰਾ ਦਿਓਰ ਬੜਾ ਚੰਗਾ। ਵਿਚਾਰਾ ਹਰ ਵੇਲੇ ਹਾਜ਼ਰ। ਤੁਸੀਂ ਯਕੀਨ ਨਹੀਂ ਕਰਨਾ ਕਿ ਉਹ ਮੇਰੀਆਂ ਲੱਤਾਂ ਵੀ ਘੁੱਟਦਾ। ਇਕ ਏਹੋ ਈ ਚੰਗਾ ਆ ਏਸ ਪੱਥਰ ਦਿਲ ਫੈਮਿਲੀ 'ਚ। ਇਹ ਨਾ ਹੁੰਦਾ ਤਾਂ ਬੜਾ ਔਖਾ ਹੋ ਜਾਣਾ ਸੀ।''

ਉਸਦੇ ਘਰ ਬੇਟੀ ਨੇ ਜਨਮ ਲਿਆ ਸੀ। ਕੁਝ ਦਿਨ ਉਸਦਾ ਫੋਨ ਨਾ ਆਇਆ। ਇਕ ਦਿਨ ਮੈਂ ਮਣੀ ਨੂੰ ਕਿਹਾ ਕਿ ਉਹ ਮੇਰੀ ਉਸ ਨਾਲ ਗੱਲ ਕਰਾਵੇ।

ਮੈਂ ਉਸਨੂੰ ਮੁਬਾਰਕਬਾਦ ਦਿੱਤੀ ਤਾਂ ਉਹ ਸਿਸਕਣ ਲੱਗ ਪਈ ਸੀ- ''ਸਰ ਜੀ, ਮੈਂ ਮਰਨੋਂ ਬਚੀ ਆਂ। ਵੱਡਾ ਓਪਰੇਸ਼ਨ ਹੋਇਆ। ਮੈਂ ਜ੍ਹਿਦੇ ਨਾਲ ਲਾਵਾਂ ਲਈਆਂ ਸੀ ਉਸਨੇ ਤਾਂ ਮੇਰਾ ਕੋਈ ਫਿਕਰ ਨਹੀਂ ਕੀਤਾ। ਕੀ ਹੁੰਦਾ ਜੇ ਹਫਤੇ ਕੁ ਲਈ ਆ ਜਾਂਦਾ। ਘੱਟ ਕਮਾਈ ਨਾਲ ਕਿਤੇ ਮਰ ਤੇ ਨਈਂ ਸੀ ਚੱਲਾ। ਮੇਰੇ ਤਾਂ ਮਨੋਂ ਉਹ ਹਮੇਸ਼ਾ ਪਈ ਹੀ ਲੱਥ ਗਿਆ। ਖਤਮ ਹੋ ਗਈ ਕਹਾਣੀ।''

ਏਨੀਆਂ ਉੱਚੀਆਂ ਧਾਹਾਂ ਉਸਨੇ ਪਹਿਲਾਂ ਕਦੇ ਨਹੀਂ ਸੀ ਮਾਰੀਆਂ। ''ਸਰ ਜੀ ਮੈਨੂੰ ਕ੍ਹੈਣ ਲੱਗਾ ਕਿ ਮੈਂ ਤਾਂ ਮੁੰਡਿਆਂ ਦੇ ਨਾਮ ਲੱਭੀ ਬੈਠਾ ਸੀ, ਤੂੰ ਤਾਂ ਕੁੜੀ ਜੰਮ ਦਿੱਤੀ। ਮੇਰੇ ਲਈ ਤਾਂ ਉਹ ਮਰ ਗਿਆ ਸਰ ਜੀ।''

ਮਣੀ ਜਦੋਂ ਵੀ ਸ਼ਹਿਰ ਜਾਂਦੀ ਚੀਨਾ ਦੀ ਕੋਈ ਨਾ ਕੋਈ ਨਵੀਂ ਖਬਰ ਲੈ ਕੇ ਆਉਂਦੀ। ਚੀਨਾ ਦਾ ਦਿਓਰ ਐਮ.ਏ. ਦੀ ਪੜ੍ਹਾਈ ਛੱਡ ਕੇ ਉਸਦੀ ਸੇਵਾ 'ਚ ਹਾਜ਼ਰ ਹੋ ਗਿਆ ਸੀ। ਉਹ ਹੁਣ ਹਰ ਗੱਲ 'ਚ ਆਪਣੇ ਦਿਓਰ ਦੀ ਸਿਫਤ ਕਰਦੀ ਸੀ। ਬੇਟੀ ਦੀ ਦਵਾਈ ਦਾ ਬਹਾਨਾ ਕਰਕੇ ਉਹ ਹਰ ਰੋਜ਼ ਦਿਓਰ ਨਾਲ ਸ਼ਹਿਰ ਆਉਂਦੀ ਤੇ ਉਹ ਦੋਨੋਂ ਕਿਸੇ ਰੈਸਟੋਰੈਂਟ 'ਚ ਖਾਣਾ ਖਾ ਕੇ ਘਰ ਮੁੜਦੇ ਸਨ।

''ਕਹਿਣ ਲੱਗੀ ਕਿ ਰੱਬ ਕਰਕੇ ਉਸਦਾ ਪਤੀ ਡੁੱਬਈ ਤੋਂ ਵਾਪਸ ਹੀ ਨਾ ਆਵੇ।'' ਮਣੀ ਦੀ ਇਹ ਗੱਲ ਸੁਣ ਕੇ ਮੈਨੂੰ ਕੋਈ ਹੈਰਾਨੀ ਨਹੀਂ ਸੀ ਹੋਈ।

ਇਕ ਦਿਨ ਚੀਨਾ ਦਾ ਫੋਨ ਆਇਆ ਸੀ- ''ਸਰ ਜੀ ਤੁਹਾਡੇ ਤੋਂ ਕ੍ਹਾਦਾ ਲੁਕੋ। ਮੈਂ ਮਿੰਟੂ ਨੂੰ ਕਿਤੇ ਪਹਿਲਾਂ ਵੇਖਿਆ ਹੁੰਦਾ ਤਾਂ ਉਹਦੇ ਨਾਲ ਵਿਆਹ ਨਹੀਂ ਸੀ ਕਰਵੌਣਾ। ਦੋਹਾਂ 'ਚ ਜ਼ਮੀਨ ਅਸਮਾਨ ਦਾ ਫਰਕ ਏ। ਮੈਂ ਇ੍ਹਦੇ ਘਰ ਵਸਣਾ ਚਾਹੁੰਦੀ ਆਂ, ਕੋਈ ਜੁਗਤ ਲੜਾਓ।'' ਉਸ ਦਿਨ ਉਹ ਹੰਢੀ ਹੋਈ ਤੀਵੀਂ ਵਾਂਗ ਗੱਲਬਾਤ ਕਰ ਰਹੀ ਸੀ।

''ਦੇਖ ਇਮੋਸ਼ਨਲ ਨਾ ਹੋ। ਐਵੇਂ ਤੇਰਾ ਘਰ ਟੁੱਟੂ। ਇਹਨੇ ਆਪ ਭੱਜ ਜਾਣਾ।'' ਮੇਰੀ ਇਹ ਗੱਲ ਸੁਣ ਕੇ ਤਾਂ ਉਹ ਵਿਲ੍ਹਕ ਹੀ ਉੱਠੀ ਸੀ- ''ਸਰ ਜੀ, ਇੰਜ ਤਾਂ ਨਾ ਕਹੋ। ਇਹ ਨਈਂ ਏਦਾਂ ਕਰਨ ਲੱਗਾ। ਖੁਦ ਨਾਲੋਂ ਕਿਤੇ ਵੱਧ ਯਕੀਨ ਆ ਮੈਨੂੰ ਇ੍ਹਦੇ 'ਤੇ। ਮੈਂ ਤਾਂ ਸੁੱਖਦੀ ਆਂ ਕਿ ਉਹਦਾ ਡੁੱਬਈ 'ਚ ਈ ਐਕਸੀਡੈਂਟ ਹੋ ਜਾਏ।''

ਕੁਝ ਸਮੇਂ ਬਾਅਦ ਉਸਦਾ ਪਤੀ ਡੁੱਬਈ ਤੋਂ ਆਇਆ ਸੀ। ਉਸਨੇ ਆਪਣੇ ਛੋਟੇ ਭਰਾ ਦਾ ਵਿਆਹ ਕੀਤਾ। ਉਸਨੂੰ ਸ਼ਹਿਰ 'ਚ ਇਕ ਛੋਟਾ ਜਿਹਾ ਮਕਾਨ ਲੈ ਦਿੱਤਾ। ਹਾਰਡਵੇਅਰ ਦੀ ਦੁਕਾਨ ਵੀ ਪਾ ਦਿੱਤੀ ਤੇ ਕੁਝ ਦਿਨ ਰਹਿ ਕੇ ਪਰਤ ਗਿਆ ਸੀ। ਇਹ ਸਾਰੀਆਂ ਖ਼ਬਰਾਂ ਮੈਨੂੰ ਮਣੀ ਕੋਲੋਂ ਮਿਲਦੀਆਂ ਰਹੀਆਂ ਸਨ। ਮੇਰੇ ਅੰਦਰ ਬਹੁਤ ਜਗਿਆਸਾ ਸੀ ਕਿ ਚੀਨਾ ਇਸ ਸਬੰਧੀ ਕੀ ਕਹੇਗੀ। ''ਸਰ ਜੀ ਤੁਸੀਂ ਸੱਚ ਕਹਿੰਦੇ ਸੀ, ਹਰਾਮਜਾਦਾ ਚੁੱਪ ਕਰਕੇ ਕੁੜੀ ਦੇਖਣ ਤੁਰ ਪਿਆ। ਮੈਂ ਬਥੇਰੀਆਂ ਮਿੰਨਤਾਂ ਕੀਤੀਆਂ, ਪਰ ਟੱਸ ਤੋਂ ਮੱਸ ਨਾ ਹੋਇਆ। ਮੈਂ ਉੱਤੋਂ ਉੱਤੋਂ ਹੱਸਦੀ ਰਹੀ ਤੇ ਵਿਚੋਂ ਵਿਚੋਂ ਸੜਦੀ ਰਹੀ। ਕਾਰ-ਵਿਹਾਰ ਕਰਦਿਆਂ ਦਿਲ ਧਾਹਾਂ ਮਾਰ-ਮਾਰ ਰੋਂਦਾ ਸੀ। ਕੱਖ ਨਾ ਰਹੇ ਕੁੱਤੇ ਦਾ। ਕ੍ਹੋੜੇ ਡੁੱਲ੍ਹ ਗਿਆ। ਨਾ ਮੂੰਹ ਨਾ ਮੱਥਾ। ਸਰ ਜੀ, ਜਿੰਦਾਂ ਇ੍ਹਨੇ ਮੇਰੇ ਕੋਲ਼ੇ ਕੀਤੇ ਆ, ਦੇਖ ਲਿਓ ਇ੍ਹਨੇ ਕੀੜੇ ਪੈ ਕੇ ਮਰਨਾ। ਦਿਲ ਸੁਆਹ ਕਰਤਾ ਮੇਰਾ! ਹੁਣ ਨਈਂ ਕਰਨਾ ਮੈਂ ਕਿਸੇ 'ਤੇ ਯਕੀਨ!''

ਕੁਝ ਦੇਰ ਚੁੱਪ ਰਹਿ ਕੇ ਚੀਨਾ ਫੇਰ ਬੋਲੀ ਸੀ, ''ਸਰ ਜੀ, ਪੂਰੀ ਦੁਨੀਆਂ 'ਚ ਬੱਸ ਇਕ ਤੁਹਾਡੇ 'ਤੇ ਈ ਯਕੀਨ ਰਹਿ ਗਿਆ। ਤੁਸੀਂ ਨਾ ਭੁਲਾ ਦਿਓ ਮੈਨੂੰ।''

ਮੈਂ ਉਸਨੂੰ ਯਕੀਨ ਦੁਆਇਆ ਸੀ ਕਿ ਉਹ ਹੌਸਲਾ ਰੱਖੇ। ਮੈਂ ਉਸ ਨਾਲ ਹਮੇਸ਼ਾ ਜੁੜਿਆ ਰਹਾਂਗਾ।

ਹੁਣ ਉਹ ਰੋਜ਼ਾਨਾ ਫੋਨ ਕਰਨ ਲੱਗ ਪਈ ਸੀ। ਬੱਚੀ ਦੀਆਂ ਕਿਲਕਾਰੀਆਂ ਤੋਂ ਲੈ ਕੇ ਪਤੀ ਨਾਲ ਫੋਨ 'ਤੇ ਹੋਈਆਂ ਤਕਰਾਰਾਂ ਤੱਕ ਮੇਰੇ ਨਾਲ ਹਰ ਗੱਲ ਸਾਂਝੀ ਕਰਦੀ ਸੀ। ਕਦੇ-ਕਦੇ ਮੈਂ ਉਸਦੇ ਲੰਬੇ ਫੋਨਾਂ ਤੋਂ ਅੱਕ ਵੀ ਜਾਂਦਾ ਸੀ। ਮੈਂ ਜਾਣ-ਬੁੱਝ ਕੇ ਮਣੀ ਕੋਲੋਂ ਚੀਨਾ ਦੇ ਫੋਨਾਂ ਦੇ ਵੇਰਵੇ ਲੁਕਾਉਂਦਾ ਨਹੀਂ ਸਾਂ। ਸੋਚਦਾਂ ਸਾਂ ਇਕ ਤਾਂ ਮਣੀ ਮੇਰੀ ਸੱਚਾਈ ਦੀ ਕਾਇਲ ਹੋ ਜਾਏਗੀ ਤੇ ਦੂਜਾ ਇਹ ਕਿ ਉਹ ਮੈਨੂੰ ਗੁਆ ਦੇਣ ਦੇ ਡਰ ਤੋਂ ਮੇਰੇ ਨਾਲ ਜੁੜੀ ਰਹੇਗੀ।

''ਸਰ ਜੀ ਤੁਸੀਂ ਹੁਣ ਵੀ ਪਹਿਲਾਂ ਅਰਗੇ ਈ ਆਂ।'' ਇਕ ਦਿਨ ਚੀਨਾ ਨੇ ਪੁੱਛਿਆ ਸੀ।

''ਕਿੰਦਾਂ ਦੇ?'' ਮੈਂ ਹੱਸ ਕੇ ਸਵਾਲ ਕੀਤਾ ਸੀ।

''ਸਲਿਮ ਤੇ ਸਮਾਰਟ!'' ਉਹ ਬੜੇ ਸਲੀਕੇ ਨਾਲ ਨਰਮ ਜਿਹੀ ਆਵਾਜ਼ 'ਚ ਬੋਲੀ ਸੀ।

ਇਸ ਗੱਲ 'ਤੇ ਮੈਂ ਚੁੱਪ ਰਹਿਣਾ ਹੀ ਬਿਹਤਰ ਸਮਝਿਆ ਸੀ।

''ਸਰ ਜੀ, ਤੁਹਾਨੂੰ ਦੇਖਣ ਨੂੰ ਬੜਾ ਜੀ ਕਰਦਾ। ਮੇਰੇ ਭਾਣੇ ਤਾਂ ਜੁੱਗ ਬੀਤ ਗਏ ਤੁਹਾਨੂੰ ਦੇਖਿਆਂ। ਕਦੇ ਸ਼ਹਿਰ ਆਏ ਤਾਂ ਦੱਸਿਓ। ਰੱਜ ਕੇ ਗੱਲਾਂ ਕਰਾਂਗੇ। ਫੋਨ 'ਤੇ ਉਹ ਸਵਾਦ ਜਿਹਾ ਨਹੀਂ ਔਂਦਾ।''

ਮੈਂ ਉਸ ਨੂੰ ਦੱਸਿਆ ਸੀ ਕਿ ਮੈਂ ਦੋ ਕੁ ਮਹੀਨੇ ਬਹੁਤ ਬਿਜ਼ੀ ਆਂ।

ਇਸ ਤੋਂ ਬਾਅਦ ਉਸਦੇ ਫੋਨ ਘਟਦੇ ਗਏ ਸਨ।

ਮਣੀ ਨੂੰ ਮੈਂ ਹਰ ਸ਼ਾਮ ਲਾਇਬ੍ਰੇਰੀ ਤੋਂ ਹੋਸਟਲ ਤੱਕ ਛੱਡਣ ਜਾਂਦਾ। ਉਸਦੇ ਹੋਸਟਲ ਅੱਗੇ ਖੜ੍ਹ ਕੇ ਅਸੀਂ ਕਈ-ਕਈ ਦੇਰ ਗੱਲਾਂ ਕਰਦੇ ਰਹਿੰਦੇ ਸਾਂ।

''ਰਿੰਮੀ ਰਾਤ ਕਿਸੇ ਹੋਟਲ 'ਚ ਗਈ ਸੀ। ਕਰਮਜੋਤ ਤਾਂ ਕਸੌਲੀ ਤੁਰੀ ਰਹਿੰਦੀ ਆ ਮੇਰੀ ਰੂਮ-ਮੇਟ, ਨਿਧੀ ਇਕ ਹਫਤਾ ਸ਼ਿਮਲੇ ਰਹਿ ਕੇ ਆਈ ਆ, ਉਹ ਲਾਅ ਆਲਾ ਮੁੰਡਾ ਨਈਂ, ਸਮਾਰਟ ਜਿਹਾ, ਜਿਪਸੀ ਆਲਾ, ਉਹਦੇ ਨਾਲ।'' ਜਦ ਮਣੀ ਅਜਿਹੀਆਂ ਗੱਲਾਂ ਕਰਦੀ ਤਾਂ ਮੈਂ ਜਾਣ ਕੇ ਵੀ ਅਨਜਾਣ ਬਣਿਆ ਰਹਿੰਦਾ ਸਾਂ।

ਇਕ ਦਿਨ ਕਹਿਣ ਲੱਗੀ, ''ਮੇਰਾ ਸ਼ਿਮਲਾ ਦੇਖਣ ਨੂੰ ਬਹੁਤ ਜੀ ਕਰਦਾ। ਕਿਤੇ ਚੱਲੀਏ। ਹਫਤਾ ਕੁ ਰਹਿ ਕੇ ਆਉਂਦੇ ਆਂ।'' ਉਸਦੀ ਗੱਲ ਸੁਣ ਕੇ ਮੇਰੇ ਲਹੂ ਦੇ ਗੇੜੇ ਅਚਾਨਕ ਵਧ ਗਏ ਸਨ।

''ਬੱਸ ਮਹੀਨਾ ਕੁ ਠਹਿਰ ਲੈ। ਮੈਨੂੰ ਸਨਾਪਸਿਸ ਵਾਲਾ ਕੰਮ ਨਿਪਟਾ ਲੈਣ ਦੇ। ਜਾਵਾਂਗੇ, ਜ਼ਰੂਰ ਜਾਵਾਂਗੇ...।'' ਇਹ ਕਹਿੰਦਿਆਂ ਮੇਰੀ ਜ਼ੁਬਾਨ ਥਥਲਾ ਗਈ ਸੀ। ਉਹ ਮੇਰੇ ਕੋਲੋਂ ਉੱਠ ਕੇ ਤੁਰ ਗਈ ਸੀ। ਮੈਂ ਉਹਨੂੰ ਦੂਰ ਤੱਕ ਵੇਖਦਾ ਰਿਹਾ ਸਾਂ, ਪਰ ਉਸ ਨੇ ਮੁੜ ਕੇ ਨਹੀਂ ਸੀ ਵੇਖਿਆ।

ਹੁਣ ਉਹ ਜਿਥੇ ਵੀ ਮਿਲਦੀ ਵਿਸ਼ ਕਰਕੇ ਅਗਾਂਹ ਤੁਰ ਜਾਂਦੀ ਸੀ। ਮੈਂ ਉਦਾਸੀ ਨਾਲ ਭਰ ਜਾਂਦਾ ਸਾਂ। ਮੈਂ ਮਣੀ ਦੀ ਇਸ ਬੇਰੁਖੀ ਦੀ ਪੀੜ ਨੂੰ ਘੱਟ ਕਰਨ ਲਈ ਪੜ੍ਹਾਈ 'ਚ ਰੁਝ ਗਿਆ ਸਾਂ।

ਗਾਈਡ ਮੈਨੂੰ ਡਿਪਾਰਟਮੈਂਟ 'ਚ ਕੁਝ ਵੀ ਨਹੀਂ ਸੀ ਦੱਸਦਾ। ਜਦੋਂ ਵੀ ਮਿਲਦਾ ਇਕੋ ਗੱਲ ਕਰਦਾ, ''ਇਸ ਰੌਲੇ-ਰੱਪੇ 'ਚ ਨਿੱਠ ਕੇ ਗੱਲ ਨਹੀਂ ਹੋ ਸਕਦੀ, ਤੂੰ ਐਂ ਕਰੀਂ, ਘਰ ਆਵੀਂ।''

ਆਖਰ ਮਜ਼ਬੂਰ ਹੋ ਕੇ ਮੈਂ ਉਸਦੇ ਘਰ ਦੇ ਚੱਕਰ ਕੱਟਣ ਲੱਗ ਪਿਆ ਸਾਂ। ਮੈਂ ਜਦੋਂ ਵੀ ਰਿਸਰਚ ਸਬੰਧੀ ਕੋਈ ਗੱਲ ਕਰਦਾਂ ਤਾਂ ਉਹ ਹੱਸ ਕੇ ਆਖਦਾ, ''ਤੇਰਾ ਥੀਸਸ ਮੈਂ ਲਿਖ ਦਊਂ। ਨਈਂ ਤਾਂ ਤੀਹ-ਪੈਂਤੀ ਹਜ਼ਾਰ ਰੁਪਈਆ ਈ ਆ, ਬਥੇਰੇ ਬੰਦੇ ਇਹ ਧੰਦਾ ਕਰਦੇ ਆ। ਰੁਪਏ ਵੀ ਮੈਂ ਖਰਚ ਦਊਂ। ਕੋਈ ਹੋਰ ਗੱਲ ਕਰ।''

ਇਕ ਦਿਨ ਪੁੱਛਣ ਲੱਗਾ, ''ਮਣੀ ਨਾਲ ਤੇਰਾ ਅਫੇਅਰ ਆ?''

ਮੈਂ ਨਾਂਹ ਕੀਤੀ ਤਾਂ ਉਹ ਖੁਸ਼ ਹੋ ਗਿਆ ਸੀ। ਕਹਿਣ ਲੱਗਾ, ''ਅੱਜਕੱਲ੍ਹ ਤਾਂ ਉਹ ਉਪਰਲੀਆਂ ਹਵਾਵਾਂ 'ਚ ਉੜਦੀ ਆ। ਉਹ ਜੋਤ ਨਈਂ, ਐਮ.ਫਿਲ. ਵਾਲਾ, ਉਹਦੇ ਨਾਲ।''

ਮੇਰਾ ਮਨ ਤੜਫ ਉੱਠਿਆ ਸੀ। ਮੇਰੇ ਚਿਹਰੇ ਨੂੰ ਘੂਰ ਕੇ ਵੇਖਦਿਆਂ ਗਾਈਡ ਹੱਸ ਪਿਆ ਸੀ।

''ਤੂੰ ਸਵੀ ਨੂੰ ਕਦੇ-ਕਦੇ ਮਿਲ ਜਾਇਆ ਕਰ। ਕੱਲੀ ਆ ਨਾ। ਹੋਰ ਨਹੀਂ ਤਾਂ ਮਨ ਹੋਧਰੇ ਪੈਂਦਾ। ਇਹ ਕੋਠੀ ਦਾ ਸਾਨੂੰ ਤਿੰਨ ਕਰੋੜ ਮਿਲਦਾ। ਜ਼ਮੀਨ ਵੀ ਬਥੇਰੀ ਆ। ਸਭ ਕੁਝ ਸਵੀ ਦਾ ਈ ਆ। ਅਸੀਂ ਚਾਹੁੰਦੇ ਆਂ ਕੋਈ ਸਾਊ ਤੇ ਨਸ਼ੇ-ਰਹਿਤ ਮੁੰਡਾ ਮਿਲ ਜਾਏ। ਤੈਨੂੰ ਕਈ ਵਾਰ ਪਹਿਲਾਂ ਵੀ ਆਖਿਆ....ਤੂੰ ਆਪਣੇ ਪਿਤਾ ਜੀ ਨਾਲ ਤਾਂ ਮਿਲਾ ਕਦੇ।''

''ਹੁਣ ਤਾਂ ਉਹ ਕੈਨੇਡਾ ਚਲੇ ਗਏ ਸੈਰ ਕਰਨ। ਮਹੀਨੇ ਕੁ ਤੱਕ ਆਉਣਗੇ।'' ਮੈਂ ਝੂਠ ਬੋਲ ਕੇ ਸੁੱਖ ਦਾ ਸਾਹ ਲਿਆ।

ਪਰ ਗਾਈਡ ਦੇ ਮੱਥੇ 'ਤੇ ਝੁਰੜੀਆਂ ਉੱਭਰ ਆਈਆਂ ਸਨ।

''ਸਰ ਜੀ, ਪੰਦਰਾਂ ਦਿਨ ਰਹਿ ਗਏ। ਮੇਰੇ ਸਿਨਾਪਸਿਸ ਤਾਂ ਫਾਈਨਲ ਕਰ ਦਿਓ।'' ਇਕ ਦਿਨ ਮੈਂ ਸਿਨਾਪਸਿਸ ਸਬਮਿਸ਼ਨ ਦੀ ਨੇੜੇ ਆ ਰਹੀ ਤਰੀਕ ਦਾ ਫਿਕਰ ਕਰਦਿਆਂ ਤਰਲਾ ਲੈਂਦਿਆਂ ਕਿਹਾ ਸੀ।

''ਇਉਂ ਕਰ ਐਕਸਟੈਂਸ਼ਨ ਲੈ ਲਾ।'' ਗਾਈਡ ਰੁੱਖਾ ਜਿਹਾ ਬੋਲਿਆ ਸੀ।

''ਸਰ ਜੀ ਦੂਜੀ ਵਾਰ ਐਕਸਟੈਂਸ਼ਨ?'' ਮੈਂ ਦੁਖੀ ਮਨ ਨਾਲ ਪੁੱਛਿਆ ਤਾਂ ਉਹ ਫਿੱਕਾ ਜਿਹਾ ਹੱਸਦਿਆਂ ਬੋਲਿਆ ਸੀ, ''ਤੂੰ ਭਾਵੇਂ ਦਸ ਵਾਰ ਲੈ, ਤੇਰਾ ਹੱਕ ਏ।''

ਗਾਈਡ ਦੇ ਬਦਲੇ ਵਿਹਾਰ ਨੇ ਮੈਨੂੰ ਦੁਖੀ ਕਰ ਦਿੱਤਾ ਸੀ। ਮਣੀ ਨੂੰ ਲੈ ਕੇ ਮੈਂ ਪਹਿਲਾਂ ਹੀ ਪੀੜ ਨਾਲ ਭਰ ਚੁੱਕਾ ਸਾਂ। ਮੈਂ ਸਨਾਪਸਿਸ ਦਾਖਲ ਕਰਨ ਲਈ ਸਮਾਂ ਵਧਾਉਣ ਸਬੰਧੀ ਕੋਈ ਅਰਜ਼ੀ ਨਾ ਦਿੱਤੀ। ਕਈ ਵਾਰ ਦਿਲ 'ਚ ਆਉਂਦਾ ਕਿ ਸਭ ਕੁਝ ਛੱਡ-ਛੁਡਾ ਕੇ ਪਿੰਡ ਦੌੜ ਜਾਵਾਂ। ਵੱਡੇ ਭਰਾ ਨੇ ਕਈ ਵਾਰ ਕਿਹਾ ਸੀ ਕਿ ਇੰਡੀਆ 'ਚ ਕੁਝ ਨਹੀਂ ਰੱਖਿਆ। ਕੈਨੇਡਾ 'ਚ ਰਿਸ਼ਤਾ ਕਰਾਉਣ ਲਈ ਵੀ ਜ਼ੋਰ ਪਾਇਆ ਸੀ। ਪਰ ਮੈਂ ਆਪਣੀ ਜ਼ਿੱਦ 'ਤੇ ਅੜਿਆ ਰਿਹਾ ਸਾਂ। ਮੈਨੂੰ ਸਾਹਿਤ ਨਾਲ ਪਿਆਰ ਸੀ। ਮੈਂ ਰਿਸਰਚ ਮੁਕੰਮਲ ਕਰਕੇ ਕਾਲਜ ਲੈਕਚਰਾਰ ਬਣਨ ਦਾ ਸੁਦਾਅ ਪਾਲੀ ਬੈਠਾ ਸਾਂ।

ਇਕ ਪੇਂਡੂ ਕਾਲਜ 'ਚ ਬੀ.ਏ. ਕਰਦਿਆਂ ਮੈਨੂੰ ਸਾਹਿਤ ਪੜ੍ਹਨ ਤੇ ਕਵਿਤਾਵਾਂ ਲਿਖਣ ਦੀ ਚੇਟਕ ਲੱਗ ਗਈ ਸੀ। ਸ਼ਹਿਰ ਦੇ ਕਾਲਜ 'ਚ ਐਮ.ਏ. ਕਰਦਿਆਂ ਮੈਂ ਵਿਦਵਾਨਾਂ ਦੇ ਬਲਿਹਾਰੇ ਜਾਣ ਲੱਗ ਪਿਆ ਸਾਂ। ਪੁਸਤਕਾਂ ਵਿਚ ਪਈਆਂ ਖਾਮੋਸ਼ੀਆਂ ਨੂੰ ਸ਼ਬਦ ਜਾਂ ਜ਼ੁਬਾਨ ਦੇਣ ਵਾਲੇ। ਕਿਤੇ ਵੱਡੇ-ਵੱਡੇ ਨਾਂ ਲੱਗਦੇ ਹੁੰਦੇ ਸੀ, ਇਹ ਮੈਨੂੰ। ਅਪਹੁੰਚ ਮਹਾਨਤਾ ਨਾਲ ਭਰੇ। ਪਰ ਯੂਨੀਵਰਸਿਟੀ ਆ ਕੇ ਪਤਾ ਲੱਗਿਆ ਸੀ ਕਿ ਇਹ ਕੀ ਬਲਾਵਾਂ ਨੇ। ਆਪੋ-ਆਪਣੇ ਖੋਲਾਂ 'ਚ ਕੈਦ। ਕਿੰਨੇ ਬੌਣੇ!!

ਇਨ੍ਹਾਂ ਗ਼ਮਗੀਨ ਦਿਨਾਂ 'ਚ ਮੈਨੂੰ ਉਸ ਚੰਚਲ ਜਿਹੀ ਕੁੜੀ ਦੀ ਆਵਾਜ਼ ਇਉਂ ਜਾਪੀ ਜਿਉਂ ਚਿਰਾਂ ਤੋਂ ਔੜਾਂ ਮਾਰੀ ਧਰਤੀ 'ਤੇ ਅਚਾਨਕ ਮੀਂਹ ਵਰ੍ਹਨ ਲੱਗ ਪਿਆ ਹੋਵੇ। ਉਸ ਦਿਨ ਪਹਿਲੀ ਵਾਰ ਮੇਰਾ ਉਸ ਅੱਗੇ ਰੋਣ ਨੂੰ ਜੀ ਕਰ ਰਿਹਾ ਸੀ। ਮੈਂ ਚਾਹੁੰਦਾ ਸਾਂ ਕਿ ਉਸ ਨੂੰ ਆਪਣਾ ਦਰਦ ਸੁਣਾ ਕੇ ਕਹਾਂ, ''ਮੈਂ ਬਹੁਤ ਟੈਨਸ਼ਨ 'ਚ ਆਂ, ਪਲੀਜ਼ ਮੈਨੂੰ ਗਾਈਡ ਕਰ।''

ਪਰ ਉਸਨੇ ਮੇਰਾ ਹਾਲ-ਚਾਲ ਪੁੱਛਿਆ ਈ ਨਹੀਂ ਸੀ।

''ਸਰ ਜੀ, ਮੈਨੂੰ ਤਾਂ ਦੱਸਦਿਆਂ ਵੀ ਸ਼ਰਮ ਔਂਦੀ ਆ। ਤੁਸੀਂ ਵੀ ਕਹਿਣਾ ਮੈਂ ਪਤਾ ਨਹੀਂ ਕਰੈਕਟਰ ਲੈਸ ਔਰਤ ਆਂ। ਪਰ ਮੈਂ ਕੀ ਕਰਾਂ? ਦੁਨੀਆਂ 'ਚ ਕੋਈ ਤਾਂ ਚਾਹੀਦਾ, ਬੰਦਾ ਜਿਸ ਨਾਲ ਦਿਲ ਦੀ ਗੱਲ ਕਰ ਸਕੇ।''

ਇਸ ਵਾਰ ਉਸਨੂੰ ਇਕ ਘੜੀਸਾਜ਼ ਮੁੰਡੇ ਨਾਲ ਪਿਆਰ ਹੋ ਗਿਆ ਸੀ। ਚੀਨਾ ਉਸਦੀ ਦੁਕਾਨ 'ਤੇ ਘੜੀ ਠੀਕ ਕਰਵਾਉਣ ਗਈ ਸੀ। ਉਹ ਮੁੰਡਾ ਆਪਣੀ ਦੁਕਾਨ ਸੁੰਨੀ ਛੱਡ ਕੇ ਇਸ ਦੇ ਪਿੱਛੇ ਤੁਰ ਪਿਆ ਸੀ। ਇਹ ਪਿੰਡ ਜਾਣ ਵਾਲੀ ਬੱਸ 'ਚ ਬੈਠੀ ਤਾਂ ਉਹ ਨਾਲ ਦੀ ਸੀਟ 'ਤੇ ਬੈਠ ਗਿਆ ਸੀ।

''ਜੇ ਕੋਈ ਪਿੱਛੋਂ ਤੁਹਾਡੀ ਦੁਕਾਨ ਲੁੱਟ ਕੇ ਲੈ ਗਿਆ?'' ਇਸ ਨੇ ਪੁੱਛਿਆ ਤਾਂ ਉਹ ਮੁੰਡਾ ਬੋਲਿਆ ਸੀ, ''ਦੁਕਾਨ ਤਾਂ ਛੋਟੀ ਚੀਜ਼ ਆ ਤੁਸੀਂ ਤਾਂ ਸਾਡਾ ਦਿਲ ਈ ਲੁੱਟ ਲਿਆ।'' ਤੇ ਇਸ ਨੂੰ ਉਸ ਮੁੰਡੇ ਨਾਲ ਪਿਆਰ ਹੋ ਗਿਆ ਸੀ। ਫੋਨ ਆਉਣ-ਜਾਣ ਲੱਗ ਪਏ ਸਨ। ਮੁਲਾਕਾਤਾਂ ਸ਼ੁਰੂ ਹੋ ਗਈਆਂ ਸੀ।

''ਸਰ ਜੀ ਅੱਜ ਤੱਕ ਮੈਂ 'ਨ੍ਹੇਰੇ 'ਚ ਈ ਤੁਰਦੀ ਰਹੀ ਆਂ। ਰਵੀਕਾਂਤ ਮਿਲਿਆ ਤਾਂ ਸਭ ਕੁਝ ਰੋਸ਼ਨ ਹੋ ਗਿਆ। ਇਹ ਪੰਡਤਾਂ ਦਾ ਮੁੰਡਾ ਆਪਣੇ ਬਿਜ਼ਨਸ ਤੋਂ ਵਧ ਮੈਨੂੰ ਪਿਆਰ ਕਰਦਾ। ਜਦੋਂ ਸ਼ਹਿਰ ਜਾਵਾਂ ਦੁਕਾਨ ਬੰਦ ਕਰਕੇ ਮੈਨੂੰ ਮਿਲਣ ਆ ਜਾਂਦਾ।''

''ਇਹ ਸ਼ਹਿਰੀ ਮੁੰਡੇ ਬੜੇ ਚਲਾਕ ਹੁੰਦੇ ਨੇ ਕੁੜੀਏ।'' ਮੈਂ ਹੱਸ ਕੇ ਕਿਹਾ ਸੀ।

''ਸਰ ਜੀ ਤੁਸੀਂ ਠੀਕ ਕਿਹਾ। ਉਹ ਆਪ ਮੰਨਦੇ ਆ। ਪਰ ਜਦੋਂ ਦੀ ਮੈਂ ਉਨ੍ਹਾਂ ਦੀ ਜ਼ਿੰਦਗੀ 'ਚ ਆਈ ਆਂ, ਉਨ੍ਹਾਂ ਨਸ਼ੇ ਕਰਨੇ ਵੀ ਛੱਡ ਦਿੱਤੇ ਤੇ ਗੰਦੀਆਂ ਔਰਤਾਂ ਨੂੰ ਵੀ ਮਿਲਣਾ ਛੱਡ ਦਿੱਤਾ। ਉਨ੍ਹਾਂ ਮੇਰੇ ਲਈ ਬੌਂਤ ਸੈਕਰੀਫਾਈਸ ਕੀਤਾ। ਇਹਨੂੰ ਕਹਿੰਦੇ ਆ ਪਿਆਰ। ਮੈਨੂੰ ਵੀ ਜ਼ਿੰਦਗੀ 'ਚ ਪਹਿਲੀ ਵਾਰ ਪਤਾ ਲੱਗਿਆ ਕਿ ਪਿਆਰ ਕੀ ਹੁੰਦਾ।''

ਮੈਨੂੰ ਉਸਦੀਆਂ ਬੇਤੁਕੀਆਂ ਗੱਲਾਂ 'ਤੇ ਗੁੱਸਾ ਆ ਗਿਆ ਸੀ- ''ਕੁਸ਼ ਨਈਂ ਪਤਾ ਤੈਨੂੰ ਉਹ ਨਾਟਕ ਕਰ ਰਿਹਾ ਤੇਰੇ ਨਾਲ, ਸਾਲਾ ਨੌਟੰਕੀ।''

ਮੇਰੇ ਮੂੰਹੋਂ ਗਾਲ ਸੁਣ ਕੇ ਉਹ ਕੁਝ ਦੇਰ ਚੁੱਪ ਰਹੀ ਸੀ।

''ਸਰ ਜੀ ਤੁਸੀਂ ਤਾਂ ਦਿਲ ਈ ਤੋੜ ਦਿੱਤਾ। ਮੈਂ ਆਪਣਾ ਪਤੀ ਮੰਨਦੀ ਆਂ ਉਨ੍ਹਾਂ ਨੂੰ। ਅਸੀਂ ਵਿਆਹ ਕਰਵਾ ਲਿਆ।''

ਉਸਦੀ ਗੱਲ ਸੁਣ ਕੇ ਤਾਂ ਮੈਂ ਸੁੰਨ ਹੀ ਹੋ ਗਿਆ ਸਾਂ।

''ਵਿਆਹ?'' ਮੈਂ ਹੈਰਾਨੀ ਭਰੇ ਦੁੱਖ ਨਾਲ ਪੁੱਛਿਆ ਸੀ।

''ਹਾਂ ਜੀ ਸਰ ਜੀ। ਇਕ ਦਿਨ ਉਹ ਮੈਨੂੰ ਮੰਦਰ ਲੈ ਗਏ। ਮੇਰੀ ਮਾਂਗ 'ਚ ਸੰਧੂਰ ਭਰ ਕੇ ਕਹਿਣ ਲੱਗੇ- ਅਸੀਂ ਕਾਨੂੰਨੀ ਤੌਰ 'ਤੇ ਤਾਂ ਵਿਆਹ ਨਹੀਂ ਕਰਵਾ ਸਕਦੇ, ਪਰ ਅਸੀਂ ਅੱਜ ਤੋਂ ਪਤੀ-ਪਤਨੀ ਹੋ ਗਏ ਆਂ। ਕੌਣ ਕਰ ਸਕਦਾ ਏਨੀ ਕੁਰਬਾਨੀ। ਮੈਂ ਇਸ ਵਾਰ ਇਨ੍ਹਾਂ ਦੇ ਨਾਂ ਦਾ ਵਰਤ ਰੱਖਿਆ।'' ਉਸ ਨੇ ਸਹਿਜ-ਭਾਵ ਗੱਲ ਪੂਰੀ ਕੀਤੀ ਸੀ।

''ਤੇ ਜਿਸ ਵਿਚਾਰੇ ਨੇ ਚਾਰ ਲਾਵਾਂ ਲਈਆਂ, ਉਹ ਵੀ ਅਸਲੀ, ਉਹਦੇ ਬਾਰੇ ਨਈਂ ਸੋਚਿਆ?'' ਮੈਂ ਵੀ ਸਹਿਜਤਾ ਨਾਲ ਹੀ ਪੁੱਛਿਆ ਸੀ।

''ਮੈਨੂੰ ਉਹਦੇ ਨਾਂ ਤੋਂ ਵੀ ਨਫ਼ਰਤ ਆ।'' ਉਹ ਘਿਰਣਾ ਨਾਲ ਬੋਲੀ।

''ਦੇਖ ਆਪਣਾ ਘਰ ਨਾ ਤੋੜ ਲਈਂ। ਐਵੇਂ ਤਲਾਕ ਦੇ ਚੱਕਰਾਂ 'ਚ ਤੂੰ ਕੁੜੀ ਨੂੰ ਵੀ ਰੋਲ ਦਊਂਗੀ। ਥੋੜਾ ਸੰਭਲ!'' ਮੈਂ ਉਸ ਨੂੰ ਸਮਝਾਇਆ ਸੀ।

''ਸਰ ਜੀ ਮੈਂ ਕੁੜੀ ਛੱਡਣ ਨੂੰ ਵੀ ਤਿਆਰ ਆਂ। ਮੈਂ ਨਹੀਂ ਮੁੜਨਾ। ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਪਿਆਰ ਕੀ ਹੁੰਦਾ।'' ਉਹ ਲੇਲੜੀਆਂ ਜਿਹੀਆਂ ਕੱਢਦੀ ਹੋਈ ਬੋਲੀ ਸੀ।

''ਤੂੰ ਐਂ ਦੱਸ ਕਿ ਤੇਰੇ ਨਾਲ ਇਹ ਪੰਡਤਾਂ ਦਾ ਮੁੰਡਾ ਵਿਆਹ ਕਿਉਂ ਨਈਂ ਕਰਵਾ ਸਕਦਾ?'' ਮੈਂ ਉਸ ਨੂੰ ਕੁਰਬਾਨੀ ਦੇ ਪੁਤਲੇ ਦੀ ਅਸਲੀਅਤ ਵਿਖਾਉਣ ਬਾਰੇ ਸੋਚ ਲਿਆ ਸੀ।

''ਕਿਉਂਕਿ ਮੈਂ ਮੈਰਿਡ ਆਂ।'' ਉਸਨੇ ਜਵਾਬ ਦਿੱਤਾ ਸੀ।

''ਜੇ ਤੇਰਾ ਤਲਾਕ ਹੋ ਜਾਏ ਫਿਰ?'' ਮੈਂ ਪੁੱਛਿਆ ਸੀ।

''ਫਿਰ ਕੋਈ ਪ੍ਰੌਬਲਮ ਨਈਂ।'' ਉਸ ਚਾਅ 'ਚ ਜਵਾਬ ਦਿੱਤਾ ਸੀ।

''ਤੂੰ ਆਪਣੇ ਪਤੀ ਤੋਂ ਤਲਾਕ ਚਾਹੁੰਦੀ ਆ?'' ਮੈਂ ਸਵਾਲ ਕੀਤਾ ਸੀ।

''ਸਰ ਜੀ ਮੈਂ ਤਾਂ ਹਜ਼ਾਰ ਵਾਰ ਚਾਹੁੰਦੀ ਆਂ।'' ਉਹ ਝਟ-ਪਟ ਬੋਲੀ ਸੀ।

''ਠੀਕ ਆ ਤਲਾਕ ਤੇਰਾ ਮੈਂ ਕਰਵਾਉਂ, ਤੂੰ ਪਹਿਲਾਂ ਇਸ ਮੁੰਡੇ ਨੂੰ ਪੁੱਛ ਲੈ।''

''ਸਰ ਜੀ ਮੈਂ ਉਨ੍ਹਾਂ ਨਾਲ ਗੱਲ ਕਰਕੇ ਤੁਹਾਡੇ ਨਾਲ ਹੁਣੇ ਗੱਲ ਕਰਦੀ ਆਂ। ਦੇਖਿਓ ਰਵੀ ਨੇ ਕਿੰਨ੍ਹੇ ਖੁਸ਼ ਹੋਣਾ।'' ਖੁਸ਼ੀ 'ਚ ਏਨਾ ਆਖ ਉਸਨੇ ਫੋਨ ਬੰਦ ਕਰ ਦਿੱਤਾ।

''ਸਰ ਜੀ!'' ਦੱਸ ਕੁ ਮਿੰਟ ਬਾਅਦ ਹੀ ਉਸ ਦਾ ਫੋਨ ਆ ਗਿਆ ਸੀ।

''ਤੁਸੀਂ ਸੱਚ ਕਿਹਾ ਸੀ। ਉਹ ਤਾਂ ਮੇਰੀ ਗੱਲ ਸੁਣ ਕੇ ਭੜਕ ਹੀ ਉੱਠਿਆ। ਕੁੱਤਾ ਕਿਸੇ ਥਾਂ ਦਾ! ਮੈਂ ਤੁਹਾਨੂੰ ਦੱਸ ਨਈਂ ਸਕਦੀ ਕਿ ਮੈਨੂੰ ਉਸਨੇ ਕੀ ਕਿਹਾ।'' ਉਹ ਧਾਹਾਂ ਮਾਰਨ ਲੱਗ ਪਈ ਸੀ।

ਮੈਂ ਚੁਪਚਾਪ ਉਸਦੇ ਬੋਲਾਂ ਦੀ ਉਡੀਕ ਕਰਨ ਲੱਗਾ ਸੀ।

''...ਸਰ ਜੀ ਕਹਿਣ ਲੱਗਾ ਕਿ ਆਪਣੀ ਔਕਾਤ ਦੇਖ। ਤੂੰ ਤਾਂ ਗਸ਼ਤੀ ਏ। ਤੇਰੇ ਅਰਗੀਆਂ ਤਾਂ ਛੱਤੀ ਫਿਰਦੀਆਂ ਨੇ ਸ਼ਹਿਰ ਵਿਚ। ਸਰ ਜੀ ਦੱਸੋ ਮੈਂ ਕਰੈਕਟਰਲੈੱਸ ਕੁੜੀ ਆਂ?''

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਜਵਾਬ ਦੇਵਾਂ।

''ਇਹ ਜ਼ਮਾਨਾ ਈ ਕਰੈਕਟਰਲੈੱਸ ਆ। ਦੁਖੀ ਨਾ ਹੋ। ਆਪਣੀ ਬੇਟੀ ਨੂੰ ਪਿਆਰ ਕਰ।'' ਮੈਂ ਜਵਾਬ ਦਿੱਤਾ।

''ਸਰ ਜੀ, ਮੇਰੇ ਪਤੀ ਨੂੰ ਪਤਾ ਸੀ ਕਿ ਮੇਰੇ ਆਪਣੇ ਦਿਓਰ ਦੇ ਨਾਲ ਸਬੰਧ ਨੇ। ਉਨ੍ਹਾਂ ਨੇ ਏਨਾ ਕਿਹਾ ਕਿ ਦੇਖ ਚੀਨਾ ਤੇਰਾ ਕੋਈ ਕਸੂਰ ਨਹੀਂ, ਕੱਲਾ ਬੰਦਾ ਓਦਰ ਈ ਜਾਂਦਾ। ਇਹ ਤਾਂ ਘਰ ਦੀ ਇੱਜ਼ਤ ਘਰ 'ਚ ਰਹਿ ਗਈ। ਕਦੇ ਕਿਸੇ ਹੋਰ ਦੇ ਬਾਰੇ ਨਾ ਸੋਚੀਂ। ਕਿੰਨੇ ਗਰੇਟ ਨੇ ਉਹ। ਮੈਨੂੰ ਅੱਜ ਪਤਾ ਲੱਗਾ। ਜਿਹੜੀ ਗੱਲ ਮੇਰੇ ਪਤੀ ਨੇ ਨਈਂ ਕਹੀ, ਇਹ ਬਾਮ੍ਹਣ ਕੌਣ ਹੁੰਦਾ ਕਹਿਣ ਵਾਲਾ।''

ਉਸ ਦਿਨ ਉਹ ਮੇਰੇ ਨਾਲ ਬੜੀ ਦੇਰ ਗੱਲਾਂ ਕਰਦੀ ਰਹੀ ਸੀ।

ਕੁਝ ਦਿਨਾਂ ਬਾਅਦ ਉਸਦਾ ਫੋਨ ਆਇਆ ਤਾਂ ਉਹ ਇਉਂ ਖੁਸ਼ ਸੀ, ਜਿਉਂ ਕੁਝ ਵਾਪਰਿਆ ਈ ਨਾ ਹੋਵੇ।

''ਸਰ ਜੀ, ਇਕ ਗੱਲ ਕਹਾਂ, ਮਾਈਂਡ ਨਾ ਕਰਿਓ ਪਲੀਜ਼।'' ਏਨਾ ਆਖ ਉਹ ਕੁਝ ਪਲ ਚੁੱਪ ਰਹੀ।

''ਸਰ ਜੀ, ਜਦੋਂ ਮੈਂ ਤੁਹਾਨੂੰ ਪਹਿਲੀ ਵਾਰ ਦੇਖਿਆ ਸੀ, ਤੁਸੀਂ ਮੈਨੂੰ ਬਹੁਤ ਸੋਹਣੇ ਤੇ ਚੰਗੇ ਲੱਗੇ ਸੀ। ਮੈਨੂੰ ਪਤਾ ਸੀ ਮਣੀ ਵੀ ਤੁਹਾਨੂੰ ਚਾਹੁੰਦੀ ਆ। ਮੈਂ ਫਿਰ ਵੀ ਤੁਹਾਡੇ ਬਾਰੇ ਉਸ ਤਰ੍ਹਾਂ ਸੋਚਣ ਲੱਗ ਪਈ ਸੀ। ਮਣੀ ਮੈਨੂੰ ਜੈਲਸ ਕਰਨ ਲੱਗ ਪਈ ਸੀ। ਮੈਂ ਚਾਹਤ ਦਿਲ 'ਚ ਈ ਦਬਾ ਲਈ। ਇਕ ਸੱਚੀ ਗੱਲ ਆਖਾਂ ਕਿ ਜੇ ਉਦੋਂ ਤੁਸੀਂ ਮੈਨੂੰ ਮਿਲ ਜਾਂਦੇ ਤਾਂ ਮੈਂ ਐਨਾ ਨਹੀਂ ਸੀ ਭਟਕਣਾ।''

ਮੈਂ ਜਾਣ-ਬੁੱਝ ਚੁੱਪ ਰਿਹਾ ਸਾਂ।

''ਸਰ ਜੀ ਤੁਸੀਂ ਜੋ ਮੈਨੂੰ ਆਸਰਾ ਦਿੱਤਾ, ਗਾਈਡ ਕੀਤਾ, ਆਖਰ ਕਿਉਂ? ਕੀ ਰਿਸ਼ਤਾ ਏ ਸਾਡਾ? ਤੁਸੀਂ ਕਿਉਂ ਸੁਣਦੇ ਰਹੇ ਇਕ ਪਾਗਲ ਕੁੜੀ ਦੀ ਬਕਵਾਸ? ਮੈਨੂੰ ਕਈ ਵਾਰ ਲੱਗਿਆ ਕਿ ਤੁਸੀਂ ਵੀ ਮੈਨੂੰ ਪਸੰਦ ਕਰਦੇ ਓ। ਕਰਦੇ ਓ ਨਾ ਸਰ ਜੀ?''

ਮੈਂ ਇਸ ਵਾਰ ਵੀ ਕੁਝ ਨਾ ਬੋਲਿਆ।

ਉਹ ਚਾਣਚੱਕ ਹਟਕੋਰੇ ਭਰਨ ਲੱਗ ਪਈ ਸੀ।

''ਸਰ ਜੀ ਮੈਨੂੰ ਪਤਾ ਸੀ। ਬਸ ਮੈਂ ਤੁਹਾਨੂੰ ਹੁਣੇ ਮਿਲਣਾ ਚਾਹੁੰਦੀ ਆਂ।'' ਉਹ ਤਰਲਾ ਜਿਹਾ ਲੈਂਦਿਆਂ ਬੋਲੀ ਸੀ।

''ਤੂੰ ਡੇਢ ਸੌ ਕਿਲੋਮੀਟਰ ਦੂਰ ਇਕ ਪਿੰਡ 'ਚ ਬੈਠੀ ਏਂ ਤੇ ਮੈਂ ਚੰਡੀਗੜ੍ਹ, ਹੁਣੇ ਕਿਵੇਂ ਮਿਲ ਸਕਦੇ ਆਂ?''

''ਸਰ ਜੀ ਵਾਅਦਾ ਕਰੋ ਕਿ ਮੈਨੂੰ ਛੇਤੀ ਮਿਲੋਗੇ। ਮੈਂ ਤੁਹਾਡੇ ਨਾਲ ਬਹੁਤ ਗੱਲਾਂ ਕਰਨੀਆਂ ਨੇ। ਦੁਨੀਆਂ 'ਚ ਹੁਣ ਕੋਈ ਨਈਂ ਮੇਰਾ ਤੁਹਾਡੇ ਸਿਵਾ। ਜਿਸ ਦਿਨ ਤੁਸੀਂ ਮੁੱਖ ਮੋੜਿਆ, ਮੈਂ ਉਸ ਦਿਨ ਸੂਸਾਈਡ ਕਰ ਲੈਣਾ।''

*(ਬਾਕੀ ਅਗਲੇ ਅੰਕ 'ਚ)*

# ਗਗਨ ਦਮਾਮਾ ਬਾਜਿਉ ਰੇ...

**ਦ੍ਰਿਸ਼ਟੀਕੋਣ**

*ਇਨ੍ਹਾਂ ਕਾਲਮਾਂ ਵਿਚ ਇਹ ਲੇਖ ਵਿਚਾਰਾਂ ਦਾ ਇਕ ਮੰਚ ਮੁਹੱਈਆ ਕਰਨ ਲਈ ਛਾਪੇ ਜਾ ਰਹੇ ਹਨ। ਸਾਡਾ ਅਦਾਰੇ ਦੇ ਤੌਰ 'ਤੇ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕਾਂ ਨੂੰ ਅਪੀਲ ਹੈ ਕਿ ਦਲੀਲ ਦਾ ਪੱਲਾ ਨਾ ਛੱਡਣ। -ਸੰਪਾਦਕ*

**ਰਾਉ ਬਰਿੰਦਰਾ ਸਵੈਨ**

'ਵਿਆਨਾ ਕਾਂਡ' ਹੋਣ ਤੋਂ ਬਾਅਦ ਇੱਕ ਦਮ ਵਾਪਰੀਆਂ ਪੰਜਾਬ ਵਿਚ ਹਿੰਸਕ ਘਟਨਾਵਾਂ ਨੇ ਇੱਕ ਪਲ ਲਈ ਤਾਂ ਹਿੰਦੁਸਤਾਨ ਵਿਚ ਅੰਗਰੇਜ਼ਾਂ ਦੇ ਖਿਲਾਫ ਹੋਈ ਪਹਿਲੀ ਬਗ਼ਾਵਤ ਦਾ ਭੁਲੇਖਾ ਪਵਾ ਦਿੱਤਾ ਜੋ ਕਿ 1857 ਵਿਚ ਮਈ ਦੇ ਮਹੀਨੇ ਵਿਚ ਹੀ ਹੋਈ ਸੀ ਤੇ ਜੋ ਕਿ ਮੇਰਠ ਤੋਂ ਸ਼ੁਰੂ ਹੋ ਕੇ ਦਿੱਲੀ ਖਤਮ ਹੋ ਗਈ। ਇਸ ਬਗ਼ਾਵਤ ਵਿਚ ਇੱਕ ਗੱਲ ਖਾਸ ਵਿਚਾਰਨਯੋਗ ਹੈ ਕਿ ਜਦੋਂ ਹਿੰਦੁਸਤਾਨੀ ਸਿਪਾਹੀਆਂ ਨੂੰ ਪਤਾ ਲੱਗਾ ਕਿ ਬੰਦੂਕ ਵਾਲੇ ਕਾਰਤੂਸਾਂ, ਜਿਨ੍ਹਾਂ ਦਾ ਖੋਲ ਉਨ੍ਹਾਂ ਨੂੰ ਆਪਣੇ ਮੂੰਹ ਨਾਲ ਖੋਲਣਾ ਪੈਂਦਾ ਹੈ, ਵਿਚ ਗਾਂ ਤੇ ਸੂਰ ਦੀ ਚਰਬੀ ਭਰੀ ਹੁੰਦੀ ਹੈ, ਬਗ਼ਾਵਤ ਹੋ ਗਈ। ਪਰ ਇਸ ਬਗ਼ਾਵਤ ਨੇ ਅੰਗਰੇਜ਼ਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਜੇ ਆਪਣੇ ਰਾਜ ਪ੍ਰਬੰਧ ਦੇ ਨਿਯਮਾਂ ਵਿਚ ਤਬਦੀਲੀ ਨਾ ਕੀਤੀ ਤਾਂ ਹਿੰਦੁਸਤਾਨ 'ਤੇ ਰਾਜ ਕਰਨ ਮੁਸ਼ਕਲ ਹੈ।

ਕੀ 'ਵਿਆਨਾ ਕਾਂਡ' ਤੋਂ ਬਾਅਦ ਪੈਦਾ ਹੋਈ ਹਿੰਸਾ ਵੀ ਕੁਝ ਇਸੇ ਤਰ੍ਹਾਂ ਦਾ ਭੁਲੇਖਾ ਨਹੀਂ ਪਾਉਂਦੀ। ਅਸੀਂ ਇਹ ਮੁੱਦੇ ਵਿਚਾਰਾਂਗੇ ਕਿ ਕੀ ਇਹ ਹਮਲਾ ਉਨ੍ਹਾਂ ਲੋਕਾਂ ਵਲੋਂ ਕੀਤਾ ਗਿਆ, ਜਿਨ੍ਹਾਂ ਦਾ ਕਹਿਣਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਨੂੰ ਵੀ ਮੱਥਾ ਨਹੀਂ ਟੇਕਿਆ ਜਾ ਸਕਦਾ? ਦੂਸਰਾ ਸਿੱਖ ਧਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਵੀ ਦੇਹਧਾਰੀ ਨੂੰ ਗੁਰੂ ਨਹੀਂ ਮੰਨਦਾ? ਤੀਸਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਉੱਥੇ ਸਿੱਖ ਮਰਿਆਦਾ ਹੀ ਬਹਾਲ ਹੋਣੀ ਚਾਹੀਦੀ ਹੈ? ਮੇਰਾ ਖਿਆਲ ਹੈ ਕਿ ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਉੱਥੇ ਸਿੱਖ ਧਰਮ ਨਾਲ ਜੁੜੀ ਹਰ ਮਰਿਆਦਾ ਦਾ ਪਾਲਣ ਹੋਣਾ ਚਾਹੀਦਾ ਹੈ ਪਰ ਇਸ ਦੇ ਨਾਲ ਹੀ ਆਪਾਂ ਇਨ੍ਹਾਂ ਗੱਲਾਂ ਤੇ ਵੀ ਵਿਚਾਰ ਕਰਨਾ ਹੈ ਕਿ ਵਿਆਨਾ ਕਾਂਡ ਦੇ ਵਰਤਾਰੇ ਪਿੱਛੇ ਇਹੀ ਕਾਰਨ ਸਨ ਜਾਂ ਇਸ ਪਿੱਛੇ ਹੋਰ ਵੀ ਕੋਈ ਗੱਲਬਾਤ ਹੈ ਜਿਹੜੀ ਹਾਲੇ ਤਕ ਸਾਹਮਣੇ ਨਹੀਂ ਆ ਸਕੀ।

ਹਿੰਦੁਸਤਾਨ ਦਾ ਸਾਰਾ ਸਿਸਟਮ ਇੱਕ ਜਾਤੀ ਢਾਂਚੇ 'ਤੇ ਖੜ੍ਹਾ ਹੈ। ਪਾਰਸੀਆਂ ਤੇ ਜੈਨੀਆਂ ਨੂੰ ਛੱਡ ਦੇਈਏ ਤਾਂ ਹਿੰਦੁਸਤਾਨ ਦਾ ਕੋਈ ਵੀ ਧਰਮ ਇਸ ਤਰ੍ਹਾਂ ਦਾ ਨਹੀਂ ਹੈ ਜਿਹੜਾ ਜਾਤੀ ਵਿਵਸਥਾ ਦਾ ਸ਼ਿਕਾਰ ਨਾ ਹੋਵੇ। ਇਸ ਜਾਤੀ ਵਿਵਸਥਾ ਕਰਕੇ ਹੀ ਹਿੰਦੁਸਤਾਨ ਹਜ਼ਾਰਾਂ ਸਾਲ ਵਿਦੇਸ਼ੀ ਲੋਕਾਂ ਦਾ ਗੁਲਾਮ ਰਿਹਾ। ਬਾਬਰ 25000 ਦੀ ਸੈਨਾ ਨਾਲ ਲੈ ਕੇ ਆਇਆ ਤੇ ਉਸ ਦੇ ਵੰਸ਼ਜ 350 ਸਾਲ ਹਿੰਦੁਸਤਾਨ 'ਤੇ ਰਾਜ ਕਰ ਗਏ। ਮੁਗ਼ਲਾਂ ਤੋਂ ਪਿੱਛਾ ਛੁੱਟਿਆ ਤਾਂ ਅੰਗਰੇਜ਼ ਆ ਗਏ। ਸਾਡਾ ਗੁਲਾਮੀ ਦਾ ਇਤਿਹਾਸ 1000 ਸਾਲ ਪੁਰਾਣਾ ਹੈ। ਇਸ ਦਾ ਕਾਰਨ ਹੈ ਜਾਤੀ ਵਿਵਸਥਾ ਜਿਸ ਨੇ ਲੋਕਾਂ ਅੰਦਰ ਭਾਈਚਾਰਾ ਪੈਦਾ ਹੀ ਨਹੀਂ ਹੋਣ ਦਿੱਤਾ।

ਇਸ ਜਾਤੀ ਵਿਵਸਥਾ ਨੇ ਸਮਾਜ ਦੇ ਹੇਠਲੇ ਪੱਧਰ 'ਤੇ ਵਿਚਰ ਰਹੇ ਤਬਕੇ ਨੂੰ ਹਨੇਰੇ ਦੀ ਉਸ ਦਲਦਲ ਵਿਚ ਧੱਕ ਦਿੱਤਾ, ਜਿਥੇ ਉਨ੍ਹਾਂ ਨੂੰ ਧਾਰਮਕ, ਸਮਾਜਿਕ, ਸਿਆਸੀ, ਆਰਥਕ ਤੇ ਸਮਾਜਿਕ ਪੱਧਰ ਉੱਚ ਵਰਗਾਂ ਨਾਲ ਬਰਾਬਰੀ ਕਰਨ ਦੀ ਮਨਾਹੀ ਸੀ। ਮੁਰਦਾਰ ਢੋਣਾ ਤੇ ਮੁਰਦਾਰ ਖਾਣਾ, ਗੰਦੀਆਂ ਬਸਤੀਆਂ ਵਿਚ ਰਹਿਣਾ ਉਨ੍ਹਾਂ ਦੀ ਜੀਵਨ-ਜਾਚ ਬਣ ਗਈ ਸੀ। ਜੇਕਰ ਇਹ ਇੱਕ ਇਨਸਾਨ ਦੀ ਗੱਲ ਹੋਵੇ ਤਾਂ ਇਹ ਉਸਦੀ ਕਿਸਮਤ ਕਿਹਾ ਜਾ ਸਕਦਾ ਹੈ ਪਰ ਜਿੱਥੇ ਸਮਾਜ ਦੀ ਇੱਕ ਚੌਥਾਈ ਆਬਾਦੀ ਨੂੰ ਧਰਮ ਦੀਆਂ ਬੰਦਸ਼ਾਂ ਲਗਾ ਕੇ ਹਨੇਰੇ ਵਿਚ ਧੱਕ ਦਿੱਤਾ ਜਾਵੇ ਤੇ ਸਦੀਆਂ ਤੱਕ ਇਹੀ ਵਰਤਾਰਾ ਚਲਦਾ ਰਹੇ ਤਾਂ ਇਸ ਨੂੰ ਕਿਸਮਤ ਨਹੀਂ ਕਿਹਾ ਜਾ ਸਕਦਾ। ਇਹ ਇੱਕ ਸਾਜਿਸ਼ ਸੀ ਉਸ ਵਰਗ ਦੀ ਜਿਸਨੇ ਸਮਾਜ ਦੇ ਪੂਰੇ ਵਰਤਾਰੇ ਨੂੰ ਆਪਣੇ ਕਾਬੂ ਵਿਚ ਕੀਤਾ ਹੋਇਆ ਸੀ। ਇਹ ਨਾ-ਬਰਾਬਰੀ ਵਾਲਾ ਸਿਸਟਮ ਆਪਣੇ ਅਸਲ ਰੂਪ ਵਿਚ 1930 ਤਕ ਚਲਦਾ ਰਿਹਾ। ਇਸ ਤੋਂ ਪਹਿਲਾਂ ਇਸ ਸਿਸਟਮ ਦੇ ਬਰਾਬਰ ਨਵਾਂ ਸਿਸਟਮ ਖੜਾ ਕਰਨ ਦੀਆਂ ਕੋਸ਼ਿਸ਼ਾਂ ਕਈ ਮਹਾਂਪੁਰਸ਼ਾਂ ਨੇ ਕੀਤੀਆਂ, ਜਿਨ੍ਹਾਂ ਵਿਚ ਸਭ ਤੋਂ ਪਹਿਲੀ ਸੱਟ ਮਹਾਤਮਾ ਬੁੱਧ ਨੇ ਮਾਰੀ। ਇਸ ਤੋਂ ਬਾਅਦ ਹਜ਼ਾਰਾਂ ਸਾਲਾਂ ਤਕ ਇਸ ਸਿਸਟਮ ਦੇ ਖਿਲਾਫ ਕੋਈ ਖੜਾ ਨਹੀਂ ਹੋ ਸਕਿਆ ਕਿਉਂਕਿ ਬੁੱਧ ਧਰਮ ਦੇ ਪੈਰੋਕਾਰਾਂ ਦੇ ਕਤਲ ਕਰ ਦਿੱਤੇ ਗਏ ਤੇ ਕੁਝ ਹਿੰਦੁਸਤਾਨ ਦੀ ਧਰਤੀ ਛੱਡ ਕੇ ਬਾਹਰ ਭੱਜ ਗਏ।

ਨੀਚ ਵਰਗ ਕਹੇ ਜਾਣ ਵਾਲੇ ਲੋਕਾਂ ਨੂੰ ਇੰਨੇ ਕੁ ਨਪੀੜ ਦਿੱਤਾ ਗਿਆ ਸੀ ਕਿ ਮਰੇ ਜਾਨਵਰਾਂ ਤੇ ਇਨ੍ਹਾਂ ਨੀਚ ਕਹੇ ਜਾਣ ਵਾਲੇ ਲੋਕਾਂ ਵਿਚ ਕੋਈ ਫਰਕ ਨਹੀਂ ਰਹਿ ਗਿਆ ਸੀ ਪਰ 13ਵੀਂ ਸਦੀ ਵਿਚ ਇਸ ਵਰਣ-ਵਿਵਸਥਾ ਦੇ ਖਿਲਾਫ ਸਭ ਤੋਂ ਵੱਡਾ ਇਨਕਲਾਬ ਪੈਦਾ ਹੋਇਆ ਜਿਸ ਦੇ ਮੋਢੀ ਸਨ ਉਸ ਵੇਲੇ ਦੇ ਨੀਚ ਜਾਤਾਂ ਦੇ ਰਹਿਬਰ ਸ੍ਰੀ ਰਵਿਦਾਸ ਜੀ ਤੇ ਕਬੀਰ ਸਾਹਿਬ ਜੀ, ਜਿਨ੍ਹਾਂ ਨੇ ਆਪਣੀ ਵਿਦਵਤਾ ਤੇ ਇਨਕਲਾਬੀ ਸੋਚ ਨਾਲ ਉਸ ਵਕਤ ਦੇ ਉੱਚ ਜਾਤੀ ਦੇ ਰਾਜ ਘਰਾਣਿਆਂ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਮਹਾਂਪੁਰਸ਼ਾਂ ਦਾ ਸਭ ਤੋਂ ਵੱਡਾ ਦੁਖਾਂਤ ਇਹ ਸੀ ਕਿ ਜਿਸ ਸਮਾਜ ਦੇ ਲਈ ਇਹ ਸੰਘਰਸ਼ ਕਰ ਰਹੇ ਸਨ, ਉਹ ਸਮਾਜ ਇਨ੍ਹਾਂ ਦੇ ਮਗਰ ਨਹੀਂ ਲੱਗ ਸਕਿਆ। ਇਸ ਦਾ ਬੜਾ ਸਪੱਸ਼ਟ ਕਾਰਨ ਸੀ ਕਿ ਨੀਚ ਜਾਤ ਦੇ ਕਿਸੇ ਵੀ ਵਿਅਕਤੀ ਨੂੰ ਪੜ੍ਹਨ ਲਿਖਣ, ਧਾਰਮਿਕ ਕੰਮ ਕਰਨ, ਸੁਣਨ ਦਾ ਕੋਈ ਅਧਿਕਾਰ ਨਹੀਂ ਸੀ। ਜੇਕਰ ਕੋਈ ਇਸ ਤਰ੍ਹਾਂ ਦੀ ਹਿਮਾਕਤ ਕਰਦਾ ਸੀ ਤਾਂ ਉਸ ਦੀ ਸਜ਼ਾ ਮੌਤ ਸੀ। ਇਸ ਦੇ ਨਾਲ ਇਹ ਵੀ ਇਨ੍ਹਾਂ ਨੀਚ ਜਾਤ ਦੇ ਲੋਕਾਂ ਦੇ ਦਿਮਾਗ ਅੰਦਰ ਭਰ ਦਿੱਤਾ ਗਿਆ ਸੀ ਕਿ ਇਹ ਸਾਰਾ ਕੁਝ ਤੁਹਾਡੀ ਕਿਸਮਤ ਵਿਚ ਲਿਖਿਆ ਹੋਇਆ ਹੈ ਤੇ ਬਾਕੀ ਉੱਚ ਜਾਤੀ ਦੇ ਤਿੰਨ ਵਰਣਾਂ ਦੀ ਸੇਵਾ ਕਰਨਾ ਹੀ ਤੁਹਾਡਾ ਧਰਮ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ 'ਮਨੂੰ ਸਿਮ੍ਰਤੀ' ਵਿਚ ਵਰਣਿਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਪਰ ਇਨ੍ਹਾਂ ਇਨਕਲਾਬੀ ਮਹਾਂਪੁਰਖਾਂ ਨੇ ਬਿਨਾ ਕਿਸੇ ਡਰ ਤੋਂ ਤਿਲਕ ਲਗਾਏ, ਜੰਞੂ ਕੱਢੇ, ਸੰਖ ਵਜਾਏ ਤੇ ਰੂਹਾਨੀ ਗਿਆਨ ਦੇ ਕੇ ਰਾਣੀ ਝਾਲਾ, ਰਾਜਾ ਪੀਪਾ, ਰਾਣੀ ਮੀਰਾ ਵਰਗੇ ਲੋਕ ਆਪਣੇ ਸ਼ਿਸ ਬਣਾਏ।

ਨੀਚ ਜਾਤ ਵਿਚੋਂ ਪੈਦਾ ਹੋਏ ਇਹ ਕ੍ਰਾਂਤੀਕਾਰੀ ਰਹਿਬਰ ਉਸ ਸਮੇਂ ਆਪਣੀ ਆਵਾਜ਼ ਤਾਂ ਬੁਲੰਦ ਕਰ ਗਏ ਪਰ ਆਪਣੇ ਪਿੱਛੇ ਕੋਈ ਲਹਿਰ ਨਾ ਖੜ੍ਹੀ ਕਰ ਸਕੇ। ਇਸ ਦੇ ਕਾਰਨ ਅਸੀਂ ਉੱਪਰ ਦੱਸ ਆਏ ਹਾਂ। ਰੱਬੀ ਗਿਆਨ ਉੱਪਰ ਕਿਸੇ ਜਾਤ, ਧਰਮ ਨਸਲ ਦਾ ਹੱਕ ਨਹੀਂ। ਰੂਹਾਨੀ ਗਿਆਨ ਕਿਸੇ ਦੀ ਵਿਰਾਸਤ ਨਹੀਂ ਇਹ ਸਿੱਧ ਕੀਤਾ ਸ੍ਰੀ ਰਵਿਦਾਸ ਜੀ ਤੇ ਕਬੀਰ ਸਾਹਿਬ ਨੇ। ਇਸ ਤੋਂ ਬਾਅਦ ਵੀ ਉੱਚ ਵਰਗ ਦੀ ਸੋਚ ਨਹੀਂ ਬਦਲੀ। ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਉਹ ਹਿੰਦੁਸਤਾਨ ਦੇ ਉੱਤਰੀ ਖੇਤਰਾਂ ਵਿਚ ਵੀ ਗਏ। ਪੰਜਾਬ ਤਕ ਆਏ ਪਰ ਇਹ ਇਤਿਹਾਸ ਗੁਆਚ ਗਿਆ। ਉਨ੍ਹਾਂ ਦੇ ਸੰਘਰਸ਼ ਨੂੰ ਤਾਂ ਇਤਿਹਾਸ ਦੇ ਪੰਨਿਆਂ ਵਿਚ ਥਾਂ ਨਹੀਂ ਮਿਲੀ ਪਰ ਉਨ੍ਹਾਂ ਦੀ ਇਨਕਲਾਬੀ ਬਾਣੀ ਕਿਸੇ ਨਾ ਕਿਸੇ ਰੂਪ ਵਿਚ ਸੰਭਾਲੀ ਗਈ ਜਿਸ ਨੇ ਇਸ ਬੇ-ਇਨਸਾਫੀ ਵਾਲੇ ਸਿਸਟਮ ਦੇ ਖਿਲਾਫ ਇਕ ਲਹਿਰ ਬਣਾਉਣ ਦਾ ਕੰਮ ਕੀਤਾ। ਇੱਕ ਵੱਖਰੇ ਸਮਾਜ ਦੀ ਧਾਰਨਾ ਵੀ ਵਿਕਸਤ ਕਰ ਗਏ, ਉਹ ਸੀ 'ਬੇਗਮਪੁਰਾ ਸ਼ਹਿਰ'। ਇਹ ਵੀ ਬੜੀ ਹੈਰਾਨੀ ਦੀ ਗੱਲ ਹੈ ਕਿ ਉਸ ਵੇਲੇ ਦੇ ਮੁਸਲਮਾਨ ਹੁਕਮਰਾਨਾਂ ਨੇ ਵੀ ਇਸ ਜਾਤੀ ਵਿਵਸਥਾ ਨੂੰ ਮਿਟਾਉਣ ਵਿਚ ਇਨ੍ਹਾਂ ਮਹਾਂਪੁਰਸ਼ਾਂ ਦੀ ਕੋਈ ਮਦਦ ਨਹੀਂ ਕੀਤੀ।

ਪਰ ਇਨ੍ਹਾਂ ਮਹਾਂਪੁਰਸ਼ਾਂ ਦੇ ਕਹੇ ਹੋਏ ਬੋਲ ਮੁਰਦਾ ਹੋ ਚੁੱਕੇ ਸਮਾਜ ਦੇ ਕੰਨਾਂ ਵਿਚ ਖੜਕਦੇ ਰਹੇ ਤੇ ਇਸ ਵਿਵਸਥਾ ਦੇ ਉੱਪਰ ਉਸ ਵੇਲੇ ਵੱਡੀ ਸੱਟ ਵੱਜੀ ਜਦੋਂ 300 ਸਾਲ ਬਾਅਦ 1699 ਵਿਚ ਸਿੱਖ ਧਰਮ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਇਸ ਤਰ੍ਹਾਂ ਦਾ ਖਾਲਸਾ ਪੰਥ ਸਜਾਇਆ ਜਿਸ ਵਿਚ ਨੀਚ ਜਾਤੀ ਕਹੇ ਜਾਣ ਵਾਲੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਤੇ ਉਨ੍ਹਾਂ ਕੋਲੋਂ ਆਪ ਅੰਮ੍ਰਿਤ ਛਕ ਕੇ 'ਸਿੰਘ' ਸਜਾ ਕੇ ਸਮਾਜੀ ਵਿਤਕਰੇ ਦੇ ਸਾਰੇ ਭੇਦ ਮਿਟਾ ਖਾਲਸਾ ਰਾਜ ਦੀ ਨੀਂਹ ਰੱਖ ਦਿੱਤੀ ਤੇ ਨਾਲ ਹੀ ਇਹ ਵੀ ਫੁਰਮਾ ਦਿੱਤਾ ਕਿ "ਰਹਿਣੀ ਰਹੈ ਸੋਈ ਸਿਖ ਮੇਰਾ॥ ਉਹ ਠਾਕੁਰ ਮੈ ਉਸ ਕਾ ਚੇਰਾ॥"

ਜਾਤਾਂ-ਪਾਤਾਂ ਵਿਚ ਵੰਡੇ ਸਮਾਜ ਨੂੰ ਇਕ ਕਰਨ ਲਈ ਇਹ ਇੱਕ ਇਨਕਲਾਬੀ ਕਦਮ ਸੀ ਜਿਸ ਦੇ ਨਤੀਜੇ ਖਾਲਸਾ ਰਾਜ ਦੇ ਰੂਪ ਵਿਚ ਨਿਕਲੇ, ਪਹਿਲਾਂ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਤੇ ਬਾਅਦ ਵਿਚ ਮਹਾਰਾਜ ਰਣਜੀਤ ਸਿੰਘ ਦੇ ਰੂਪ ਵਿਚ। ਇਹ ਇਸ ਅੰਮ੍ਰਿਤ ਦਾ ਹੀ ਕਮਾਲ ਸੀ ਕਿ ਨੀਚ ਕਹੇ ਜਾਣ ਵਾਲੇ ਲੋਕਾਂ ਨੇ ਪੰਥ ਵਿਚ ਆ ਕੇ ਤੇਗਾਂ ਵਾਹੀਆਂ ਤੇ ਇਤਿਹਾਸ ਦੇ ਪੰਨਿਆਂ ਉਪਰ ਆਪਣਾ ਨਾਂ ਦਰਜ ਕਰਵਾਇਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਅਸੀਂ ਖਾਲਸਾ ਰਾਜ ਵਜੋਂ ਯਾਦ ਕਰਦੇ ਹਾਂ ਪਰ ਉਸ ਦੇ ਆਖਰੀ ਸਮੇਂ ਵਿਚ ਉਹ ਬਿਮਾਰੀਆਂ ਫੇਰ ਉਭਰ ਕੇ ਸਾਹਮਣੇ ਆ ਗਈਆਂ ਜਿਸ ਨੇ ਖਾਲਸਾਈ ਸਮਾਜ ਦੀਆਂ ਨੀਹਾਂ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਰਣਜੀਤ ਸਿੰਘ ਦੇ ਮਰਨ ਤੋਂ ਬਾਅਦ ਗੱਦੀ ਦੇ ਲਈ ਆਪਸੀ ਖਾਨਾਜੰਗੀ ਸ਼ੁਰੂ ਹੋ ਗਈ। 1850 ਤਕ ਇਹ ਰਾਜ ਅੰਗਰੇਜ਼ਾਂ ਦੇ ਅਧੀਨ ਆ ਚੁੱਕਾ ਸੀ ਤੇ ਖਾਲਸਾਈ ਸਮਾਜ ਦੀਆਂ ਕਦਰਾਂ ਕੀਮਤਾਂ ਦੀ ਪਕੜ ਵੀ ਢਿੱਲੀ ਪੈ ਚੁੱਕੀ ਸੀ।

ਇਹ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਜਿਹੜੀਆਂ ਖਾਲਸਾਈ ਕਦਰਾਂ ਕੀਮਤਾਂ ਨੇ ਪੂਰੇ ਹਿੰਦੁਸਤਾਨ ਵਿਚ ਵਿਗਸਣਾ ਸੀ, ਉਹ ਤਾਂ ਪੰਜਾਬ ਦੇ ਇੱਕ ਖਿੱਤੇ ਦੇ ਵਿਚ ਹੀ ਦਮ ਤੋੜ ਗਈਆਂ ਤੇ ਫਿਰ ਉਹੀ ਬ੍ਰਾਹਮਣੀ ਸਿਸਟਮ ਭਾਰੂ ਹੋ ਗਿਆ। ਅੰਗਰੇਜ਼ਾਂ ਨੇ ਆਪਣੀ ਸਹੂਲਤ ਲਈ ਰਜਵਾੜਾਸ਼ਾਹੀ ਪ੍ਰਥਾ ਨੂੰ ਫੇਰ ਪ੍ਰਚਲਿਤ ਕਰ ਦਿੱਤਾ ਜਿਹੜੀ ਕਿ ਬੰਦਾ ਸਿੰਘ ਬਹਾਦਰ ਨੇ ਖਤਮ ਕੀਤੀ ਸੀ। ਅੰਗਰੇਜ਼ਾਂ ਨੇ ਵੀ ਇਸ ਬੁਰੀ ਤਰ੍ਹਾਂ ਵੰਡ ਹੋਏ ਸਮਾਜ ਨੂੰ ਹੋਰ ਵੰਡ ਕੇ ਆਪਣਾ ਫਾਇਦਾ ਲਿਆ।

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਖਾਲਸਾ ਰਾਜ ਦਾ ਰੰਗ ਦੇਖ ਚੁੱਕੇ ਲੋਕਾਂ ਦੇ ਅੰਦਰ ਇਕੱਠੇ ਹੋਣ ਦੀ ਹਿੰਮਤ ਫਿਰ ਪੈਦਾ ਨਾ ਹੋਈ। ਜਾਗੀਰਦਾਰੀ



ਸਿਸਟਮ ਦਾ ਦੁੱਖ ਭੁਗਤ ਰਹੇ ਮੁਜਾਰੇ ਲੋਕ ਕਦੀ ਇਹ ਨਾ ਸਮਝ ਸਕੇ ਕਿ ਉਹ ਦੂਸਰੇ ਨੀਚ ਜਾਤਾਂ ਦੇ ਲੋਕਾਂ ਨੂੰ ਲਾਮਬੰਦ ਕਰਕੇ ਇਸ ਜੂਲੇ ਨੂੰ ਆਪਣੇ ਗਲੋਂ ਲਾਹ ਸਕਦੇ ਹਨ। ਇਸ ਤੋਂ ਉਲਟ ਇਨ੍ਹਾਂ ਮੁਜਾਰੇ/ਕਿਰਤੀ ਜੱਟ/ਕਿਸਾਨ ਲੋਕਾਂ ਨੇ ਜਾਤ-ਪਾਤੀ ਵਿਵਸਥਾ ਨੂੰ ਸਵਿਕਾਰ ਕਰ ਲਿਆ ਤੇ ਨੀਚ ਕਹੇ ਜਾਣ ਵਾਲੇ ਲੋਕਾਂ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ। ਜਿਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਜ਼ਮੀਨ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਨੂੰ ਬਾਕੀ ਜਾਤਾਂ ਨਾਲੋਂ ਆਪਣੀ ਹਾਲਤ ਬਿਹਤਰ ਨਜ਼ਰ ਆਉਂਦੀ ਹੋਵੇਗੀ। ਇੱਥੋਂ ਹੀ ਪੰਜਾਬ ਵਿਚ ਅੱਜ ਦੇ ਵਾਪਰ ਰਹੇ ਦੁਖਾਂਤ ਦਾ ਮੁੱਢ ਵੱਝਦਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਤਾਂ ਉਸ ਵਿਚ ਜਾਤ-ਪਾਤ, ਊਚ-ਨੀਚ ਖਤਮ ਕਰ ਦਿੱਤੀ ਗਈ। ਇਸ ਸਿੱਖ ਸਿਧਾਂਤ ਨੂੰ ਮੁੱਖ ਰੱਖ ਕੇ ਬਾਬਾ ਸਾਹਿਬ ਅੰਬੇਡਕਰ ਨੇ ਉਸ ਵੇਲੇ ਦੇ 6 ਕਰੋੜ ਲੋਕਾਂ ਦੇ ਨਾਲ ਸਿੱਖ ਸਜਣ ਨੂੰ ਪਹਿਲ ਦਿੱਤੀ ਪਰ ਉਨ੍ਹਾਂ ਦਾ ਇਹ ਸੁਪਨਾ ਉਸ ਵੇਲੇ ਤਿੜਕ ਗਿਆ ਜਦੋਂ ਵੇਲੇ ਦੇ ਸਿੱਖ ਲੀਡਰਾਂ ਨੇ ਹਿੰਦੂ ਲੀਡਰਸ਼ਿਪ ਦੀ ਚਾਲ ਵਿਚ ਆ ਕੇ ਬਾਬਾ ਸਾਹਿਬ ਅੰਬੇਡਕਰ ਨੂੰ ਸਿੱਖ ਧਰਮ ਵਿਚ ਆਉਣ ਤੋਂ ਮਨ੍ਹਾਂ ਕਰ ਦਿੱਤਾ ਤੇ ਉਨ੍ਹਾਂ ਨੂੰ ਭੱਦੀ ਸ਼ਬਦਾਵਲੀ ਵਰਤ ਕੇ ਸਦਾ ਲਈ ਸਿੱਖ ਧਰਮ ਤੋਂ ਦੂਰ ਕਰ ਦਿੱਤਾ। ਉਹ ਕੌਣ ਲੋਕ ਸਨ ਜਿਨ੍ਹਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਦੇ ਉਲਟ ਜਾ ਕੇ ਰੰਗਰੇਟੇ ਗੁਰੂ ਕੇ ਬੇਟਿਆਂ ਨੂੰ ਗੁਰੂ ਤੋਂ ਪਿਛਾਂਹ ਧੱਕ ਦਿੱਤਾ? ਇਹ ਸਵਾਲ ਅੱਜ ਦੀ ਸਿੱਖ ਲੀਡਰਸ਼ਿਪ ਅੱਗੇ ਵੀ ਹੈ ਕਿ ਕੀ ਉਨ੍ਹਾਂ ਨੇ ਉਸ ਵੇਲੇ ਦੇ ਸਿੱਖ ਆਗੂਆਂ ਕੋਲੋਂ ਹੋਈ ਗਲਤੀ ਨੂੰ ਸੁਧਾਰਨ ਲਈ ਕੋਈ ਕੋਸ਼ਿਸ਼ ਕਿਉਂ ਨਾ ਕੀਤੀ? ਸਿੱਖ ਪੰਥ ਵਿਚ ਜਾਤ ਪਾਤ ਅੱਜ ਜਿਆਦਾ ਮਜਬੂਤ ਹੋ ਗਈ ਹੈ। ਪੰਜਾਬ ਦੇ ਪਿੰਡਾਂ ਵਿਚ ਦੋ ਜਾਂ ਤਿੰਨ ਗੁਰਦੁਆਰੇ ਹਰ ਇੱਕ ਪਿੰਡ ਵਿਚ ਮਿਲਣਗੇ। ਕਿਉਂ? ਇੱਕ ਜੱਟਾਂ ਦਾ, ਇੱਕ ਚਮਾਰਾਂ ਦਾ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦੋਨੋਂ ਗੁਰਦੁਆਰਿਆਂ ਵਿਚ ਹੁੰਦਾ ਹੈ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ ਕਿ ਜੇਕਰ ਇੱਕ ਰਵਿਦਾਸੀਆ ਜਾਂ ਨੀਚ ਜਾਤ ਦਾ ਬੰਦਾ ਅੰਮ੍ਰਿਤ ਛੱਕ ਕੇ ਸਿੰਘ ਸਜਦਾ ਹੈ ਤਾਂ ਉਸ ਨੂੰ ਸਿੱਖ ਪੰਥ ਦੇ ਵਿਚ ਹਮੇਸ਼ਾ ਵਿਸ਼ੇਸ਼ਣ 'ਮਜ਼ਹਬੀ ਸਿੱਖ' ਲਾ ਕੇ ਯਾਦ ਕੀਤਾ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਮੁੱਖ ਅਹੁਦੇਦਾਰਾਂ ਨੂੰ ਇਹ ਸਵਾਲ ਪੁੱਛਣਾ ਬਣਦਾ ਹੈ ਕਿ 'ਖਾਲਸੇ ਦੀ ਸਿਰਜਣਾ ਦਾ ਮੁੱਖ ਮੰਤਵ ਕੀ ਸੀ? ਜਾਤ-ਪਾਤ ਰਹਿਤ ਇੱਕ ਖਾਲਸਾ ਸਮਾਜ ਦੀ ਸਿਰਜਣਾ! ਕੀ ਅੱਜ ਤੱਕ ਸਿੱਖ ਧਰਮ ਵਿਚੋਂ ਜਾਤ ਪਾਤ ਨੂੰ ਜੜ੍ਹੋਂ ਮਿਟਾਉਣ ਲਈ ਉਨ੍ਹਾਂ ਨੇ ਕੋਈ ਕੋਸ਼ਿਸ਼ ਕੀਤੀ ਜਾਂ ਨਹੀਂ। ਸਿੱਖ ਧਰਮ ਵਿਚ ਜਾਤ ਪਾਤ ਤਾਂ ਗੁਰੂ ਗੋਬਿੰਦ ਸਿੰਘ ਨੇ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਖਤਮ ਕਰ ਦਿੱਤੀ ਸੀ ਤੇ ਫਿਰ ਇਹ ਦੁਬਾਰਾ ਸਿੱਖ ਧਰਮ ਵਿਚ ਪੈਦਾ ਕਿਸ ਤਰ੍ਹਾਂ ਹੋ ਗਈ? ਇਸ ਦੇ ਬਾਵਜੂਦ ਤਕਰੀਬਨ 30% ਨੀਚ ਕਹੇ ਜਾਣ ਵਾਲੇ ਲੋਕਾਂ ਨੇ ਸਿੱਖ ਧਰਮ ਨੂੰ ਆਪਣਾ ਧਰਮ ਅਪਣਾਇਆ ਹੈ। ਕੀ ਉਨ੍ਹਾਂ ਨਾਲ ਬਰਾਬਰੀ ਵਾਲਾ ਰਿਸ਼ਤਾ ਸਿੱਖ ਪੰਥ ਰੱਖ ਸਕਿਆ ਹੈ? ਜੇ 'ਹਾਂ' ਤਾਂ ਫਿਰ ਅਖਬਾਰਾਂ ਵਿਚ ਉਹ ਕਿਹੜੇ ਸਿੱਖ ਹਨ ਜਿਨ੍ਹਾਂ ਨੂੰ ਆਪਣੇ ਮੁੰਡੇ ਜਾਂ ਕੁੜੀ ਲਈ ਰਿਸ਼ਤਾ ਮੰਗਦਿਆਂ ਜੱਟ ਸਿੱਖ, ਲੁਬਾਣਾ ਸਿੱਖ, ਰਾਮਗੜ੍ਹੀਆ ਸਿੱਖ, ਰਵਿਦਾਸੀਆ ਸਿੱਖ, ਖਤਰੀ ਸਿੱਖ, ਨਾਈ ਸਿੱਖ ਆਦਿ ਤਰ੍ਹਾਂ ਦੇ ਵਿਸ਼ੇਸ਼ਣ ਵਰਤਣੇ ਪੈਂਦੇ ਹਨ।

ਇਹ ਗੱਲ ਸਭ ਨੂੰ ਸਮਝਣੀ ਪੈਣੀ ਹੈ ਕਿ ਇਨ੍ਹਾਂ ਦਲਿਤਾਂ ਨਾਲ ਜੁੜੀ ਹੋਈ ਕੋਈ ਵੀ ਲਹਿਰ ਕਿਸੇ ਧਰਮ ਦੇ ਖਿਲਾਫ ਬਗ਼ਾਵਤ ਜਾਂ ਕਿਸੇ ਧਰਮ ਨੂੰ ਕੁਚਲਣ ਦੀ ਨਹੀਂ ਹੈ। ਇਹ ਤਾਂ ਇਸ ਬੇ-ਇਨਸਾਫੀ ਭਰੇ ਵਰਤਾਰੇ ਤੋਂ ਅਲੱਗ ਹੋ ਕੇ ਇੱਕ ਆਪਣਾ ਵਰਤਾਰਾ ਖੜ੍ਹਾ ਕਰਨਾ ਚਾਹੁੰਦੇ ਹਨ, ਜਿੱਥੇ ਉਹ ਵੀ ਬਰਾਬਰ ਵਾਲੀ ਧਾਰਮਿਕ ਆਜ਼ਾਦੀ ਦਾ ਨਿੱਘ ਮਾਣ ਸਕਣ, ਉਨ੍ਹਾਂ ਦਾ ਵੀ ਸਮਾਜਿਕ ਰੁਤਬਾ ਹੋਵੇ। ਇਹ ਇਨ੍ਹਾਂ ਲੋਕਾਂ ਦੇ ਸਬਰ ਦੀ ਇੰਤਹਾ ਹੀ ਹੈ ਕਿ ਹਜ਼ਾਰਾਂ ਸਾਲਾਂ ਤੋਂ ਤਸ਼ੱਦਦ ਸਹਿ ਰਹੇ ਲੋਕ ਜਿੱਥੇ ਉਨ੍ਹਾਂ ਦੇ ਉੱਪਰ ਹਰ 18ਵੇਂ ਮਿੰਟ ਇੱਕ ਹਮਲਾ ਹੁੰਦਾ ਹੈ ਜਿਸ ਵਿਚ ਕਿਸੇ ਦੀ ਮੌਤ, ਕਿਸੇ ਨਾਲ ਬਲਾਤਕਾਰ, ਕਿਸੇ ਦਾ ਘਰ ਜਲਾ ਦਿੱਤਾ ਜਾਂਦਾ ਹੈ, ਹਾਲੇ ਵੀ ਅਮਨਪਸੰਦੀ ਦੇ ਰਾਹ 'ਤੇ ਚੱਲ ਕੇ ਹੀ ਆਪਣੀ ਮੰਜ਼ਿਲ ਤਲਾਸ਼ਣਾ ਚਾਹੁੰਦੇ ਹਨ।

ਕੀ ਸਿੱਖ ਪੰਥ ਦੇ ਸਿਰਮੌਰ ਆਗੂ ਇਸ ਤੋਂ ਵਾਕਿਫ ਨਹੀਂ ਕਿ ਸਿੱਖ ਧਰਮ ਜ਼ਬਰ ਦੇ ਖਿਲਾਫ ਤੇ ਮਜ਼ਲੂਮਾਂ ਦੀ ਰੱਖਿਆ ਲਈ ਪੈਦਾ ਹੋਇਆ ਸੀ। ਇਸ ਸਿਧਾਂਤ ਨੂੰ ਅਸੀਂ ਦਿਨ-ਬ-ਦਿਨ ਤਿਲਾਂਜਲੀ ਕਿਉਂ ਦੇਈ ਜਾ ਰਹੇ ਹਾਂ। ਇਹੀ ਕਾਰਨ ਹੈ ਕਿ ਦਲਿਤ ਲੋਕਾਂ ਨੇ ਕਿਤੇ ਵੀ ਇਨਸਾਫ ਮਿਲਦਾ ਨਾ ਦੇਖ ਆਪਣੇ ਆਪ ਨੂੰ ਛੋਟੇ ਛੋਟੇ ਸਮੂਹਾਂ ਵਿਚ ਸੰਗਠਿਤ ਕਰਨਾ ਸ਼ੁਰੂ ਕੀਤਾ। ਦਲਿਤ ਲੋਕਾਂ ਨੂੰ ਇੱਕ ਗੱਲ ਦਾ ਅਹਿਸਾਸ ਭਲੀ ਭਾਂਤ ਹੋ ਗਿਆ ਹੈ ਕਿ ਇਨ੍ਹਾਂ ਨੂੰ ਆਪਣੀ ਲੜਾਈ ਹੁਣ ਖੁਦ ਹੀ ਲੜਨੀ ਪੈਣੀ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਨੇ ਆਪਣੇ ਆਪਣੇ ਧਾਰਮਿਕ ਸਥਾਨ ਬਣਾਉਣੇ ਸ਼ੁਰੂ ਕੀਤੇ ਤੇ ਕੁਝ ਥਾਵਾਂ ਤੇ ਡੇਰੇ ਪ੍ਰਫੁਲਿਤ ਹੋਏ। ਇਨ੍ਹਾਂ ਡੇਰਿਆਂ ਦੇ ਨਾਲ ਜੁੜ ਕੇ ਇਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ। ਇਸ ਨਾਲੋਂ ਵੀ ਵੱਡੀ ਗੱਲ ਹੈ ਕਿ ਇਹ ਡੇਰੇ ਦਲਿਤ ਲੋਕਾਂ ਦੀ ਸਮਾਜਿਕ ਬਿਹਤਰੀ ਲਈ ਦਿਨ ਰਾਤ ਕੰਮ ਕਰ ਰਹੇ ਹਨ, ਜਿਹੜੀ ਕਿ ਹੋਰ ਕਿਸੇ ਧਰਮ ਨੇ ਜ਼ਰੂਰਤ ਨਹੀਂ ਸਮਝੀ।

ਹੁਣ ਤਕਰਾਰ ਸ਼ੁਰੂ ਹੁੰਦਾ ਹੈ ਟਕਰਾਅ ਦਾ। ਟਕਰਾਅ ਕਿਸ ਨਾਲ? ਸਿੱਖ ਧਰਮ? ਜਾਂ ਹਿੰਦੂ ਧਰਮ ਜਾਂ ਇਸਾਈ ਜਾਂ ਇਸਲਾਮ ਨਾਲ? ਦਲਿਤਾਂ ਦਾ ਟਕਰਾਅ ਇਨ੍ਹਾਂ ਵਿਚੋਂ ਕਿਸੇ ਧਰਮ ਨਾਲ ਵੀ ਨਹੀਂ। ਕਿਉਂਕਿ ਉਹ ਇਨ੍ਹਾਂ ਸਾਰੇ ਧਰਮਾਂ ਵਿਚ ਗਏ ਪਰ ਉਨ੍ਹਾਂ ਦੀ ਵੱਖਰੀ ਪਛਾਣ ਇਨ੍ਹਾਂ ਧਰਮਾਂ ਵਿਚ ਵੀ ਬਣੀ ਰਹੀ। ਇਸ ਵੱਖਰੀ ਪਛਾਣ ਨੇ ਹੀ ਇਨ੍ਹਾਂ ਦੇ ਅੰਦਰ ਇੱਕ ਅਲੱਗ ਚੇਤਨਾ ਪੈਦਾ ਕੀਤੀ ਹੈ ਕਿ ਹਰ ਇੱਕ ਧਰਮ ਵਿਚ ਜਾ ਕੇ ਵੀ ਉਨ੍ਹਾਂ ਦੀ ਪਛਾਣ ਵੱਖਰੀ ਹੀ ਰਹਿਣੀ ਹੈ ਤੇ ਫਿਰ ਕਿਉਂ ਨਾ ਸਭ ਤੋਂ ਅਲੱਗ ਰਹਿ ਕੇ ਆਪਣੀ ਪਛਾਣ ਅਸੀਂ ਖੁਦ ਬਣ ਜਾਈਏ। ਇਸ ਲਈ ਸਭ ਤੋਂ ਪਹਿਲੀ ਕੋਸ਼ਿਸ਼ ਪੰਜਾਬ ਵਿਚ ਬਾਬੂ ਮੰਗੂਰਾਮ 'ਮੁਗੋਵਾਲੀਆ' ਦੀ ਸੀ ਜਿਨ੍ਹਾਂ ਨੇ 'ਆਦਿ ਧਰਮ' ਦੀ ਨੀਂਹ ਰੱਖੀ ਤੇ ਆਪਣੇ ਵੱਖਰੇ ਨਿਸ਼ਾਨ ਤੇ ਮਰਿਆਦਾ ਘੋਸ਼ਿਤ ਕੀਤੀ। ਇਸ ਆਦਿ ਧਰਮ ਮੰਡਲ ਲਹਿਰ ਨੇ ਆਪਣਾ ਮੁੱਖ ਦਫਤਰ 1926 ਵਿਚ 'ਕਿਸ਼ਨਪੁਰਾ' ਜ਼ਿਲਾ ਜਲੰਧਰ ਵਿਖੇ ਖੋਲ੍ਹਿਆ ਤੇ ਉਸ ਵਕਤ ਦੇ ਪੰਜਾਬ ਵਿਚ ਇਸ ਦਾ ਪ੍ਰਭਾਵ ਰਿਹਾ ਜਿਸ ਵਿਚ ਪਾਕਿਸਤਾਨ ਚਲੇ ਗਏ ਇਲਾਕੇ ਤੋਂ ਇਲਾਵਾ ਅੱਜ ਦਾ ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਹਰਿਆਣਾ ਤੇ ਦਿੱਲੀ ਦਾ ਖੇਤਰ ਆਉਂਦਾ ਸੀ। ਇਸ ਤੋਂ ਬਾਅਦ ਉਤਰਾ ਖੰਡ, ਮੇਰਠ, ਲਖਨਊ, ਇਲਾਹਬਾਦ, ਸਹਾਰਨਪੁਰ, ਕਾਨਪੁਰ, ਪੱਛਮੀ ਬੰਗਾਲ, ਰਾਜਸਥਾਨ ਦੇ ਵਿਚ ਵੀ ਉਸ ਸਮੇਂ ਇਹ ਧਰਮ ਦੇ ਤੌਰ ਤੇ ਦਰਜ ਹੋਇਆ।

ਕਬੀਰ ਸਾਹਿਬ ਤੇ ਸ੍ਰੀ ਰਵਿਦਾਸ ਜੀ ਮਹਾਰਾਜ ਤੋਂ ਤੁਰੀ ਆ ਰਹੀ ਇਹ ਲਹਿਰ ਨੇ ਹਾਲੇ ਬਹੁਤ ਲੰਬਾ ਸਫਰ ਤੈਅ ਕਰਨਾ ਹੈ ਇਸ ਵਿਚ ਕੋਈ ਸ਼ੱਕ ਨਹੀਂ ਪਰ ਇਹ ਲਹਿਰ ਕਿਸੇ ਦੇ ਟਕਰਾਅ ਵਿਚ ਨਹੀਂ ਹੈ।

ਜੇ ਅੱਜ ਸਿੱਖ ਪੰਥ ਨੂੰ ਮੰਨਣ ਵਾਲੇ ਅਨੁਯਾਈ ਇਨ੍ਹਾਂ ਦਲਿਤ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਤੇ ਇਨ੍ਹਾਂ ਦੇ ਸਿਰਮੌਰ ਆਗੂਆਂ ਨਾਲ ਸੰਵਾਦ ਰਚਾਉਂਦੇ ਤਾਂ ਅੱਜ ਦਾ ਦੁਖਾਂਤਕ ਪੱਖ ਇੰਨੇ ਉਗਰ ਰੂਪ ਵਿਚ ਸਾਹਮਣੇ ਨਾ ਆਉਂਦਾ ਪਰ ਇਸ ਤਰ੍ਹਾਂ ਨਹੀਂ ਹੋਇਆ। ਇਥੇ ਸਵਾਲ ਇਸ ਗੱਲ ਦਾ ਹੈ ਕਿ ਸਿੱਖ ਪੰਥ ਨੇ ਜੇ ਸਿੱਖ ਮਰਿਆਦਾ ਸਿੱਖੀ ਵਿਚ ਲਾਗੂ ਕੀਤੀ ਹੁੰਦੀ ਤਾਂ ਦਲਿਤ, ਸਿੱਖ ਮੁਖਧਾਰਾ ਨਾਲੋਂ ਨਾ ਟੁੱਟਦੇ।

ਅੱਜ ਦਲਿਤਾਂ ਦੇ ਮਹਾਂਪੁਰਸ਼, ਗੁਰੂ ਰਵਿਦਾਸ ਤੇ ਕਬੀਰ ਸਾਹਿਬ ਦੁਆਰਾ ਸ਼ੁਰੂ ਕੀਤੀ ਗਈ ਲਹਿਰ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਰਹੇ ਹਨ। ਗੁਰੂ ਰਵਿਦਾਸ ਜੀ ਤੇ ਕਬੀਰ ਸਾਹਿਬ ਦੀ ਪਾਵਨ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਇਸ ਕਰਕੇ ਇਹ ਲੋਕ ਆਪਣੇ ਮੰਦਰਾਂ/ਭਵਨਾਂ/ਗੁਰੂ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਕਰਦੇ ਹਨ ਪਰ ਦੂਸਰੇ ਪਾਸੇ ਇਹ ਆਪਣੇ ਮਹਾਂਪੁਰਸ਼ਾਂ ਤੋਂ ਇੱਕ ਨਵੀਂ ਸੇਧ ਵੀ ਲੈ ਰਹੇ ਹਨ, ਜਿਹੜੇ ਇਨ੍ਹਾਂ ਲਈ ਸੰਤ ਗੁਰੂ ਦਾ ਦਰਜਾ ਰੱਖਦੇ ਹਨ ਤੇ ਕੁਦਰਤੀ ਗੱਲ ਹੈ ਕਿ ਇਹ ਆਪਣੇ ਮਹਾਂਪੁਰਸ਼ਾਂ ਦਾ ਸਤਿਕਾਰ ਵੀ ਆਪਣੇ ਢੰਗ ਤਰੀਕਿਆਂ ਨਾਲ ਕਰਦੇ ਹਨ। ਇਹ ਕਿਉਂ ਹਰ ਅਸੀਂ ਸੋਚਣਾ ਹੈ ਕਿ ਸਿੱਖ ਮਰਿਆਦਾ ਦੇ ਨਾਂ 'ਤੇ ਅਸੀਂ ਇਸ ਲਹਿਰ ਦਾ ਦਮਨ ਕਰਨਾ ਹੈ। ਇਨ੍ਹਾਂ ਲੋਕਾਂ ਨੂੰ ਜੇ ਬਾਬਾ ਸਾਹਿਬ ਅੰਬੇਡਕਰ ਮਨੁੱਖੀ ਅਧਿਕਾਰ ਨਾ ਲੈ ਕੇ ਦਿੰਦੇ ਤਾਂ ਅੱਜ ਇਨ੍ਹਾਂ ਵਿਚ ਪੈਦਾ ਹੋਏ ਇਸ ਚੇਤਨਾ ਦੇ ਸੋਮੇ ਨੇ ਅਜੇ ਵੀ ਫੁੱਟਣਾ ਨਹੀਂ ਸੀ। ਇਹ ਗੱਲ ਸਾਨੂੰ ਸਭ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਗਗਨ ਦਮਾਮਾ ਬਾਜਿਉ ਰੇ, ਨਗਾਰੇ ਤੇ ਸੱਟ ਪੈ ਚੁੱਕੀ ਹੈ ਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਦਲਿਤਾਂ ਦੀ ਅਜੋਕੀ ਹਾਲਾਤ ਨੂੰ ਮੁੱਖ ਰੱਖਦਿਆਂ ਉਨ੍ਹਾਂ ਨਾਲ ਸਹਿਯੋਗ ਦੀ ਗੱਲ ਕੀਤੀ ਜਾਵੇ ਨਾ ਕਿ ਰਾਹ ਰੋਕਣ ਦੀ। ਇਥੇ ਪਾਸ਼ ਦੀਆਂ ਕੁਝ ਸਤਰਾਂ:

ਸਭ ਤੋਂ ਖਤਰਨਾਕ ਹੁੰਦਾ ਹੈ,  
ਮੁਰਦਾ ਸ਼ਾਂਤੀ ਨਾਲ ਭਰ ਜਾਣਾ  
ਨਾ ਹੋਣਾ ਤੜਪ ਦਾ,  
ਸਭ ਸਹਿਣ ਕਰ ਜਾਣਾ  
ਘਰਾਂ ਤੋਂ ਨਿਕਲਣਾ ਕੰਮ 'ਤੇ,  
ਤੇ ਕੰਮ ਤੋਂ ਘਰ ਜਾਣਾ  
ਸਭ ਤੋਂ ਖਤਰਨਾਕ ਹੁੰਦਾ ਹੈ,  
ਸਾਡੇ ਸੁਪਨਿਆਂ ਦਾ ਮਰ ਜਾਣਾ।

# ਡੇਰਾ ਬੱਲਾਂ ਸਿੱਖੀ ਤੋਂ ਉਲਟ, ਪਰ ਇਸ ਦਾ ਜਵਾਬ ਸਿੱਖੀ ਪ੍ਰਚਾਰ

## ਵਿਆਨਾ ਕਾਂਡ ਦੇ ਇਰਦ-ਗਿਰਦ

**ਮਨਜੀਤ ਸਿੰਘ ਡੱਲਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਹੋਣ ਦਾ ਉਪਦੇਸ਼ ਦਿੰਦਾ ਹੈ। ਇਸ ਵਿਚ ਮਨੂੰ ਵਲੋਂ ਬਣਾਈਆਂ ਹੋਈਆਂ ਅਖੌਤੀ ਜਾਤਾਂ ਨੂੰ ਇੱਕ ਲੜੀ ਵਿਚ ਪਰੋ ਕੇ ਸਭ ਨੂੰ ਬਿਨਾ ਵਿਤਕਰੇ ਇੱਕ ਮੰਚ 'ਤੇ ਇਕੱਠੇ ਕਰ ਦਿੱਤਾ ਅਤੇ ਊਚ-ਨੀਚ ਦਾ ਫ਼ਰਕ ਖ਼ਤਮ ਕਰ ਦਿੱਤਾ ਗਿਆ, ਵੱਖ-ਵੱਖ ਜਾਤਾਂ ਦੇ ਮਹਾਂਪੁਰਖਾਂ ਦੀ ਬਾਣੀ ਦਰਜ ਕਰ ਕੇ ਅਤੇ ਉਸ ਉਤੇ 'ਧੁਰ ਕੀ ਬਾਣੀ' ਦੀ ਮੋਹਰ ਲਾ ਦਿੱਤੀ। ਗੁਰਬਾਣੀ 'ਵੱਡੇ' 'ਛੋਟੇ' ਦਾ ਵਿਤਕਰਾ ਖ਼ਤਮ ਕਰਦੀ ਹੈ ਅਤੇ 'ਔਰਤ' 'ਮਰਦ' ਨੂੰ ਬਰਾਬਰਤਾ ਦਾ ਹੱਕ ਦਿੰਦੀ ਹੈ। ਗੁਰੂ ਸਾਹਿਬਾਨਾਂ ਵਲੋਂ ਪਹਿਲਾਂ ਤੋਂ ਹੀ 'ਸ਼ਖ਼ਸੀ ਪੂਜਾ' ਦਾ ਖੰਡਨ ਕੀਤਾ ਗਿਆ ਹੈ ਅਤੇ 'ਬਾਣੀ ਗੁਰੂ ਗੁਰੂ ਹੈ ਬਾਣੀ' ਦੀ ਗੱਲ ਕੀਤੀ ਗਈ ਹੈ। ਦਸਮ ਪਾਤਸ਼ਾਹ ਨੇ ਮਨੁੱਖੀ ਸਰੀਰ ਦੀ ਥਾਂ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਦਾ ਉਪਦੇਸ਼ ਦਿੱਤਾ।

'ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ' ਕਹਿ ਕੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ਼ ਦਾ ਜ਼ਿੰਮਾ ਖ਼ਾਲਸਾ ਪੰਥ ਨੂੰ ਸੌਂਪਿਆ ਅਤੇ ਗੁਰੂ ਸਾਹਿਬਾਨਾਂ ਦੀ ਸਿੱਖਿਆ ਦਾ ਪ੍ਰਚਾਰ ਵੀ ਖ਼ਾਲਸੇ ਨੇ ਹੀ ਕਰਨਾ ਸੀ। 'ਆਪਿ ਜਪਹੁ ਅਵਰਾ ਨਾਮੁ ਜਪਾਵਹੁ' ਅਨੁਸਾਰ ਇਸ ਸੱਚ ਦਾ ਸਾਹਮਣਾ ਕਰਨ ਦੀ ਹਿੰਮਤ ਮਨੂੰਵਾਦੀਆਂ ਵਿਚ ਨਹੀਂ ਸੀ, ਕਿਉਂਕਿ ਉਹ ਸ਼ਖ਼ਸੀ ਪੂਜਾ-ਮੂਰਤੀ ਪੂਜਾ ਦੀ ਆੜ ਹੇਠ ਬਹੁਤ ਕੁਝ ਕਰ ਰਹੇ ਸਨ। ਜੇਕਰ ਸਿੱਖੀ ਦੇ ਬੂਟੇ ਨੂੰ ਉਹ ਵਧਣ ਦੇਣ ਤਾਂ ਉਨ੍ਹਾਂ ਨੂੰ ਕਿਰਤ ਕਰਨੀ ਪੈਣੀ ਸੀ। ਉਹ ਕਿਰਤ ਕਰ ਨਹੀਂ ਸਨ ਸਕਦੇ। ਇਸ ਲਈ ਉਨ੍ਹਾਂ ਨੇ ਇਸ ਸੱਚ ਨੂੰ ਦਬਾਉਣ ਦੀ ਖ਼ਾਤਰ ਗੁਰੂ ਨਾਨਕ ਸਾਹਿਬ ਤੋਂ ਹੀ ਬਾਣੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਈ ਮੁਸ਼ਕਲਾਂ ਖੜ੍ਹੀਆਂ ਕੀਤੀਆਂ। ਇਸ ਦੌਰਾਨ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ ਹੋਈ ਅਤੇ ਖ਼ਾਲਸੇ ਨੂੰ ਵੀ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ। ਮਨੂੰਵਾਦੀ ਸੋਚ ਵਾਲ਼ਿਆਂ ਨੇ ਸਿੱਖੀ ਦੇ ਬੂਟੇ ਨੂੰ ਜੜ੍ਹੋਂ ਪੁੱਟਣ ਲਈ ਹਰ ਹੀਲਾ ਕੀਤਾ, ਜਿਸ ਵਿਚ ਉਨ੍ਹਾਂ ਦਾ ਸਭ ਤੋਂ ਖ਼ਤਰਨਾਕ ਤਰੀਕਾ ਸੀ ਇਤਿਹਾਸ ਵਿਗਾੜਨਾ। ਖ਼ਾਲਸੇ ਨੂੰ ਹੋਰ ਵੀ ਬਹੁਤ ਵੱਡਾ ਨੁਕਸਾਨ ਓਦੋਂ ਹੋਇਆ ਜਦੋਂ ਜੱਦੋ-ਜਹਿਦ ਦੌਰਾਨ ਧਾਰਮਿਕ ਅਸਥਾਨਾਂ ਦੀ ਸੇਵਾ ਗ਼ੈਰ-ਸਿੱਖਾਂ ਦੇ ਹੱਥ ਰਹੀ।

ਉਨ੍ਹਾਂ ਦਿਨਾਂ ਵਿਚ ਮਨੂੰਵਾਦੀਆਂ ਨੇ ਖ਼ਾਲਸੇ ਦੇ ਧਾਰਮਿਕ ਅਸਥਾਨਾਂ ਨੂੰ ਮਨੂੰਵਾਦੀ ਰੰਗਤ ਵਿਚ ਰੰਗ ਦਿੱਤਾ। ਖ਼ਾਲਸੇ ਨੇ ਜੱਦੋ-ਜਹਿਦ ਕਰਕੇ ਪ੍ਰਬੰਧ ਤਾਂ ਵਾਪਸ ਲੈ ਲਿਆ ਪਰ ਮਨੂੰ ਮਤ ਦਾ ਸਫ਼ਾਇਆ ਨਹੀਂ ਹੋ ਸਕਿਆ। ਸਿੱਖੀ ਭੇਸ ਵਿਚ ਬ੍ਰਾਹਮਣ ਨੇ ਸਿੱਖੀ ਦਾ ਬਹੁਤ ਨੁਕਸਾਨ ਕੀਤਾ। ਜਿਨ੍ਹਾਂ ਕੋਲ਼ੋਂ ਖ਼ਾਲਸੇ ਨੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਲਿਆ ਸੀ, ਉਨ੍ਹਾਂ ਨੇ ਆਪਣੇ ਡੇਰੇ ਬਣਾ ਲਏ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪ੍ਰਕਾਸ਼ ਕਰ ਕੇ ਮਨਮਤਿ ਦਾ ਪ੍ਰਚਾਰ ਜਾਰੀ ਰੱਖਿਆ। ਸਿੱਖ ਸ਼ਰਧਾਲੂਆਂ ਨੂੰ ਕਰਮਕਾਂਡੀ ਬਣਾ ਦਿੱਤਾ ਅਤੇ ਗੁਰਦੁਆਰਿਆਂ ਨੂੰ ਹਿੰਦੂ ਮੰਦਰਾਂ ਵਿਚ ਤਬਦੀਲ ਕਰ ਦਿੱਤਾ (ਭਾਵ ਗੁਰਦੁਆਰਿਆਂ ਨੂੰ ਮੰਦਰਾਂ ਵਾਂਗ ਬਣਾ ਦਿੱਤਾ)। ਆਮ ਬਹੁਗਿਣਤੀ ਭੋਲ਼ੀ ਭਾਲ਼ੀ ਜਨਤਾ ਇਨ੍ਹਾਂ ਦੇ ਚੁੰਗਲ ਵਿਚ ਫਸ ਕੇ ਇਨ੍ਹਾਂ ਨੂੰ ਪੂਜਣ ਲੱਗੀ ਰਹੀ ਅਤੇ ਦੂਸਰੇ ਪਾਸੇ ਜੋ ਅਸਥਾਨਾਂ ਦੀ ਸੇਵਾ ਬੜੇ ਯਤਨਾਂ ਨਾਲ਼ ਪ੍ਰਾਪਤ ਹੋਈ ਸੀ, ਕੁਝ ਕੁ ਸਮੇਂ ਦੌਰਾਨ ਉਹ ਵੀ ਜਾਤ ਅਭਿਮਾਨੀ ਤਬਕੇ ਕੋਲ਼ ਪਹੁੰਚ ਗਈ ਅਤੇ ਤੀਜੇ ਪਾਸੇ ਵਿਤਕਰੇ ਦਾ ਸ਼ਿਕਾਰ ਹੋਈਆਂ ਜਾਤਾਂ ਨੇ ਆਪਣੇ-ਆਪਣੇ ਧਾਰਮਿਕ ਅਸਥਾਨ ਬਣਾਉਣੇ ਸ਼ੁਰੂ ਕਰ ਦਿੱਤੇ।

ਮੇਰੇ ਵੇਖਣ ਦੀ ਗੱਲ ਹੈ ਕਿ ਇੱਕ ਨੌਜਵਾਨ ਚਮਾਰ ਜਾਤ ਤੋਂ ਸਿੰਘ ਸਜ ਗਿਆ ਅਤੇ ਗੁਰਦੁਆਰੇ ਜਾ ਕੇ ਦੇਗ ਵਰਤਾਉਣ ਲੱਗਾ ਤਾਂ ਇੱਕ ਬੀਬੀ ਜੋ ਅਖੌਤੀ ਜੱਟ ਜਾਤ ਨਾਲ਼ ਸੰਬੰਧਿਤ ਸੀ, ਨੇ ਉਸ ਤੋਂ ਪ੍ਰਸ਼ਾਦ ਲੈਣ ਤੋਂ ਨਾਂਹ ਕਰ ਦਿੱਤੀ। ਇਹੋ ਜਿਹੇ ਵਰਤਾਓ ਨਾਲ਼ ਏਕੇ ਦੀ ਲੜੀ 'ਚ ਗੁਰੂ ਸਾਹਿਬ ਵਲੋਂ ਪਰੋਏ ਹੋਏ ਮੋਤੀ ਬਿਖੇਰਨੇ ਸ਼ੁਰੂ ਕਰ ਦਿੱਤੇ ਗਏ। ਚਮਾਰ ਜਾਤ ਵਾਲ਼ਿਆਂ ਨੇ ਰਵਿਦਾਸ ਜੀ ਦੇ ਨਾਂ ਤੇ ਅਤੇ ਰੰਘਰੇਟੇ ਸਿੰਘਾਂ ਨੇ ਬਾਲਮੀਕ ਦੇ ਨਾਂ 'ਤੇ ਵੱਖ-ਵੱਖ ਤਰ੍ਹਾਂ ਦੇ ਨਿਸ਼ਾਨ ਬਣਾਉਣੇ ਸ਼ੁਰੂ ਕਰ ਦਿੱਤੇ। ਖੰਡੇ ਦੀ ਥਾਂ 'ਤੇ ਰੰਬੀ, ਆਰੀ ਅਤੇ ਤੀਰ ਕਮਾਨ ਅਤੇ ਤਰਖਾਣ ਜਾਤ ਵਾਲ਼ੇ ਸਿੰਘਾਂ ਨੇ ਕੁਝ ਹੋਰ ਹੀ ਤਰ੍ਹਾਂ ਦਾ ਨਿਸ਼ਾਨ ਬਣਾ ਕੇ ਲਾ ਦਿੱਤਾ। ਇਸੇ ਹੀ ਤਰ੍ਹਾਂ ਜੁਲਾਹਾ, ਛੀਂਬਾ ਜਾਤ, ਗੱਲ ਕੀ ਕਿ ਹਰੇਕ ਦਾ ਆਪਣਾ ਵੱਖਰਾ ਹੀ ਨਿਸ਼ਾਨ ਬਣ ਗਿਆ ਅਤੇ 'ਏਕਸ ਕੇ ਬਾਰਿਕ' ਤੋਂ ਮੁਨਕਰ ਹੋਣੇ ਸ਼ੁਰੂ ਹੋ ਗਏ।

ਇਨ੍ਹਾਂ ਮਨੂੰਮਤੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਨੂੰ ਵੀ ਵੱਖ-ਵੱਖ ਫ਼ਿਰਕਿਆਂ 'ਚ ਵੰਡ ਦਿੱਤਾ, ਜਿਸ ਸ਼ਰਤ ਨੂੰ ਨਾ ਮੰਨਦੇ ਹੋਏ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨੂੰ ਭਜਾ ਦਿੱਤਾ ਸੀ। ਸਿੱਖੀ ਗਿਆਨ ਤੋਂ ਅਨਜਾਣ ਲੋਕਾਂ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤਾਂ ਰੱਖ ਲਏ ਪਰ ਸੇਵਾ ਸੰਭਾਲ਼ ਦਾ ਨਾ ਪਤਾ ਹੋਣ ਕਰਕੇ ਜਾਣੇ ਅਨਜਾਣੇ ਬੇਅਦਬੀ ਕਰਨੀ ਸ਼ੁਰੂ ਕਰ ਦਿੱਤੀ। ਸਿੱਖੀ ਭੇਸ 'ਚ ਮਨੂੰਮਤੀ ਸਾਧਾਂ ਨੇ ਗੁਰੂ ਸਾਹਿਬ ਦਾ ਅੰਮ੍ਰਿਤ ਦਾ ਉਪਦੇਸ਼ ਦੇਣ ਦੀ ਥਾਂ ਆਪਣੇ ਪੈਰ ਧੋ ਕੇ ਸੰਗਤਾਂ ਨੂੰ ਪਿਲਾਉਣੇ ਸ਼ੁਰੂ ਕਰ ਦਿੱਤੇ। ਇਸੇ ਹੀ ਦੇਖਾ-ਦੇਖੀ 'ਚ ਹੋਰ ਵੀ ਕਈ ਨਕਲੀ ਗੁਰੂ ਪੈਦਾ ਹੋ ਗਏ, ਜਿਨ੍ਹਾਂ ਦੀ ਮੂਰਖਤਾ ਦਾ ਫ਼ਾਇਦਾ ਸਮੇਂ ਦੀਆਂ ਸਰਕਾਰਾਂ ਨੂੰ ਹੋਇਆ ਅਤੇ ਉਨ੍ਹਾਂ ਵੀ ਵੋਟਾਂ ਦੇ ਲਾਲਚ ਵਿਚ ਆ ਕੇ ਪਿੱਠ ਥਾਪੜੀ। ਫਲਸਰੂਪ ਰਾਧਾ ਸੁਆਮੀ, ਨਿਰੰਕਾਰੀ, ਕੂਕੇ ਗੁਰੂ ਪੈਦਾ ਹੋ ਗਏ। ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਜਿਸ ਦਾ ਪ੍ਰਬੰਧ ਟੁੱਕੜਬੋਚ ਘਟੀਆ ਲੋਕਾਂ ਕੋਲ਼ ਆਇਆ ਉਹ ਮਨੂੰਮਤੀ ਕੋਲ਼ੋਂ ਧਨ ਦੇ ਲਾਲਚ, ਕੁਰਸੀਆਂ ਦੇ ਲਾਲਚ ਆਪਣਾ ਜ਼ਮੀਰ ਵੇਚ ਚੁੱਕੇ ਹਨ ਅਤੇ ਅੱਜ ਸਾਡੇ ਕੇਂਦਰੀ ਅਸਥਾਨਾਂ ਤੋਂ ਵੀ ਮਨੂੰਮਤੀ ਹੁਕਮ ਹੀ ਚੱਲਦਾ ਹੈ। ਉਹ ਇਨ੍ਹਾਂ ਕੁਲ ਘਾਤੀ (ਪੰਥ ਘਾਤੀਆਂ) ਦੀ ਪਿੱਠ ਥਾਪੜਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ:

ਬਾਹਰ ਕੀ ਅਗਨ ਬੂਝਤ ਸੰਗ ਸਲਿਤਾ ਕੈ<br>
ਨਾਵ ਮੈ ਜੋ ਆਗ ਲਗੇ ਕੈਸੇ ਕੁ ਬੁਝਾਈਏ ਜੀ।

ਹੁਣ ਸਾਨੂੰ ਦੋਹਾਂ ਪਾਸਿਆਂ ਤੋਂ ਹੀ ਨੁਕਸਾਨ ਹੋ ਰਿਹਾ ਹੈ। ਆਪਣੇ ਕੇਂਦਰੀ ਅਸਥਾਨਾਂ 'ਤੇ ਬੈਠੇ ਮਸੰਦ ਅਤੇ ਪੰਥ ਵਿਰੋਧੀ ਡੇਰਾਵਾਦ, ਜਿਸ ਵਿਚ ਇੱਕ ਹੈ ਡੇਰਾ ਬੱਲਾਂ, ਜਿਸ ਵਿਚ ਗੁਰੂ ਪੰਥ ਤੇ ਗੁਰੂ ਗ੍ਰੰਥ ਵਿਰੋਧੀ ਗਤੀਵਿਧੀਆਂ ਮੈਂ ਖ਼ੁਦ ਵੇਖੀਆਂ ਹਨ ਤੇ ਜਿਨ੍ਹਾਂ ਵਿਚੋਂ ਮੈਂ ਆਪ ਜੀ ਨਾਲ਼ ਕੁਝ ਨੁਕਤੇ ਸਾਂਝੇ ਕਰਦਾ ਹਾਂ।

ਗੁਰੂ ਗ੍ਰੰਥ ਸਾਹਿਬ ਜੀ ਦੀ ਆੜ 'ਚ ਨਾਮ (ਅੰਮ੍ਰਿਤ) ਦੇਣਾ।

ਨਾਮ ਅਭਿਲਾਖੀ ਸੰਗਤਾਂ ਨੂੰ ਇਸ਼ਨਾਨ ਕਰਕੇ ਆਉਣ ਦੀ ਹਦਾਇਤ ਦਿੱਤੀ ਜਾਂਦੀ ਹੈ ਅਤੇ ਸਭ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬਿਠਾਇਆ ਜਾਂਦਾ ਹੈ। ਉਨ੍ਹਾਂ ਨੂੰ ਇੱਕ ਇੱਕ ਖ਼ਾਲੀ ਪਿਆਲਾ ਦੇ ਦਿੱਤਾ ਜਾਂਦਾ ਹੈ। ਫਿਰ ਬਾਬਾ ਨਿਰੰਜਣ ਦਾਸ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਮਿੱਠਾ ਖੋਰਿਆ ਹੋਇਆ ਜਲ਼ ਇੱਕ ਸੇਵਾਦਾਰ ਰਾਹੀਂ ਸਾਰਿਆਂ ਦੇ ਪਿਆਲਿਆਂ ਵਿਚ ਪਾਉਂਦਾ ਹੈ। ਉਸ ਨੂੰ ਪੀਣ ਤੋਂ ਬਾਅਦ ਉਨ੍ਹਾਂ ਸਾਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਸ਼ਬਦ ਪੜ੍ਹਨ ਲਈ ਦਿੱਤਾ ਜਾਂਦਾ ਹੈ ਤੇ ਨਾਲ਼ ਹੀ ਇਹ ਹਦਾਇਤ ਵੀ ਕੀਤੀ ਜਾਂਦੀ ਹੈ ਕਿ ਕਿਸੇ ਨੂੰ ਦੱਸਣਾ ਨਹੀਂ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਸੰਬੰਧੀ ਕੋਈ ਹਦਾਇਤ ਨਹੀਂ ਹੁੰਦੀ, ਕਿਉਂਕਿ ਓਥੇ ਗੁਰੂ ਤਾਂ ਨਿਰੰਜਣ ਦਾਸ ਹੈ, ਗ੍ਰੰਥ ਸਾਹਿਬ ਨਹੀਂ; ਸੋ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਨਹੀਂ ਦੱਸਿਆ ਜਾਂਦਾ। ਕੇਸ ਰੱਖਣ ਦੀ ਕੋਈ ਹਦਾਇਤ ਨਹੀਂ। ਹੋਰ ਕਿਸੇ ਕਿਸਮ ਦੀ ਕੋਈ ਬੰਦਿਸ਼ ਨਹੀਂ।

ਇਨ੍ਹਾਂ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਰਵਿਦਾਸ ਜੀ ਦੀ ਬਾਣੀ ਹੈ ਚਾਲੀ ਸ਼ਬਦ, ਪਰ ਫਿਰ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਆਪਣੀ ਪੂਜਾ ਕਿਉਂ? ਭਗਤ ਰਵਿਦਾਸ ਜੀ ਨੂੰ 'ਗੁਰੂ' ਤਾਂ ਸਿਰਫ਼ ਕਹਿਣ ਮਾਤਰ ਹੀ ਹੈ, ਅਸਲ ਗੁਰੂ ਤਾਂ ਆਪ ਬਣ ਗਿਆ ਡੇਰੇਦਾਰ। ਜੇਕਰ ਰਵਿਦਾਸ ਜੀ ਨੂੰ ਗੁਰੂ ਤਨੋ ਮਨੋਂ ਮੰਨਦੇ ਹਨ ਤਾਂ ਸਾਬਤ ਸੂਰਤ ਹੋਣ ਦਾ ਕਿਉਂ ਨਹੀਂ ਹੁਕਮ ਕਰਦੇ? ਨਸ਼ੇ ਛੱਡਣ ਦਾ ਉਪਦੇਸ਼ (ਪੱਕੇ ਤੌਰ 'ਤੇ) ਕਿਉਂ ਨਹੀਂ ਕਰਦੇ? ਨਿਤਾਪ੍ਰਤੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦਾ ਉਪਦੇਸ਼ ਕਿਉਂ ਨਹੀਂ ਕਰਦੇ? ਹਰ ਸਾਲ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਹਨ ਪਰ ਫਿਰ ਵੀ ਸੇਵਕਾਂ 'ਚੋਂ ਕੋਈ ਨਕਲੀ ਨਿਰੰਕਾਰੀ ਨੂੰ ਗੁਰੂ ਮੰਨਦਾ ਹੈ ਤੇ ਕੋਈ ਰਾਧਾ ਸਵਾਮੀ ਨੂੰ। ਭਗਤ ਰਵਿਦਾਸ ਦਾ ਸੇਵਕ ਕੋਈ ਨਹੀਂ। ਬ੍ਰਾਹਮਣ ਦੀ ਚਾਲ ਅਨੁਸਾਰ ਭਗਤ ਰਵਿਦਾਸ ਜੀ ਦੀ ਨੰਗੇ ਸਿਰ ਵਾਲ਼ੀ ਤਸਵੀਰ ਦੀ ਨੁਮਾਇਸ਼ ਕਰਦੇ ਹਨ। ਜਦੋਂ ਕਿ ਭਗਤ ਰਵਿਦਾਸ ਜੀ ਪਗੜੀਧਾਰੀ ਸਨ।

ਭਗਤ ਰਵੀਦਾਸ ਜੀ ਨੇ ਆਰਤੀ ਉਚਾਰੀ ਹੈ, ਜਿਸ ਵਿਚ ਪਖੰਡਾਂ ਦਾ ਖੰਡਨ ਕੀਤਾ ਹੈ, ਪਰ ਉਸ ਤੋਂ ਉਲ਼ਟ ਇਹ ਡੇਰੇਦਾਰ ਹਿੰਦੂਵਾਦੀ ਆਰਤੀ ਕਰਦੇ ਹਨ, ਸਭ ਕੁਝ ਜਾਣਦੇ ਹੋਏ ਵੀ ਇਨ੍ਹਾਂ ਡੇਰੇ ਵਾਲ਼ਿਆਂ ਤੇ ਭਗਤ ਰਵਿਦਾਸ ਜੀ ਦਾ ਜੀਵਨ ਮਿਲਗੋਭਾ ਕਰਕੇ ਕਵੀ ਕੌਸਤਵ ਸੁਲਤਾਨਪੁਰ ਵਾਲ਼ੇ ਕੋਲ਼ੋਂ ਲਿਖਾਇਆ ਜੋ ਕਿ ਸ਼ਰਾਬ-ਤੰਬਾਕੂ ਵਰਤਣ ਵਾਲ਼ਾ ਸ਼ਖ਼ਸ ਹੈ।

ਇਸ ਲਈ ਭਗਤ ਰਵਿਦਾਸ ਜੀ ਨੂੰ ਮੰਨਣ ਵਾਲ਼ਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੀ ਸੱਚ ਹੈ ਤੇ ਕੀ ਝੂਠ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇੱਥੇ ਕੀ ਕਰਨਾ ਬਣਦਾ ਹੈ? ਕੀ ਕਿਸੇ ਸਾਧ ਨੂੰ ਮਾਰ ਦੇਣਾ ਹੀ ਹੱਲ ਹੈ?

ਜੇਕਰ ਇੱਕ ਨੂੰ ਮਾਰੋਗੇ ਤਾਂ ਉਸ ਦੀ ਥਾਂ 'ਤੇ ਹੋਰ ਕਈ ਤਿਆਰ ਬੈਠੇ ਹੁੰਦੇ ਹਨ। ਜਿਸ ਤਰ੍ਹਾਂ ਕਿਸੇ ਬੂਟੇ ਜਾਂ ਰੁੱਖ ਨੂੰ ਸਿਰੋਂ ਕੱਟੋਗੇ ਤਾਂ ਉਸ ਦਾ ਮੁੱਢ ਹੋਰ ਵੀ ਮੋਟਾ ਹੋ ਜਾਵੇਗਾ। ਉਸ ਦੀਆਂ ਜੜ੍ਹਾਂ ਹੋਰ ਫੈਲਣਗੀਆਂ। ਅਸੀਂ ਉਨ੍ਹਾਂ ਨੂੰ ਛਾਂਗ ਕੇ ਖ਼ਤਮ ਕਰਨਾ ਚਾਹੁੰਦੇ ਹਾਂ ਪਰ ਇਹ ਹੋਰ ਫੈਲਣਗੇ, ਇਸ ਲਈ ਸਾਨੂੰ ਸਮੱਸਿਆ ਦੀ ਜੜ੍ਹ ਪੁੱਟਣੀ ਪਵੇਗੀ। ਮਨਮਤਿ ਦੀ ਜੜ੍ਹ ਪੁੱਟਣ ਦੇ ਦੋ ਤਰੀਕੇ ਹਨ:

1. ਗੁਰਮਤਿ ਦਾ ਪ੍ਰਚਾਰ
2. ਇੱਕਮੁੱਠ ਹੋ ਕੇ ਰਹਿਣਾ, ਲਾਮਬੰਦ ਹੋਣਾ

ਹੁਣ ਸਮਾਂ ਆ ਗਿਆ ਹੈ ਖ਼ਾਲਸੇ ਨੂੰ ਜਾਗਣ ਦਾ ਅਤੇ ਆਪਣੀ ਜੜ੍ਹ ਨੂੰ ਬਚਾਉਣ ਦਾ। ਕਿਹਾ ਜਾਂਦਾ ਹੈ ਕਿ ਜੇ ਵੱਡੇ ਤੋਂ ਵੱਡੇ ਰੁੱਖ ਨੂੰ ਖ਼ਤਮ ਕਰਨਾ ਹੋਵੇ ਤਾਂ ਉਸ ਦੀਆਂ ਜੜ੍ਹਾਂ ਕੁਤਰ ਦਿੱਤੀਆਂ ਜਾਂਦੀਆਂ ਹਨ। ਇਹ ਲੋਕ ਸਾਡੀਆਂ ਜੜ੍ਹਾਂ ਕੁਤਰ ਰਹੇ ਹਨ ਅਤੇ ਅਸੀਂ ਚੁੱਪ ਚਾਪ ਬੈਠੇ ਹਾਂ। ਉੱਠੋ! ਜਾਗੋ!! ਪਿੰਡ ਪਿੰਡ ਗੁਰਮਤਿ ਪੜ੍ਹਾਓ ਬੱਚਿਆਂ ਨੂੰ। ਖ਼ਾਲਸਾ ਬਣ ਕੇ ਲਾਮਬੰਦ ਹੋ ਕੇ ਗੁਰਬਾਣੀ ਅਤੇ ਸ਼ਸਤਰਾਂ ਦਾ ਅਭਿਆਸ ਸ਼ੁਰੂ ਕਰੋ। ਹਥਿਆਰ ਤਾਂ ਆਖ਼ਰੀ ਹੀਲਾ ਹੈ ਜੇ ਪਹਿਲਾਂ ਹੀ ਵਰਤਣਾ ਸ਼ੁਰੂ ਕਰ ਦਿੱਤਾ ਤਾਂ ਗੁਰੂ ਸਾਹਿਬ ਦੇ ਸਿਧਾਂਤ ਤੋਂ ਟੁੱਟ ਜਾਵਾਂਗੇ।

ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜਸਤ<br>
ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ॥

ਇਸ ਦੇ ਨਾਲ਼ ਹੀ ਵਿਆਨਾ ਦੇ ਪ੍ਰਤੀਕਰਮ 'ਚ ਪੰਜਾਬ 'ਚ ਹੜਦੰਗ ਮਚਾਉਣ ਵਾਲ਼ਿਆਂ 'ਚ ਵਧੇਰੇ ਅਜਿਹੇ ਅਨਸਰ ਸਨ, ਜਿਨ੍ਹਾਂ ਦਾ ਨਾ ਤਾਂ ਡੇਰਾ ਬੱਲਾਂ ਦੇ ਨਾਲ਼ ਕੁਝ ਲੈਣਾ ਦੇਣਾ ਸੀ ਤੇ ਨਾ ਹੀ ਭਗਤ ਰਵਿਦਾਸ ਜੀ ਦੇ ਨਾਲ। ਉਨ੍ਹਾਂ ਨੂੰ ਲੁੱਟ-ਮਾਰ ਦਾ ਮੌਕਾ ਮਿਲ਼ਿਆ ਤੇ ਉਨ੍ਹਾਂ ਰੱਜ ਕੀਤੀ, ਪੰਜਾਬ ਸਰਕਾਰ ਨਿਕੰਮੀ ਸਾਬਤ ਹੋਈ, ਅਜਿਹੀ ਸਰਕਾਰ ਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ।

## ਤਮੰਨਾ

ਮੈਂ ਰਾਹੀ ਗੁੰਮ ਰਾਹਾਂ ਦੀ<br>
ਪੰਧ ਲੰਮੇ ਲੰਮੇਰੇ ਨੇ।<br>
ਮੇਰੀ ਮੁੱਠੀ 'ਚ ਸੁਪਨੇ ਨੇ<br>
ਮੇਰੇ ਪੈਰਾਂ 'ਚ ਜੇਰੇ ਨੇ।

ਮੈਂ ਚਾਹਵਾਂ ਉਡਦੀਆਂ ਚਿੜੀਆਂ ਨੂੰ<br>
ਝੱਫੇ ਬਾਜ਼ ਨਾ ਕੋਈ,<br>
ਉਹ ਪਰ ਖੋਲ੍ਹਣ ਹਵਾਵਾਂ ਵਿਚ<br>
ਮਿਣਨ ਗਗਨਾਂ ਦੇ ਘੇਰੇ ਨੇ।

ਹੋਏ ਸੱਯਦ ਦਾ ਨਾ ਭੈਅ<br>
ਚਮਨ ਦੇ ਗੀਤ ਜਦ ਗਾਏ,<br>
ਆਜ਼ਾਦੀ ਬੁਲਬੁਲਾਂ ਦੀ ਨੂੰ<br>
ਮਿਲਣ ਚਮਨਾਂ ਦੇ ਖੇੜੇ ਨੇ।

ਮੇਰੀ ਲੋਚਾ ਹੈ ਮਾਨਵ ਹਿੱਤ<br>
ਮੇਰੀ ਤਲਾਸ਼ ਚਾਨਣ ਹੈ,<br>
ਬੜੀ ਮਾਸੂਮ ਸੱਧਰ ਹੈ<br>
ਬੜੇ ਜਾਬਰ ਹਨੇਰੇ ਨੇ।

ਮੇਰੀ ਧਰਤੀ ਦੇ ਹਾਕਮ ਖੇਲ੍ਹਦੇ<br>
ਨਿੱਤ ਖੇਲ ਹੀ ਕੋਝੇ,<br>
ਤੀਲੀ ਬਾਲ ਕੇ ਡਕਣ<br>
ਮਚੇ ਭਾਂਬੜ ਚੁਫੇਰੇ ਨੇ।

ਕੁਝ ਧਰਮਾਂ ਦੇ ਰਹਿਬਰ ਵੀ<br>
ਵਿਚਾਰੇ ਲੋਭ ਦੇ ਮਾਰੇ,<br>
ਲੁਕਾ ਲੈਂਦੇ ਕਪਟ ਸਾਰੇ<br>
ਮਖੌਟੇ ਪਹਿਨ ਜਿਹੜੇ ਨੇ।

ਨਿਖੁੱਟੇ ਕੂੜ ਨਾ ਹਾਲੇ<br>
ਨਾ ਲੱਭਾ ਸੱਚ ਦਾ ਚਾਨਣ,<br>
ਮਿਲਣੇ ਹਰ ਮੋੜ 'ਤੇ ਕਾਲਖ<br>
ਮਿਲਣ ਜਾਂ ਨਕਲੀ ਚਿਹਰੇ ਨੇ।

ਮੈਂ ਕਾਇਲ ਹਾਂ ਪਿਆਰਾਂ ਦੀ<br>
ਮਨੁੱਖਤਾ ਦੀ ਉਪਾਸ਼ਕ ਹਾਂ,<br>
ਭਲਾ ਸਰਬੱਤ ਦਾ ਚਾਹਾਂ<br>
ਵਿਸ਼ਵ ਦੇ ਦਰਦ ਮੇਰੇ ਨੇ।

ਲਿਖਣ ਬੈਠੀ ਤਮੰਨਾ ਜਦ<br>
ਕਲਮ ਦੀ ਨੋਕ ਰੋਈ ਹੈ,<br>
ਮੇਰੇ ਗੀਤਾਂ ਦੀ ਰੂਹ ਕੰਬੀ<br>
ਦੋ ਸਿੱਲ੍ਹੇ ਨੈਣ ਮੇਰੇ ਨੇ।

*-ਸਵਰਾਜ ਕੌਰ, ਵਾਸ਼ਿੰਗਟਨ*<br>
*ਫੋਨ:360-891-9189*

# ਹਾਸਾ

**ਅਮਰਦੀਪ ਸਿੰਘ ਅਮਰ**

ਹਾਸਾ ਕੁਦਰਤ ਵਲੋਂ ਮਨੁੱਖ ਦੀ ਝੋਲੀ ਵਿਚ ਪਾਇਆ ਹੋਇਆ ਅਨਮੋਲ ਤੋਹਫਾ ਹੈ। ਦੁਨੀਆਂ ਰੂਪੀ ਜੰਗਲ ਵਿਚ ਪਾਈਆਂ ਜਾਣ ਵਾਲੀਆਂ ਪ੍ਰਾਣੀ ਵੰਨਗੀਆਂ ਵਿਚੋਂ ਹਾਸਾ ਸਿਰਫ ਇਨਸਾਨ ਦੇ ਹਿੱਸੇ ਹੀ ਆਇਆ ਹੈ। ਕਹਾਵਤ ਹੈ ਕਿ ਹੱਸਦਿਆਂ ਦੇ ਘਰ ਵਸਦੇ। ਦੁਖ ਤੋਂ ਬਿਨਾ ਰੋਇਆ ਨਹੀਂ ਜਾ ਸਕਦਾ ਤੇ ਖੁਸ਼ੀ ਬਿਨਾ ਚਿਹਰੇ 'ਤੇ ਹਾਸੇ ਦੀਆਂ ਕਿਰਨਾਂ ਦੀ ਆਮਦ ਨਹੀਂ ਹੁੰਦੀ। ਜਿਸ ਤਰ੍ਹਾਂ ਸ਼ਾਂਤੀ ਭਰਪੂਰ ਚੁੱਪ ਗੰਭੀਰਤਾ ਦੀ ਪ੍ਰਤੀਕ ਮੰਨੀ ਜਾਂਦੀ ਹੈ, ਉਸੇ ਤਰ੍ਹਾਂ ਹਾਸਾ ਖੁਸ਼ੀਆਂ ਖੇੜਿਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਰੱਜ ਕੇ ਰੋਣ ਨੂੰ ਜੀਅ ਕਰਦਾ ਹੋਵੇ ਤਾਂ ਇਕੱਲ ਭਾਲ ਲੈਣੀ ਚਾਹੀਦੀ ਹੈ, ਪਰ ਹੱਸਣ ਲਈ ਸਾਥ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਸਕੇ ਸਬੰਧੀਆਂ, ਯਾਰਾਂ ਮਿੱਤਰਾਂ ਦੀ ਮਹਿਫਲ ਵਿਚ ਹਾਸੇ ਵੰਡਣਾ ਕਰਮਾਂ ਵਾਲਿਆਂ ਦੇ ਹਿੱਸੇ ਆਉਂਦਾ ਹੈ। ਆਪਣੇ ਆਪ ਵਿਚ ਜਾਂ ਫਿਰ ਇਕੱਲੇ ਹੱਸਣਾ ਮੂਰਖਤਾ ਦੀ ਨਿਸ਼ਾਨੀ ਮੰਨਿਆ ਗਿਆ ਹੈ। ਆਪਣੀ ਗੱਲ ਕਰਕੇ ਆਪ ਹੀ ਹੱਸਣ ਵਾਲਾ ਵਿਅਕਤੀ ਵੀ ਸਭਾ ਵਿਚ ਜੱਸ ਨਹੀਂ ਖੱਟਦਾ। ਬਿਮਾਰ ਦਾ ਪਤਾ ਲੈਣ ਗਿਆਂ ਜਾਂ ਫਿਰ ਮਰਨ ਵਾਲੇ ਘਰ ਹੱਸਣ ਵਰਗਾ ਮੂੰਹ ਬਣਾਈ ਫਿਰਨਾ ਬੇਵਕੂਫੀ ਜ਼ਾਹਰ ਕਰਦਾ ਹੈ। ਯਾਰਾਂ ਦੀ ਮਹਿਫਲ ਵਿਚ ਬੇਲੋੜੀ ਬਹਿਸ ਕਰਨ ਵਾਲੇ, ਜ਼ਿਆਦਾ ਚੁੱਪ ਰਹਿਣ ਵਾਲੇ ਅਤੇ ਬੇਲੋੜੇ ਗੰਭੀਰ ਵਿਅਕਤੀ ਚੰਗੇ ਮਿੱਤਰਾਂ ਦੇ ਸਾਥ ਤੋਂ ਵਾਂਝੇ ਰਹਿ ਜਾਇਆ ਕਰਦੇ ਹਨ। ਵਿਆਹ ਸ਼ਾਦੀਆਂ ਜਾਂ ਹੋਰ ਖੁਸ਼ੀ ਦੇ ਮੌਕਿਆਂ ਉਪਰ ਹਾਸੇ 'ਤੇ ਲਗਾਈ ਬੇਲੋੜੀ ਬੰਦਸ਼ ਮਨ ਮੁਟਾਵ ਜਾਂ ਰੋਸ ਦਾ ਪ੍ਰਤੀਕ ਹੋ ਨਿਬੜਦੀ ਹੈ।

ਜੇਕਰ ਉਮਰ ਦੇ ਪੜਾਵਾਂ ਵਲ ਧਿਆਨ ਮਾਰਿਆ ਜਾਵੇ ਤਾਂ ਬਚਪਨ ਖੇਡਦਾ ਹੈ, ਜਵਾਨੀ ਦੇ ਹਿੱਸੇ ਹਾਸੇ ਦੀਆਂ ਕਿਲਕਾਰੀਆਂ ਤੇ ਖੇੜੇ ਦੇ ਗੀਤ ਆਉਂਦੇ ਹਨ ਅਤੇ ਬੁਢਾਪੇ ਵਿਚ ਮਨੁੱਖ ਸਿਰਫ ਗਏ ਵੇਲੇ ਨੂੰ ਝੂਰ ਹੀ ਸਕਦਾ ਹੈ। ਕਿਹਾ ਜਾਂਦਾ ਹੈ ਕਿ ਹਾਸਾ ਤੇ ਹੰਝੂ ਦੋਵੇਂ ਹੀ ਔਰਤ ਦੇ ਹਥਿਆਰ ਹੁੰਦੇ ਹਨ ਅਤੇ ਮੌਕੇ ਬੇ-ਮੌਕੇ ਉਹ ਇਨ੍ਹਾਂ ਦੀ ਵਰਤੋਂ ਨਿੱਜ ਦੇ ਬਚਾਅ ਲਈ ਅਤੇ ਮਰਦ ਨੂੰ ਪ੍ਰੇਮ ਬਾਣ ਨਾਲ ਘਾਇਲ ਕਰਨੋਂ ਨਹੀਂ ਖੁੰਝਦੀ। ਜੇਕਰ ਦਿਲਾਂ ਵਿਚ ਪ੍ਰੇਮ ਅਗਨ ਮਘਦੀ ਹੋਵੇ ਤਾਂ ਸੁਰਖ ਬੁਲ੍ਹੀਆਂ 'ਚੋਂ ਸਫੁੱਟਤ ਹੋਣ ਵਾਲੇ ਹਾਸੇ ਅਬੋਲ ਭਾਸ਼ਾ ਦਾ ਕੰਮ ਦਿੰਦੇ ਹਨ। ਬੀਜ-ਬਿਜਾਈ ਦੇ ਦਿਨਾਂ ਵਿਚ ਕੀਤੀ ਘੌਲ ਜੱਟ ਨੂੰ ਮਹਿੰਗੇ ਭਾਅ ਹੋ ਕੇ ਟਕਰਦੀ ਹੈ ਅਤੇ ਅੱਲ੍ਹੜ ਉਮਰ ਦੇ ਹਾਸੇ ਕਈ ਵਾਰ ਉਮਰਾਂ ਦੇ ਰੋਣੇ ਪੱਲੇ ਪਾ ਜਾਇਆ ਕਰਦੇ ਹਨ।

ਭਗਤ ਰੱਬ ਦੀ ਬਖਸ਼ਿਸ਼ ਪ੍ਰਾਪਤ ਕਰਕੇ ਹੱਸਦਾ ਹੈ। ਵਿਦਵਾਨ ਜਾਂ ਕਲਾਕਾਰ ਸ਼ੋਭਾ ਦਾ ਭੁੱਖਾ ਹੋਇਆ ਕਰਦਾ ਹੈ। ਅਮੀਰ ਵਿਅਕਤੀ ਧਨ ਦੀਆਂ ਭਰੀਆਂ ਤਿਜ਼ੋਰੀਆਂ ਜਾਂ ਬੈਂਕ ਬੈਲੰਸ ਦੇਖ ਕੇ ਹੰਕਾਰੀ ਹਾਸਾ ਹੱਸਦਾ ਹੈ। ਜ਼ਾਲਮ ਵਿਅਕਤੀ ਕਿਸੇ ਨੂੰ ਦੁਖ ਦੇ ਕੇ ਹੱਸਦਾ ਹੈ। ਸੂਰਮਾ ਰਣ ਜਿੱਤ ਕੇ ਹੱਸਦਾ ਹੈ। ਪ੍ਰੇਮੀ ਮਨ ਪ੍ਰੀਤਮ ਦੀ ਯਾਦ ਵਿਚ ਖੀਵਾ ਹੋ ਕੇ ਹੱਸਦਾ ਹੈ। ਗਰੀਬ ਦਾ ਹਾਸਾ ਕੁਝ ਪਲਾਂ ਦਾ ਹੀ ਹੋਇਆ ਕਰਦਾ ਹੈ, ਕਿਉਂਕਿ ਉਸਨੂੰ ਨਿਰਧਨਤਾ ਦੀ ਚਿੰਤਾ ਅਤੇ ਰੋਟੀ ਦਾ ਫਿਕਰ ਹੱਸਣ ਦਾ ਮੌਕਾ ਹੀ ਨਹੀਂ ਦਿੰਦਾ। ਕਿਹਾ ਜਾਂਦਾ ਹੈ ਕਿ ਔਰਤਾਂ ਦਾ ਟੋਲਾ ਵਿਆਹ ਵਿਚ, ਰਾਹ ਵਿਚ ਤੁਰੇ ਜਾਂਦਿਆਂ ਅਤੇ ਕਪਾਹ ਚੁਗਦਿਆਂ ਜ਼ਿਆਦਾ ਹਾਸੇ ਬਿਖੇਰਦਾ ਹੈ। ਮਾਂ, ਜਵਾਨ ਹੋ ਰਹੇ ਪੁੱਤਾਂ ਦੇ ਚਿਹਰੇ ਨਿਹਾਰ ਕੇ ਖੁਸ਼ ਹੁੰਦੀ ਹੈ। ਮੁਟਿਆਰ ਜਦ ਕੰਤ ਘਰੇ ਆਵੇ ਤਾਂ ਹਾਸੇ ਬਿਖੇਰਦੀ ਹੈ। ਬੱਚਾ ਖਿਡੌਣਾ ਅਤੇ ਮਠਿਆਈਆਂ ਦੇਖ ਕੇ ਹੱਸਦਾ ਹੈ।

ਮੂਰਖ ਲੋਕ ਦੂਸਰਿਆਂ ਉਪਰ ਹੱਸਦੇ ਹਨ। ਸੰਤ ਸੁਭਾਅ ਵਿਅਕਤੀ ਕਾਦਰ ਦੀ ਕੁਦਰਤ ਨੂੰ ਨਿਹਾਰ ਕੇ ਪ੍ਰਸੰਨ ਹੁੰਦਾ ਅਤੇ ਹੱਸਦਾ ਹੈ। ਜੇਕਰ ਨਵ-ਵਿਆਹੀ ਦੀ ਝਾਂਜਰ ਅਤੇ ਹਾਸਾ ਸਹੁਰੇ ਘਰ ਦੇ ਵਿਹੜੇ ਵਿਚ ਨਹੀਂ ਛਣਕਦੇ ਤਾਂ ਸਮਝਣਾ ਚਾਹੀਦਾ ਹੈ ਕੋਈ ਨਾ ਕੋਈ ਹੇਰਵਾ ਜ਼ਰੂਰ ਮਨ ਨੂੰ ਘੁਣ ਵਾਂਗ ਚਿੰਬੜਿਆ ਹੋਇਆ ਹੈ। ਵਿਧਵਾ ਔਰਤ ਦੇ ਜੀਵਨ ਵਿਚ 'ਹਾਸਾ' ਨਾਂ ਦੀ ਕੋਈ ਚੀਜ਼ ਨਹੀਂ ਹੋਇਆ ਕਰਦੀ। ਕੰਜਰੀ ਨੂੰ ਹਾਸਾ ਪੈਸੇ ਦੀ ਟੁਣਕਾਰ ਸੁਣ ਕੇ ਆਉਂਦਾ ਹੈ। ਕੁਆਰੀਆਂ ਕੁੜੀਆਂ ਦਾ ਗਲੀ ਮੁਹੱਲੇ ਅਤੇ ਸਾਂਝੇ ਵਿਹੜੇ ਵਿਚ ਬੇਲੋੜਾ ਹੱਸਣਾ ਚੰਗਾ ਨਹੀਂ ਸਮਝਿਆ ਜਾਂਦਾ। ਫੌਜੀ ਜਰਨੈਲਾਂ ਲਈ ਹੱਸਣ ਨਾਲੋਂ ਗੰਭੀਰ ਰਹਿਣਾ ਜ਼ਿਆਦਾ ਜ਼ਰੂਰੀ ਹੁੰਦਾ ਹੈ। ਵੱਡੇ ਬਦਲੇ ਲੈਣ ਵਾਲੇ ਯੋਧੇ ਜ਼ਿੰਦਗੀ ਵਿਚ ਬਹੁਤ ਘੱਟ ਹੱਸਦੇ ਹਨ। ਜ਼ਿੰਦਗੀ ਦੇ ਸਿੱਧੇ ਸਾਦੇ ਸਫਰ ਵਿਚ ਤੁਰਦਿਆਂ ਵਾਪਰੇ ਵੱਡੇ ਹਾਸਿਆਂ ਨੂੰ ਸਦਾ ਲਈ ਲੁੱਟ ਕੇ ਲੈ ਜਾਂਦੇ ਹਨ। ਕਹਿੰਦੇ ਹਨ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਵੇਰਵਾ ਕਲਗੀਧਰ ਪਾਤਸ਼ਾਹ ਕੋਲੋਂ ਸੁਣਨ ਤੋਂ ਬਾਅਦ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਆਪਣੀ ਰਹਿੰਦੀ ਜ਼ਿੰਦਗੀ ਵਿਚ ਸਿਰਫ ਦੋ ਵਾਰ ਹੀ ਹੱਸ ਸਕਿਆ ਸੀ। ਪਹਿਲੀ ਵਾਰੀ ਜਦ ਉਹ ਆਪਣੇ ਸਾਥੀਆਂ ਸਮੇਤ ਲਾਲ ਕਿਲੇ ਦੇ ਨੇੜਿਓਂ ਦਰਿਆਈ ਜਮਨਾ ਪਾਰ ਕਰ ਰਿਹਾ ਸੀ ਤਾਂ ਚੰਨ ਦੀ ਚਾਨਣੀ ਵਿਚ ਦੂਰੋਂ ਦਿਸ ਰਹੇ ਲਾਲ ਕਿਲੇ ਵਲ ਵੇਖ ਕੇ ਮੱਠਾ ਜਿਹਾ ਹੱਸਿਆ। ਬਾਬੇ ਦੇ ਸਾਥੀ ਭਾਈ ਬਾਜ ਸਿੰਘ ਨੇ ਬਾਬੇ ਕੋਲੋਂ ਇਹ ਰਮਜ਼ੀ ਹਾਸਾ ਹੱਸਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ "ਸਰਹੰਦ ਨਾਲ ਨਜਿੱਠ ਆਈਏ ਫਿਰ ਕਦੇ ਇਹਨੂੰ ਵੀ ਮਿਲਾਂਗੇ...।" ਪਰ ਸ਼ਾਇਦ ਅਜਿਹਾ ਹੋਣਾ ਵਿਧੀ ਦੇ ਵਿਧਾਨ ਵਿਚ ਨਹੀਂ ਲਿਖਿਆ ਸੀ। ਫਿਰ ਦੂਸਰੀ ਵਾਰ ਬਾਬਾ ਬੰਦਾ ਸਿੰਘ ਬਾਹਦਰ ਉਸੇ ਲਾਲ ਕਿਲੇ ਨੂੰ ਦੇਖ ਕੇ ਉਦੋਂ ਹੱਸਿਆ, ਜਦੋਂ ਉਸਨੂੰ ਆਪਣੇ ਸਾਥੀ ਸਿੰਘਾਂ ਸਮੇਤ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ। ਜਦ ਬਾਬੇ ਤੇ ਉਹਦੇ ਸਾਥੀਆਂ ਨੂੰ ਜਲੂਸ ਦੀ ਸ਼ਕਲ ਵਿਚ ਲਾਲ ਕਿਲੇ ਸਾਹਮਣਿਉਂ ਕੱਢਿਆ ਗਿਆ ਤਾਂ ਬਾਬਾ ਫਿਰ ਹੱਸਿਆ। ਭਾਈ ਬਾਜ ਸਿੰਘ ਸਬੱਬੀਂ ਬਾਬੇ ਦੇ ਨਾਲ ਹੀ ਸੀ। ਉਨ੍ਹਾਂ ਨੇ ਫਿਰ ਹੱਸਣ ਦਾ ਕਾਰਨ ਪੁੱਛਿਆ ਤਾਂ ਬਾਬੇ ਨੇ ਲਾਲ ਕਿਲੇ ਵਲ ਵੇਖਦਿਆਂ ਉੱਤਰ ਦਿੱਤਾ, "ਕਿਸਮਤ ਦਾ ਬਲੀ ਨਿਕਲਿਆ ਤਾਂ ਹੀ ਖਾਲਸੇ ਦੇ ਹੱਥੋਂ ਬਚ ਗਿਆ।"

ਮਹਾਨ ਪੁਰਖਾਂ ਦੇ ਹਾਸੇ ਵਿਚ ਰਮਜ਼ਾਂ ਲੁਕੀਆਂ ਹੁੰਦੀਆਂ ਹਨ, ਮੂਰਖ ਅਕਾਰਨ ਹੱਸਦੇ ਹਨ ਅਤੇ ਦੀਵਾਨੇ ਆਪਣੇ ਮਹਿਬੂਬ ਦੇ ਹਾਸੇ ਵਿਚੋਂ ਰੱਬ ਦੇ ਦੀਦਾਰ ਕਰਦੇ ਹਨ। ਉਨ੍ਹਾਂ ਦੀ ਹਮੇਸ਼ਾ ਇਹੋ ਦੁਆ ਹੁੰਦੀ ਹੈ-

ਯਾ ਖੁਦਾ ਤੇਰੇ ਦਰ ਪੇ<br>
ਹਮ ਫਰਿਆਦ ਕਰਤੇ ਹੈਂ<br>
ਹਸਤਾ ਰਹੇ ਵੋਹ ਸਦਾ<br>
ਜਿਸੇ ਹਮ ਯਾਦ ਕਰਤੇ ਹੈਂ।

ਸੱਚਮੁੱਚ ਦੋ ਪਲ ਦੇ ਹਾਸੇ ਵਿਚ ਜ਼ਿੰਦਗੀ ਦੇ ਕਈ ਅਰਥਾਂ ਭਰਪੂਰ ਰਾਜ ਛੁਪੇ ਹੁੰਦੇ ਹਨ। ਕਿਸੇ ਲੋਕ ਕਵੀ ਨੇ ਐਵੇਂ ਤਾਂ ਨਹੀਂ ਆਖ ਦਿੱਤਾ 'ਤੇਰੇ ਚਿੱਟਿਆਂ ਦੰਦਾਂ ਦਾ ਹਾਸਾ ਨੀ ਲੈ ਗਿਆ ਸਾਡੀ ਜਿੰਦ ਕੱਢ ਕੇ...।'

## ਫਿਲਮ ਕਾਰਨ ਅਨਿਲ-ਅਕਸ਼ੈ 'ਚ ਗਰਮਾ ਗਰਮ ਬਹਿਸ





ਅਨਿਲ ਕਪੂਰ ਅਤੇ ਅਕਸ਼ੈ ਖੰਨਾ ਆਪਸ ਵਿਚ ਗਹਿਰੇ ਦੋਸਤ ਹਨ, ਪਰ ਇਨ੍ਹਾਂ ਵਿਚਾਲੇ ਹਾਲ ਹੀ ਵਿਚ 'ਗਰਮਾਗਰਮ ਬਹਿਸ' ਹੋ ਗਈ। ਸੂਤਰਾਂ ਮੁਤਾਬਕ ਅਨਿਲ ਨੇ ਅਕਸ਼ੈ ਨੂੰ ਫੋਨ 'ਤੇ ਆਪਣੀ ਨਵੀਂ ਫਿਲਮ 'ਸ਼ਾਰਟਕਟ-ਦ-ਕੌਨ ਇਜ਼ ਔਨ' ਦੇ ਪ੍ਰਚਾਰ ਵਿਚ ਹਿੱਸਾ ਨਾ ਲੈਣ ਲਈ ਜੰਮ ਕੇ ਮਿਹਣੇ ਦਿੱਤੇ। ਪ੍ਰੋਡਕਸ਼ਨ ਟੀਮ ਨਾਲ ਜੁੜੇ ਇਕ ਸ਼ਖਸ਼ ਮੁਤਾਬਕ, 'ਫਿਲਮ ਦੇ ਪ੍ਰਚਾਰ ਨਾਲ ਜੁੜੇ ਕਾਰਜ ਖੇਤਰਾਂ ਵਿਚ ਅਕਸ਼ੈ ਨੇ ਹਾਲੇ ਤੱਕ ਹਿੱਸਾ ਨਹੀਂ ਲਿਆ ਹੈ। ਇਸ ਦੀ ਵਜ੍ਹਾ ਅਰਸ਼ਦ ਵਾਰਸੀ ਨਾਲ ਉਨ੍ਹਾਂ ਦੇ ਵਿਚਾਰਕ ਮਤਭੇਦ ਹਨ। ਨਤੀਜੇ ਵਜੋਂ ਜਿੱਥੇ ਅਰਸ਼ਦ ਮੌਜੂਦ ਰਹਿੰਦੇ ਹਨ, ਉਥੋਂ ਅਕਸ਼ੈ ਕਿਨਾਰਾ ਕਰ ਜਾਂਦੇ ਹਨ। ਇਸ ਬਾਰੇ ਉਨ੍ਹਾਂ ਦਾ ਰਟਿਆ-ਰਟਾਇਆ ਬਹਾਨਾ ਇਹੀ ਹੁੰਦਾ ਹੈ ਕਿ ਤਬੀਅਤ ਖਰਾਬ ਸੀ। ਇਸ ਤਰ੍ਹਾਂ ਜਦੋਂ ਦੋ ਵਾਰੀ ਲਗਾਤਾਰ ਹੋਇਆ ਤਾਂ ਅਸੀਂ ਇਸ ਦੀ ਜਾਣਕਾਰੀ ਅਨਿਲ ਨੂੰ ਦੇਣਾ ਠੀਕ ਸਮਝਿਆ। ਇਹ ਜਾਣਣ ਤੋਂ ਬਾਅਦ ਅਨਿਲ ਨੇ ਨਾਰਾਜ਼ ਹੋਣਾ ਹੀ ਸੀ।

ਇਸ ਤੋਂ ਬਾਅਦ ਹੀ ਅਨਿਲ ਨੇ ਅਕਸ਼ੈ ਨੂੰ ਫੋਨ ਲਾਇਆ ਅਤੇ ਸਾਰੀਆਂ ਗੱਲਾਂ ਖੁੱਲ੍ਹ ਕੇ ਕਰਨਾ ਠੀਕ ਸਮਝਿਆ। ਸੂਤਰ ਦੱਸਦੇ ਹਨ ਕਿ ਅਨਿਲ ਨੇ ਅਕਸ਼ੈ ਨੂੰ ਕਿਹਾ, 'ਫਿਲਮ ਦੇ ਪ੍ਰਮੋਸ਼ਨ ਨਾਲ ਜੁੜਿਆ ਪ੍ਰਬੰਧ ਕਾਂਟ੍ਰੈਕਟ ਵਿਚ ਹੈ ਤੇ ਜੇਕਰ ਕਲਾਕਾਰ ਇਸ ਤਰ੍ਹਾਂ ਨਹੀਂ ਕਰਦਾ ਤਾਂ ਉਹ ਕਾਂਟ੍ਰੈਕਟ ਦਾ ਉਲੰਘਣ ਕਰ ਰਿਹਾ ਹੈ।' ਲਾਸ ਏਂਜਲਸ ਵਿਚ ਅਨਿਲ ਕਪੂਰ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਨੇ ਅਕਸ਼ੈ ਨਾਲ ਫੋਨ 'ਤੇ ਗੱਲ ਕਰਨਾ ਤਾਂ ਸਵੀਕਾਰ ਕੀਤਾ, ਪਰ ਇਹ ਜੋੜਨਾ ਨਹੀਂ ਭੁੱਲੇ ਕਿ ਉਹ ਠੀਕ ਪੱਧਰ 'ਤੇ ਆਪਣੀ ਫਿਲਮ ਦੇ ਕਲਾਕਾਰਾਂ ਦੇ ਸੰਪਰਕ ਵਿਚ ਰਹਿੰਦੇ ਹਨ। ਇਸ ਸੰਦਰਭ ਵਿਚ ਉਨ੍ਹਾਂ ਨੇ ਦੱਸਿਆ, 'ਮੈਂ ਆਪਣੀ ਫਿਲਮ ਦੇ ਕਲਾਕਾਰਾਂ ਨੂੰ ਦਿਸ਼ਾ-ਨਿਰਦੇਸ਼ ਦਿੰਦਾ ਰਹਿੰਦਾ ਹਾਂ। ਕਿਉਂਕਿ ਮੈਂ ਫਿਲਮ ਦੇ ਪ੍ਰਦਰਸ਼ਨ ਸਮੇਂ ਬਾਹਰ ਸਾਂ, ਇਸ ਲਈ ਫੋਨ 'ਤੇ ਹੀ ਗੱਲਾਂ ਕਰ ਲੈਂਦਾ ਹਾਂ। ਇਸ ਬਾਬਤ ਅਕਸ਼ੈ ਨਾਲ ਸੰਪਰਕ ਨਹੀਂ ਹੋ ਸਕਿਆ, ਪਰ ਸੂਤਰਾਂ ਮੁਤਾਬਕ, ਅਨਿਲ ਦਾ ਅਕਸ਼ੈ ਨੂੰ ਫੋਨ ਆਇਆ ਸੀ ਅਤੇ ਉਨ੍ਹਾਂ ਵਿਚਾਲੇ ਫਿਲਮ ਦੇ ਪ੍ਰਮੋਸ਼ਨ ਨੂੰ ਲੈ ਕੇ ਬਹਿਸ ਹੋਈ ਹੈ।

## ਆਪਣੇ ਨਾਂ ਨਾਲ ਚਲਦੀ ਨਕਲੀ ਪ੍ਰੋਫਾਈਲ ਤੋਂ ਪ੍ਰੇਸ਼ਾਨ ਸ਼ਾਹਿਦ



ਤਮਾਮ ਹੋਰ ਸ਼ਖਸੀਅਤਾਂ ਨੂੰ ਜਿਸ ਤਰ੍ਹਾਂ ਇਹ ਜਾਣ ਕੇ ਝਟਕਾ ਲੱਗਿਆ ਸੀ ਕਿ ਉਨ੍ਹਾਂ ਦੇ ਨਾਂ ਨਾਲ ਲੋਕਾਂ ਨੇ ਫਰਜ਼ੀ ਪ੍ਰੋਫਾਈਲ ਬਣਾ ਰੱਖੀ ਹੈ, ਠੀਕ ਉਸੇ ਤਰ੍ਹਾਂ ਹੁਣ ਸ਼ਾਹਿਦ ਕਪੂਰ ਨਾਲ ਵੀ ਇਹ ਵਾਕਿਆ ਵਾਪਰਿਆ ਹੈ। ਕਿਸੇ ਨੇ ਟਵਿੱਟਰ 'ਤੇ ਉਨ੍ਹਾਂ ਦੀ ਪ੍ਰੋਫਾਈਲ ਬਣਾ ਦਿੱਤੀ ਹੈ ਅਤੇ ਉਹ ਅਸਲ ਸ਼ਾਹਿਦ ਬਣ ਕੇ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਸੰਪਰਕ ਵਿਚ ਹੈ। ਸ਼ਾਹਿਦ ਨਾਲ ਜੁੜੇ ਇਕ ਨਜ਼ਦੀਕੀ ਸੂਤਰ ਮੁਤਾਬਕ, 'ਕਿਸੇ ਨੇ ਸ਼ਾਹਿਦ ਦੇ ਨਾਂ 'ਤੇ ਪ੍ਰੋਫਾਈਲ ਬਣਾ ਲਈ ਹੈ ਅਤੇ ਉਹ ਇਸ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੇ ਹਨ। ਮੁਸ਼ਕਲ ਇਹ ਹੈ ਕਿ ਉਹ ਸ਼ਖਸ਼ ਅਸਲੀ ਸ਼ਾਹਿਦ ਬਣ ਕੇ ਉਨ੍ਹਾਂ ਦੇ ਪ੍ਰਸ਼ੰਸਕਾਂ ਨਾਲ ਪੇਸ਼ ਆ ਰਿਹਾ ਹੈ। ਇਹ ਸਪੱਸ਼ਟ ਤੌਰ 'ਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਨਾਲ ਧੋਖਾਧੜੀ ਹੈ।'

ਸੂਤਰ ਮੁਤਾਬਕ 'ਸ਼ਾਹਿਦ ਇਸ ਮੁਸ਼ਕਲ ਨੂੰ ਵਧਣ ਤੋਂ ਪਹਿਲਾਂ ਹੀ ਜੜ੍ਹ ਤੋਂ ਖਤਮ ਕਰ ਦੇਣਾ ਚਾਹੁੰਦੇ ਹਨ।' ਉਨ੍ਹਾਂ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਉਹ ਫਰਜ਼ੀ ਸ਼ਖਸ ਉਨ੍ਹਾਂ ਦੇ ਨਾਂ ਦਾ ਗਲਤ ਇਸਤੇਮਾਲ ਕਰਕੇ ਕਿਸੇ ਨੂੰ ਧੋਖਾ ਦੇ ਸਕਦਾ ਹੈ ਜਾਂ ਕੁਝ ਅਜਿਹਾ ਕਰ ਸਕਦਾ ਹੈ ਜੋ ਸਮਾਜਕ ਮਾਨਤਾਵਾਂ ਦੇ ਉਲਟ ਹੋਵੇ। ਇਸ ਲਈ ਅਜਿਹਾ ਕੁਝ ਵਾਪਰਨ 'ਤੇ ਸ਼ਾਹਿਦ ਦਾ ਅਕਸ ਹੀ ਪ੍ਰਭਾਵਤ ਹੋਵੇਗਾ ਅਤੇ ਉਹ ਵੀ ਮੁਸੀਬਤ ਵਿਚ ਪੈ ਸਕਦਾ ਹੈ।' ਇਸ ਬਾਰੇ ਸੰਪਰਕ ਕਰਨ 'ਤੇ ਸ਼ਾਹਿਦ ਨੇ ਦੱਸਿਆ, 'ਇਹ ਗੱਲ ਮੇਰੇ ਕੁਝ ਦੋਸਤਾਂ ਨੇ ਦੱਸੀ ਕਿ ਟਵਿੱਟਰ 'ਤੇ ਮੇਰੇ ਨਾਂ ਨਾਲ ਇਕ ਪ੍ਰੋਫਾਈਲ ਚੱਲ ਰਹੀ ਹੈ। ਇਸ ਦੇ ਜਰੀਏ ਸਬੰਧਤ ਸ਼ਖਸ ਮੇਰੇ ਪ੍ਰਸ਼ੰਸਕਾਂ ਦੇ ਰੂ-ਬ-ਰੂ ਹੋ ਰਿਹਾ ਹੈ। ਮੇਰੇ ਪ੍ਰਸ਼ੰਸਕ ਨਹੀਂ ਜਾਣਦੇ ਹਨ ਕਿ ਉਹ ਇਕ ਫਰਜ਼ੀ ਆਈ.ਡੀ. ਹੈ।' ਇਸ ਸੰਦਰਭ ਵਿਚ ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਇਹ ਪ੍ਰੋਫਾਈਲ ਜਲਦੀ ਹੀ ਬੰਦ ਨਹੀਂ ਹੁੰਦੀ ਹੈ ਤਾਂ ਸ਼ਾਹਿਦ ਮਾਮਲੇ 'ਤੇ ਸਾਈਬਰ ਅਪਰਾਧ ਰੋਕੂ ਸੰਸਥਾ ਦੀ ਮਦਦ ਲੈ ਸਕਦਾ ਹੈ।

## ਆਸ਼ੂਤੋਸ਼ ਗੋਵਾਰੀਕਰ ਤੋਂ ਸਖ਼ਤ ਨਾਰਾਜ਼ ਹੈ ਪ੍ਰਿਅੰਕਾ ਚੋਪੜਾ



ਸਾਰਿਆਂ ਨਾਲ 'ਦੋਸਤਾਨਾ' ਰਿਸ਼ਤਾ ਰੱਖਣ ਵਾਲੀ ਪ੍ਰਿਯੰਕਾ ਚੋਪੜਾ ਕਿੰਨੇ ਵੀ ਠੰਢੇ ਸੁਭਾਅ ਦੀ ਹੋਵੇ, ਪਰ ਗਲਤ ਗੱਲ 'ਤੇ ਨਰਾਜ਼ ਹੋਣ ਦਾ ਹੱਕ ਤਾਂ ਉਸ ਨੂੰ ਵੀ ਹੈ। ਆਸ਼ੂਤੋਸ਼ ਗੋਵਾਰੀਕਰ ਨਾਲ ਉਨ੍ਹਾਂ ਦੀ ਨਾਰਾਜ਼ਗੀ ਜਾਇਜ਼ ਵੀ ਹੈ। ਤੁਹਾਨੂੰ ਪਤਾ ਹੀ ਹੋਵੇਗਾ ਕਿ ਹਾਲ ਹੀ ਵਿਚ ਆਈਫਾ ਐਵਾਰਡ ਸਮਾਰੋਹ ਵਿਚ ਫਿਲਮ 'ਫੈਸ਼ਨ' ਲਈ ਬੈਸਟ ਐਕਟ੍ਰੇਸ ਦਾ ਐਵਾਰਡ ਮਿਲਣ 'ਤੇ ਪ੍ਰਿਯੰਕਾ ਨੂੰ ਆਸ਼ੂਤੋਸ਼ ਨੇ ਇਸ ਐਵਾਰਡ ਲਈ ਅਯੋਗ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ। ਪ੍ਰਿਯੰਕਾ ਸਮਾਰੋਹ ਦੀ ਮਰਿਆਦਾ ਬਣਾਈ ਰੱਖਣ ਲਈ ਉਸ ਸਮੇਂ ਤਾਂ ਕੁਝ ਨਹੀਂ ਬੋਲੀ, ਪਰ ਅੰਦਰ ਹੀ ਅੰਦਰ ਉਹ ਉਨ੍ਹਾਂ ਨਾਲ ਬਹੁਤ ਨਾਰਾਜ਼ ਹੈ। ਖਾਸ ਸੂਤਰਾਂ ਅਨੁਸਾਰ ਪ੍ਰਿਅੰਕਾ ਇੰਨੀ ਨਾਰਾਜ਼ ਹੈ ਕਿ ਉਨ੍ਹਾਂ ਨੇ ਆਸ਼ੂਤੋਸ਼ ਦੀ ਆਉਣ ਵਾਲੀ ਫਿਲਮ 'ਵੱਟ ਇਜ਼ ਯੂਅਰ ਰਾਸ਼ੀ' ਦੇ ਪ੍ਰਮੋਸ਼ਨ ਤੋਂ ਵੀ ਦੂਰ ਰਹਿਣ ਦਾ ਫੈਸਲਾ ਕੀਤਾ ਹੈ।

## 'ਦਿਲ ਬੋਲੇ ਹੜੀਪਾ' ਨੂੰ ਲੈ ਕੇ ਉਤਸ਼ਾਹਤ ਰਾਣੀ

ਕੋਈ ਸਮਾਂ ਸੀ ਜਦੋਂ ਰਾਣੀ ਮੁਖਰਜੀ ਦਾ ਜਾਦੂ ਫਿਲਮ ਨਗਰੀ ਵਿਚ ਸਿਰ ਚੜ੍ਹ ਕੇ ਬੋਲਦਾ ਸੀ। ਪਿੱਛੇ ਜਿਹੇ ਉਸ ਦਾ ਇਕਦਮ ਸੁਨਹਿਰੇ ਪਰਦੇ ਤੋਂ ਗਾਇਬ ਹੋਣਾ ਕਈ ਫਿਲਮੀ ਪ੍ਰਸ਼ੰਸਕਾਂ ਨੂੰ ਭਾਵੇਂ ਚੰਗਾ ਨਾ ਲੱਗਿਆ ਹੋਵੇ, ਪਰ ਲੱਗਦਾ ਹੈ ਸ਼ਾਇਦ ਰਾਣੀ ਨੇ ਵੀ ਹੁਣ ਸਾਲ ਵਿਚ ਇਕ ਹੀ ਫਿਲਮ ਕਰਨ ਦਾ ਫੈਸਲਾ ਕੀਤਾ ਹੈ। ਜਦੋਂ ਉਸ ਨੂੰ ਉਸ ਦੀ ਨਵੀਂ ਫਿਲਮ 'ਦਿਲ ਬੋਲੇ ਹੜੀਪਾ' ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਇਸ ਤਰ੍ਹਾਂ ਮੇਰੇ ਨਾਲ ਹਮੇਸ਼ਾ ਹੁੰਦਾ ਹੈ। ਜਦ ਵੀ ਮੇਰੀ ਕੋਈ ਫਿਲਮ ਨਿਰਮਾਣ ਅਧੀਨ ਹੁੰਦੀ ਹੈ, ਮੈਨੂੰ ਉਸ ਫਿਲਮ ਤੋਂ ਇਲਾਵਾ ਕੁਝ ਵੀ ਨਹੀਂ ਸੁਝਦਾ। ਇਸ ਸਮੇਂ ਤਾਂ ਇਸ ਤੋਂ ਇਲਾਵਾ ਮੇਰੀ ਕੋਈ ਦੂਜੀ ਫਿਲਮ ਫਲੋਰ 'ਤੇ ਵੀ ਨਹੀਂ ਹੈ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੁਸੀਂ ਇਸ ਫਿਲਮ ਵਿਚ ਕਾਫੀ ਕ੍ਰਿਕਟ ਖੇਡੀ ਹੈ ਤਾਂ ਉਸ ਨੇ ਕਿਹਾ, ਤੁਸੀਂ ਇਸ ਬਹਾਨੇ ਫਿਲਮ ਦੇ ਵਿਸ਼ੇ ਬਾਰੇ ਮੇਰੇ ਤੋਂ ਕੁਝ ਜਾਣਨਾ ਚਾਹੁੰਦੇ ਹੋ। ਪਲੀਜ਼, ਇਸ ਬਾਰੇ ਵਿਚ ਕੁਝ ਨਾ ਪੁਛੋ।

ਇਸ ਫਿਲਮ ਬਾਰੇ ਮਾਮੂਲੀ ਜਿਹੀ ਜਾਣਕਾਰੀ ਦਿੰਦਿਆਂ ਉਸ ਨੇ ਕਿਹਾ, ਇਹ ਫਿਲਮ ਕ੍ਰਿਕਟ ਦੇ ਬੈਕ ਡ੍ਰਾਪ 'ਤੇ ਜ਼ਰੂਰ ਹੈ, ਪਰ ਇਸ ਦਾ ਅੰਦਾਜ਼ ਇਕਦਮ ਵੱਖਰਾ ਹੈ। ਮੈਨੂੰ ਪੂਰਾ ਯਕੀਨ ਹੈ ਕਿ ਫਿਲਮ ਦੇਖ ਕੇ ਦਰਸ਼ਕ ਵੀ ਹੜੀਪਾ ਕਹਿਣਗੇ। ਇਸ ਬਾਰੇ ਹੋਰ ਦੱਸਦਿਆਂ ਉਸ ਨੇ ਕਿਹਾ, "ਮੈਂ ਫਿਲਹਾਲ ਇੰਨਾ ਕਹਿ ਸਕਦੀ ਹਾਂ ਕਿ ਇਕ ਵਾਰ ਫਿਰ ਇਕ ਬਹੁਤ ਚੈਲੇਂਜਿੰਗ ਕਰੈਕਟਰ ਕਰਨ ਦਾ ਮੌਕਾ ਮੈਨੂੰ ਮਿਲਿਆ ਹੈ। ਮੈਂ, ਸ਼ਾਹਿਦ ਅਤੇ ਸ਼ਰਲਿਨ ਜ਼ਰੂਰ ਇਸ ਵਿਚ ਅਹਿਮ ਰੋਲ ਕਰ ਰਹੇ ਹਾਂ ਪਰ ਦੂਜੇ ਕਿਰਦਾਰ ਵੀ ਘੱਟ ਅਹਿਮ ਨਹੀਂ ਹਨ। ਇਸ ਸੁਆਲ ਦੇ ਜਆਬ ਵਿਚ ਕਿ ਤੁਹਾਡੇ ਵਰਗੀ ਸੰਜੀਦਾ ਅਭਿਨੇਤਰੀ ਵੀ ਫਿਲਮ ਦੇ ਨਤੀਜੇ ਨੂੰ ਲੈ ਕੇ ਇੰਨੀ ਚੌਕਸ ਕਿਉਂ ਹੈ ਤਾਂ ਉਸ ਨੇ ਕਿਹਾ, 'ਮਾਰਕਟਿੰਗ ਦੇ ਇਸ ਦੌਰ ਵਿਚ ਤੁਸੀਂ ਇਸ ਸਚ ਤੋਂ ਬਚ ਨਹੀਂ ਸਕਦੇ ਕਿ ਤੁਹਾਡੇ ਬਿਹਤਰ ਕੰਮ ਦਾ ਨਤੀਜਾ ਕਾਫੀ ਹਦ ਤਕ ਹਿੱਟ ਫਲਾਪ 'ਤੇ ਵੀ ਮੁਨੱਸਰ ਕਰਦਾ ਹੈ। ਆਪਣੀਆਂ ਸਾਰੀਆਂ ਫਿਲਮਾਂ ਵਿਚ ਮੈਂ ਆਪਣੇ ਵੱਲੋਂ ਪੂਰੀ ਮਿਹਨਤ ਕਰਦੀ ਹਾਂ, ਪਰ ਜਦ ਦਰਸ਼ਕ ਮੇਰੀ ਕਿਸੇ ਫਿਲਮ ਨੂੰ ਪਸੰਦ ਨਹੀਂ ਕਰਦੇ ਤਾਂ ਮੈਨੂੰ ਇਸ ਤਰ੍ਹਾਂ ਲੱਗਦੈ ਜਿਵੇਂ ਮੇਰੀ ਸਾਰੀ ਮਿਹਨਤ ਖਰਾਬ ਗਈ ਹੋਵੇ।

ਇਹ ਪੁੱਛਣ 'ਤੇ ਕਿ ਕੀ ਇਸੇ ਲਈ ਇਸ ਵਾਰੀ 'ਦਿਲ ਬੋਲੇ ਹੜੀਪਾ' ਦੀ ਰਿਲੀਜ਼ ਤੋਂ ਪਹਿਲਾਂ ਜਿਓਤਸ਼ੀਆਂ ਤੋਂ ਸਲਾਹ ਲੈ ਰਹੇ ਹੋ 'ਤੇ ਉਸ ਨੇ ਕਿਹਾ, ਪਰਮਾਤਮਾ ਵਿਚ ਮੇਰਾ ਡੂੰਘਾ ਵਿਸ਼ਵਾਸ ਹੈ, ਇਸ ਲਈ ਸ਼ੁਭ-ਅਸ਼ੁਭ ਨੂੰ ਲੈ ਕੇ ਬਹੁਤ ਸੁਚੇਤ ਰਹਿੰਦੀ ਹਾਂ। ਇਸ ਦਾ ਮਤਲਬ ਇਹ ਨਹੀਂ ਕਿ ਮੈਂ ਅੰਧਵਿਸ਼ਵਾਸੀ ਹਾਂ। ਪਰ ਮਨ ਦੀ ਸ਼ਾਂਤੀ ਲਈ ਪੂਜਾ ਪਾਠ ਆਦਿ ਕਰਨਾ ਚੰਗਾ ਲਗਦਾ ਹੈ।

ਜਦੋਂ ਉਸ ਨੂੰ ਕਿਹਾ ਗਿਆ ਕਿ ਕੁਝ ਅਖਬਾਰਾਂ ਨੇ ਲਿਖਿਆ ਹੈ ਕਿ 'ਦਿਲ ਬੋਲੇ ਹੜੀਪਾ' ਦੀ ਰਿਲੀਜ਼ ਤੋਂ ਪਹਿਲਾਂ ਤੁਸੀਂ ਯਾਰੀ ਰੋਡ ਸਥਿਤ ਆਪਣੇ ਪੁਰਾਣੇ ਘਰ ਕਲਿਆਣ ਕੰਪਲੈਕਸ ਵਿਚ ਰਹਿਣ ਲਈ ਜਾ ਰਹੇ ਹੋ ਤਾਂ ਉਸ ਨੇ ਕਿਹਾ, ਯਾਰੀ ਰੋਡ ਦੇ ਆਪਣੇ ਪੁਰਾਣੇ ਘਰ ਵਿਚ ਮੈਂ ਆਪਣੇ ਬਚਪਨ ਤੋਂ ਲੈ ਕੇ ਕਈ ਸਾਲ ਬਿਤਾਏ ਹਨ। ਕਈ ਉਪਲਬਧੀਆਂ ਮੈਨੂੰ ਇਥੋਂ ਹਾਸਲ ਹੋਈਆਂ ਹਨ। ਇਸ ਲਈ ਇਸ ਘਰ ਪ੍ਰਤੀ ਮੇਰਾ ਡੂੰਘਾ ਲਗਾਓ ਹੈ। ਪਿਛਲੇ ਸਾਲ ਜੁਹੂ ਦੇ ਆਪਣੇ ਬੰਗਲੇ ਵਿਚ ਸ਼ਿਫਟ ਹੋਣ ਤੋਂ ਬਾਅਦ ਵੀ ਮੈਂ ਇਥੇ ਆਉਣਾ ਕਦੇ ਨਹੀਂ ਭੁੱਲੀ। ਫਿਲਮਾਂ ਘੱਟ ਕਰਨ ਬਾਰੇ ਉਸ ਨੇ ਕਿਹਾ, ਇਸ ਤਰ੍ਹਾਂ ਮੈਂ ਕੈਰੀਅਰ ਦੇ ਸ਼ੁਰੂ ਵਿਚ ਹੀ ਸੋਚ ਰੱਖਿਆ ਸੀ ਕਿ ਕਦੇ ਮੌਕਾ ਲੱਗਿਆ ਤਾਂ ਬਹੁਤ ਘੱਟ ਫਿਲਮਾਂ ਕਰਾਂਗੀ। ਕੈਰੀਅਰ ਦੇ ਸ਼ੁਰੂ ਵਿਚ ਇਸ ਤਰ੍ਹਾਂ ਦਾ ਮੌਕਾ ਨਹੀਂ ਮਿਲਿਆ। ਪਰ 'ਬਲੈਕ' ਨੇ ਮੈਨੂੰ ਜੋ ਤਾਰੀਫ ਦਿੱਤੀ, ਉਸ ਤੋਂ ਬਾਅਦ ਮੈਂ ਸਖ਼ਤ ਮਨ ਨਾਲ ਤੈਅ ਕਰ ਲਿਆ ਕਿ ਹੁਣ ਸਿਰਫ ਚੋਣਵੀਆਂ ਫਿਲਮਾਂ ਹੀ ਕਰਾਂਗੀ। ਪਿਛਲੇ ਸਾਲ ਆਈਆਂ 'ਤਾਰਾਰਾ



ਰਾਣੀ ਮੁਖਰਜੀ

ਪਮ ਪਮ' 'ਸਾਂਵਰੀਆਂ', 'ਥੋੜਾ ਪਿਆਰ ਥੋੜਾ ਮੈਜਿਕ' ਫਿਲਮਾਂ ਦੀ ਨਿਰਾਸ਼ਾ ਬਾਰੇ ਉਸ ਨੇ ਕਿਹਾ, ਮੈਨੂੰ ਇਸ ਗੱਲ ਦਾ ਅਹਿਸਾਸ ਹੈ। ਪਰ ਕਈ ਵਾਰ ਸਖ਼ਤ ਮਿਹਨਤ ਦੇ ਬਾਵਜੂਦ ਇਕ ਫਿਲਮ ਸਹੀ ਸ਼ੇਪ ਨਹੀਂ ਲੈ ਪਾਉਂਦੀ। ਮੈਂ ਇਨ੍ਹਾਂ ਫਿਲਮਾਂ ਦੇ ਪੱਖ ਵਿਚ ਕੋਈ ਗੱਲ ਨਹੀਂ ਕਹਿਣਾ ਚਾਹੁੰਦੀ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੁਸੀਂ ਗਲੈਮਰ ਵਾਰਡ ਵਿਚ ਰਹਿਣ ਦੇ ਬਾਵਜੂਦ ਕਾਫੀ ਨਾਨ ਗਲੈਮਰਸ ਹੋ ਤਾਂ ਉਸ ਨੇ ਕਿਹਾ, ਇਸ ਨੂੰ ਤੁਸੀਂ ਮੇਰੀ ਫਿਤਰਤ ਵੀ ਕਹਿ ਸਕਦੇ ਹੋ। ਜਦ ਤਕ ਕੈਮਰਾ ਔਨ ਹੈ, ਤੁਸੀਂ ਮੈਨੂੰ ਕਿਸੇ ਵੀ ਰੂਪ ਵਿਚ ਦੇਖ ਸਕਦੇ ਹੋ, ਪਰ ਇਸ ਤੋਂ ਬਾਅਦ ਮੇਕਅਪ ਨਾਲ ਲਿਪਿਆ ਪੋਚਿਆ ਚਿਹਰਾ ਮੈਨੂੰ ਬਹੁਤ ਅਜੀਬ ਲਗਦਾ ਹੈ। ਸਹਿਜ ਜੀਵਨ ਸ਼ੈਲੀ ਮੈਨੂੰ ਬਹੁਤ ਲੁਭਾਉਂਦੀ ਹੈ। ਇਸੇ ਵਜ੍ਹਾ ਨਾਲ ਮੈਂ ਫਿਲਮੀ ਪਾਰਟੀਆਂ ਆਦਿ ਵਿਚ ਬਹੁਤ ਘੱਟ ਸ਼ਿਰਕਤ ਕਰਦੀ ਹਾਂ। ਮੈਂ ਬਹੁਤ ਪਰਿਵਾਰਕ ਹਾਂ। ਜਦੋਂ ਉਸ ਨੂੰ ਇਹ ਪੁੱਛਿਆ ਗਿਆ ਕਿ ਕਰੀਨਾ ਨੇ ਪਿਛਲੇ ਦਿਨੀਂ ਆਪਣੀ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਤੁਹਾਡੇ ਤੋਂ ਬਹੁਤ ਪ੍ਰਭਾਵਿਤ ਹਨ ਤਾਂ ਉਸ ਨੇ ਕਿਹਾ, ਬੇਬੋ ਤਾਂ ਖੁਦ ਬਹੁਤ ਪਿਆਰੀ ਹੈ। ਉਸ ਦਾ ਮਸਤੀ ਭਰਿਆ ਜੀਣ ਦਾ ਅੰਦਾਜ਼ ਮੈਨੂੰ ਬਹੁਤ ਚੰਗਾ ਲਗਦਾ ਹੈ। ਫਿਟਨੈਸ ਨੂੰ ਲੈ ਕੇ ਮੈਂ ਉਸ ਤੋਂ ਕਈ ਗੱਲਾਂ ਸਿੱਖੀਆਂ ਹਨ।


## ਤਿੰਨ ਕਾਲ ਖੰਡਾਂ ਵਿਚ ਵੰਡੀ ਹੋਈ ਫਿਲਮ ਹੈ 'ਲਵ ਆਜ ਕਲ'

ਅੱਜ ਕੱਲ੍ਹ ਮੁੰਬਈ ਫਿਲਮ ਉਦਯੋਗ ਦੇ ਫਿਲਮਕਾਰ ਨਕਲ (ਜਿਸ ਨੂੰ ਉਹ ਪ੍ਰੇਰਣਾ ਕਹਿੰਦੇ ਹਨ) ਲਈ ਹਾਲੀਵੁੱਡ ਦੀ ਨਹੀਂ, ਕੋਰੀਆ, ਚੀਨ ਅਤੇ ਤਾਈਵਾਨ ਦੀਆਂ ਫਿਲਮਾਂ ਦੇਖਦੇ ਹਨ, ਕਿਉਂਕਿ ਮੌਲਿਕ ਉਹੀ ਹੈ, ਜਿਸ ਦਾ ਸ੍ਰੋਤ ਆਸਾਨੀ ਨਾਲ ਨਾ ਮਿਲੇ। ਸੰਜੇ ਲੀਲਾ ਭੰਸਾਲੀ ਨੂੰ 'ਬਲੈਕ' ਦੀ ਪ੍ਰੇਰਣਾ ਅਗਿਆਨ ਸ੍ਰੋਤ ਤੋਂ ਮਿਲੀ ਅਤੇ ਉਨ੍ਹਾਂ ਦੀ ਤਾਜਾ ਨਿਰਮਾਣ ਅਧੀਨ ਫਿਲਮ 'ਤੇ ਹਾਲੀਵੁੱਡ ਦੀ ਫਿਲਮ 'ਦ ਪ੍ਰੇਸਟੀਜ' ਦਾ ਪ੍ਰਭਾਵ ਹੈ। ਇਮਤਿਆਜ਼ ਅਲੀ ਦੀ ਸਫਲ ਫਿਲਮ 'ਜਬ ਵੀ ਮੇਟ' ਨੂੰ ਟੈਲੀਵਿਜ਼ਨ 'ਤੇ ਅਣਗਿਣਤ ਵਾਰੀ ਦਿਖਾਇਆ ਜਾ ਚੁਕਾ ਹੈ ਅਤੇ ਉਸ ਲਈ ਵਿਗਿਆਪਨਦਾਤਾ ਹਮੇਸ਼ਾ ਤੱਤਪਰ ਰਹਿੰਦੇ ਹਨ। ਇਸ ਫਿਲਮ ਦੇ ਸੈਟੇਲਾਈਟ ਖਰਚੇ ਦਾ ਅਨੁਮਾਨ ਲਾਉਣਾ ਮੁਸ਼ਕਿਲ ਹੈ। ਉਨ੍ਹਾਂ ਦੀ ਤਾਜ਼ਾ ਫਿਲਮ 'ਸੈਫ-ਦੀਪਿਕਾ ਅਭਿਨੀਤ ਆਧਾਰਤ 'ਲਵ ਆਜ ਕਲ' 31 ਜੁਲਾਈ ਨੂੰ ਪ੍ਰਦਰਸ਼ਤ ਹੋ ਰਹੀ ਹੈ। ਖ਼ਬਰ ਹੈ ਕਿ ਸਾਲ 2005 ਵਿਚ ਪ੍ਰਦਰਸ਼ਿਤ ਤਾਈਵਾਨ ਦੀ ਫਿਲਮ 'ਜੁਈ ਹਾਓ ਡੀ ਸ਼ੀ ਗੁਆਂਗ' ਇਸ ਦੀ ਪ੍ਰੇਰਣਾ ਹੈ। ਇਸ ਫਿਲਮ ਵਿਚ ਪਿਆਰ ਨੂੰ ਤਿੰਨ ਕਾਲਖੰਡਾਂ ਕ੍ਰਮਵਾਰ 1911, 1966, 2005 ਵਿਚ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਦਿਖਾਇਆ ਗਿਆ ਹੈ ਕਿ ਕਿਵੇਂ ਵੱਖ ਵੱਖ ਕਾਲਖੰਡਾਂ ਵਿਚ ਪ੍ਰੇਮ ਪ੍ਰਤੀ ਨਜ਼ਰੀਆ ਬਦਲਦਾ ਹੈ। ਇਮਤਿਆਜ਼ ਅਲੀ ਦੀ ਫਿਲਮ ਵਿਚ 1960 ਅਤੇ 2009 ਵਿਚ ਬਦਲਦੇ ਹੋਏ ਨਜ਼ਰੀਏ ਦਾ ਵੇਰਵਾ ਹੈ।

ਫਿਲਮਕਾਰ ਨੇ ਤਾਈਵਾਨ ਦੀ ਫਿਲਮ ਦੇ ਪ੍ਰਭਾਵ ਨੂੰ ਨਕਾਰਿਆ ਹੈ। ਇਹ ਸੰਭਵ ਹੈ ਕਿ ਉਨ੍ਹਾਂ ਨੇ ਇਹ ਫਿਲਮ ਦੇਖੀ ਹੋਵੇ ਅਤੇ ਇਸ ਤੋਂ ਪ੍ਰੇਰਿਤ ਹੋ ਕੇ ਆਪਣੇ ਦ੍ਰਿਸ਼ਟੀਕੋਣ ਤੋਂ ਨਵੀਂ ਪੇਸ਼ਕਸ਼ ਬਣਾਈ ਹੋਵੇ। ਅਸਲ ਵਿਚ ਨਾਟਕ ਜਾਂ ਸਿਨੇਮੇ ਲਈ ਸੀਮਤ ਵਿਸ਼ੇ ਹਨ ਅਤੇ ਫਿਲਮਕਾਰ ਦੇ ਪੇਸ਼ ਕਰਨ ਦੇ ਢੰਗ 'ਤੇ ਹੀ ਸਾਰਾ ਕੁਝ ਨਿਰਭਰ ਕਰਦਾ ਹੈ।

ਕਿਸੇ ਦੌਰ ਵਿਚ ਪ੍ਰੇਮਿਕਾ ਦੇ ਜੂੜੇ ਵਿਚ ਫੁੱਲ ਲਗਾਉਣਾ ਜਾਂ ਉਂਗਲੀਆਂ ਦੀ ਛੋਹ ਨਾਲ ਹੀ ਪ੍ਰੇਮੀ ਧੰਨ ਹੋ ਜਾਂਦੇ ਸਨ, ਪਰ ਅੱਜ ਉਹ ਸਾਰਾ ਕੁਝ ਹਾਸਲ ਕਰਕੇ ਵੀ ਧੰਨ ਨਹੀਂ ਹੁੰਦੇ। ਪ੍ਰੇਮੀਆਂ ਦੁਆਰਾ ਇਸਤੇਮਾਲ ਕੀਤੀ ਗਈ ਭਾਸ਼ਾ ਨਾਲ ਬਦਲਦੇ ਹੋਏ ਸਮੇਂ ਦਾ ਅੰਦਾਜ਼ਾ ਲਗਦਾ ਹੈ। ਬੈਂਗ-ਬੈਂਗ ਜਾਂ ਸਕਰੂ ਜਿਹੇ ਸ਼ਬਦ ਬੜਈ ਦੇ ਕਾਰੋਬਾਰ ਵਾਲੇ ਲਗਦੇ ਹਨ। ਕਿਸੇ ਦੌਰ ਵਿਚ ਪ੍ਰੇਮ ਪੱਤਰਾਂ ਦਾ ਬਹੁਤ ਮਹੱਤਵ ਸੀ, ਪਰ ਮੋਬਾਈਲ ਦੇ ਦੌਰ ਵਿਚ ਕੋਈ ਖ਼ਤ ਨਹੀਂ ਲਿਖਦਾ। ਮੋਬਾਈਲ 'ਤੇ ਦਿੱਤੇ ਗਏ ਸੰਦੇਸ਼ਾਂ ਦੇ ਦੌਰ ਵਿਚ ਕਾਲੀਦਾਸ ਵਲੋਂ ਬੱਦਲਾਂ ਹੱਥ ਭੇਜੇ ਗਏ ਸੰਦੇਸ਼ ਕਾਲਪਨਿਕ ਲੱਗਦੇ ਹਨ।

ਅੱਜ ਮੋਬਾਈਲ ਹੀ ਮੇਘ ਹਨ। ਮੋਬਾਈਲ ਹੀ ਪ੍ਰੇਮ ਪੱਤਰ ਦਾ ਕੰਮ ਕਰਦੇ ਹਨ। ਸੱਚ ਤਾਂ ਇਹ ਹੈ ਕਿ 'ਸਥਾਈ' ਪਿਆਰ ਹੁਣ ਮੋਬਾਈਲ ਅਰਥਾਤ ਗਤੀਮਾਨ ਹੋ ਚੁਕਿਆ ਹੈ। ਇਥੇ 'ਸਥਾਈ' ਸੰਗੀਤ ਦੀ ਸ਼ਬਦਾਵਲੀ ਨਾਲ ਲਿਆ ਗਿਆ ਹੈ। ਅੱਜ ਦਾ ਪ੍ਰੇਮ ਮਹਿਜ਼ 'ਮੁਖੜਾ' ਹੈ ਅਤੇ ਉਸ ਵਿਚ 'ਅੰਤਰੇ' ਦੀ ਜ਼ਰੂਰਤ ਨਹੀਂ ਹੈ। ਸਾਰੇ ਸਿਰਜਣ ਖੇਤਰ ਵਿਚ ਜਾਗਰੂਕ ਲੋਕ ਦੂਜੇ ਦੇ ਕੰਮ ਤੋਂ ਪ੍ਰੇਰਿਤ ਹੁੰਦੇ ਹਨ। ਅਖਿਰ ਸਿਨੇਮੇ ਵਿਚ ਨਕਲ ਕੇਵਲ ਸ਼ਾਟ ਟੂ ਸ਼ਾਟ ਕਾਪੀ ਮਾਰਨ ਨੂੰ ਹੀ ਕਿਹਾ ਜਾ ਸਕਦਾ ਹੈ।



# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

**ਭਾਗ – 1**

ਕਰਮਜੀਤ ਸਿੰਘ ਕੁੱਸਾ

ਵਿਦਿਆਰਥੀਆਂ ਨੇ ਫੇਰ ਮੂੰਹ ਅਤੇ ਅੱਖਾਂ ਦੇ ਬੇਢਵੇ ਪੋਜ਼ ਬਣਾ ਕੇ ਬਿੱਲੀਆਂ ਬੁਲਾਈਆਂ। ਉਹ ਜਦੋਂ ਵੀ ਬੂਹਾ ਬੰਦ ਕਰਨ ਦਾ ਯਤਨ ਕਰਦੀਆਂ, ਮੁੰਡੇ ਧੱਕ ਕੇ ਤਖ਼ਤੇ ਸਪਾਟ ਖੋਲ੍ਹ ਦਿੰਦੇ। ਸਿਆਣੇ ਅਤੇ ਕਰਤੇ ਧਰਤੇ ਮੁੰਡਿਆਂ ਨੇ ਹੱਥ ਹਿਲਾ ਕੇ ਆਖਿਆ, ''ਸਾਥੀਓ, ਹੁਲੜਬਾਜ਼ੀ ਨਾ ਕਰੋ!''

ਪਰ ਕਾਵਾਂ ਰੌਲੀ ਏਨੀ ਪਈ ਹੋਈ ਸੀ, ਉਨ੍ਹਾਂ ਦੀ ਕੋਈ ਨਹੀਂ ਸੁਣਦਾ ਸੀ। ਕਿੰਨਾ ਚਿਰ ਖੱਪ ਪੈਂਦੀ ਰਹੀ। ਸਿਆਲ ਦੇ ਦਿਨ ਹੋਣ ਕਰਕੇ ਗਲੀਆਂ ਵਿਚ ਸਲ੍ਹਾਬ ਦੀ ਬੋ ਪਸਰੀ ਹੋਈ ਸੀ। ਦੂਸਰੇ ਦਿਨ ਨੋਟਿਸ ਬੋਰਡ ਉੱਤੇ ਹਰਪਾਲ ਸਮੇਤ ਦੋ ਤਿੰਨ ਹੋਰ ਵਿਦਿਆਰਥੀਆਂ ਦੇ ਵਿਰੁਧ ਅਨੁਸ਼ਾਸਨੀ ਕਾਰਵਾਈ ਕਰਨ ਦਾ ਨੋਟਿਸ ਲੱਗਿਆ ਹੋਇਆ ਸੀ। ਜਿਹੜਾ ਵੀ ਮੁੰਡਾ ਨੋਟਿਸ ਬੋਰਡ ਪੜ੍ਹ ਕੇ ਆਉਂਦਾ, ਗੰਭੀਰ ਹੋ ਜਾਂਦਾ। ਮੁੰਡਿਆਂ ਸਲਾਹ ਕਰਕੇ ਕਲਾਸਾਂ ਦਾ ਬਾਈਕਾਟ ਕਰ ਦਿੱਤਾ ਅਤੇ ਕਾਲਜ ਦੇ ਲਾਅਨ ਵਿਚ ਰੈਲੀ ਸ਼ੁਰੂ ਕਰ ਦਿੱਤੀ, ਡਿਗਰੀ ਕਾਲਜ ਦੀ ਯੂਨੀਅਨ ਦਾ ਲੀਡਰ ਕੁਲਬੀਰ ਬੋਲ ਰਿਹਾ ਸੀ, ''ਦੋਸਤੋ! ਤੁਸੀਂ ਇਸ ਧੱਕੜ ਮੈਨੇਜਮੈਂਟ ਅਤੇ ਪ੍ਰਿੰਸੀਪਲ ਦੀ ਕਰਤੂਤ ਵੇਖ ਈ ਲਈ ਐ! ਇਨ੍ਹਾਂ ਲੋਕਾਂ ਨੂੰ ਸਾਡੀ ਪੜਾਈ ਜਾਂ ਜ਼ਿੰਦਗੀ ਨਾਲ ਕੋਈ ਵਾਸਤਾ ਨਹੀਂ! ਇਹ ਕਾਲਜ ਨਹੀਂ, ਦੁਕਾਨਾਂ ਐ! ਇਹ ਲੋਕ, ਸਾਡੇ ਪ੍ਰਿੰਸੀਪਲ ਵਰਗੇ, ਜਿਹੜੇ ਮੈਨੇਜਮੈਂਟ ਦੇ ਚਮਚੇ ਐ, ਜਿਹੜੇ ਨੌਕਰੀ ਖਾਤਰ ਆਪਣੀ ਜ਼ਮੀਰ ਇਨ੍ਹਾਂ ਅਨਪੜ੍ਹ ਵਪਾਰੀਆਂ ਮੂਹਰੇ ਵੇਚੀ ਫਿਰਦੇ ਐ! ਸਾਡੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਐ। ਦੋਸਤੋ! ਜੇ ਅੱਜ ਤੁਹਾਡੇ ਵਿਚੋਂ ਇਕ ਦੋ ਵਿਦਿਆਰਥੀਆਂ ਨੂੰ ਕਾਲਜੋਂ ਕੱਢਣ ਦੀ ਧਮਕੀ ਦਿੱਤੀ ਐ! ਜਿਨ੍ਹਾਂ ਦਾ ਕਸੂਰ ਸਿਰਫ ਏਨਾ ਈ ਐ, ਉਹ ਆਪਣੇ ਮਾਂ ਪਿਉ ਦੀ ਲਹੂ ਪਸੀਨੇ ਦੀ ਕਮਾਈ ਇਨ੍ਹਾਂ ਦੇ ਢਿੱਡਾਂ ਵਿਚ ਪਾ ਕੇ ਪ੍ਰੋਫੈਸਰ ਦੀ ਮੰਗ ਕਰਦੇ ਐ, ਤਾਂ ਇਹ ਆਖਦੇ ਐ, ਕਾਲਜ ਦਾ ਅਨੁਸ਼ਾਸਨ ਭੰਗ ਹੋ ਗਿਆ! ਸਾਥੀਓ ਯਾਦ ਰੱਖੋ, ਕਿਸੇ ਦਿਨ ਧੱਕੜ ਮੈਨੇਜਮੈਂਟ ਦੇ ਆਖੇ ਲੱਗ ਕੇ, ਇਹ ਬੌਣੀ ਸੋਚ ਦਾ ਪ੍ਰਿੰਸੀਪਲ, ਥੋਡੇ ਨਾਲ ਵੀ ਇਹੋ ਜਿਹਾ ਸਲੂਕ ਕਰ ਸਕਦਾ ਐ! ਸੋ ਦੋਸਤੋ ਹੁਣ ਮੌਕਾ ਐ।'' ਉਸ ਗੱਜ ਕੇ ਆਖਿਆ, ''ਕਲਾਸਾਂ ਬਿਲਕੁਲ ਨਾ ਲਾਉ।''

ਉਹ ਹਾਲੇ ਬੋਲ ਹੀ ਰਿਹਾ ਸੀ। ਕੁਝ ਵਿਦਿਆਰਥੀ ਖੱਬੀ ਤਰਫ ਵਲ ਝਾਕਣ ਲੱਗ ਪਏ, ਬੁਲਾਰੇ ਨੇ ਰਤਾ ਕੁ ਵੇਖ ਕੇ ਬੋਲਣਾ ਜਾਰੀ ਰੱਖਿਆ। ਪ੍ਰਿੰਸੀਪਲ ਕੁਝ ਮੈਨੇਜਮੈਂਟ ਮੈਂਬਰਾਂ ਅਤੇ ਲੈਕਚਰਾਰਾਂ ਸਮੇਤ ਵਗਿਆ ਆ ਰਿਹਾ ਸੀ, ਵਿਦਿਆਰਥੀ ਉਨ੍ਹਾਂ ਲਈ ਰਾਹ ਛੱਡ ਰਹੇ ਸਨ। ਪ੍ਰਿੰਸੀਪਲ ਦੇ ਭਵੰਤਰੇ ਚਿਹਰੇ ਵਲ ਵੇਖ ਕੇ ਕਈ ਵਿਦਿਆਰਥੀਆਂ ਦਾ ਹਾਸਾ ਨਿਕਲ ਗਿਆ। ਉਹ ਗਰਜਵੀਂ ਪਰ ਥਿੜਕਦੀ ਆਵਾਜ਼ ਵਿਚ ਬੋਲਿਆ, ''ਤੂੰ ਕੌਣ ਹੁੰਦਾ ਐਂ, ਸਾਡੇ ਕਾਲਜ ਦਾ ਮਾਹੌਲ ਖਰਾਬ ਕਰਨ ਵਾਲਾ।''

ਬੁਲਾਰੇ ਮੁੰਡੇ ਨੇ ਬੜੀ ਸ਼ਾਂਤੀ ਨਾਲ ਬਾਂਹ ਚੁੱਕ ਕੇ ਮੁੱਕਾ ਵੱਟਦਿਆਂ ਕਿਹਾ, ''ਮੈਂ ਲੋਕ ਸ਼ਕਤੀ ਦਾ ਪ੍ਰਤੀਕ ਆਂ।''

ਪ੍ਰਿੰਸੀਪਲ ਦੇ ਚਿਹਰੇ ਦੇ ਨਾਲ ਉਸਦੇ ਸਿਰ ਦੇ ਸਫੈਦ ਵਾਲ ਵੀ ਘਬਰਾਹਟ ਵਿਚ ਬੁਖਲਾ ਰਹੇ ਸਨ। ਉਸ ਨੇ ਬਾਂਹ ਗੇਟ ਵਲ ਕਰਦਿਆਂ ਕੜਕਵੀਂ ਆਵਾਜ਼ ਵਿਚ ਆਖਿਆ, ''ਮੈਂ ਤੈਨੂੰ ਆਪਣੇ ਕਾਲਜ ਦਾ ਮਾਹੌਲ ਖਰਾਬ ਨਹੀਂ ਕਰਨ ਦੇਵਾਂਗਾ। ਚੰਗੀ ਗੱਲ ਇਹੋ ਐ, ਤੂੰ ਇਥੋਂ ਐਸੇ ਵਕਤ ਤੁਰਦਾ ਹੋ। ਮੈਂ ਇਸ ਕਾਲਜ ਦਾ ਪ੍ਰਿੰਸੀਪਲ ਆਂ....।''

''ਮੈਂ ਤੈਨੂੰ ਕੁਸ਼ ਨ੍ਹੀ ਸਮਝਦਾ!'' ਉਹਨੇ ਬਾਂਹ ਮਾਰ ਕੇ ਆਖਿਆ, ''ਮੈਂ ਤੇਰੇ ਵਰਗੇ ਖੁਸ਼ਾਮਦੀ ਪ੍ਰਿੰਸੀਪਲਾਂ ਤੋਂ ਨਹੀਂ ਡਰਦਾ!...।''

ਪ੍ਰਿੰਸੀਪਲ ਨੂੰ ਕੋਈ ਗੱਲ ਨਾ ਔੜੀ, ਉਹ ਅੱਖਾਂ ਚੌੜੀਆਂ ਕਰੀ ਘਾਬਰਿਆ ਖਲੋਤਾ ਸੀ, ਵਿਦਿਆਰਥੀਆਂ ਨੇ ਕੂਕਾਂ ਮਾਰਦਿਆਂ ਰੌਲਾ ਪਾ ਦਿੱਤਾ। ਹਰਪਾਲ ਹੋਰੀਂ ਮੁੰਡਿਆਂ ਨੂੰ ਬਾਹਾਂ ਮਾਰ ਮਾਰ ਟਿਕਾਉਣ ਲੱਗ ਪਏ, ਪਰ ਉਹ ਚਾਂਵਲੇ ਹੋਏ, ਛਾਲਾਂ ਜਿਹੀਆਂ ਮਾਰਦੇ ਪ੍ਰਿੰਸੀਪਲ 'ਤੇ ਚੀਕਾਂ ਛੱਡਦੇ, 'ਹਾ–ਹੀ–ਹੀ' ਕਰ ਰਹੇ ਸਨ। ਇਕ ਪ੍ਰੋਫੈਸਰ ਨੇ ਘਬਰਾਏ ਤੇ ਕੰਬਦੇ ਪ੍ਰਿੰਸੀਪਲ ਨੂੰ ਬਾਹੋਂ ਟੁੰਬ ਕੇ ਪਰ੍ਹੇ ਚੱਲਣ ਲਈ ਕੰਨ ਵਿਚ ਆਖਿਆ। ਦਫਤਰ ਵਿਚ ਜਾ ਕੇ ਪ੍ਰਿੰਸੀਪਲ ਗੁੱਸੇ ਵਿਚ ਝੱਗ ਸੁੱਟਦਾ ਰਿਹਾ, ਜਿੰਨਾ ਚਿਰ ਬਾਹਰੋਂ ਗਰਮੀ ਵਿਚ ਗੜੁੱਚ ਆਵਾਜ਼ ਸੁਣਦੀ ਰਹੀ। ਬਾਹਰ ਰੈਲੀ ਹੁੰਦੀ ਰਹੀ, ਅੰਦਰ ਵਿਗੜ ਗਏ ਮਾਹੌਲ ਬਾਰੇ ਵਿਉਂਤਾਂ ਸੋਚੀਆਂ ਜਾਣ ਲੱਗੀਆਂ, ਬਾਹਰਲੇ ਬੰਦਿਆਂ ਦੀ ਘੁਸਪੈਠ ਵੇਖ ਕੇ ਪ੍ਰਿੰਸੀਪਲ ਪ੍ਰੇਸ਼ਾਨੀ ਵਿਚ ਕਾਹਲੀ ਕਾਹਲੀ ਮਸ਼ਵਰੇ ਕਰਨ ਵਿਚ ਰੁਝਿਆ ਹੋਇਆ ਸੀ। ਇਕ ਪ੍ਰੋਫੈਸਰ ਨੇ ਵਿਚ ਪੈ ਕੇ ਮਸਲਾ ਸੁਲਝਾਉਣ ਬਾਰੇ ਗੱਲ ਤੋਰੀ, ਪਰ ਗਰਮੀ ਵਿਚ ਭੜਕੇ ਵਿਦਿਆਰਥੀ ਕਿਸੇ ਦੀ ਵੀ ਨਹੀਂ ਸੁਣਦੇ ਸਨ।

ਹੜਤਾਲ ਦੇ ਤੀਜੇ ਦਿਨ, ਕੁਝ ਮੁੰਡੇ ਪੈਰ ਖਿਸਕਾਉਣ ਲੱਗ ਪਏ, ਉਹ ਇਕ ਦੂਜੇ ਨੂੰ ਝੂਠੇ ਜਿਹੇ ਹਾਸੇ ਨਾਲ ਆਖਦੇ, ''ਸਾਲਿਉ, ਪ੍ਰੋਫੈਸਰ ਲੈਂਦੇ ਲੈਂਦੇ, ਕਿਤੇ ਉਂਜ ਈ ਭੱਭੂ ਬਣ ਕੇ ਨਾ ਜਾਇਉ, ਇਥੋ।'' ਅੱਧੇ–ਪਚੱਧੇ ਵਿਦਿਆਰਥੀ ਕਲਾਸਾਂ ਵਿਚ ਜਾਣ ਲੱਗ ਪਏ ਸਨ।

ਬਾਹਰੋਂ ਕਈ ਕਾਮਰੇਡ ਕਾਲਜ ਵਿਚ ਆਉਣ ਲਗ ਪਏ ਸਨ, ਉਨ੍ਹਾਂ ਵਿਚੋਂ ਇਕ ਨਕਸਲੀ ਪਾਰਟੀ ਦੇ ਹੋਲਟਾਈਮਰ ਨਾਲ ਹਰਪਾਲ ਦਾ ਖਾਸਾ ਨੇੜ ਹੋ ਗਿਆ ਸੀ। ਹੜਤਾਲ ਹੌਲੀ ਹੌਲੀ ਖਿੰਡ ਗਈ। ਵਿਦਿਆਰਥੀ ਆਪਣੇ ਆਪ ਟਿਕ ਗਏ ਸਨ। ਹਰਪਾਲ ਹੋਰਾਂ ਵੀ ਉਸੇ ਪ੍ਰੋਫੈਸਰ ਰਾਹੀਂ ਮੁਆਫੀ ਮੰਗ ਲਈ ਸੀ। ਕਾਲਿਜ ਫਿਰ ਉਸੇ ਤਰ੍ਹਾਂ ਚੱਲਣ ਲੱਗ ਪਿਆ। ਨਕਸਲੀ ਹੋਲਟਾਈਮਰ ਅਮੋਲਕ ਦਸਵੇਂ ਪੰਦਰਵੇਂ ਦਿਨ ਗੇੜਾ ਮਾਰਦਾ ਤੇ ਹਰਪਾਲ ਨੂੰ ਕੋਈ ਨਾ ਕੋਈ ਕਿਤਾਬ ਜਾਂ ਪੈਂਫਲਿਟ ਦੇ ਜਾਂਦਾ, ਬਹੁਤੀ ਵਾਰ ਕੰਟੀਨ ਵਿਚ ਬੈਠ ਕੇ ਅਜਿਹੀਆਂ ਗੰਭੀਰ ਕਿਸਮ ਦੀਆਂ ਗੱਲਾਂ ਕਰਦਾ, ਜਿਨ੍ਹਾਂ ਨੂੰ ਸੁਣ ਸੁਣ ਹਰਪਾਲ ਦਾ ਸਿਰ ਚਕਰਾਉਣ ਲੱਗ ਪੈਂਦਾ, ਜਦੋਂ ਉਹ ਦੱਸਦਾ, ਇਹ ਸਾਰਾ ਸਿਸਟਮ ਕੀ ਹੈ? ਆਪਣੇ ਤੇ ਰਾਜ ਕੌਣ ਕਰਦਾ? ਗਰੀਬ ਕਿਸਾਨੀ ਤੇ ਕੰਮ ਕਰਨ ਵਾਲਿਆਂ ਦੀ ਏਨੀ ਦੁਰਦਸ਼ਾ ਕਿਉਂ ਐ? ਹਰਪਾਲ ਉਹਦੇ ਵਿਚ ਦਿਲਚਸਪੀ ਲੈਣ ਲੱਗ ਪਿਆ, ਪਰ ਉਦੋਂ ਉਹ ਉਸ ਨੂੰ ਭੈੜਾ ਦਿਸਦਾ, ਜਦੋਂ ਉਹ ਆਖਦਾ, ''ਸਾਥੀ ਜੀ, ਅਜੇ ਥੋਨੂੰ ਬੀ.ਐਡ ਕਰਨ ਤੋਂ ਮਗਰੋਂ ਸਮਝ ਲੱਗੂਗੀ, ਜਦੋਂ ਤੁਸੀਂ ਮਾਮੂਲੀ ਮਾਸਟਰੀ ਦੀ ਨੌਕਰੀ ਲਈ ਮਾਰੇ ਮਾਰੇ ਫਿਰਨ ਲੱਗੇ। ਥੋਨੂੰ ਟਕੇ ਟਕੇ ਦੇ ਬੰਦਿਆਂ ਮੂਹਰੇ ਲਿਲਕੜੀਆਂ ਕੱਢਣੀਆਂ ਪਈਆਂ।''

''ਲੋਕ ਐਵੇਂ ਏਨੇ ਬੀ.ਐਡ ਕਰੀ ਜਾਂਦੇ ਐ। ਥਾਂ–ਥਾਂ ਹੋਰ ਕਾਲਜ ਖੁੱਲ੍ਹੀ ਜਾਂਦੇ ਐ।''

''ਏਹੀ ਤਾਂ ਸਮਝਣ ਵਾਲੀ ਗੱਲ ਐ।'' ਅਮੋਲਕ ਹੱਥ ਤੇ ਹੱਥ ਮਾਰ ਕੇ ਆਪਣੀ ਚਿੜੇ ਵਰਗੀ ਫੁਰਤੀ ਨਾਲ ਬੋਲਿਆ, ''ਇਹ ਤਾਂ ਇਕ ਕਿਸਮ ਦਾ ਵਪਾਰ ਐ! ਇਕ ਗੱਲੋਂ ਤਾਂ ਇਹ ਸ਼ਹਿਰੀ ਅਮੀਰ ਜਮਾਤ, ਐਸ਼ ਕਰਦੀ ਐ! ਦੂਸਰੀ ਤਰਫ ਹਾਕਮ ਜਮਾਤ ਤੋਂ ਲਾਭ ਲੈਂਦੀ ਐ ਕਿ ਦੇਖੋ, ਅਸੀਂ ਥੋਡੇ ਗਲ ਪੈਣ ਵਾਲੀ ਜਮਾਤ ਨੂੰ ਲਾਰੇ ਲਾ ਕੇ ਕਿਵੇਂ ਵਰਚਾਉਨੇ ਆਂ।''

ਪਾਲ ਚੁੱਪ ਹੋ ਗਿਆ, ਉਸਨੂੰ ਮਹਿਸੂਸ ਹੋਇਆ, ਅਮੋਲਕ ਝੂਠ ਨਹੀਂ ਬੋਲਦਾ, ਜਿਵੇਂ ਇਹ ਸੱਚ ਹੀ ਹੋਵੇ ਅਤੇ ਉਹ ਏਨਾ ਉਦਾਸ ਹੋ ਗਿਆ, ਉਸ ਦਿਨ ਉਹ ਘੰਟਿਆਂ ਬੱਧੀ ਉਦਾਸ ਅਵਸਥਾ ਵਿਚ ਮੰਜੇ ਉੱਤੇ ਸਿੱਧਾ ਸਲੋਟ ਪਿਆ ਰਿਹਾ, ਅੰਦਰ ਗੱਲਾਂ ਰਿੜ੍ਹਕਦਾ ਰਿਹਾ, ਫੇਰ ਆਪ ਹੀ ਪਾਸਾ ਲੈ ਕੇ ਹੱਸ ਪਿਆ, ਪੱਟਾਂ ਵਿਚਾਲੇ ਦੋਵੇਂ ਹੱਥ ਜੋੜ ਕੇ ਘੁਸੋਂਦਿਆਂ ਆਪਣੇ ਆਪ ਨੂੰ ਆਖਿਆ, ''ਕਾਮਰੇਡ ਵੀ ਸਾਲੇ ਕੁੱਤੀ ਸ਼ੈਅ ਐ! ਕਿੰਨੇ ਚਤਰ ਲੋਕ ਐ। ਬੰਦੇ ਨੂੰ ਐਸਾ ਚਾਟ 'ਤੇ ਲਾਉਂਦੇ ਐ, ਹਿੱਲਣ ਜੋਗਾ ਨਹੀਂ ਛੱਡਦੇ!''

ਉਸ ਅੰਦਰ ਉਹ ਸੁਪਨਾ ਫੈਲਣ ਲਗਦਾ, ਜਿਹੜਾ ਉਹ ਘੜੀ ਫਿਰਦਾ ਸੀ, ਨੌਕਰੀ ਕਰਾਂਗੇ, ਨੌਕਰੀ ਵਾਲੀ ਕੁੜੀ ਨਾਲ ਈ ਵਿਆਹ ਕਰਾਵਾਂਗੇ। ਨਾ ਕਿਸੇ ਦੀ ਹੈ ਹੈ, ਨਾ ਕਿਸੇ ਦੀ ਖੈ ਖੈ!''

ਪਰ ਅਮੋਲਕ ਉਸ ਦੇ ਸੁਪਨਿਆਂ ਦਾ ਗੱਲੀਂ ਬਾਤੀਂ ਅਜਿਹਾ ਕਰਿਆਟਾ ਬਣਾਉਂਦਾ, ਉਹ ਅੱਗੋਂ ਉਸ ਨੂੰ ਕੋਈ ਉਤਰ ਦੇਣ ਜੋਗਾ ਵੀ ਨਾ ਰਹਿੰਦਾ, ਕਿਉਂਕਿ ਦਲੀਲਾਂ ਵਿਚ ਪੈ ਕੇ ਵੀ ਉਹ ਅਮੋਲਕ ਨੂੰ ਜਿੱਤ ਨਹੀਂ ਸਕਦਾ ਸੀ। ਅਮੋਲਕ ਖੁਦ ਵੀ ਲੁਧਿਆਣੇ ਕਾਲਜ ਵਿਚੋਂ ਅੱਧ ਵਿਚਕਾਰੋਂ ਹਟ ਗਿਆ ਸੀ। ਵਿਹਲੇ ਸਮੇਂ ਇਹ ਗੱਲਾਂ ਉਸ ਦੇ ਮਨ ਉਤੇ ਚੜ੍ਹੀਆਂ ਰਹਿੰਦੀਆਂ, ਉਹ ਉਸ ਕੁੜੀ ਨਾਲ ਲਾਅਨ ਵਿਚ ਬਹਿ ਕੇ ਗੱਲਾਂ ਕਰਦਾ, ਜਿਹੜੀ ਰੰਗ ਰੂਪ ਵਲੋਂ ਤਾਂ ਐਸੀ ਵੈਸੀ ਹੀ ਸੀ, ਉਹਦੇ ਲੰਬੇ ਕੱਦ ਤੋਂ ਬਿਨਾਂ ਉਸ ਦੇ ਪਿੱਲੇ ਰੰਗ ਦਾ ਚਿਹਰਾ ਮੌਹਕਿਆਂ ਨਾਲ ਭਰਿਆ ਪਿਆ ਸੀ। ਇਕ ਬਾਰ ਉਹ ਕਿਤੋਂ ਭੂਰੇ ਰੰਗ ਦੀਆਂ ਧੁੱਪ ਵਾਲੀਆਂ ਐਨਕਾਂ ਲੈ ਕੇ ਆਈ, ਪਾਲ ਨੇ ਐਨਕਾਂ ਵਲ ਝਾਕਦਿਆਂ ਆਪਣੇ ਚਿਹਰੇ ਤੇ ਮੁਸਕਰਾਹਟ ਨਿਹਾਰਦਿਆਂ ਕਿਹਾ, ''ਐਨਕਾਂ ਚੱਕਣ ਵਾਲੀਆਂ!''

''ਹੱਛਾਅ!'' ਮਨਦੀਪ ਨੇ ਬੋਲ ਵਿਚ ਇੰਜ ਲਿਰਕ ਭਰੀ, ਹਰਪਾਲ ਨੂੰ ਮਹਿਸੂਸ ਹੋਇਆ, ਜਿਵੇਂ ਉਹ ਖੰਡ ਖੀਰ ਬਣੀ ਹੋਵੇ, ਉਹਨੇ ਐਨਕਾਂ ਲਾਹ ਕੇ ਪਾਲ ਵਲ ਕੀਤੀਆਂ, ''ਚੱਕਣ ਦੀ ਕੀ ਲੋੜ ਐ! ਊਂਈ ਲੈ ਲੈ।''

ਹਰਪਾਲ ਨੇ ਮਨਦੀਪ ਦੇ ਚਿਹਰੇ ਵਲ ਤਣ ਕੇ ਦੇਖਿਆ, ਉਸ ਦੀਆਂ ਅੱਖਾਂ ਵਿਚ ਸੰਘਣੀ ਲੋਅ ਚਮਕ ਰਹੀ ਸੀ।

''ਨਹੀਂ, ਮੁਫਤ ਤਾਂ ਕਾਹਨੂੰ ਲੈਣੀਆਂ! ਤੂੰ ਓਨੇ ਪੈਸੇ ਲੈ ਲਾ!''

''ਪੈਸੇ!'' ਮਨਦੀਪ ਨੇ ਪਾਸਾ ਜਿਹਾ ਮਾਰ ਕੇ ਇਉਂ ਕੌੜੀ ਹੋ ਕੇ ਆਖਿਆ, ਜਿਵੇਂ ਉਸ ਦੇ ਕੁਝ ਚੁਭ ਗਿਆ ਸੀ, ''ਪੈਸਿਆਂ ਨੂੰ ਦੁਕਾਨਾਂ ਤੋਂ ਘਾਟਾ ਐ!''

ਹਰਪਾਲ ਖਸਿਆਨਾ ਜਿਹਾ ਹੱਸ ਕੇ ਚੁੱਪ ਕਰ ਗਿਆ। ਕਲਾਸ ਵਿਚ ਇਕ ਹੋਰ ਕੁੜੀ ਵਲ ਹਰਪਾਲ ਦਾ ਧਿਆਨ ਸੀ, ਜਿਸ ਦਾ ਰੰਗ ਵੰਨ ਏਨਾ ਚਟਕ–ਮਟਕ ਵਾਲਾ ਸੀ, ਉਸ ਨੂੰ ਵੇਖ ਕੇ ਉਹ ਆਪਣੀ ਸੁੱਧ–ਬੁੱਧ ਖੋ ਬੈਠਦਾ, ਪਰ ਉਹ



ਕੁੜੀ ਉਸ ਦੀ ਕੋਸ਼ਿਸ਼ ਦੇ ਬਾਵਜੂਦ ਭੋਰਾ ਵੀ ਨਹੀਂ ਯਰਕੀ ਸੀ। ਇਕ ਵਾਰ ਮੁੰਡਿਆਂ ਕੁੜੀਆਂ ਵਿਚ ਚਾਹ ਪੀਂਦਿਆਂ, ਜਦੋਂ ਪਾਲ ਨੇ ਮਨਦੀਪ ਨੂੰ ਗੀਤ ਸੁਣਾਉਣ ਲਈ ਆਖਿਆ ਤਾਂ ਮਨਦੀਪ ਨੇ ਐਵੇਂ ਕਹਾਣੀ ਜਿਹੀ ਪਾਉਂਦਿਆਂ ਕਿਹਾ, ''ਗੀਤ ਤਾਂ ਮੈਂ ਪਾਲ ਜ਼ਰੂਰ ਸੁਣਾਊਂਗੀ!'' ਫਿਰ ਉਸ ਨੇ ਸਾਰਿਆਂ ਵਲ ਝਾਤ ਮਾਰੀ, ''ਪਤਾ ਨਹੀਂ, ਬਈ ਮੈਨੂੰ ਇਕ ਗੱਲ ਬੜੀ ਰੜਕਦੀ ਰਹਿੰਦੀ ਐ...।'' ਏਨਾ ਕਹਿ ਕੇ ਉਹਨੇ ਸਾਰਿਆਂ ਵਲ ਉਸੇ ਤਰ੍ਹਾਂ ਨੀਵੀਂ ਵਿਚੋਂ ਪਲਕਾਂ ਚੁੱਕ ਕੇ ਵੇਖਿਆ, ਜਦੋਂ ਪਾਲ ਨਾਲ ਨਜ਼ਰਾਂ ਮਿਲੀਆਂ, ਉਸ ਦੀਆਂ ਅੱਖਾਂ ਵਿਚ ਨਿੰਮੀ ਜਿਹੀ ਲੋਅ ਲਿਸ਼ਕੀ।

''ਗਾਂਹ ਵੀ ਦੱਸ!'' ਪਾਲ ਨੇ ਕਹਿੰਦਿਆਂ ਉਸ ਕੁੜੀ ਵਲ ਤੱਕਿਆ, ਉਹ ਆਪਣੀ ਧੁਨ ਵਿਚ ਬੇਖਬਰ ਬੈਠੀ ਸੀ।

''ਬਈ ਕੁਝ ਚੀਜ਼ਾਂ ਘਰਾਂ ਵਿਚ ਸਜਾਵਟ ਲਈ ਰੱਖ ਤਾਂ ਲਈਆਂ ਜਾਂਦੀਆਂ, ਪਰ ਉਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ!''

ਬਾਕੀ ਮੁੰਡਿਆਂ ਕੁੜੀਆਂ ਨੇ ਹਾਸੜ ਪਾਉਂਦਿਆਂ ਉੱਚੀ ਦੇ ਕੇ ਆਖਿਆ, ''ਇਹ ਤਾਂ ਬਈ ਫਿਲਾਸਫਰ ਹੋ ਗਈ ਐ ਮਾਰਕਸ ਨੂੰ ਮਾਤ ਪਾਊਗੀ!''

ਮਨਦੀਪ ਨੇ ਆਪਣੇ ਦੋਵੇਂ ਹੱਥ ਖੜੇ ਕਰਕੇ ਨਖਰਾ ਜਿਹਾ ਕਰਿਆ, ''ਮਾਰਕਸ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਦਾ, ਜੀਹਨੇ ਬੰਦਿਆਂ 'ਚ ਖੁਸ਼ਕੀ ਹੀ ਖੁਸ਼ਕੀ ਭਰ ਦਿੱਤੀ ਐ।'' ਉਹ ਨਾਲ ਦੀ ਨਾਲ ਨੱਕ ਚੜਾਉਂਦਿਆਂ ਅੱਖਾਂ ਸੁੰਗੇੜ ਕੇ ਤਿਰਛੀ ਨਜ਼ਰ ਪਾਲ ਵਲ ਝਾਕੀ। ਇਕ ਗੰਭੀਰ ਜਿਹੇ ਮੁੰਡੇ ਨੇ ਹੌਲੀ ਜਿਹੀ ਆਪਣੀਆਂ ਐਨਕਾਂ ਪੋਲੇ ਜਿਹੇ ਹੱਥ ਨਾਲ ਸੂਤ ਕਰਦਿਆਂ, ਨਿੱਕੀ ਜਿਹੀ ਆਵਾਜ਼ ਵਿਚ ਆਖਿਆ, ''ਇਹ ਠੀਕ ਐ, ਫਲਾਸਫਰਾਂ ਦੀ ਜਜ਼ਬਾਤੀ ਬੰਦਿਆਂ ਨੂੰ ਕੋਈ ਸਮਝ ਨਹੀਂ ਹੁੰਦੀ, ਪਰ ਮਨਦੀਪ!'' ਉਸ ਟੇਢਾ ਸਿਰ ਕਰਕੇ ਆਖਿਆ, ''ਮਾਰਕਸ ਨੇ ਤਾਂ ਕੁਲ ਦੁਨੀਆਂ ਦੇ ਚੌਥੇ ਭਾਗ ਦੀ ਕਾਇਆ ਬਦਲ ਦਿੱਤੀ ਐ!''

''ਤੁਸੀਂ ਯਾਰ ਗੀਤ ਸੁਣਨ ਦਿਉਂਗੇ ਕਿ ਨਹੀਂ।'' ਪਾਲ ਦੇ ਖਰਵੇਂਪਣ ਨਾਲ ਮਨਦੀਪ ਦੀਆਂ ਅੱਖਾਂ ਵਿਚਲੀ ਲਿਸ਼ਕ ਤਿਲਕ ਕੇ ਉਸ ਦੇ ਖੁਰਦਰੇ ਚਿਹਰੇ 'ਤੇ ਆ ਗਈ, ਉਸ ਚੌਂਕੜੀ ਮਾਰਦਿਆਂ, ਖੰਗੂਰਾ ਮਾਰ ਕੇ ਗਲਾ ਸਾਫ ਕੀਤਾ, ਬੋਲ ਕੱਢਿਆ, ''ਚੰਨ ਕਿੱਦਾਂ ਗੁਜਾਰੀ ਆਈ ਰਾਤ ਵੇ।''

ਚਪਾਸੇ ਹਾਸੜ ਆਪਣੇ ਆਪ ਗ਼ਰਦ ਵਾਂਗ ਦੱਬਦੀ ਗਈ, ਟੁਣਕਾਰ ਕੁਝ ਇਸ ਤਰ੍ਹਾਂ ਛਾ ਰਹੀ ਸੀ, ਜ਼ਿੰਦਗੀ ਦੀ ਮਿਠਾਸ ਨੂੰ ਉਹ ਸਾਰੇ ਜਣੇ ਘੁੱਟੀ–ਬਾਟੀ ਪੀ ਰਹੇ ਸਨ, ਉਨ੍ਹਾਂ ਸਾਰਿਆਂ ਦੇ ਚਿਹਰੇ ਇਉਂ ਨਿਖਾਰ ਵਿਚ ਆਏ ਹੋਏ ਸਨ, ਜਿਵੇਂ ਮੀਂਹ ਪੈਣ ਬਾਅਦ, ਸਾਉਣ ਮਹੀਨੇ ਹਰੇ ਕਚਾਰ ਦਰਖਤਾਂ ਦੇ ਪੱਤੇ ਸੁਨਹਿਰੀ ਹਰਿਆਲੀ ਭਾਅ ਮਾਰ ਰਹੇ ਹੋਣ।

ਇਮਤਿਹਾਨ ਤੋਂ ਬਾਅਦ ਸਾਰੇ ਵਿਦਿਆਰਥੀ ਇਕ ਦੂਜੇ ਦੇ ਐਡਰੈਸ ਨੋਟ ਕਰ ਰਹੇ ਸਨ, ਜਦੋਂ ਮਨਦੀਪ ਹਰਪਾਲ ਕੋਲ ਆਈ ਤਾਂ ਉਸ ਨੇ ਪੁੱਛਿਆ, ''ਚਿੱਠੀ ਵੀ ਲਿਖੇਂਗੀ ਜਾਂ ਐਵੇਂ ਫਾਰਮੈਲਟੀ ਈ ਐ!''

''ਇਹ ਤਾਂ ਜਵਾਬ ਦੇਣ ਵਾਲੇ 'ਤੇ ਨਿਰਭਰ ਕਰਦਾ ਐ!''

''ਫੇਰ ਪਤਾ ਨੋਟ ਕਰਕੇ ਕੀ ਕਰਨੈ?''

ਮਨਦੀਪ ਨੇ ਉਹਦੇ ਮੂੰਹ ਵਲ ਵੇਖਿਆ, ਹਰਪਾਲ ਦੀਆਂ ਅੱਖਾਂ ਦਾ ਅਜੀਬ ਜਿਹਾ ਰੰਗ ਵੇਖ ਕੇ ਉਹ ਚੁੱਪ ਕਰਕੇ ਮੁੜ ਗਈ। ਜਿਨ੍ਹਾਂ ਨੂੰ ਪਤੇ ਲਿਖਾਏ ਵੀ ਸਨ, ਹਰਪਾਲ ਨੂੰ ਪਤਾ ਸੀ, ਏਨੀ ਦੂਰ ਕਿਸੇ ਨਾਲ ਸਾਂਝ ਰੱਖੀ ਹੀ ਨਹੀਂ ਜਾਣੀ। ਅਸਲ ਵਿਚ ਹਰਪਾਲ ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਸੋਚ ਰਿਹਾ ਸੀ। ਸਭ ਤੋਂ ਪਹਿਲਾਂ ਉਹ ਸਰਟੀਫਿਕੇਟ ਟਾਈਪ ਕਰਵਾ ਕੇ ਰੋਜ਼ਗਾਰ ਦਫਤਰ ਵਿਚ ਨਾਂ ਦਰਜ ਕਰਾਉਣ ਗਿਆ, ਉਥੇ ਉਮੀਦਵਾਰਾਂ ਦੀ ਏਨੀ ਲੰਬੀ ਕਤਾਰ ਸੀ, ਉਸ ਨੂੰ ਖੜੇ ਖੜੋਤੇ ਨੂੰ ਤਾਪ ਚੜ੍ਹਨ ਵਾਲਾ ਹੋ ਗਿਆ। ਵਾਰੀ ਆਉਣ 'ਤੇ ਉਸ ਨਾਂ ਦਰਜ ਕਰਦੇ ਬਾਬੂ ਕੋਲ ਗਿਲ੍ਹਾ ਕੀਤਾ, ''ਬਾਬੂ ਜੀ, ਸਵੇਰ ਦੇ ਸੁੱਕੀ ਜਾਨੇ ਆਂ। ਦੇਖ ਲੋ ਬਾਰਾਂ ਵੱਜ ਗਏ।''

''ਅਜੇ ਤਾਂ ਮਿੱਤਰ ਹੋਇਆ ਕੀ ਐ! ਵਾਰੀ ਉਡੀਕਦਾ, ਰੋਹੀ ਦੀ ਕਿੱਕਰ ਵਰਗਾ ਹੋਜੇਂਗਾ।''

ਪਾਲ ਤ੍ਰਬਕਿਆ ਉਸ ਨੇ ਡਡਰੀਆਂ ਅੱਖਾਂ ਨਾਲ ਬਾਬੂ ਦੇ ਝੁਕੇ ਅੱਧ ਖਿਚੜੀ ਵਾਲਾਂ ਵਲ ਘੂਰ ਕੇ ਵੇਖਿਆ, ਬਾਬੂ ਨੇ ਨਾਂ ਦਰਜ ਕਰਕੇ ਸਿਰ ਚੁੱਕ ਕੇ ਹਰਪਾਲ ਵਲ ਵੇਖਿਆ, ਗੋਰੇ ਚਿਹਰੇ ਉੱਤੇ ਲਸਰਵੀਂ ਕਾਲੀ ਦਾਹੜੀ ਅਤੇ ਗੁਲਾਨਾਰੀਂ ਪੱਗ ਵੇਖ ਕੇ ਇਕ ਵਾਰ ਉਹਦੇ ਮਨ ਵਿਚ ਆਇਆ, ਅੱਕੀ–ਅਕਾਈ ਗੱਲ ਕਹਿ ਕੇ ਮੁੰਡੇ ਦਾ ਚਿੱਤ ਕਾਹਨੂੰ ਖਰਾਬ ਕਰਨਾ ਹੈ।

''ਹੂੰਹ।'' ਉਹ ਰਤਾ ਕੁ ਹੱਸਿਆ, ਭਵੰਤਰੇ ਖਲੋਤੇ ਮੁੰਡੇ ਦੀਆਂ ਦੋਬਾਰਾ ਗੋਭਲੀਆਂ ਗੱਲ੍ਹਾਂ 'ਚ ਹਾਸਾ ਉਭਰ ਆਇਆ।

ਨਾਂ ਦਰਜ ਕਰਾਉਣ ਤੋਂ ਮਗਰੋਂ ਪਾਲ ਛੇ ਮਹੀਨੇ ਤੱਕ ਚਾਅ ਜਿਹੇ ਨਾਲ ਉਡੀਕਦਾ ਰਿਹਾ, ਪਰ ਕਿਧਰੋਂ ਕੁਝ ਨਾ ਆਇਆ। ਗਰਮੀ ਦਾ ਮਹੀਨਾ ਹੋਣ ਕਾਰਨ ਪਿੰਡਾ ਇਨ੍ਹਾਂ ਦਿਨਾਂ ਵਿਚ ਉਂਜ ਹੀ ਤਪਦਾ ਰਹਿੰਦਾ। ਉਹ ਗੁੰਮ–ਸੁੰਮ ਰਹਿਣ ਲੱਗ ਪਿਆ। ਅਮੋਲਕ ਵਿਚ ਦੀ ਇਕ ਦੋ ਵਾਰ ਪਿੰਡ ਵੀ ਆ ਗਿਆ ਸੀ। ਕਦੇ ਕਦੇ ਉਹ ਖੇਤ ਜਾ ਕੇ ਧੀਰੇ ਨਾਲ ਕੰਮ ਕਰਵਾਉਣ ਜਾ ਲੱਗਦਾ। ਧੀਰੇ ਦੇ ਯਾਰ ਬੇਲੀ ਪਾਲ ਤੋਂ ਪੜਿਆ ਲਿਖਿਆ ਹੋਣ ਕਰਕੇ ਸੰਗਦੇ, ਧੀਰਾ ਉਸ ਨੂੰ ਮਲਵੀਂ ਜਿਹੀ ਜੀਭ ਨਾਲ ਆਖਦਾ, ''ਪਾਲ, ਤੈਥੋਂ ਕੰਮ ਨਹੀਂ ਹੋਣਾ!– ਤੂੰ ਤਾਂ ਬਾਈ ਹੁਣ ਕਲਮ ਈ ਚਲਾਈਂ। – ਰਹਿਣ ਦੇਹ, ਤੇਰਾ ਸਰੀਰ ਤਾਂ ਇਕੋ ਨੱਕਾ ਛੱਡਣ ਗਏ ਦਾ ਕੁਮਲਾਅ ਜਾਂਦਾ ਐ।''

ਹਰਪਾਲ ਉਸ ਦੀ ਗੱਲ 'ਤੇ ਹੱਸ ਛੱਡਦਾ, ਪਰ ਆਖਦਾ ਕੁਝ ਨਾ। ਖੇਤ ਰਹਿਣ ਨਾਲ ਉਸ ਨੂੰ ਕਈ ਨਵੀਆਂ ਗੱਲਾਂ ਦਾ ਪਤਾ ਲੱਗਾ, ਧੀਰਾ ਵੈਲ–ਐਬ ਹੀ ਕਿੰਨੇ ਸਹੇੜੀ ਫਿਰਦਾ ਸੀ, ਪਹਿਲਾਂ ਪਹਿਲਾਂ ਉਹ ਪਾਲ ਤੋਂ ਝਿਜਕਦਾ, ਪਰ ਜਦੋਂ ਉਸ ਵੇਖਿਆ, ਪਾਲ ਕੁਝ ਨਹੀਂ ਆਖਦਾ, ਤਦ ਸਾਹਮਣੇ ਹੀ ਜ਼ਰਦਾ ਮਲਣ ਬਹਿ ਜਾਂਦਾ, ਜਦੋਂ ਦਿਨ ਸਲੰਘ ਭਰ ਰਹਿ ਜਾਂਦਾ, ਧੀਰਾ ਕਿਸੇ ਖੂੰਜਿਉਂ ਉਂਗਲਾਂ ਨਾਲ ਖੁਰਾਲ ਕੇ ਅਧੀਆ–ਬੋਤਲ ਕੱਢ ਲੈਂਦਾ, ਇਕ ਦਿਨ ਪਾਲ ਨੇ ਵੀ ਪੀ ਲਈ। ਅਸਲ ਵਿਚ ਉਹ ਇਨ੍ਹਾਂ ਦਿਨਾਂ ਵਿਚ ਉਂਜ ਹੀ ਅਵਾਜ਼ਾਰ ਹੋਇਆ ਫਿਰਦਾ ਸੀ, ਉਸ ਨੂੰ ਰਹਿ ਰਹਿ ਅਮੋਲਕ ਦੀਆਂ ਗੱਲਾਂ ਯਾਦ ਆਉਂਦੀਆਂ। ਨਸ਼ੇ ਵਿਚ ਧੀਰੇ ਹੋਰੀਂ ਉਹਨੂੰ ਵਿਸਾਰ ਬੈਠੇ, ਹਰਪਾਲ ਉਨ੍ਹਾਂ ਦੀਆਂ ਗੱਲਾਂ ਸੁਣ ਸੁਣ ਹੈਰਾਨ ਪ੍ਰੇਸ਼ਾਨ ਹੋਇਆ ਬੈਠਾ ਸੀ। ਧੀਰੇ ਦੇ ਬੇਲੀ ਬਾਗ਼ ਨੇ ਚੁੱਪ ਬੈਠੇ ਪਾਲ ਨੂੰ ਆਖਿਆ, ''ਪਾੜ੍ਹਿਆ, ਗੁੱਸਾ ਨਾ ਮੰਨ ਜੀ, ਸਾਡੀਆਂ ਤਾਂ ਇਹੋ ਜੀਆਂ ਹੁੰਦੀਆਂ ਕਮਲੀਆਂ ਰਮਲੀਆਂ!''

''ਨਹੀਂ, ਗੁੱਸਾ ਮੈਂ ਕਿਉਂ ਕਰਨਾ ਹੋਇਆ!'' ਪਾਲ ਮਾੜਾ ਜਿਹਾ ਹੱਸ ਕੇ ਬੋਲਿਆ। ਧੀਰੇ ਨੇ ਪਤਲੇ ਹਨੇਰੇ ਵਿਚ ਹਰਪਾਲ ਦੇ ਮੂੰਹ ਵਲ ਵੇਖਿਆ, ਪਾਲ ਉਸ ਨੂੰ ਇਉਂ ਤੱਕਦਾ ਦੇਖ ਕੇ ਉਸ ਵਲ ਵੇਖਣ ਲੱਗ ਪਿਆ, ਬਾਗ਼ ਨੇ ਬੋਤਲ ਚੱਕ ਕੇ ਕਾਲਖ ਫਿਰੇ ਚਾਨਣ ਵਿਚ ਇਧਰ ਉਧਰ ਹੱਥ ਮਾਰ ਕੇ ਗਲਾਸ ਲੱਭਦਿਆਂ ਕਿਹਾ, ''ਤੂੰ ਵੀ ਸੁਣਾ ਦੇ ਕੋਈ ਕਿਸੇ ਪਾੜ੍ਹੀ ਦੀ! ਧੀਰਾ, ਸਾਡੀਆਂ ਈ ਸੁਣੀ ਜਾਨਾ ਐਂ!''

ਹਰਪਾਲ ਫਿਰ ਨਿੱਕਾ ਜਿਹਾ ਹੱਸ ਕੇ ਚੁੱਪ ਕਰ ਰਿਹਾ। ਧੀਰੇ ਨੇ ਬਾਗ਼ ਨੂੰ ਗਲਾਸ ਪਾਸਿਉਂ ਚੁੱਕ ਕੇ ਫੜਾ ਦਿੱਤਾ, ਉਹ ਗਲਾਸ ਵਿਚ ਸ਼ਰਾਬ ਪਾਉਂਦਾ, ਅੱਖਾਂ ਸੰਗੋੜ ਕੇ ਵੇਖਦਿਆਂ ਫਿਰ ਬੋਲਿਆ, ''ਐਥੇ ਤਾਂ ਕਈ ਵਾਰੀ ਤੱਤੇ ਸ਼ਲੋਕ ਈ ਸੁਣਨੇ ਪੈਂਦੇ ਐ।'' ਐਤਕੀਂ ਪਾਲ ਨਾਲ ਧੀਰਾ ਵੀ ਖੀਂ ਖੀਂ ਕਰਕੇ ਖਸਿਆਨੀ ਸੁਰ ਵਿਚ ਹੱਸਿਆ, ''ਤੁਸੀਂ ਤਾਂ ਪੀਰੋ, ਤੁਰੇ ਜਾਂਦੇ ਈ ਪਰਚੀ ਜ੍ਹੀ ਫੜਾ ਕੇ ਗੱਲ ਬਣਾ ਲੈਨੇ ਓ! ਸਾਡੀ ਰਿਸ਼ਤੇਦਾਰੀ ਵਿਚ ਵੀ ਹੈਗਾ ਇਕ ਪੜ੍ਹਾਕੂ।'' ਹਾੜੇ ਵਾਲਾ ਗਲਾਸ ਅਜੇ ਉਹਦਾ ਗੋਡੇ 'ਤੇ ਕੂਹਣੀ ਰੱਖ ਕੇ ਫੜਿਆ ਹੋਇਆ ਸੀ, ''ਅੱਖ ਦੇ ਫੇਰ 'ਚ ਕੁੜੀ ਫਸਾ ਲੈਂਦਾ ਐ!'' ਧੀਰੇ ਨੂੰ ਮੁਸ਼ਕਣੀਏ ਹੱਸਦਾ ਜਾਣ ਕੇ ਉਸ ਨੇ ਸਿਰ ਮਾਰ ਕੇ ਆਖਿਆ, ''ਸਹੁੰ ਜੁਆਨੀ ਦੀ! ਵੇਖਣ ਨੂੰ ਸਾਲਾ ਮੀਂਣਾ ਜਿਆ ਇਉਂ ਲਗਦਾ ਬਈ ਏਸ ਮੁੰਡੇ ਦੇ ਮੂੰਹ 'ਚ ਬੋਲ ਈ ਹੈ ਨੀ! ਉਦੋਂ ਈ ਪਤਾ ਲੱਗਦਾ ਜਦੋਂ ਘਾਣੀ ਫਿੱਟ ਕਰ ਲੈਂਦਾ ਐ!''

ਹਰਪਾਲ ਬਾਗ਼ ਦੀਆਂ ਗੱਲਾਂ ਨਾਲ ਖਿੜ੍ਹਿਆ ਹੋਇਆ ਸੀ।

ਇਹ ਸਿਲਸਲਾ ਚੌਥੇ ਪੰਜਵੇਂ ਬਣ ਜਾਂਦਾ। ਇਕੱਲਾ ਰਹਿ ਜਾਣ ਕਾਰਨ ਉਹ ਉਦਾਸ ਹੋ ਜਾਂਦਾ ਸੀ, ਅੱਗੇ ਕਦੇ ਕਦਾਈਂ ਜੰਟੇ ਕੋਲ ਵੀ ਚਲਾ ਜਾਂਦਾ ਸੀ, ਪਰ ਉਹ ਦਰਸ਼ਨ ਦੇ ਨਾਲ ਈ ਅਰਬ ਦੇਸ਼ਾਂ ਨੂੰ ਚੜ੍ਹ ਗਿਆ ਸੀ। ਇਕ ਦਿਨ ਬੈਠੇ ਬੈਠੇ ਚਿੱਤ ਵਿਚ ਆਈ, ਉਹ ਵੀ ਖਾੜੀ ਦੇਸ਼ਾਂ ਦਾ ਚੱਕਰ ਲਾ ਆਵੇ, ਵਿਹਲਾ ਰਹਿ ਕੇ ਉਹ ਘਰਦਿਆਂ 'ਤੇ ਭਾਰ ਬਣਦਾ ਐ।'' ਮਾਂ ਪਿਉ ਭਾਵੇਂ ਕੁਝ ਨਹੀਂ ਆਖਦੇ ਸਨ, ਪਰ ਆਪਣੇ ਅੰਦਰ ਸ਼ੱਕ ਉੱਠ ਉੱਠ ਉਸ ਦੇ ਸਿਰ ਨੂੰ ਚੜ੍ਹਦੀ ਰਹਿੰਦੀ। ਧੀਰੇ ਨਾਲ ਕੰਮ ਕਰਵਾਉਣ ਲਗਦਾ ਤਾਂ ਧੀਰਾ ਹੀ ਨਹੀਂ ਸਾਰੇ ਹੀ ਕਹਿਣ ਲੱਗ ਜਾਂਦੇ, ''ਤੂੰ ਕਾਕਾ, ਆਪਦੇ ਕੰਮ ਦੀ ਭਾਲ ਟੋਲ ਕਰ! ਖੇਤੀ ਵਿਚ ਇਕ ਵੀ ਓਹੋ ਜਿਹਾ ਤੇ ਚਾਰ ਵੀ ਓਹੋ ਜਿਹੇ। ਨਾਲੇ ਧੀਰਾ ਕੱਲਾ ਈ ਕਰੀ ਜਾਂਦੈ।''

ਸਾਲ ਤੋਂ ਉੱਤੇ ਲੰਘ ਜਾਣ ਉਪਰੰਤ ਉਸ ਨੂੰ ਕਿਧਰੋਂ ਕੋਈ ਕਾਗਜ਼ ਪੱਤਰ ਨਾ ਆਇਆ। ਅਮੋਲਕ ਕਦੇ ਕਦੇ ਆ ਜਾਂਦਾ, ਪਰ ਰਾਹ ਜਿਹੜਾ ਉਹ ਦੱਸਦਾ, ਉਹ ਉਸਨੂੰ ਚੰਗਾ ਨਾ ਲੱਗਦਾ, ਗੱਲ ਕੋਈ ਵੀ ਹੁੰਦੀ, ਉਹ ਮੋੜ ਘੋੜ ਪਾ ਕੇ ਏਥੇ ਲੈ ਆਉਂਦਾ, ''ਦੇਖ ਸਾਥੀ, ਏਸ ਨਜ਼ਾਮ ਨੇ ਮਨੁੱਖ ਨੂੰ ਇਕ ਬੀਮਾਰੀ ਨਹੀਂ ਦਿੱਤੀ। ਹੁਣ ਤੇਰੀ ਹੀ ਮਿਸ਼ਾਲ ਐ, ਘਰਦਿਆਂ ਆਪਣਾ ਢਿੱਡ–ਪੇਟ ਬੰਨ੍ਹ ਕੇ ਤੈਨੂੰ ਬੀ.ਐਡ ਕਰਵਾਈ ਐ। ਉਨ੍ਹਾਂ ਦੀਆਂ ਆਸਾਂ ਵੀ ਤੇਰੇ 'ਤੇ ਐ! ਪਰ ਮਾਸਟਰੀ ਦੀ ਨੌਕਰੀ ਜੇ ਮਿਲ ਵੀ ਜਾਵੇ, ਤਾਂ ਵੀ ਤੂੰ ਇਨ੍ਹਾਂ ਦਾ ਕੀ ਕਰ ਸਕੇਂਗਾ? ਅੱਬਲ ਤਾਂ ਅਜੇ ਝਾਕ ਈ ਕੋਈ ਨਹੀਂ। ਕਿਉਂਕਿ ਤੈਥੋਂ ਜਿਨ੍ਹਾਂ ਪਹਿਲਾਂ ਬੀ.ਐਡ ਕੀਤੀ ਹੋਈ ਐ, ਉਹ ਨ੍ਹੀਂ ਲੱਗੇ।''

''ਥੋੜ੍ਹਾ ਬਹੁਤਾ ਆਸਰਾ ਤਾਂ ਬੰਦੇ ਨੂੰ ਹੋ ਹੀ ਜਾਂਦਾ ਏ!''

''ਜ਼ਰੂਰ ਹੁੰਦਾ ਐ।'' ਅਮੋਲਕ ਨੇ ਆਪਣੇ ਛੋਟੇ ਹੱਥਾਂ ਦੇ ਪੰਜੇ –ਫੈਲਾ ਕੇ ਟਿਕਵੀਂ ਸੁਰ ਵਿਚ ਥੱਲੇ ਕਰਦਿਆਂ ਕਿਹਾ, ''ਪਰ ਜੇ ਇਹ ਮਿਲ ਵੀ ਜਾਵੇ, ਨਿੱਤ ਵਧਦੀ ਮਹਿੰਗਾਈ ਦੇ ਜ਼ਮਾਨੇ ਵਿਚ ਮਾਸਟਰ ਦੇ ਗਲੋਂ ਸਾਰੀ ਉਮਰ ਟੁੱਟਿਆ ਸਾਈਕਲ ਨਹੀਂ ਲਹਿੰਦਾ।''

*(ਬਾਕੀ ਅਗਲੇ ਅੰਕ 'ਚ)*

# ਕਬੱਡੀ ਕਬੱਡੀ ਕਬੱਡੀ

# ਪੰਜਾਬ ਸਪੋਰਟਸ ਕਲੱਬ, ਮਿਡਵੈਸਟ (ਸ਼ਿਕਾਗੋ)

## ਸੱਤਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਟੂਰਨਾਮੈਂਟ


## ਦਿਨ: ਐਤਵਾਰ, 9 ਅਗਸਤ 2009

ਸਮਾਂ: ਸਵੇਰੇ 10 ਵਜੇ ਤੋਂ ਦੇਰ ਸ਼ਾਮ ਤੱਕ


ਸਥਾਨ: ਬਸੀ ਵੁਡਜ਼, ਐਲਕ ਗਰੁਵ, ਇਲੀਨਾਏ (ਹਿਗਿਨਸ ਰੋਡ ਅਤੇ ਰੂਟ 53)

**ਫਰੀ ਦਾਖਲਾ, ਮੁਫਤ ਖਾਣਾ ਤੇ ਮੁਫਤ ਪਾਰਕਿੰਗ**

*ਪੰਜਾਬ ਦੇ ਨਾਮਵਰ ਗਾਇਕ ਸ਼ਾਮ ਨੂੰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ।*



*ਸੂਬੇਦਾਰ ਕਰਤਾਰ ਸਿੰਘ ਧਾਲੀਵਾਲ
ਯਾਦਗਾਰੀ ਟਰਾਫੀ
ਵਲੋਂ ਸ. ਦਰਸ਼ਨ ਸਿੰਘ ਧਾਲੀਵਾਲ*



*ਸਵਰਗੀ ਸ. ਲਾਲ ਸਿੰਘ
ਯਾਦਗਾਰੀ ਦੂਜਾ ਇਨਾਮ
ਵਲੋਂ ਸ. ਬਲਵਿੰਦਰ ਸਿੰਘ ਏਵਨ ਕਾਰਪੈਟਸ*



## ਹੋਰ ਜਾਣਕਾਰੀ ਲਈ ਕਾਲ ਕਰੋ

*630-205-6575, 847-544-1788, 847-830-8387, 847-878-8412, 513-373-0145, 847-338-3866, 630-205-9264, 630-205-5288, 224-588-1317, 630-479-0031*

### ਬੋਰਡ ਆਫ ਡਾਇਰੈਕਟਰਜ਼

ਚੇਅਰਮੈਨ-ਦਵਿੰਦਰ ਸਿੰਘ ਰੰਗੀ
ਪ੍ਰਧਾਨ-ਹੈਪੀ ਸਿੰਘ ਹੀਰ
ਜੈਦੇਵ ਸਿੰਘ ਭੱਠਲ
ਲਵਦੀਪ ਸਿੰਘ ਦੁੱਲਤ

ਅਜੈਬ ਸਿੰਘ ਲਖਣ
ਮਿੱਕੀ ਕਾਹਲੋਂ
ਸੰਤੋਖ ਸਿੰਘ ਡੀ ਸੀ
ਨਰਿੰਦਰ ਸਿੰਘ ਸਰਾ

ਬਲਦੇਵ ਸਿੰਘ ਗਿੱਲ
ਸੋਨੂੰ ਸਿੰਘ ਖਹਿਰਾ
ਹਰਕੇਵਲ ਸਿੰਘ ਲਾਲੀ
ਜਸਵਿੰਦਰ ਸਿੰਘ ਧਾਲੀਵਾਲ

ਜਗਦੇਵ ਸਿੰਘ ਖਹਿਰਾ
ਅਜਮੇਰ ਸਿੰਘ ਪੰਨੂ
ਗੁਰਿੰਦਰ ਸਿੰਘ ਢਿੱਲੋਂ
ਗਿਆਨ ਸਿੰਘ ਸੀਹਰਾ

ਮਹਿੰਦਰ ਸਿੰਘ ਰਕਾਲਾ
ਜਿੰਦੀ ਦਿਆਲ
ਮਲਕੀਅਤ ਸਿੰਘ ਸਿੱਧੂ
ਡਾ. ਹਰਜਿੰਦਰ ਸਿੰਘ ਖਹਿਰਾ
ਲੱਕੀ ਤੇ ਜੱਸੀ ਸਹੋਤਾ

**ਸਹਿਯੋਗੀ ਸੰਸਥਾਵਾਂ**: ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਸ਼ਿਕਾਗੋ, ਪੀ ਸੀ ਐਸ ਸ਼ਿਕਾਗੋ, ਪੀ ਸੀ ਐਸ ਸਾਊਥਬੈਂਡ, ਸਿੱਖ ਕਲਚਰਲ ਸੁਸਾਇਟੀ ਆਫ ਇੰਡੀਆਨਾ ਮਿਸ਼ਵਾਕਾ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਫਾਈਵ ਰੀਵਰ ਇੰਟਰਟੇਨਮੈਂਟ ਇੰਡੀਅਨ- ਐਪੋਲਿਸ, ਬਾਬਾ ਮੱਖਣ ਸ਼ਾਹ ਲੁਬਾਣਾ ਸੁਸਾਇਟੀ (ਸਾਊਥ ਬੈਂਡ), ਪੀ ਏ ਓ ਸ਼ਿਕਾਗੋ, ਸਿੱਖ ਰਿਲੀਜੀਅਸ ਸੁਸਾਇਟੀ ਆਫ ਸ਼ਿਕਾਗੋ (ਐਸ. ਆਰ. ਐਸ.), ਗੁਰਦੁਆਰਾ ਸਾਹਿਬ ਦੀਵਾਨ ਐਵਨਿਊ, ਪੀ.ਸੀ.ਓ. ਵਿਸਕਾਨਸਨ, ਪੀ.ਸੀ.ਐਸ. ਮਿਸ਼ੀਗਨ, ਐਫ.ਆਈ.ਏ. ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਕੈਲਮਜ਼ੂ, ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਆਫ ਇੰਡੀਆਨਾ, ਦੋਆਬਾ ਸਪੋਰਟਸ ਕੱਲਬ ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਬੈਟਲਕਰੀਕ, ਸਿੱਖ ਕਲਚਰਲ ਸੁਸਾਇਟੀ ਆਫ ਸਾਊਥ ਬੈਂਡ, ਗੁਰੂ ਨਾਨਕ ਸਿੱਖ ਸੈਂਟਰ ਲੈਨਸਿੰਗ, ਲਾਇਨ ਕਲੱਬ ਆਫ ਪੰਜਾਬ, ਪੀ.ਸੀ.ਐਸ. ਫੋਰਟਵਿਨ, ਏ.ਏ.ਐਸ.ਏ, ਪੰਜਾਬੀ ਕਲਚਰਲ ਸੁਸਾਇਟੀ, ਇੰਡੀਅਨਐਪੋਲਿਸ, ਐਸ.ਆਰ.ਐਸ. ਇੰਡੀਆਨਾ ਕਰਾਊਨ ਪੁਆਇੰਟ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਮਿਲਵਾਕੀ, ਪੀ ਸੀ ਐਸ ਕੈਲਮਜ਼ੂ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ, ਪੰਜਾਬੀ ਟਰੱਕ ਯੂਨੀਅਨ ਸ਼ਿਕਾਗੋ, ਪੰਜਾਬ ਟੈਕਸੀ ਐਂਡ ਲਿਮੋ ਯੂਨੀਅਨ ਸ਼ਿਕਾਗੋ, ਪੰਜਾਬ ਸਪੋਰਟਸ ਐਂਡ ਕਲਚਰਲ ਕੱਲਬ ਸਿਨਸਿਨੈਟੀ।

**ਮੀਡੀਆ ਸਪਾਂਸਰ:** ਪੰਜਾਬ ਟਾਈਮਜ਼, ਦੇਸੀ ਜੰਕਸ਼ਨ 1530 ਏ.ਐਮ., ਰੌਣਕ ਮੇਲਾ 1590 ਏ.ਐਮ., ਸਿੱਖ ਟੀ.ਵੀ., ਟੀ.ਵੀ. ਏਸ਼ੀਆ, ਡੇਲੀ ਅਜੀਤ, ਪੰਜਾਬੀ ਲੇਖਕ ਡਾਟ ਕਾਮ, ਸਾਡਾ ਪੰਜਾਬ ਡਾਟ ਕਾਮ, ਸਾਊਥ ਏਸ਼ੀਆ ਵਨ, ਸ਼ੇਰ-ਏ-ਪੰਜਾਬ, ਸ਼ਾਨ ਫੋਟੋਗ੍ਰਾਫੀ, ਬਿੰਦੀਆ ਕਮਿਊਨੀਕੇਸ਼ਨ

*e-mail info@punjabsportsclub.org*   *www.punjabsportsclub.org*